# ਮਾਓ ਜ਼ੇ-ਤੁੰਗ

## ਸੋਵੀਅਤ
## ਅਰਥਸ਼ਾਸਤਰ ਦੀ ਅਲੋਚਨਾ



ਸਾਰੇ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

## ਮਾਓ ਜ਼ੇ-ਤੁੰਗ

# ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

**ਸੋਵੀਅਤ ਅਰਥ ਸ਼ਾਸਤਰ ਦੀ ਅਲੋਚਨਾ — ਮਾਓ-ਜ਼ੇ-ਤੁੰਗ**

**A Critique of Soviet Economics — Mao Tse-tung**

ਪਹਿਲੀ ਵਾਰ — ਸਤੰਬਰ 2011

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਊਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 60 ਰੁਪਏ**

# ਤਤਕਰਾ


**ਪ੍ਰਕਾਸ਼ਕ ਵਲੋਂ** . . . . . . . . . . . . . . . . . . . . . . . . 5

**ਸੋਵੀਅਤ ਕਿਤਾਬ 'ਰਾਜਨੀਤਕ ਅਰਥਸ਼ਾਸਤਰ' ਪੜ੍ਹਦੇ ਸਮੇਂ ਲਏ ਨੋਟਸ (1961-1962)** . . . . . . . . . . . . . . . . . 7

ਭਾਗ — 1 : ਪਾਠ 20–23 . . . . . . . . . . . . . . . . . . . . . 7

ਭਾਗ — 2 : ਪਾਠ 24–29 . . . . . . . . . . . . . . . . . . . . . 39

ਭਾਗ — 3 : ਪਾਠ 30–34 . . . . . . . . . . . . . . . . . . . . . 62

ਭਾਗ — 4 : ਪਾਠ 25 ਤੋਂ ਸਮਾਪਤੀ ਤੱਕ . . . . . . . . . . . . . . . 71

ਪੂਰਕ . . . . . . . . . . . . . . . . . . . . . . . . . . . . 87

**ਟਿੱਪਣੀਆਂ** . . . . . . . . . . . . . . . . . . . . . . . . . 99

ਪੜ੍ਹਦੇ ਸਮੇਂ ਲਏ ਨੋਟਸ . . . . . . . . . . . . . . . . . . . . . 99

ਪੂਰਕ . . . . . . . . . . . . . . . . . . . . . . . . . . . . 105

**'ਸੋਵੀਅਤ ਸੰਘ ਵਿੱਚ ਸਮਾਜਵਾਦ ਦੀਆਂ ਆਰਥਿਕ ਸਮੱਸਿਆਵਾਂ' ਦੇ ਸਬੰਧ ਵਿੱਚ (ਨਵੰਬਰ 1958)** . . . . . . . . . . . . 107

ਟਿੱਪਣੀਆਂ . . . . . . . . . . . . . . . . . . . . . . . . . 112

**ਸਤਾਲਿਨ ਦੀ ਕਿਤਾਬ ਸੋਵੀਅਤ ਸੰਘ 'ਚ ਸਮਾਜਵਾਦ ਦੀਆਂ ਆਰਥਿਕ ਸਮੱਸਿਆਵਾਂ ਦੀ ਅਲੋਚਨਾ** . . . . . . . . . . . . . 113

ਟਿੱਪਣੀਆਂ . . . . . . . . . . . . . . . . . . . . . . . . . 125

# ਪ੍ਰਕਾਸ਼ਕ ਵੱਲੋਂ

*‘ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ* ਸਿਰਲੇਖ’ ਨਾਲ਼ ਇੱਥੇ ਪ੍ਰਕਾਸ਼ਤ ਮਾਓ ਜ਼ੇ–ਤੁੰਗ ਦੀਆਂ ਇਹ ਕਿਰਤਾਂ ਮਹਾਨ ਅਗਾਂਹ ਵੱਲ ਨੂੰ ਛਲ਼ਾਂਗ ਦੇ ਦੌਰਾਨ ਅਤੇ ਉਸਤੋਂ ਠੀਕ ਬਾਅਦ ਦੀਆਂ ਹਨ। ਇਹ ਉਹ ਸਮਾਂ ਸੀ ਜਦੋਂ ਚੀਨੀ ਇਨਕਲਾਬ ਨੇ ਸੋਵੀਅਤ ਸੰਘ ਅਤੇ ਵਿਕਾਸ ਦੇ ਉਹਦੇ ਮਾਡਲ ਤੋਂ ਨਿਰਣਾਇਕ ਤੋੜ–ਵਿਛੋੜਾ ਸ਼ੁਰੂ ਕਰ ਦਿੱਤਾ ਸੀ। ਮਹਾਨ ਛਲ਼ਾਂਗ ਦੇ ਨਾਲ਼ ਹੀ ਸਮਾਜਵਾਦ ਵੱਲ ਜਾਣ ਵਾਲ਼ਾ ਇੱਕ ਸਪੱਸ਼ਟ ਰੂਪ ਵਿੱਚ ਵੱਖਰਾ ਚੀਨੀ ਰਾਹ ਸਾਹਮਣੇ ਆਇਆ। ਪਰ ਇਸ ਰਾਹ ’ਤੇ ਅਗਲਾ ਇੱਕ ਦਹਾਕਾ ਚੀਨ ਦੇ ਸਮਾਜਵਾਦੀ ਵਿਕਾਸ ਦੇ ਰਾਹ ਨੂੰ ਲੈ ਕੇ ਵਿਵਾਦਾਂ ਨਾਲ਼ ਭਰਿਆ ਸੀ। ਚੀਨ ਦੀ ਕਮਿਊਨਿਸਟ ਪਾਰਟੀ ਦੇ ਅੰਦਰ ਉੱਠੇ ਬਹੁਤੇ ਵਿਵਾਦਾਂ ਦੇ ਕੇਂਦਰ ਵਿੱਚ ਇਹ ਸਵਾਲ ਵੀ ਸੀ ਕਿ ਚੀਨ ਵਿੱਚ ਸਮਾਜਵਾਦ ਦੀ ਉਸਾਰੀ ਕਰਨ ਵਿੱਚ ਰੂਸੀ ਤਜਰਬੇ ਨੂੰ ਕਿੰਨਾ ਕੁ ਲਾਗੂ ਕੀਤਾ ਜਾ ਸਕਦਾ ਹੈ।

ਆਪਣੇ ਸਮਾਜ ਦਾ ਵਿਸ਼ਲੇਸ਼ਣ ਕਰਦੇ ਸਮੇਂ ਚੀਨੀ ਕਮਿਊਨਿਸਟ ਲੰਬੇ ਸਮੇਂ ਤੋਂ ਪ੍ਰੇਰਣਾ ਅਤੇ ਅਮਲੀ ਸੁਝਾਵਾਂ ਲਈ ਅਤੇ ਆਪਣੇ ਇਨਕਲਾਬ ਦੇ ਆਮ ਪਰਿਪੇਖ ਲਈ ਰੂਸੀ ਇਨਕਲਾਬ ਦਾ ਅਧਿਐਨ ਕਰਦੇ ਰਹੇ ਹਨ। ਉਹਨਾਂ ਲਈ ਸੋਵੀਅਤ ਸੰਘ ਇੱਕ ਐਸਾ ਮਾਡਲ ਹੈ ਜਿਸਤੋਂ ਸਕਾਰਾਤਮਕ ਅਤੇ ਨਕਾਰਾਤਮਕ, ਦੋਨੇ ਤਰ੍ਹਾਂ ਦੇ ਸਬਕ ਕੱਢੇ ਜਾ ਸਕਦੇ ਹਨ। ਇਸ ਲਈ, ਇਹ ਹੈਰਾਨੀਜਨਕ ਨਹੀਂ ਹੈ ਕਿ ਮਾਓ ਮਹਾਨ ਛਲ਼ਾਂਗ ਦੇ ਰੂਪ ਵਿੱਚ ਚੀਨੀ ਇਨਕਲਾਬ ਦੇ ਇੰਨੇ ਮਹੱਤਵਪੂਰਨ ਅਤੇ ਨਿਰਣਾਇਕ ਮੁਕਾਮ ’ਤੇ ਇੱਕ ਵਾਰ ਫਿਰ ਸੋਵੀਅਤ ਤਜਰਬੇ ਦੇ ਅਧਿਐਨ ਵੱਲ ਮੁੜੇ। ਇਸ ਵਾਰ ਉਹਨਾਂ ਨੇ ਸੋਵੀਅਤ ਕਿਤਾਬਾਂ, *‘ਰਾਜਨੀਤਕ ਅਰਥਸ਼ਾਸਤਰ: ਇੱਕ ਟੈਕਸਟਬੁਕ’* ਅਤੇ ਜੋਸ਼ਫ ਸਤਾਲਿਨ ਦੀ *‘ਸੋਵੀਅਤ ਸੰਘ ਵਿੱਚ ਸਮਾਜਵਾਦ ਦੀਆਂ ਆਰਥਿਕ ਸਮੱਸਿਆਵਾਂ’* ਦੀ ਅਲੋਚਨਾ ਰਾਹੀਂ ਇੰਞ ਕੀਤਾ। ਪਰ ਜਿਸ ਸਮੇਂ ਤੱਕ ਮਾਓ ਨੇ ਆਪਣੀ ਅਲੋਚਨਾ ਲਿਖੀ, ਉਸ ਸਮੇਂ ਤੱਕ ਉਹ ਸੋਵੀਅਤ ਪ੍ਰਣਾਲੀਆਂ ਨੂੰ ਅਪਨਾਉਣ, ਜਿਵੇਂ ਕਿ ਉਹਨਾਂ ਨੇ ਅਤੇ ਪਾਰਟੀ ਦੇ ਹੋਰ ਆਗੂਆਂ ਨੇ 1950 ਦੇ ਦਹਾਕੇ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਸੀ, ਤੋਂ ਅੱਡ ਹੋ ਚੁੱਕੇ ਸਨ ਤੇ ਇਸਦੇ ਬਦਲਾਂ ਦੀ ਇੱਕ ਵਿਸ਼ਾਲ ਲੜੀ ਦੀ ਹਮਾਇਤ ਕਰਨਾ ਸ਼ੁਰੂ ਕਰ ਚੁੱਕੇ ਸਨ।

*‘ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ’* ਨੂੰ ਕਈ ਨਜ਼ਰੀਆਂ ਤੋਂ ਪੜ੍ਹਨਾ

ਲਾਭਦਾਇਕ ਹੋਵੇਗਾ ਜੋ ਇੱਕ-ਦੂਸਰੇ ਨਾਲ਼ ਨੇੜਤਾ ਨਾਲ਼ ਜੁੜੇ ਹੋਏ ਹਨ: (1) ਸੋਵੀਅਤ ਮਾਡਲ ਕੀ ਸੀ ਅਤੇ ਚੀਨ ਲਈ ਇਸਦੇ ਕੀ ਅਰਥ ਸਨ, ਇਸਦੇ ਮਾਓ ਦੁਆਰਾ ਕੀਤੇ ਗਏ ਮਹੱਤਵਪੂਰਨ ਸ਼ੁਰੂਆਤੀ ਨਿਚੋੜ ਦੇ ਰੂਪ ਵਿੱਚ; (2) ਲਗਾਤਾਰ ਇਨਕਲਾਬ ਦੇ ਪਰਿਪੇਖ ਤੋਂ ਮਹਾਨ ਅਗਾਂਹ ਵੱਲ ਨੂੰ ਛਲ਼ਾਂਗ ਦੀ ਜ਼ੋਰਦਾਰ ਵਕਾਲਤ ਦੇ ਰੂਪ ਵਿੱਚ; (3) ਸੋਵੀਅਤ ਰਾਜਨੀਤਕ ਅਰਥਸ਼ਾਸਤਰ ਦੇ ਸਿਧਾਂਤਾਂ ਅਤੇ ਰੂਸੀ ਇਨਕਲਾਬੀ ਤਜ਼ਰਬੇ, ਖ਼ਾਸਕਰ ਸਤਾਲਿਨ ਦੇ ਅਗਵਾਈ ਵਾਲ਼ੇ ਸਮੇਂ ਦੇ ਅਨੇਕਾਂ ਮਹੱਤਵਪੂਰਣ ਪੱਖਾਂ ਦੀ ਰਾਹ ਦਰਸਾਵੀ ਚਰਚਾ ਦੇ ਰੂਪ ਵਿੱਚ।

ਇਸ ਕਿਤਾਬ ਵਿੱਚ ਅਨੁਵਾਦਿਤ ਪਾਠਾਂ ਵਿੱਚ ਸੋਵੀਅਤ ਕਿਰਤ *'ਰਾਜਨੀਤਕ ਅਰਥਸ਼ਾਸਤ': ਇੱਕ ਟੈਕਸਟਬੁਕ* ਦੀ ਅਲੋਚਨਾ ਸ਼ਾਮਲ ਹੈ ਜਿਸਦੇ ਨਾਲ਼ ਮਾਓ ਦੁਆਰਾ ਲਿਖਿਆ ਇਸ ਅਲੋਚਨਾ ਦਾ ਪੂਰਕ ਵੀ ਹੈ। ਨਾਲ਼ ਹੀ, ਸਤਾਲਿਨ ਦੀ *ਸੋਵੀਅਤ ਸੰਘ ਵਿੱਚ ਸਮਾਜਵਾਦ ਦੀਆਂ ਆਰਥਿਕ ਸਮੱਸਿਆਵਾਂ'* 'ਤੇ ਇੱਕ ਗੱਲਬਾਤ ਅਤੇ *'ਸੋਵੀਅਤ ਸੰਘ ਵਿੱਚ ਸਮਾਜਵਾਦ ਦੀਆਂ ਆਰਥਕ ਸਮੱਸਿਆਵਾਂ'* ਦੀ ਅਲੋਚਨਾ ਵੀ ਸ਼ਾਮਲ ਕੀਤੀ ਗਈ ਹੈ। ਰਾਜਨੀਤਕ ਅਰਥਸ਼ਾਸਤਰ ਦੀ ਰੂਸੀ ਕਿਰਤ ਦੇ ਨਾਲ਼-ਨਾਲ਼ ਸਤਾਲਿਨ ਦੀ *ਆਰਥਿਕ ਸਮੱਸਿਆਵਾਂ,* 'ਤੇ ਮਾਓ ਦੁਆਰਾ ਵਿਚਾਰ ਕਰਨਾ ਇੱਕਦਮ ਢੁਕਵਾਂ ਹੈ ਕਿਉਂਕਿ ਸਤਾਲਿਨ ਦੀ ਰਚਨਾ ਖ਼ੁਦ ਹੀ ਰਾਜਨੀਤਕ ਅਰਥਸ਼ਾਸਤਰ ਦੀ ਟੇਕਸਟਬੁਕ ਦੇ ਖਰੜੇ 'ਤੇ ਟਿੱਪਣੀਆਂ ਦੀ ਇੱਕ ਲੜੀ ਦੇ ਰੂਪ ਵਿੱਚ ਲਿਖੀ ਗਈ ਸੀ। ਇਹ ਟੈਕਸਟਬੁਕ ਉਹਨਾਂ ਦੇ ਦੇਹਾਂਤ ਤੋਂ ਬਾਅਦ ਪੂਰੀ ਹੋਈ ਅਤੇ ਜਾਰੀ ਕੀਤੀ ਗਈ। ਇਸ ਰੂਸੀ ਕਿਤਾਬ ਦੇ ਵੱਖ ਵੱਖ ਰੂਸੀ/ਚੀਨੀ ਐਡੀਸ਼ਨ 1950 ਦੇ ਦਹਾਕੇ ਦੇ ਅੱਧ ਤੋਂ ਹੀ ਚੀਨ ਵਿੱਚ ਪੜ੍ਹੇ ਜਾਂਦੇ ਰਹੇ। 1959 ਵਿੱਚ ਲੂਸ਼ਾਨ ਕਾਨਫਰੰਸ ਦੇ ਬਾਅਦ ਮਾਓ ਨੇ ਪਾਰਟੀ ਮੈਂਬਰਾਂ ਨੂੰ ਸੱਦਾ ਦਿੱਤਾ ਕਿ ਉਹ ਤੀਸਰੇ ਐਡੀਸ਼ਨ ਦਾ ਅਲੋਚਨਾਤਕਮਕ ਨਜ਼ਰੀਏ ਤੋਂ ਅਧਿਐਨ ਕਰਨ। ਉਹਨਾਂ ਦੀ ਅਲੋਚਨਾ ਇਸੇ ਐਡੀਸ਼ਨ 'ਤੇ ਅਧਾਰਿਤ ਸੀ।

# ਸੋਵੀਅਤ ਕਿਤਾਬ *'ਰਾਜਨੀਤਕ ਅਰਥਸ਼ਾਸਤਰ'* ਪੜ੍ਹਦੇ ਸਮੇਂ ਲਏ ਨੋਟਸ

(1961-1962)

## ਭਾਗ-1 : ਪਾਠ 20-23

### 1. ਪੂੰਜੀਵਾਦ ਤੋਂ ਸਮਾਜਵਾਦ ਵੱਲ

ਕਿਤਾਬ ਦੇ ਪੰਨੇ 327-28 'ਤੇ ਦੱਸਿਆ ਗਿਆ ਹੈ ਕਿ ਸਮਾਜਵਾਦ 'ਨਿਸ਼ਚਿਤ ਹੀ' ਪੂੰਜੀਵਾਦ ਦੀ ਥਾਂ ਲੈ ਲਵੇਗਾ ਅਤੇ ਇਸ ਤੋਂ ਵੱਧ ਇਹ ਇਸ ਤਰ੍ਹਾਂ "ਇਨਕਲਾਬੀ ਤਰੀਕਿਆਂ" ਨਾਲ਼ ਹੋਵੇਗਾ। ਸਾਮਰਾਜਵਾਦ ਦੇ ਯੁੱਗ 'ਚ ਪੈਦਾਵਾਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ ਵਿੱਚ ਵਿਰੋਧ ਪਹਿਲਾਂ ਦੇ ਕਿਸੇ ਵੀ ਦੌਰ ਨਾਲ਼ੋਂ ਵਧੇਰੇ ਤਿੱਖਾ ਹੋ ਗਿਆ ਹੈ। ਪ੍ਰੋਲੇਤਾਰੀ ਸਮਾਜਵਾਦੀ ਇਨਕਲਾਬ "ਬਾਹਰਮੁਖੀ ਜ਼ਰੂਰਤ" ਬਣ ਗਿਆ ਹੈ। ਇਹ ਕਥਨ ਬਹੁਤ ਤਸੱਲੀਬਖਸ਼ ਹੈ ਤੇ ਇਸ ਨੂੰ ਇਸ ਤਰ੍ਹਾਂ ਕਿਹਾ ਜਾਣਾ ਚਾਹੀਦਾ ਹੈ। "ਬਾਹਰਮੁਖੀ ਜ਼ਰੂਰਤ" ਬਿਲਕੁੱਲ ਸਹੀ ਹੈ ਤੇ ਲੋਕਾਂ ਲਈ ਪ੍ਰਵਾਨਯੋਗ ਹੈ। ਇਨਕਲਾਬ ਨੂੰ ਬਾਹਰਮੁਖੀ ਜ਼ਰੂਰਤ ਦੱਸਣ ਦਾ ਅਰਥ ਸਿਰਫ਼ ਇਹ ਹੈ ਕਿ ਜਿਸ ਦਿਸ਼ਾ ਵੱਲ ਇਹ ਵਧ ਰਿਹਾ ਹੈ ਉਹ ਲੋਕਾਂ ਦੀ ਇੱਛਾ 'ਤੇ ਨਿਰਭਰ ਨਹੀਂ ਕਰਦਾ। ਇਸ ਨੂੰ ਚਾਹੋ ਜਾਂ ਨਾ ਚਾਹੋ, ਇਹ ਜ਼ਰੂਰ ਆਵੇਗਾ।

ਮਜ਼ਦੂਰ ਜਮਾਤ "ਪੂੰਜੀਵਾਦ ਦੇ ਖਾਤਮੇ ਲਈ ਸਾਰੇ ਕਿਰਤੀ ਲੋਕਾਂ ਨੂੰ ਆਪਣੇ ਆਲੇ-ਦੁਆਲੇ ਜਥੇਬੰਦ ਕਰੇਗੀ।" (ਪੰਨਾ-327) ਠੀਕ, ਪਰ ਇਸ ਨੁਕਤੇ 'ਤੇ ਸੱਤਾ 'ਤੇ ਕਬਜ਼ਾ ਕਰਨ ਦਾ ਸਵਾਲ ਉਠਾਇਆ ਜਾਣਾ ਚਾਹੀਦਾ ਹੈ। "ਮਜ਼ਦੂਰ ਇਨਕਲਾਬ ਨੂੰ ਇਹ ਉਮੀਦ ਨਹੀਂ ਕਰਨੀ ਚਾਹੀਦੀ ਕਿ ਉਸ ਨੂੰ ਬਣੇ-ਬਣਾਏ ਸਮਾਜਵਾਦੀ ਆਰਥਿਕ ਰੂਪ ਮਿਲ ਜਾਣਗੇ।" "ਨਿੱਜੀ ਮਾਲਕੀ 'ਤੇ ਅਧਾਰਤ ਪੂੰਜੀਵਾਦੀ ਅਰਥਚਾਰੇ ਵਿੱਚ ਸਮਾਜਵਾਦੀ ਅਰਥਚਾਰੇ ਦੇ ਅੰਗ ਪਰਿਪੱਕ ਨਹੀਂ ਹੋ ਸਕਦੇ।" (ਪੰਨਾ-328) ਅਸਲ 'ਚ "ਪਰਿਪੱਕ" ਹੋਣਾ ਤਾਂ ਦੂਰ ਦੀ ਗੱਲ ਹੈ, ਉਹ ਤਾਂ ਉਸ ਵਿੱਚ ਪੈਦਾ ਹੀ ਨਹੀਂ ਹੋ ਸਕਦੇ। ਸਹਿਕਾਰੀ ਜਾਂ ਰਾਜ-ਸੰਚਾਲਤ ਅਰਥਚਾਰਾ ਪੂੰਜੀਵਾਦੀ ਸਮਾਜਾਂ 'ਚ ਲਾਗੂ ਹੀ ਨਹੀਂ ਹੋ ਸਕਦਾ, ਪਰਿਪੱਕ ਹੋਣ ਦੀ ਤਾਂ ਗੱਲ ਹੀ ਬੇਕਾਰ ਹੈ। ਇਹੀ ਸਾਡੇ ਤੇ ਸੋਧਵਾਦੀਆਂ ਵਿੱਚ ਮੁੱਖ ਫਰਕ ਹੈ ਜੋ ਇਹ ਦਾਅਵਾ ਕਰਦੇ ਹਨ ਕਿ ਮਿਊਨਸੀਪਲ ਸਰਵਜਨਕ ਉੱਦਮਾਂ ਜਿਹੀਆਂ ਚੀਜ਼ਾਂ ਅਸਲ 'ਚ ਸਮਾਜਵਾਦੀ ਤੱਤ ਹਨ ਤੇ ਇਹ ਦਲੀਲ ਦਿੰਦੇ ਹਨ ਕਿ ਪੂੰਜੀਵਾਦ ਸ਼ਾਂਤਮਈ ਢੰਗ ਨਾਲ਼ ਸਮਾਜਵਾਦ 'ਚ ਵਿਕਸਤ ਹੋ ਜਾਵੇਗਾ। ਇਹ ਮਾਰਕਸਵਾਦ ਦਾ ਗੰਭੀਰ ਵਿਗਾੜ ਹੈ।

## 2. ਸੰਕਰਮਣ ਦੌਰ (Transition)

ਕਿਤਾਬ ਕਹਿੰਦੀ ਹੈ, "ਸੰਕਰਮਣ ਦੌਰ ਦੀ ਸ਼ੁਰੂਆਤ ਮਜ਼ਦੂਰ ਜਮਾਤ ਦੁਆਰਾ ਰਾਜਨੀਤਕ ਸੱਤ੍ਹਾ ਦੀ ਸਥਾਪਨਾ ਨਾਲ਼ ਹੁੰਦੀ ਹੈ ਤੇ ਕਮਿਊਨਿਜ਼ਮ ਦਾ ਪਹਿਲਾ ਪੜਾਅ ਸਮਾਜਵਾਦ ਦੀ ਨੀਂਹ ਰੱਖਣ ਨਾਲ਼, ਸਮਾਜਵਾਦੀ ਇਨਕਲਾਬ ਦੀ ਜ਼ਿੰਮੇਵਾਰੀ ਪੂਰੀ ਕਰਨ ਨਾਲ਼ ਖਤਮ ਹੁੰਦਾ ਹੈ।" (ਪੰਨਾ-328) ਸੰਕਰਮਣ ਦੌਰ ਦੇ ਅੰਤਮ ਵਿਸ਼ਲੇਸ਼ਣ ਵਿੱਚ ਕਿੰਨੇ ਪੜਾਅ ਸ਼ਾਮਿਲ ਕੀਤੇ ਗਏ ਹਨ, ਇਸ ਦਾ ਸਾਵਧਾਨੀ ਨਾਲ਼ ਅਧਿਐਨ ਕਰਨਾ ਚਾਹੀਦਾ ਹੈ। ਕੀ ਇਸ 'ਚ ਸਿਰਫ਼ ਪੂੰਜੀਵਾਦ ਤੋਂ ਸਮਾਜਵਾਦ ਦਾ ਸੰਕਰਮਣ ਦੌਰ ਹੀ ਸ਼ਾਮਿਲ ਹੈ ਜਾਂ ਸਮਾਜਵਾਦ ਤੋਂ ਕਮਿਊਨਿਜ਼ਮ ਦਾ ਸੰਕਰਮਣ ਦੌਰ ਵੀ ?

ਇੱਥੇ ਮਾਰਕਸ ਦੇ ਕਥਨ ਦਾ ਹਵਾਲਾ ਦਿੱਤਾ ਗਿਆ ਹੈ : ਪੂੰਜੀਵਾਦ ਤੋਂ ਲੈ ਕੇ ਕਮਿਊਨਿਜ਼ਮ ਤੱਕ "ਇਨਕਲਾਬੀ ਕਾਇਆਪਲਟੀ ਦੌਰ" ਮੌਜੂਦਾ ਰਹਿੰਦਾ ਹੈ। ਮੌਜੂਦਾ ਸਮੇਂ 'ਚ ਅਸੀਂ ਅਜਿਹੇ ਹੀ ਦੌਰ 'ਚੋਂ ਲੰਘ ਰਹੇ ਹਾਂ। ਕੁਝ ਹੀ ਸਾਲਾਂ 'ਚ ਸਾਡੇ ਲੋਕ ਕਮਿਊਨਾਂ ਨੂੰ ਬੁਨਿਆਦੀ ਟੀਮ ਦੀ ਮਾਲਕੀ[1] ਦੀ ਬੁਨਿਆਦੀ ਕਮਿਊਨ ਦੀ ਮਾਲਕੀ 'ਚ ਤੇ ਫੇਰ ਸਮੁੱਚੇ ਲੋਕਾਂ ਦੀ ਮਾਲਕੀ[2] 'ਚ ਕਾਇਆਪਲਟੀ ਕਰਨ ਦਾ ਕੰਮ ਕਰਨਾ ਹੋਵੇਗਾ। ਜਿਹੜੇ ਲੋਕ ਕਮਿਊਨਾਂ ਨੇ ਪਹਿਲਾਂ ਤੋਂ ਹੀ ਬੁਨਿਆਦੀ ਕਮਿਊਨ ਦੀ ਮਾਲਕੀ 'ਚ ਕਾਇਆਪਲਟੀ ਦਾ ਕੰਮ ਪੂਰਾ ਕਰ ਲਿਆ ਹੈ ਉਹ ਵੀ ਸਮੂਹਕ ਮਾਲਕੀ ਦੀ ਹਾਲਤ 'ਚ ਹਨ (ਅਤੇ ਇਹ ਅਜੇ ਤੱਕ ਸਮੁੱਚੇ ਲੋਕਾਂ ਦੀ ਮਾਲਕੀ ਨਹੀਂ ਬਣਿਆ ਹੈ)।*

ਸੰਕਰਮਣ ਦੌਰ 'ਚ "ਸਾਰੇ ਸਮਾਜਕ ਸਬੰਧਾਂ ਦੀ ਬੁਨਿਆਦੀ ਤੌਰ 'ਤੇ ਕਾਇਆ ਪਲਟ ਜਾਣੀ ਚਾਹੀਦੀ ਹੈ।" ਇਹ ਤਜਵੀਜ਼ ਸਿਧਾਂਤਕ ਤੌਰ 'ਤੇ ਠੀਕ ਹੈ। ਸਾਰੇ ਸਮਾਜਕ ਸਬੰਧਾਂ ਦੇ ਅਰਥ 'ਚ ਪੈਦਾਵਾਰੀ ਸਬੰਧ ਤੇ ਉੱਚ-ਉਸਾਰ-ਅਰਥਸ਼ਾਸਤਰ, ਰਾਜਨੀਤੀ, ਵਿਚਾਰਧਾਰਾ ਤੇ ਸੱਭਿਆਚਾਰ ਆਦਿ ਸ਼ਾਮਲ ਹਨ।

ਸੰਕਰਮਣ ਦੌਰ 'ਚ ਸਾਨੂੰ "ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਉਸ ਪੱਧਰ ਤੱਕ ਪਹੁੰਚਣ ਦੇ ਕਾਬਲ ਬਣਾਉਣਾ ਹੋਵੇਗਾ ਜਿੱਥੋਂ ਉਹ ਸਮਾਜਵਾਦ ਦੀ ਜਿੱਤ ਨੂੰ ਯਕੀਨੀ ਬਣਾ ਸਕਣ।" ਚੀਨ ਲਈ, ਮੋਟੇ ਤੌਰ 'ਤੇ, ਮੈਂ ਕਹਾਂਗਾ ਕਿ ਸਾਨੂੰ ਹਰ ਸਾਲ ਘੱਟੋ-ਘੱਟ 10-20 ਕਰੋੜ ਟਨ ਸਟੀਲ ਦੀ ਲੋੜ ਹੈ। ਇਸ ਸਾਲ ਤੱਕ ਸਾਡੀ ਮੁੱਖ ਪ੍ਰਾਪਤੀ ਇਹ ਰਹੀ ਕਿ ਅਸੀਂ ਪੈਦਾਵਾਰੀ ਤਾਕਤਾਂ ਦੇ ਵਿਕਾਸ ਦਾ ਰਸਤਾ ਸਾਫ ਕਰ ਦਿੱਤਾ ਹੈ। ਚੀਨੀ ਸਮਾਜਵਾਦੀ ਪੈਦਾਵਾਰੀ ਤਾਕਤਾਂ ਦਾ ਵਿਕਾਸ ਹਾਲੇ ਸ਼ੁਰੂ ਹੀ ਹੋਇਆ ਹੈ। 1958-59 ਦੀ ਮਹਾਨ ਅੱਗੇ ਵੱਲ ਛਾਲ 'ਚੋਂ ਲੰਘਦੇ ਹੋਏ ਅਸੀਂ ਇਹ ਉਮੀਦ ਕਰਦੇ ਹਾਂ ਕਿ 1960 ਦਾ ਵਰ੍ਹਾ ਪੈਦਾਵਾਰ ਦੇ ਵਿਕਾਸ ਪੱਖੋਂ ਬਹੁਤ ਮਹੱਤਵਪੂਰਨ ਹੋਵੇਗਾ।

## 3. ਵੱਖ-ਵੱਖ ਦੇਸ਼ਾਂ ਦੇ ਮਜ਼ਦੂਰ ਇਨਕਲਾਬਾਂ ਦੇ ਸਰਵ-ਵਿਆਪੀ ਤੇ ਖਾਸ ਲੱਛਣ

ਕਿਤਾਬ ਕਹਿੰਦੀ ਹੈ ਕਿ ਅਕਤੂਬਰ ਇਨਕਲਾਬ ਨੇ "ਮਾਪਦੰਡ ਸਥਾਪਤ ਕੀਤਾ"

---

* ਅਨੁਵਾਦਕ ਨੇ ਸਪੱਸ਼ਟ ਕਰਨ ਲਈ ਵਾਕਾਂਸ਼ ਬ੍ਰੈਕਟ 'ਚ ਨਾਲ ਜੋੜ ਦਿੱਤਾ ਹੈ।

ਅਤੇ ਇਹ ਕਿ ਹਰੇਕ ਦੇਸ਼ ਦੀ "ਸਮਾਜਵਾਦ ਦੀ ਉਸਾਰੀ ਦੇ ਆਪਣੇ ਵਿਸ਼ੇਸ਼ ਰੂਪ ਤੇ ਠੋਸ ਤੌਰ ਤਰੀਕੇ ਹੁੰਦੇ ਹਨ।" ਇਹ ਤਜਵੀਜ਼ ਦਰੁਸਤ ਹੈ। 1848 'ਚ ਕਮਿਊਨਿਸਟ ਮੈਨੀਫੈਸਟੋ ਦੀ ਰਚਨਾ ਹੋਈ। ਇੱਕ ਸੌ ਦਸ ਸਾਲਾਂ ਬਾਅਦ ਵੱਖ-ਵੱਖ ਕਮਿਊਨਿਸਟ ਪਾਰਟੀਆਂ ਨੇ 1957 'ਚ 'ਮਾਸਕੋ ਐਲਾਨ' ਦੇ ਨਾਮ ਨਾਲ਼ ਦੂਸਰੇ ਕਮਿਊਨਿਸਟ ਮੈਨੀਫੈਸਟੋ ਦੀ ਰਚਨਾ ਕੀਤੀ। ਇਸ ਐਲਾਨ ਨੇ ਆਪਣੇ ਆਪ ਨੂੰ ਸਰਵ-ਵਿਆਪੀ ਨਿਯਮਾਂ ਤੇ ਠੋਸ ਹਕੀਕਤਾਂ ਨਾਲ਼ ਜੋੜਿਆ।

ਅਕਤੂਬਰ ਇਨਕਲਾਬ ਦੇ ਮਾਮਦੰਡ ਨੂੰ ਮੰਨਣ ਦਾ ਅਰਥ ਹੈ ਕਿ ਕਿਸੇ ਵੀ ਦੇਸ਼ 'ਚ ਮਜ਼ਦੂਰ ਇਨਕਲਾਬ ਦਾ "ਮੂਲ ਤੱਤ" ਇੱਕੋ ਇੱਕ ਹੁੰਦਾ ਹੈ। ਠੀਕ ਇੱਥੇ ਅਸੀਂ ਸੋਧਵਾਦੀਆਂ ਦੇ ਵਿਰੋਧ 'ਚ ਖੜ੍ਹਦੇ ਹਾਂ।

ਅਜਿਹਾ ਕਿਉਂ ਹੋਇਆ ਕਿ ਪਹਿਲਾਂ ਇਨਕਲਾਬ ਪੱਛਮ ਦੇ ਵਿਕਸਤ ਤੇ ਉੱਚ ਪੱਧਰ ਦੀ ਪੂੰਜੀਵਾਦੀ ਉਤਪਾਦਕਤਾ ਤੇ ਵੱਡੀ ਗਿਣਤੀ 'ਚ ਮਜ਼ਦੂਰਾਂ ਵਾਲੇ ਦੇਸ਼ਾਂ 'ਚ ਨਹੀਂ ਹੋਏ ਸਗੋਂ ਮੁਕਾਬਲਤਨ ਘੱਟ ਪੂੰਜੀਵਾਦੀ ਉਤਪਾਦਕਤਾ ਤੇ ਮੁਕਾਬਲਤਨ ਘੱਟ ਗਿਣਤੀ 'ਚ ਮਜ਼ਦੂਰਾਂ ਵਾਲੇ ਪੂਰਬੀ ਦੇਸ਼ਾਂ, ਉਦਾਹਰਣ ਵਜੋਂ ਰੂਸ ਅਤੇ ਚੀਨ 'ਚ ਹੋਏ ? ਇਹ ਸਵਾਲ ਅਧਿਐਨ ਦੀ ਮੰਗ ਕਰਦਾ ਹੈ।

ਮਜ਼ਦੂਰ ਜਮਾਤ ਨੇ ਆਪਣੀ ਪਹਿਲੀ ਜਿੱਤ ਰੂਸ 'ਚ ਕਿਉਂ ਹਾਸਲ ਕੀਤੀ ? ਕਿਤਾਬ ਕਹਿੰਦੀ ਹੈ ਕਿਉਂਕਿ "ਸਾਮਰਾਜਵਾਦ ਦੀਆਂ ਸਾਰੀਆਂ ਵਿਰੋਧਤਾਈਆਂ ਰੂਸ 'ਚ ਇਕੱਠੀਆਂ ਹੋ ਗਈਆਂ ਸਨ।" ਇਨਕਲਾਬ ਦਾ ਇਤਿਹਾਸ ਦੱਸਦਾ ਹੈ ਕਿ ਇਨਕਲਾਬ ਦਾ ਕੇਂਦਰ ਬਿੰਦੂ ਪੱਛਮ ਤੋਂ ਪੂਰਬ ਵੱਲ ਖਿਸਕ ਰਿਹਾ ਹੈ। 18ਵੀਂ ਸਦੀ ਦੇ ਅੰਤ 'ਚ ਫ਼ਰਾਂਸ ਕੇਂਦਰ ਬਿੰਦੂ ਸੀ ਜੋ ਦੁਨੀਆਂ ਦੇ ਰਾਜਨੀਤਕ ਜੀਵਨ ਦਾ ਕੇਂਦਰ ਬਣ ਗਿਆ ਸੀ। 19ਵੀਂ ਸਦੀ ਦੇ ਅੱਧ 'ਚ ਕੇਂਦਰ ਬਿੰਦੂ ਜਰਮਨੀ ਵੱਲ ਖਿਸਕ ਗਿਆ, ਜਿੱਥੇ ਮਜ਼ਦੂਰ ਜਮਾਤ ਦਾ ਰਾਜਨੀਤਕ ਮੰਚ 'ਤੇ ਆਗਮਨ ਹੋਇਆ ਜਿਸ ਨੇ ਮਾਰਕਸਵਾਦ ਨੂੰ ਜਨਮ ਦਿੱਤਾ। 20ਵੀਂ ਸਦੀ ਦੇ ਸ਼ੁਰੂ 'ਚ ਕੇਂਦਰ ਬਿੰਦੂ ਰੂਸ ਵੱਲ ਖਿਸਕ ਗਿਆ ਤੇ ਇਸ ਨੇ ਲੈਨਿਨਵਾਦ ਨੂੰ ਜਨਮ ਦਿੱਤਾ। ਮਾਰਕਸਵਾਦ ਦੇ ਇਸ ਵਿਕਾਸ ਤੋਂ ਬਿਨਾਂ ਰੂਸੀ ਇਨਕਲਾਬ ਦੀ ਜਿੱਤ ਨਹੀਂ ਸੀ ਹੋ ਸਕਦੀ। 20ਵੀਂ ਸਦੀ ਦੇ ਅੱਧ ਤੱਕ ਸੰਸਾਰ ਇਨਕਲਾਬ ਦਾ ਕੇਂਦਰ ਬਿੰਦੂ ਚੀਨ ਵੱਲ ਖਿਸਕ ਗਿਆ ਸੀ। ਇਹ ਕਹਿਣ ਦੀ ਲੋੜ ਨਹੀਂ ਕਿ ਭਵਿੱਖ ਵਿੱਚ ਕੇਂਦਰ ਬਿੰਦੂ ਲਾਜ਼ਮੀ ਹੀ ਖਿਸਕੇਗਾ।

ਰੂਸੀ ਇਨਕਲਾਬ ਦੀ ਜਿੱਤ ਦਾ ਇੱਕ ਹੋਰ ਕਾਰਨ ਇਹ ਸੀ ਕਿ ਵਿਸ਼ਾਲ ਕਿਸਾਨ ਅਬਾਦੀ ਨੇ ਇਨਕਲਾਬ ਦੀ ਸਹਿਯੋਗੀ ਤਾਕਤ ਦਾ ਕੰਮ ਕੀਤਾ। ਕਿਤਾਬ ਕਹਿੰਦੀ ਹੈ, "ਰੂਸੀ ਮਜ਼ਦੂਰ ਜਮਾਤ ਨੇ ਗਰੀਬ* ਕਿਸਾਨਾਂ ਨਾਲ ਗੱਠਜੋੜ ਬਣਾ ਲਿਆ।" (ਪੰਨਾ-328-29, 1967 ਛਾਪ) ਕਿਸਾਨੀ ਦੀਆਂ ਕਈ ਪਰਤਾਂ ਹੁੰਦੀਆਂ ਹਨ ਤੇ ਮਜ਼ਦੂਰ ਜਮਾਤ ਨੇ ਗਰੀਬ ਕਿਸਾਨਾਂ 'ਤੇ ਭਰੋਸਾ ਕੀਤਾ। ਜਦੋਂ ਇਨਕਲਾਬ ਸ਼ੁਰੂ ਹੁੰਦਾ ਹੈ ਤਾਂ ਦਰਮਿਆਨੇ ਕਿਸਾਨ ਹਮੇਸ਼ਾਂ ਡਾਵਾਂਡੋਲ ਰਹਿੰਦੇ ਹਨ। ਉਹ ਚੀਜ਼ਾਂ ਦਾ ਨਿਰੀਖਣ ਕਰਦੇ ਹਨ ਤੇ ਦੇਖਦੇ

---

* 1967 ਦੀ ਛਾਪ ਅਨੁਸਾਰ ਸਫ਼ਾ-341

ਹਨ ਕਿ ਕੀ ਇਨਕਲਾਬ 'ਚ ਕੋਈ ਤਾਕਤ ਹੈ, ਕੀ ਉਹ ਖੁਦ ਨੂੰ ਬਰਕਰਾਰ ਰੱਖ ਸਕਦਾ ਹੈ ਤੇ ਕੀ ਉਹ ਉਹਨਾਂ ਨੂੰ ਕੁੱਝ ਦੇਵੇਗਾ। ਪਰ ਦਰਮਿਆਨਾ ਕਿਸਾਨ ਮਜ਼ਦੂਰ ਜਮਾਤ ਵੱਲ ਓਦੋਂ ਤੱਕ ਨਹੀਂ ਆਵੇਗਾ ਜਦੋਂ ਤੱਕ ਉਸ ਨੂੰ ਮੁਕਾਬਲਤਨ ਸਾਫ਼ ਤਸਵੀਰ ਨਜ਼ਰ ਨਹੀਂ ਆਵੇਗੀ। ਅਕਤੂਬਰ ਇਨਕਲਾਬ ਇਸ ਤਰ੍ਹਾਂ ਹੀ ਸੀ। ਇਸੇ ਤਰ੍ਹਾਂ ਹੀ ਸਾਡੇ ਆਪਣੇ ਜ਼ਰਈ (Agrarian) ਸੁਧਾਰਾਂ, ਸਹਿਕਾਰੀ ਕਮੇਟੀਆਂ ਤੇ ਲੋਕ ਕਮਿਊਨਾਂ ਨਾਲ ਹੋਇਆ।[3]

ਵਿਚਾਰਧਾਰਕ, ਰਾਜਨੀਤਕ ਤੇ ਜਥੇਬੰਦਕ ਤੌਰ 'ਤੇ ਬਾਲਸ਼ੇਵਿਕ-ਮੇਨਸ਼ਵਿਕ ਵੰਡ ਨੇ ਅਕਤੂਬਰ ਇਨਕਲਾਬ ਲਈ ਰਾਹ ਸਾਫ਼ ਕੀਤਾ। ਮੇਨਸ਼ਵਿਕਾਂ ਤੇ ਦੂਜੇ ਕੌਮਾਂਤਰੀ ਦੇ ਸੋਧਵਾਦੀਆਂ ਦੇ ਵਿਰੁੱਧ ਬਾਲਸ਼ੇਵਿਕਾਂ ਦੇ ਘੋਲ ਤੋਂ ਬਿਨਾਂ ਅਕਤੂਬਰ ਇਨਕਲਾਬ ਜੇਤੂ ਨਹੀਂ ਹੋ ਸਕਦਾ ਸੀ। ਹਰ ਤਰ੍ਹਾਂ ਦੇ ਸੋਧਵਾਦ ਤੇ ਮੌਕਾਪ੍ਰਸਤੀ ਵਿਰੁੱਧ ਘੋਲ ਦੇ ਵਿੱਚੋਂ ਹੀ ਲੈਨਿਨਵਾਦ ਦਾ ਜਨਮ ਅਤੇ ਵਿਕਾਸ ਹੋਇਆ ਅਤੇ ਲੈਨਿਨਵਾਦ ਤੋਂ ਬਿਨਾਂ ਰੂਸੀ ਇਨਕਲਾਬ ਜਿੱਤ ਨਹੀਂ ਸਕਦਾ ਸੀ।

ਕਿਤਾਬ ਕਹਿੰਦੀ ਹੈ, "ਮਜ਼ਦੂਰ ਇਨਕਲਾਬ ਸਭ ਤੋਂ ਪਹਿਲਾਂ ਰੂਸ 'ਚ ਸਫਲ ਹੋਇਆ ਅਤੇ ਇਨਕਲਾਬ ਤੋਂ ਪਹਿਲਾਂ ਰੂਸ 'ਚ ਇਨਕਲਾਬ ਨੂੰ ਸਫਲ ਬਣਾਉਣ ਲਈ ਲੋੜੀਦਾ ਪੂੰਜੀਵਾਦੀ ਢਾਂਚਾ ਵਿਕਸਤ ਹੋ ਚੁੱਕਿਆ ਸੀ।" ਇਹ ਜ਼ਰੂਰੀ ਨਹੀਂ ਕਿ ਮਜ਼ਦੂਰ ਇਨਕਲਾਬ ਵਿਕਾਸ ਦੇ ਉੱਚੇ ਪੱਧਰ ਵਾਲੇ ਪੂੰਜੀਵਾਦੀ ਦੇਸ਼ 'ਚ ਹੀ ਹੋਏ। ਕਿਤਾਬ ਲੈਨਿਨ ਦਾ ਹਵਾਲਾ ਦਿੰਦੇ ਸਮੇਂ ਇਕਦਮ ਸਹੀ ਹੈ। ਹੁਣ ਤੱਕ ਜਿਨ੍ਹਾਂ ਦੇਸ਼ਾਂ 'ਚ ਸਮਾਜਵਾਦੀ ਇਨਕਲਾਬ ਸਫਲ ਹੋਏ ਹਨ, ਉਹਨਾਂ 'ਚੋਂ ਸਿਰਫ਼ ਪੂਰਬੀ ਜਰਮਨੀ ਤੇ ਚੈਕੋਸਲੋਵਾਕੀਆਂ 'ਚ ਹੀ ਪੂੰਜੀਵਾਦ ਦਾ ਪੱਧਰ ਮੁਕਾਬਲਤਨ ਉੱਚਾ ਸੀ; ਬਾਕੀ ਥਾਵਾਂ 'ਤੇ ਪੱਧਰ ਮੁਕਾਬਲਤਨ ਨੀਵਾਂ ਸੀ। ਇਨਕਲਾਬ ਉੱਚ-ਪੱਧਰੀ ਵਿਕਾਸ ਵਾਲੇ ਪੱਛਮੀ ਦੇਸ਼ਾਂ 'ਚ ਨਹੀਂ ਹੋਇਆ। ਲੈਨਿਨ ਨੇ ਕਿਹਾ ਸੀ : "ਇਨਕਲਾਬ ਸਾਮਰਾਜ ਦੀ ਕਮਜ਼ੋਰ ਕੜੀ 'ਚ ਸ਼ੁਰੂ ਹੋਇਆ।" ਅਕਤੂਬਰ ਇਨਕਲਾਬ ਦੇ ਸਮੇਂ ਰੂਸ ਅਜਿਹੀ ਹੀ ਕਮਜ਼ੋਰ ਕੜੀ ਸੀ। ਅਕਤੂਬਰ ਇਨਕਲਾਬ ਤੋਂ ਬਾਅਦ ਇਹੋ ਗੱਲ ਚੀਨ ਲਈ ਵੀ ਠੀਕ ਸੀ। ਰੂਸ ਤੇ ਚੀਨ, ਦੋਵਾਂ ਕੋਲ ਹੀ ਬਹੁਤ ਸਾਰੇ ਮਜ਼ਦੂਰ ਅਤੇ ਸਤੇ ਹੋਏ ਤੇ ਦੁਖੀ ਕਿਸਾਨਾਂ ਦੀ ਵਿਆਪਕ ਅਬਾਦੀ ਮੌਜੂਦ ਸੀ ਤੇ ਦੋਵੇਂ ਹੀ ਵੱਡੇ ਦੇਸ਼ ਸਨ...* ਪਰ ਇਸ ਪੱਖੋਂ ਭਾਰਤ ਦੀ ਹਾਲਤ ਲਗਭਗ ਅਜਿਹੀ ਹੀ ਸੀ। ਪਰ ਸਵਾਲ ਇਹ ਹੈ ਕਿ ਭਾਰਤ 'ਚ ਕਮਜ਼ੋਰ ਕੜੀ ਨੂੰ ਤੋੜ ਕੇ ਇਨਕਲਾਬ ਕਿਉਂ ਨਹੀਂ ਹੋਇਆ, ਜਿਵੇਂ ਕਿ ਲੈਨਿਨ ਤੇ ਸਤਾਲਿਨ ਨੇ ਕਿਹਾ ਸੀ ? ਕੀ ਇਸ ਲਈ ਕਿ ਭਾਰਤ ਅੰਗਰੇਜ਼ਾਂ ਦੀ, ਸਿਰਫ਼ ਇੱਕ ਹੀ ਦੇਸ਼ ਦੀ ਬਸਤੀ ਸੀ ? ਇੱਥੇ ਹੀ ਭਾਰਤ ਤੇ ਚੀਨ ਵਿੱਚ ਫਰਕ ਹੈ। ਚੀਨ ਕਈ ਸਾਮਰਾਜੀ ਸਰਕਾਰਾਂ ਦੀ ਇੱਕ ਅਰਧ-ਬਸਤੀ ਸੀ। ਭਾਰਤ ਦੀ ਕਮਿਊਨਿਸਟ ਪਾਰਟੀ ਨੇ ਆਪਣੇ ਦੇਸ਼ ਦੇ ਬੁਰਜੂਆ ਜਮਹੂਰੀ ਇਨਕਲਾਬ 'ਚ ਸਰਗਰਮ ਹਿੱਸਾ ਨਹੀਂ ਲਿਆ ਅਤੇ ਭਾਰਤੀ ਮਜ਼ਦੂਰ ਜਮਾਤ ਲਈ ਇਹ ਸੰਭਵ ਨਹੀਂ ਬਣਾਇਆ ਕਿ ਉਹ ਆਪਣੇ ਦੇਸ਼ ਦੇ ਬੁਰਜੂਆ ਇਨਕਲਾਬ ਦੀ ਅਗਵਾਈ ਕਰ ਸਕੇ। ਨਾ ਹੀ ਭਾਰਤੀ ਕਮਿਊਨਿਸਟ ਪਾਰਟੀ

* ਬਿੰਦੂ ਮੂਲ ਵਿੱਚ ਹਨ।

ਅਜ਼ਾਦੀ ਤੋਂ ਬਾਅਦ ਭਾਰਤੀ ਮਜ਼ਦੂਰਾਂ ਦੀ ਅਜ਼ਾਦੀ ਦੇ ਹਿੱਤਾਂ ਨੂੰ ਸੁਰੱਖਿਅਤ ਕਰ ਸਕੀ।

ਚੀਨ ਤੇ ਰੂਸ ਦੇ ਇਤਿਹਾਸਕ ਤਜ਼ਰਬੇ ਸਿੱਧ ਕਰਦੇ ਹਨ ਕਿ ਇਨਕਲਾਬ ਦੀ ਜਿੱਤ ਲਈ ਇੱਕ ਪਰਿਪੱਕ ਪਾਰਟੀ ਦਾ ਹੋਣਾ ਸਭ ਤੋਂ ਮਹੱਤਵਪੂਰਨ ਸ਼ਰਤ ਹੈ। ਰੂਸ ਵਿੱਚ ਬਾਲਸ਼ੇਵਿਕਾਂ ਨੇ ਜਮਹੂਰੀ ਇਨਕਲਾਬ 'ਚ ਸਰਗਰਮ ਹਿੱਸਾ ਲਿਆ ਤੇ 1905 ਦੇ ਇਨਕਲਾਬ ਲਈ ਬੁਰਜੂਆਜ਼ੀ ਨਾਲ਼ੋਂ ਵੱਖਰਾ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ ਨੇ ਨਾ ਸਿਰਫ਼ ਜ਼ਾਰ ਦਾ ਤਖ਼ਤਾ ਪਲਟਣ ਦਾ ਸਵਾਲ ਹੱਲ ਕੀਤਾ ਸਗੋਂ ਜ਼ਾਰ ਦੇ ਤਖਤਾ-ਪਲਟ ਦੌਰਾਨ ਸੰਵਿਧਾਨਕ ਜਮਹੂਰੀ ਪਾਰਟੀ ਤੋਂ ਅਗਵਾਈ ਖੋਹ ਲੈਣ ਦੇ ਸਵਾਲ ਨੂੰ ਵੀ ਹੱਲ ਕੀਤਾ।

1911 ਦੇ ਇਨਕਲਾਬ ਸਮੇਂ ਚੀਨ ਕੋਲ ਕੋਈ ਵੀ ਕਮਿਊਨਿਸਟ ਪਾਰਟੀ ਨਹੀਂ ਸੀ। 1921 'ਚ ਇਸ ਦੀ ਸਥਾਪਨਾ ਤੋਂ ਬਾਅਦ ਚੀਨੀ ਕਮਿਊਨਿਸਟ ਪਾਰਟੀ ਫੌਰਨ ਪੂਰੀ ਸਰਗਰਮੀ ਨਾਲ ਜਮਹੂਰੀ ਇਨਕਲਾਬ 'ਚ ਸ਼ਾਮਲ ਹੋ ਗਈ ਤੇ ਮੂਹਰਲੀਆਂ ਸਫਾਂ 'ਚ ਆ ਖੜ੍ਹੀ। 1905 ਤੋਂ 1917 ਵਿੱਚ, ਜਦੋਂ ਕਿ ਚੀਨੀ ਬੁਰਜੂਆ ਇਨਕਲਾਬ 'ਚ ਦਮ ਸੀ ਤਾਂ ਇਹ ਚੀਨੀ ਬੁਰਜੂਆਜ਼ੀ ਦਾ ਸੁਨਹਿਰੀ ਸਮਾਂ ਸੀ। 1911 ਦੇ ਇਨਕਲਾਬ ਤੋਂ ਬਾਅਦ ਨੈਸ਼ਨਲਿਸਟ ਪਾਰਟੀ ਦਾ ਪਤਣ ਸ਼ੁਰੂ ਹੋ ਗਿਆ ਸੀ। 1924 ਤੱਕ ਅੱਗੇ ਵਧਣ ਲਈ ਉਹਨਾਂ ਕੋਲ ਕਮਿਊਨਿਸਟ ਪਾਰਟੀ ਦਾ ਸਾਥ ਦੇਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਮਜ਼ਦੂਰ ਜਮਾਤ ਬੁਰਜੂਆਜ਼ੀ ਤੋਂ ਅੱਗੇ ਵਧ ਗਈ ਸੀ। ਜਮਹੂਰੀ ਇਨਕਲਾਬ ਦੇ ਆਗੂ ਵਜੋ ਮਜ਼ਦੂਰ ਜਮਾਤ ਦੀ ਰਾਜਨੀਤਕ ਪਾਰਟੀ ਬੁਰਜੂਆਜ਼ੀ ਦੀ ਰਾਜਨੀਤਕ ਪਾਰਟੀ ਤੋਂ ਅੱਗੇ ਨਿਕਲ ਗਈ ਸੀ। ਅਸੀਂ ਕਈ ਵਾਰੀ ਕਹਿ ਚੁੱਕੇ ਹਾਂ ਕਿ 1927 ਤੱਕ ਚੀਨੀ ਕਮਿਊਨਿਸਟ ਪਾਰਟੀ ਪਰਿਪੱਕ ਨਹੀਂ ਸੀ ਹੋਈ। ਮੁੱਖ ਤੌਰ 'ਤੇ ਇਸ ਦਾ ਅਰਥ ਇਹ ਹੈ ਕਿ ਬੁਰਜੂਆਜ਼ੀ ਨਾਲ ਗਠਜੋੜ ਦੇ ਸਾਲਾਂ 'ਚ ਸਾਡੀ ਪਾਰਟੀ ਬੁਰਜੂਆਜ਼ੀ ਦੁਆਰਾ ਇਨਕਲਾਬ ਨਾਲ਼ ਗੱਦਾਰੀ ਕਰਨ ਦੀ ਸੰਭਾਵਨਾ ਦਾ ਅਨੁਮਾਨ ਨਹੀਂ ਲਗਾ ਸਕੀ ਸੀ। ਅਸਲ ਵਿੱਚ ਇਹ ਇਸ ਦੇ ਲਈ ਤਿਆਰ ਵੀ ਨਹੀਂ ਸੀ।

ਇੱਥੇ (ਪੰਨਾ-331) ਇਹ ਕਿਤਾਬ ਇਹ ਵਿਚਾਰ ਪ੍ਰਗਟਾਉਂਦੀ ਹੋਈ ਅੱਗੇ ਵਧਦੀ ਹੈ ਕਿ ਪੂਰਵ-ਪੂੰਜੀਵਾਦੀ ਆਰਥਿਕ ਰੂਪਾਂ ਦੀ ਪ੍ਰਧਾਨਤਾ ਵਾਲੇ ਦੇਸ਼ਾਂ 'ਚ ਸਮਾਜਵਾਦੀ ਇਨਕਲਾਬ ਇਸ ਲਈ ਪੂਰੇ ਹੋ ਸਕੇ ਸੀ ਕਿਉਂਕਿ ਉਹਨਾਂ ਨੂੰ ਵਿਕਸਤ ਸਮਾਜਵਾਦੀ ਦੇਸ਼ਾਂ ਤੋਂ ਮਦਦ ਮਿਲ ਗਈ ਸੀ। ਮਾਮਲੇ ਨੂੰ ਪੇਸ਼ ਕਰਨ ਦਾ ਇਹ ਅਧੂਰਾ ਢੰਗ ਹੈ। ਚੀਨ 'ਚ ਜਮਹੂਰੀ ਇਨਕਲਾਬ ਦੀ ਸਫਲਤਾ ਤੋਂ ਬਾਅਦ ਅਸੀਂ ਸਮਾਜਵਾਦ ਦੇ ਰਾਹ 'ਤੇ ਚਲਣ ਲਈ ਮੁੱਖ ਤੌਰ 'ਤੇ ਇਸ ਲਈ ਸਫਲ ਹੋ ਗਏ ਕਿਉਂਕਿ ਅਸੀਂ ਸਾਮਰਾਜਵਾਦ, ਜਗੀਰਦਾਰੀ ਤੇ ਨੌਕਰਸ਼ਾਹਾਨਾ ਪੂੰਜੀਵਾਦ ਦੇ ਰਾਜ ਨੂੰ ਪੁੱਟ ਸੁੱਟਿਆ ਸੀ। ਅੰਦਰੂਨੀ ਕਾਰਨ ਪ੍ਰਮੁੱਖ ਸਨ। ਸਫਲ ਸਮਾਜਵਾਦੀ ਦੇਸ਼ਾਂ ਤੋਂ ਪ੍ਰਾਪਤ ਸਹਾਇਤਾ ਇੱਕ ਮਹੱਤਵਪੂਰਨ ਕਾਰਨ ਸੀ ਪਰ ਇਹ ਉਹ ਕਾਰਨ ਨਹੀਂ ਸੀ ਜੋ ਇਹ ਤੈਅ ਕਰ ਸਕੇ ਕਿ ਅਸੀਂ ਸਮਾਜਵਾਦ ਦੇ ਰਸਤੇ 'ਤੇ ਚੱਲੀਏ ਜਾਂ ਨਾ, ਪਰ ਇਹ ਅਜਿਹਾ ਕਾਰਨ ਜ਼ਰੂਰ ਸੀ ਜੋ ਸਮਾਜਵਾਦੀ ਰਾਹ 'ਤੇ ਚੱਲਣ ਤੋਂ ਬਾਅਦ ਸਾਡੀ ਵਿਕਾਸ ਦਰ ਨੂੰ ਪ੍ਰਭਾਵਤ ਕਰ ਸਕਦਾ ਸੀ। ਸਹਾਇਤਾ ਪ੍ਰਾਪਤੀ ਤੋਂ ਬਾਅਦ ਅਸੀਂ

ਜ਼ਿਆਦਾ ਤੇਜ਼ੀ ਨਾਲ਼ ਅੱਗੇ ਵਧੇ ਤੇ ਇਸ ਤੋਂ ਬਿਨਾਂ ਸਾਡੀ ਗਤੀ ਘੱਟ ਹੋ ਸਕਦੀ ਸੀ। ਸਹਾਇਤਾ ਤੋਂ ਸਾਡਾ ਭਾਵ ਆਰਥਿਕ ਮਦਦ ਦੇ ਨਾਲ਼ ਨਾਲ਼ ਸਹਿਯੋਗੀ ਦੇਸ਼ਾਂ ਦੀਆਂ ਸਫਲਤਾਵਾਂ ਤੇ ਅਸਫਲਤਾਵਾਂ ਅਤੇ ਦੋਵਾਂ ਦੇ ਸਕਾਰਾਤਮਕ ਤੇ ਨਕਾਰਾਤਮਕ ਤਜ਼ਰਬਿਆਂ ਦੀ ਚੌਕਸ ਵਰਤੋਂ ਸ਼ਾਮਲ ਹੈ।

## 4. ''ਸ਼ਾਂਤੀਪੂਰਨ ਸੰਕਰਮਣ'' ਦਾ ਸਵਾਲ

ਪੰਨਾ-330 'ਤੇ ਕਿਤਾਬ ਕਹਿੰਦੀ ਹੈ, ''ਕੁੱਝ ਪੂੰਜੀਵਾਦੀ ਤੇ ਪੂਰਵ-ਬਸਤੀਵਾਦੀ ਦੇਸ਼ਾਂ 'ਚ, ਮਜ਼ਦੂਰ ਜਮਾਤ ਦੁਆਰਾ ਰਾਜਨੀਤਕ ਸੱਤਾ 'ਤੇ ਸ਼ਾਂਤਮਈ ਸੰਸਦੀ ਰਾਹ ਦੁਆਰਾ ਕਬਜ਼ਾ ਕਰਨਾ ਇੱਕ ਵਿਹਾਰਕ ਸੰਭਾਵਨਾ ਬਣ ਗਈ ਹੈ।'' ਮੈਨੂੰ ਵੀ ਦੱਸੋ ਇਹ ''ਕੁੱਝ ਦੇਸ਼'' ਕਿਹੜੇ ਹਨ ? ਯੂਰਪ ਤੇ ਉੱਤਰੀ ਅਮਰੀਕਾ ਦੇ ਪ੍ਰਮੁੱਖ ਪੂੰਜੀਵਾਦੀ ਦੇਸ਼ ਪੂਰੀ ਤਰ੍ਹਾਂ ਹਥਿਆਰਬੰਦ ਹਨ। ਕੀ ਤੁਸੀਂ ਉਹਨਾਂ ਤੋਂ ਇਹ ਉਮੀਦ ਰੱਖਦੇ ਹੋ ਕਿ ਉਹ ਤੁਹਾਨੂੰ ਸ਼ਾਂਤੀਪੂਰਨ ਢੰਗ ਨਾਲ਼ ਸੱਤਾ 'ਤੇ ਕਬਜ਼ਾ ਕਰਨ ਦੇਣਗੇ ? ਹਰੇਕ ਦੇਸ਼ ਦੀ ਕਮਿਊਨਿਸਟ ਪਾਰਟੀ ਤੇ ਇਨਕਲਾਬੀ ਤਾਕਤਾਂ ਨੂੰ ਸ਼ਾਂਤੀਪੂਰਨ ਢੰਗ ਨਾਲ਼ ਜਿੱਤ ਹਾਸਲ ਕਰਨ ਤੇ ਨਾਲ ਹੀ ਹਿੰਸਾ ਨਾਲ ਸੱਤਾ ਹਾਸਲ ਕਰਨ, ਦੋਵੇਂ ਤਰੀਕਿਆਂ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਇਹਨਾਂ 'ਚੋਂ ਕਿਸੇ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਚੀਜ਼ਾਂ ਦੀ ਆਮ ਪ੍ਰਕਿਰਤੀ ਨੂੰ ਮੱਦੇ-ਨਜ਼ਰ ਰੱਖਦੇ ਹੋਏ ਬੁਰਜੂਆਜ਼ੀ ਦਾ ਆਪਣੀ ਰਾਜਨੀਤਕ ਸੱਤਾ ਛੱਡਣ ਦਾ ਕੋਈ ਇਰਾਦਾ ਨਹੀਂ ਹੈ। ਉਹ ਇਸ ਦੇ ਲਈ ਪੂਰੀ ਟੱਕਰ ਦੇਣਗੇ ਤੇ ਜੇ ਉਹਨਾਂ ਦੀ ਹੋਂਦ ਹੀ ਖਤਰੇ 'ਚ ਹੋਵੇ ਤਾਂ ਉਹ ਭਲਾ ਤਾਕਤ ਦੀ ਵਰਤੋਂ ਕਿਉਂ ਨਾ ਕਰਨਗੇ। ਅਕਤੂਬਰ ਇਨਕਲਾਬ ਦੇ ਨਾਲ਼ ਨਾਲ਼ ਸਾਡੇ ਇਨਕਲਾਬ 'ਚ ਵੀ ਦੋਵੇਂ ਤਰੀਕਿਆਂ ਦੇ ਮੱਦੇ-ਨਜ਼ਰ ਤਿਆਰੀ ਕੀਤੀ ਗਈ ਸੀ। ਜੁਲਾਈ 1917 ਤੋਂ ਪਹਿਲਾਂ ਲੈਨਿਨ ਨੇ ਸ਼ਾਂਤੀਪੂਰਨ ਢੰਗ ਨਾਲ਼ ਜਿੱਤ ਹਾਸਲ ਕਰਨ 'ਤੇ ਵਿਚਾਰ ਕੀਤਾ ਸੀ ਪਰ ਜੁਲਾਈ ਦੀ ਘਟਨਾ ਨੇ ਇਹ ਸਿੱਧ ਕਰ ਦਿੱਤਾ ਕਿ ਮਜ਼ਦੂਰ ਜਮਾਤ ਲਈ ਸ਼ਾਂਤੀਪੂਰਨ ਢੰਗ ਨਾਲ਼ ਸੱਤਾ 'ਤੇ ਕਬਜ਼ਾ ਕਰਨਾ ਬਿਲਕੁੱਲ ਵੀ ਸੰਭਵ ਨਹੀਂ ਰਹਿ ਗਿਆ। ਉਹ ਓਨਾ ਚਿਰ ਅਕਤੂਬਰ ਇਨਕਲਾਬ 'ਚ ਜਿੱਤ ਹਾਸਲ ਨਹੀਂ ਕਰ ਸਕੇ ਜਦੋਂ ਤੱਕ ਲੈਨਿਨ ਨੇ ਆਪਣਾ ਫੈਸਲਾ ਬਦਲ ਕੇ ਤਿੰਨ ਮਹੀਨੇ ਲਈ ਫੌਜੀ ਤਿਆਰੀ ਨਹੀਂ ਕੀਤੀ। ਅਕਤੂਬਰ ਇਨਕਲਾਬ ਦੌਰਾਨ ਰਾਜਨੀਤਕ ਸੱਤਾ 'ਤੇ ਮਜ਼ਦੂਰ ਜਮਾਤ ਦੇ ਕਬਜ਼ੇ ਤੋਂ ਬਾਅਦ ਵੀ ਲੈਨਿਨ ਦਾ ਝੁਕਾਅ ਸ਼ਾਂਤੀਪੂਰਨ ਤਰੀਕਿਆਂ ਦੀ ਵਰਤੋਂ 'ਤੇ ਸੀ ਤੇ ਉਹਨਾਂ ਨੇ ਪੂੰਜੀਵਾਦ ਦੇ ਖਾਤਮੇ ਲਈ ''ਰਿਹਾਈ'' (Redemption) ਦਾ ਤਰੀਕਾ ਅਪਣਾਇਆ ਸੀ ਤੇ ਸਮਾਜਵਾਦੀ ਕਾਇਆਪਲਟੀ ਦੀ ਕੋਸ਼ਿਸ਼ ਕੀਤੀ ਸੀ। ਪਰ ਬੁਰਜੂਆਜ਼ੀ ਨੇ ਚੌਦਾਂ ਸਾਮਰਾਜੀ ਦੇਸ਼ਾਂ ਨਾਲ਼ ਗਠਜੋੜ ਕਰਕੇ ਹਥਿਆਰਬੰਦ ਬਗਾਵਤਾਂ ਤੇ ਦਖਲਅੰਦਾਜ਼ੀ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਅਕਤੂਬਰ ਇਨਕਲਾਬ ਦੀ ਜਿੱਤ ਨੂੰ ਪੱਕੇ ਪੈਰੀਂ ਕਰਨ ਤੋਂ ਪਹਿਲਾਂ ਰੂਸੀ ਪਾਰਟੀ ਦੀ ਅਗਵਾਈ 'ਚ ਤਿੰਨ ਸਾਲਾਂ ਤੱਕ ਹਥਿਆਰਬੰਦ ਘੋਲ ਚਲਾਉਣਾ ਪਿਆ।

## 5. ਜਮਹੂਰੀ ਇਨਕਲਾਬ ਤੋਂ ਸਮਾਜਵਾਦੀ ਇਨਕਲਾਬ - ਕਈ ਸਮੱਸਿਆਵਾਂ

ਸਫ਼ਾ 330 ਦੇ ਅੰਤ 'ਚ ਕਿਤਾਬ ਜਮਹੂਰੀ ਇਨਕਲਾਬ ਦੀ ਸਮਾਜਵਾਦੀ ਇਨਕਲਾਬ 'ਚ ਕਾਇਆਪਲਟੀ ਦੇ ਸਵਾਲ ਨੂੰ ਚੁੱਕਦੀ ਹੈ ਪਰ ਇਹ ਸਪੱਸ਼ਟ ਨਹੀਂ ਕਰਦੀ ਕਿ ਇਸ ਕਾਇਆਪਲਟੀ ਨੂੰ ਲਾਗੂ ਕਿਵੇਂ ਕੀਤਾ ਜਾਵੇ। ਅਕਤੂਬਰ ਇਨਕਲਾਬ ਇੱਕ ਸਮਾਜਵਾਦੀ ਇਨਕਲਾਬ ਸੀ ਜਿਸ ਨੇ ਬੁਰਜੂਆ ਜਮਹੂਰੀ ਇਨਕਲਾਬ ਦੇ ਕਾਰਜਾਂ ਨੂੰ ਵੀ ਪੂਰਾ ਕੀਤਾ। ਅਕਤੂਬਰ ਇਨਕਲਾਬ ਦੀ ਜਿੱਤ ਦੇ ਫੌਰਨ ਬਾਅਦ ਜ਼ਮੀਨ ਦੇ ਕੌਮੀਕਰਨ ਦਾ ਐਲਾਨ ਕਰ ਦਿੱਤਾ ਗਿਆ ਸੀ ਪਰ ਜ਼ਰਈ ਪ੍ਰਸ਼ਨ 'ਤੇ ਜਮਹੂਰੀ ਇਨਕਲਾਬ ਨੂੰ ਅੰਤਮ ਰੂਪ ਤੱਕ ਲੈ ਜਾਣ 'ਚ ਅਜੇ ਸਮਾਂ ਲੱਗਣਾ ਸੀ।

ਮੁਕਤੀ ਯੁੱਧ ਦੇ ਦੌਰਾਨ ਚੀਨ ਨੇ ਜਮਹੂਰੀ ਇਨਕਲਾਬ ਦੇ ਕਾਰਜਾਂ ਨੂੰ ਪੂਰਾ ਕੀਤਾ। 1949 'ਚ ਚੀਨ 'ਚ ਜਮਹੂਰੀ ਗਣਰਾਜ ਦੀ ਸਥਾਪਨਾ ਨੇ ਜਮਹੂਰੀ ਇਨਕਲਾਬ ਦੇ ਮੂਲ ਰੂਪ 'ਚ ਪੂਰਾ ਹੋਣ ਤੇ ਸਮਾਜਵਾਦੀ ਸੰਕਰਮਣ ਦੀ ਸ਼ੁਰੂਆਤ ਵੱਲ ਸੰਕੇਤ ਕਰ ਦਿੱਤਾ। ਜ਼ਰਈ ਸੁਧਾਰਾਂ ਨੂੰ ਪੂਰਾ ਕਰਨ 'ਚ ਤਿੰਨ ਸਾਲ ਲੱਗ ਗਏ ਪਰ ਗਣਰਾਜ ਦੀ ਸਥਾਪਨਾ ਦੇ ਫੌਰੀ ਬਾਅਦ ਅਸੀਂ ਨੌਕਰਸ਼ਾਹਾਨਾ ਪੂੰਜੀਵਾਦੀ ਉੱਦਮਾਂ — ਜੋ ਸਾਡੀ ਸਨਅਤ ਤੇ ਆਵਾਜਾਈ ਦੀ ਸੰਪੱਤੀ ਦਾ 80 ਪ੍ਰਤੀਸ਼ਤ ਸਨ — ਨੂੰ ਜ਼ਬਤ ਕਰ ਲਿਆ ਤੇ ਉਹਨਾਂ ਨੂੰ ਸਮੁੱਚੇ ਲੋਕਾਂ ਦੀ ਮਾਲਕੀ 'ਚ ਬਦਲ ਦਿੱਤਾ।

ਮੁਕਤੀ ਯੁੱਧ ਦੌਰਾਨ ਅਸੀਂ ਨੌਕਰਸ਼ਾਹਾਨਾ ਪੂੰਜੀਵਾਦ ਦੇ ਨਾਲ਼ ਨਾਲ਼ ਸਾਮਰਾਜਵਾਦ ਵਿਰੋਧੀ ਤੇ ਜਗੀਰਦਾਰੀ ਵਿਰੋਧੀ ਨਾਅਰੇ ਵੀ ਬੁਲੰਦ ਕੀਤੇ ਸਨ। ਨੌਕਰਸ਼ਾਹਾਨਾ ਪੂੰਜੀਵਾਦ ਦੇ ਵਿਰੁੱਧ ਘੋਲ ਦਾ ਦੋਹਰਾ ਖਾਸਾ ਸੀ : ਜਿੱਥੋ ਤੱਕ ਇਸ ਨੇ ਦਲਾਲ ਪੂੰਜੀਵਾਦ ਦਾ ਵਿਰੋਧ ਕੀਤਾ ਸੀ ਇਸ ਦਾ ਖਾਸਾ ਜਮਹੂਰੀ ਇਨਕਲਾਬ ਵਾਲਾ ਸੀ ਪਰ ਵੱਡੀ ਬੁਰਜੂਆਜ਼ੀ ਦੇ ਵਿਰੋਧ ਨੂੰ ਲੈ ਕੇ ਇਸ ਦਾ ਖਾਸਾ ਸਮਾਜਵਾਦੀ ਸੀ।

ਟਾਕਰੇ ਦੀ ਜੰਗ 'ਚ ਜਿੱਤਣ ਤੋਂ ਬਾਅਦ ਨੈਸ਼ਨਲਿਸਟ ਪਾਰਟੀ (ਕੌਮਿਨਤਾਂਗ) ਨੇ ਜਪਾਨ, ਜਰਮਨੀ ਅਤੇ ਇਟਲੀ ਤੋਂ ਨੌਕਰਸ਼ਾਹਾਨਾ ਪੂੰਜੀਵਾਦ ਦਾ ਵੱਡਾ ਹਿੱਸਾ ਲੈ ਲਿਆ ਸੀ। ਨੌਕਰਸ਼ਾਹਾਨਾ ਤੇ ਕੌਮੀ (ਭਾਵ ਚੀਨੀ) ਪੂੰਜੀ ਦਾ ਅਨੁਪਾਤ 8 ਤੇ 2 ਦਾ ਸੀ। ਮੁਕਤੀ ਤੋਂ ਬਾਅਦ ਅਸੀਂ ਸਮੁੱਚੀ ਨੌਕਰਸ਼ਾਹਾਨਾ ਪੂੰਜੀ ਨੂੰ ਜ਼ਬਤ ਕਰ ਲਿਆ ਸੀ ਤੇ ਇਸ ਤਰ੍ਹਾਂ ਅਸੀਂ ਚੀਨੀ ਪੂੰਜੀਵਾਦ[5] ਦੇ ਪ੍ਰਮੁੱਖ ਤੱਤਾਂ ਦਾ ਖਾਤਮਾ ਕਰ ਦਿੱਤਾ ਸੀ।

ਪਰ ਇਹ ਸਮਝਣਾ ਗਲਤ ਹੋਵੇਗਾ ਕਿ ਮੁਕਤੀ ਤੋਂ ਬਾਅਦ "ਸ਼ੁਰੂਆਤੀ ਪੜਾਵਾਂ 'ਚ ਇਨਕਲਾਬ ਦਾ ਖਾਸਾ ਮੁੱਖ ਤੌਰ 'ਤੇ ਬੁਰਜੂਆ ਜਮਹੂਰੀ ਇਨਕਲਾਬ ਦਾ ਸੀ ਤੇ ਇਸ ਤੋਂ ਬਾਅਦ ਹੀ ਇਸ ਦਾ ਕ੍ਰਮਵਾਰ ਵਿਕਾਸ ਸਮਾਜਵਾਦੀ ਇਨਕਲਾਬ 'ਚ ਹੋਇਆ।" (ਪੰਨੇ ਦਾ ਕੋਈ ਹਵਾਲਾ ਨਹੀਂ ਦਿੱਤਾ ਗਿਆ)

## 6. ਹਿੰਸਾ ਤੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ

ਪੰਨਾ 333 'ਤੇ ਕਿਤਾਬ ਹਿੰਸਾ ਦੀ ਧਾਰਨਾ ਦੀ ਵਰਤੋਂ ਵਧੇਰੇ ਸਪੱਸ਼ਟਤਾ ਨਾਲ਼

ਕਰ ਸਕਦੀ ਸੀ। ਮਾਰਕਸ ਤੇ ਏਂਗਲਜ਼ ਨੇ ਹਮੇਸ਼ਾ ਕਿਹਾ ਸੀ ਕਿ "ਪਰਿਭਾਸ਼ਾ ਵਜੋਂ ਰਾਜ ਹਿੰਸਾ ਦਾ ਉਹ ਸੰਦ ਹੈ ਜਿਸ ਦੀ ਵਰਤੋਂ ਵਿਰੋਧੀ ਜਮਾਤ ਨੂੰ ਦਬਾਉਣ ਲਈ ਕੀਤੀ ਜਾਂਦੀ ਹੈ।" ਸੋ ਇਸ ਲਈ ਇਹ ਕਦੇ ਨਹੀਂ ਕਿਹਾ ਜਾ ਸਕਦਾ ਕਿ "ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਲੋਟੂਆਂ ਨਾਲ਼ ਨਜਿੱਠਣ ਲਈ ਸਿੱਧੇ-ਸਿੱਧੇ ਅਤੇ ਸਿਰਫ਼ ਹਿੰਸਾ ਦੀ ਵਰਤੋਂ ਨਹੀਂ ਕਰਦੀ ਅਤੇ ਇਹ ਵੀ ਕਿ ਉਹ ਮੁੱਖ ਤੌਰ 'ਤੇ ਇਸ ਦੀ ਵਰਤੋਂ ਨਹੀਂ ਵੀ ਕਰ ਸਕਦੀ।"

ਜਦੋਂ ਲੁਟੇਰੀ ਜਮਾਤ ਦੀ ਜ਼ਿੰਦਗੀ ਖਤਰੇ 'ਚ ਹੁੰਦੀ ਹੈ ਤਾਂ ਉਹ ਹਮੇਸ਼ਾ ਤਾਕਤ ਦੀ ਵਰਤੋਂ ਕਰਦੀ ਹੈ। ਅਸਲ 'ਚ ਜਿਵੇਂ ਹੀ ਉਹ ਇਨਕਲਾਬ ਦੀ ਸ਼ੁਰੂਆਤ ਦੇਖਦੇ ਹਨ ਉਹ ਤਾਕਤ ਨਾਲ਼ ਇਸ ਦਾ ਦਮਨ ਕਰਦੇ ਹਨ। ਕਿਤਾਬ ਕਹਿੰਦੀ ਹੈ, "ਇਤਿਹਾਸਕ ਤਜ਼ਰਬੇ ਇਹ ਸਿੱਧ ਕਰਦੇ ਹਨ ਕਿ ਲੁਟੇਰੀ ਜਮਾਤ ਲੋਕਾਂ ਨੂੰ ਰਾਜਨੀਤਕ ਸੱਤਾ ਸੌਂਪਣ ਦੀ ਬਿਲਕੁੱਲ ਵੀ ਇਛੁੱਕ ਨਹੀਂ ਹੁੰਦੀ ਤੇ ਲੋਕਾਂ ਦੀ ਰਾਜਨੀਤਕ ਸੱਤਾ ਦਾ ਵਿਰੋਧ ਕਰਨ ਲਈ ਉਹ ਹਥਿਆਰਬੰਦ ਸੈਨਾ ਦੀ ਵਰਤੋਂ ਕਰਦੀ ਹੈ।" ਇਹ ਮਾਮਲੇ ਨੂੰ ਪੇਸ਼ ਕਰਨ ਦਾ ਮੁਕੰਮਲ ਤਰੀਕਾ ਨਹੀਂ ਹੈ। ਸਿਰਫ਼ ਇਹੀ ਨਹੀਂ ਕਿ ਲੁਟੇਰੀ ਜਮਾਤ ਲੋਕਾਂ ਦੁਆਰਾ ਇਨਕਲਾਬੀ ਰਾਜਸੀ ਸੱਤਾ ਨੂੰ ਜਥੇਬੰਦ ਕਰਨ ਤੋਂ ਬਾਅਦ ਹੀ ਇਸ ਦਾ ਤਾਕਤ ਨਾਲ਼ ਵਿਰੋਧ ਕਰੇਗੀ ਸਗੋਂ ਉਸੇ ਪਲ ਤੋਂ ਹੀ ਜਦੋਂ ਲੋਕ ਰਾਜਸੀ ਸੱਤਾ ਖੋਹਣ ਲਈ ਉੱਠ ਖੜ੍ਹੇ ਹੋਣਗੇ, ਲੁਟੇਰੀ ਜਮਾਤ ਇਨਕਲਾਬੀ ਲੋਕਾਂ ਦੇ ਦਮਨ ਲਈ ਫੌਜੀ ਹਿੰਸਾ ਦੀ ਵਰਤੋਂ ਕਰਦੀ ਹੈ।

ਸਾਡੇ ਇਨਕਲਾਬ ਦਾ ਮਕਸਦ ਸਮਾਜ ਦੀਆਂ ਪੈਦਾਵਾਰੀ ਤਾਕਤਾਂ ਦਾ ਵਿਕਾਸ ਕਰਨਾ ਹੈ। ਇਸ ਮਕਸਦ ਲਈ ਸਾਨੂੰ ਸਭ ਤੋਂ ਪਹਿਲਾਂ ਦੁਸ਼ਮਣ ਦਾ ਤਖ਼ਤਾ ਉਲਟਾਉਣਾ ਚਾਹੀਦਾ ਹੈ। ਦੂਜੇ, ਸਾਨੂੰ ਇਸ ਦੇ ਪ੍ਰਤੀਰੋਧ ਨੂੰ ਦਬਾਉਣਾ ਚਾਹੀਦਾ ਹੈ। ਅਸੀਂ ਲੋਕਾਂ ਦੀ ਇਨਕਲਾਬੀ ਹਿੰਸਾ ਦੇ ਬਿਨਾਂ ਇਸ ਨੂੰ ਕਿਵੇਂ ਅੰਜਾਮ ਦੇ ਸਕਦੇ ਹਾਂ?

ਹੁਣ ਕਿਤਾਬ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੇ "ਸਾਰ-ਤੱਤ" ਅਤੇ ਸਮਾਜਵਾਦੀ ਇਨਕਲਾਬ 'ਚ ਮਜ਼ਦੂਰ ਜਮਾਤ ਤੇ ਆਮ ਕਿਰਤੀ ਲੋਕਾਂ ਦੀਆਂ ਬੁਨਿਆਦੀ ਜ਼ਿੰਮੇਵਾਰੀਆਂ ਵੱਲ ਮੁੜਦੀ ਹੈ। ਪਰ ਇਹ ਚਰਚਾ ਅਧੂਰੀ ਹੈ ਕਿਉਂਕਿ ਇਹ ਦੁਸ਼ਮਣ ਦੇ ਦਮਨ ਤੇ ਜਮਾਤਾਂ ਨੂੰ ਨਵੇਂ ਸਾਂਚੇ 'ਚ ਢਾਲਣ ਦੇ ਸਵਾਲ ਨੂੰ ਛੱਡ ਦਿੰਦੀ ਹੈ। ਭੂਮੀਪਤੀਆਂ, ਨੌਕਰਸ਼ਾਹਾਂ, ਉਲਟ ਇਨਕਲਾਬੀਆਂ ਤੇ ਗੈਰ-ਲੋੜੀਂਦੇ ਤੱਤਾਂ ਨੂੰ ਨਵੇਂ ਸਾਂਚੇ 'ਚ ਢਾਲਣਾ ਪੈਂਦਾ ਹੈ। ਇਹੀ ਗੱਲ ਸਰਮਾਏਦਾਰੀ ਜਮਾਤ 'ਤੇ ਨਿੱਕ ਬੁਰਜੂਆਜ਼ੀ ਦੀਆਂ ਉੱਚ-ਪਰਤਾਂ ਅਤੇ ਦਰਮਿਆਨੇ* ਕਿਸਾਨਾਂ 'ਤੇ ਵੀ ਲਾਗੂ ਹੁੰਦੀ ਹੈ। ਸਾਡਾ ਤਜ਼ਰਬਾ ਦੱਸਦਾ ਹੈ ਕਿ ਇਹ ਕੰਮ ਔਖਾ ਹੈ। ਜੋ ਲੋਕ ਵਾਰੀ-ਵਾਰੀ ਤੇ ਨਿਰੰਤਰ ਇਸ ਘੋਲ 'ਚੋਂ ਨਹੀਂ ਲੰਘਦੇ, ਉਹ ਚੰਗੀ ਤਰ੍ਹਾਂ ਨਵੇਂ ਸਾਂਚੇ 'ਚ ਨਹੀਂ ਢਲ ਸਕਦੇ। ਬੁਰਜੂਆਜ਼ੀ ਦੀ ਬਚੀ-ਖੁਚੀ ਤਾਕਤ ਤੇ ਉਸ ਦੇ ਕਿਸੇ ਵੀ ਤਰ੍ਹਾਂ ਦੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਖਤਮ ਕਰਨ ਲਈ ਘੱਟੋ ਘੱਟ ਇੱਕ ਦੋ ਦਹਾਕੇ ਜਾਂ ਫਿਰ ਅੱਧੀ ਸਦੀ ਵੀ ਲੱਗ ਸਕਦੀ ਹੈ। ਪੇਂਡੂ ਖੇਤਰਾਂ 'ਚ, ਜਿੱਥੇ ਬੁਨਿਆਦੀ ਕਮਿਊਨ ਮਾਲਕੀ ਨੂੰ ਲਾਗੂ ਕਰ ਦਿੱਤਾ ਗਿਆ ਹੈ, ਨਿੱਜੀ ਮਾਲਕੀ ਦੀ ਰਾਜਸੀ ਮਾਲਕੀ 'ਚ ਕਾਇਆਪਲਟ ਕਰ ਦਿੱਤੀ ਗਈ ਹੈ। ਸਾਰਾ ਦੇਸ਼ ਨਵੇਂ ਸ਼ਹਿਰਾਂ ਤੇ ਨਵੀਆਂ ਪ੍ਰਮੁੱਖ ਸਨਅਤਾਂ ਨਾਲ਼ ਭਰਪੂਰ ਹੋ

ਗਿਆ ਹੈ। ਸਾਰੇ ਦੇਸ਼ 'ਚ ਆਵਾਜਾਈ ਤੇ ਸੰਚਾਰ ਸਾਧਨਾਂ ਦਾ ਆਧੁਨਿਕੀਕਰਨ ਕਰ ਦਿੱਤਾ ਗਿਆ ਹੈ। ਸੱਚਮੁੱਚ, ਸਾਰੀ ਆਰਥਕ ਹਾਲਤ ਪੂਰੀ ਤਰ੍ਹਾਂ ਬਦਲ ਦਿੱਤੀ ਗਈ ਹੈ ਤੇ ਪਹਿਲੀ ਵਾਰੀ ਕਿਸਾਨਾਂ ਦਾ ਸੰਸਾਰ ਨਜ਼ਰੀਆ ਪੂਰੀ ਤਰ੍ਹਾਂ ਕਦਮ-ਦਰ-ਕਦਮ ਬਦਲ ਜਾਣਾ ਤੈਅ ਹੈ। (ਇੱਥੇ "ਮੁੱਖ ਜ਼ਿੰਮੇਵਾਰੀਆਂ" ਦੀ ਗੱਲ ਕਰਦੇ ਹੋਏ ਕਿਤਾਬ ਲੈਨਿਨ ਦੇ ਸ਼ਬਦਾਂ ਨੂੰ ਉਹਨਾਂ ਦੇ ਅਸਲ ਉਦੇਸ਼ ਨਾਲੋਂ ਵੱਖਰੇ ਢੰਗ ਨਾਲ਼ ਵਰਤਦੀ ਹੈ)

ਸਾਮਰਾਜਵਾਦੀ ਦੁਸ਼ਮਣਾਂ ਦੀਆਂ ਰੁਚੀਆਂ ਦੇ ਅਨੁਕੂਲ ਲਿਖਣ ਜਾਂ ਬੋਲਣ ਦੀ ਕੋਸ਼ਿਸ਼ ਕਰਨਾ ਲੋਕਾਂ ਨੂੰ ਧੋਖਾ ਦੇਣਾ ਹੈ ਤੇ ਇਸ ਦੇ ਫਲਸਰੂਪ ਆਪਣੀ ਜਮਾਤ ਨੂੰ ਅਗਿਆਨਤਾ 'ਚ ਰੱਖਦਿਆਂ ਦੁਸ਼ਮਣ ਨੂੰ ਦਿਲਾਸਾ ਦੇਣਾ ਹੈ।

## 7. ਮਜ਼ਦੂਰ ਰਾਜ ਦਾ ਸਰੂਪ

ਪੰਨਾ 334 'ਤੇ ਕਿਤਾਬ ਕਹਿੰਦੀ ਹੈ, "ਮਜ਼ਦੂਰ ਰਾਜ ਵੱਖ-ਵੱਖ ਰੂਪ ਧਾਰਨ ਕਰ ਸਕਦਾ ਹੈ।" ਇਹ ਕਾਫੀ ਹੱਦ ਤੱਕ ਸੱਚ ਹੈ ਪਰ ਲੋਕਾਂ ਦੀ ਜਮਹੂਰੀਅਤ 'ਚ ਸਥਾਪਤ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਤੇ ਅਕਤੂਬਰ ਇਨਕਲਾਬ ਤੋਂ ਬਾਅਦ ਸਥਾਪਤ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੇ ਤੱਤ 'ਚ ਬਹੁਤਾ ਫਰਕ ਨਹੀਂ ਹੈ। ਇਸੇ ਤਰ੍ਹਾਂ ਸੋਵੀਅਤ ਸੰਘ ਦੀਆਂ ਸੋਵੀਅਤਾਂ ਤੇ ਖੁਦ ਸਾਡੀਆਂ ਲੋਕ ਕਾਂਗਰਸਾਂ, ਦੋਵੇਂ ਹੀ ਪ੍ਰਤੀਨਿੱਧ ਸਭਾਵਾਂ ਸਨ, ਜਿਹਨਾਂ 'ਚ ਸਿਰਫ਼ ਨਾਮ ਦਾ ਹੀ ਫਰਕ ਸੀ। ਚੀਨ 'ਚ ਸਾਡੀਆਂ ਲੋਕ ਕਾਂਗਰਸਾਂ 'ਚ ਬੁਰਜੂਆਜ਼ੀ ਦੇ ਪ੍ਰਤੀਨਿਧੀਆਂ ਦੇ ਰੂਪ 'ਚ ਭਾਗ ਲੈਣ ਵਾਲੇ, ਨੈਸ਼ਨਲਿਸਟ ਪਾਰਟੀ ਤੋਂ ਵੱਖ ਹੋ ਕੇ ਆਏ ਪ੍ਰਤੀਨਿੱਧੀ ਤੇ ਉਹ ਪ੍ਰਤੀਨਿੱਧੀ ਜੋ ਪ੍ਰਮੁੱਖ ਜਮਹੂਰੀ ਹਸਤੀਆਂ ਸਨ, ਸ਼ਾਮਲ ਸਨ। ਇਹਨਾਂ ਸਾਰਿਆਂ ਨੇ ਚੀਨੀ ਕਮਿਊਨਿਸਟ ਪਾਰਟੀ ਦੀ ਅਗਵਾਈ ਨੂੰ ਕਬੂਲ ਕੀਤਾ। ਉਹਨਾਂ 'ਚੋਂ ਇੱਕ ਗਰੁੱਪ ਨੇ ਗੜਬੜ ਫੈਲਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਿਹਾ।[6] ਇਸ ਤਰ੍ਹਾਂ ਦੀ ਸ਼ਮੂਲੀਅਤ ਸੋਵੀਅਤਾਂ ਨਾਲੋਂ ਭਿੰਨ ਜ਼ਰੂਰ ਜਾਪ ਸਕਦੀ ਹੈ ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਕਤੂਬਰ ਇਨਕਲਾਬ ਤੋਂ ਬਾਅਦ ਦੀਆਂ ਸੋਵੀਅਤਾਂ 'ਚ ਮੇਨਸ਼ਵਿਕ ਸੱਜੇ-ਪੱਖੀ ਸਮਾਜਕ ਇਨਕਲਾਬੀ ਪਾਰਟੀ ਦੇ ਪ੍ਰਤੀਨਿੱਧੀ, ਟਰਾਉਟਸਕੀਵਾਦੀ ਧੜੇ, ਬੁਖਾਰਿਨ ਧੜੇ, ਜ਼ਿਨੋਵਿਏਵ ਧੜੇ ਆਦਿ ਦੇ ਪ੍ਰਤੀਨਿਧੀ ਸ਼ਾਮਲ ਸੀ। ਉਹ ਸਿਰਫ਼ ਨਾਮ ਨੂੰ ਹੀ ਮਜ਼ਦੂਰਾਂ ਕਿਸਾਨਾਂ ਦੇ ਪ੍ਰਤੀਨਿਧੀ ਸੀ ਪਰ ਅਸਲ 'ਚ ਉਹ ਬੁਰਜੂਆਜ਼ੀ ਦੇ ਪ੍ਰਤੀਨਿਧੀ ਸਨ। ਅਕਤੂਬਰ ਇਨਕਲਾਬ ਤੋਂ ਬਾਅਦ ਦਾ ਸਮਾਂ ਅਜਿਹਾ ਸਮਾਂ ਸੀ ਜਦੋਂ ਮਜ਼ਦੂਰ ਜਮਾਤ ਨੇ ਕੇਰੇਂਸਕੀ ਸਰਕਾਰ ਦੇ ਬਹੁਤ ਸਾਰੇ ਕਰਮਚਾਰੀਆਂ — ਜਿਹਨਾਂ ਵਿੱਚ ਸਾਰੇ ਹੀ ਬੁਰਜੂਆ ਤੱਤ ਸਨ, ਨੂੰ ਮਾਨਤਾ ਦੇ ਦਿੱਤੀ ਸੀ। ਖੁਦ ਸਾਡੀ ਕੇਂਦਰੀ ਲੋਕ ਸਰਕਾਰ ਉੱਤਰੀ ਚੀਨੀ ਲੋਕ ਸਰਕਾਰ ਦੇ ਅਧਾਰ 'ਤੇ ਸਥਾਪਤ ਸੀ। ਵੱਖ-ਵੱਖ ਵਿਭਾਗਾਂ ਦੇ ਸਾਰੇ ਮੈਂਬਰ ਅਧਾਰ ਖੇਤਰਾਂ 'ਚੋਂ ਆਏ ਸੀ ਤੇ ਬਹੁਗਿਣਤੀ ਪ੍ਰਮੁੱਖ ਕਾਰਕੁੰਨ ਕਮਿਊਨਿਸਟ ਪਾਰਟੀ ਦੇ ਮੈਂਬਰ ਸਨ।

## ੮. ਪੂੰਜੀਵਾਦੀ ਸਨਅਤ ਤੇ ਵਪਾਰ ਦੀ ਕਾਇਆਪਲਟੀ

ਪੰਨਾ 335 ’ਤੇ ਚੀਨ ਵਿੱਚ ਪੂੰਜੀਵਾਦੀ ਮਾਲਕੀ ਤੋਂ ਰਾਜਸੀ ਮਾਲਕੀ ’ਚ ਤਬਦੀਲੀ ਦੀ ਪ੍ਰਕਿਰਿਆ ਦੀ ਗਲਤ ਵਿਆਖਿਆ ਕੀਤੀ ਗਈ ਹੈ। ਕਿਤਾਬ ਸਿਰਫ਼ ਕੌਮੀ ਪੂੰਜੀ ਪ੍ਰਤੀ ਸਾਰੀ ਨੀਤੀ ਦੀ ਵਿਆਖਿਆ ਕਰਦੀ ਹੈ ਪਰ ਨੌਕਰਸ਼ਾਹਾਨਾ ਪੂੰਜੀ ਪ੍ਰਤੀ ਸਾਡੀ ਨੀਤੀ (ਜ਼ਬਤ ਕਰਨਾ) ਦੀ ਵਿਆਖਿਆ ਨਹੀਂ ਕਰਦੀ। ਨੌਕਰਸ਼ਾਹਾਨਾ ਪੂੰਜੀ ਨੂੰ ਲੋਕਾਂ ਦੀ ਮਾਲਕੀ ’ਚ ਬਦਲਣ ਲਈ ਅਸੀਂ ਜ਼ਬਤ ਕਰਨ ਦੀ ਨੀਤੀ ਅਪਣਾਈ।

ਪੰਨਾ 335 ਦੇ ਦੂਜੇ ਪੈਰੇ ’ਚ ਪੂੰਜੀਵਾਦ ਦੀ ਕਾਇਆਪਲਟੀ ਲਈ ਰਾਜਸੀ ਪੂੰਜੀਵਾਦੀ ਰੂਪ ’ਚੋਂ ਲੰਘਣ ਦੇ ਤਜ਼ਰਬੇ ਨੂੰ ਅਨੌਖਾ ਤੇ ਵਿਸ਼ੇਸ਼ ਮੰਨਿਆ ਗਿਆ ਹੈ; ਪਰੰਤੂ ਇਸ ਦੇ ਸਰਵ-ਵਿਆਪੀ ਮਹੱਤਵ ਨੂੰ ਨਕਾਰਿਆ ਗਿਆ ਹੈ। ਪੱਛਮੀ ਯੂਰਪ ਦੇ ਦੇਸ਼ਾਂ ਤੇ ਸੰਯੁਕਤ ਰਾਜ ’ਚ ਪੂੰਜੀਵਾਦੀ ਵਿਕਾਸ ਦਾ ਪੱਧਰ ਉੱਚਾ ਹੈ ਤੇ ਹੁਕਮਰਾਨ ਅਹੁਦਿਆਂ ’ਤੇ ਇਜ਼ਾਰੇਦਾਰ ਪੂੰਜੀਪਤੀਆਂ ਦੀ ਘੱਟ ਗਿਣਤੀ ਕਾਬਜ਼ ਹੈ। ਪਰ ਛੋਟੇ ਤੇ ਦਰਮਿਆਨੇ ਪੂੰਜੀਪਤੀਆਂ ਦੀ ਵੱਡੀ ਗਿਣਤੀ ਵੀ ਮੌਜੂਦ ਹੈ। ਇਸ ਲਈ ਇਹ ਕਿਹਾ ਜਾਂਦਾ ਹੈ ਕਿ ਅਮਰੀਕੀ ਪੂੰਜੀ ਕੇਂਦਰੀਕ੍ਰਿਤ ਹੈ ਪਰ ਵਿਆਪਕ ਰੂਪ ’ਚ ਖਿਲਰੀ ਹੋਈ ਵੀ ਹੈ। ਇਹਨਾਂ ਦੇਸ਼ਾਂ ’ਚ ਸਫ਼ਲ ਇਨਕਲਾਬਾਂ ਤੋਂ ਬਾਅਦ ਇਜ਼ਾਰੇਦਾਰ ਪੂੰਜੀ ਨੂੰ ਬਿਨਾਂ ਸ਼ੱਕ ਜ਼ਬਤ ਕਰਨਾ ਹੋਵੇਗਾ ਪਰ ਕੀ ਛੋਟੇ ਤੇ ਦਰਮਿਆਨੇ ਪੂੰਜੀਪਤੀਆਂ ਦੀ ਪੂੰਜੀ ਵੀ ਇਸੇ ਤਰ੍ਹਾਂ ਹੀ ਜ਼ਬਤ ਹੋਵੇਗੀ ? ਅਜਿਹਾ ਹੋ ਸਕਦਾ ਹੈ ਕਿ ਉਹਨਾਂ ਦੀ ਕਾਇਆਪਲਟੀ ਲਈ ਰਾਜਸੀ ਪੂੰਜੀਵਾਦ ਨੂੰ ਅਪਣਾਉਣਾ ਪਵੇ।

ਸਾਡੇ ਉੱਤਰ-ਪੂਰਬੀ ਰਾਜਾਂ ਨੂੰ ਉੱਚ-ਪੱਧਰੀ ਪੂੰਜੀਵਾਦੀ ਵਿਕਾਸ ਵਾਲੇ ਖੇਤਰ ਮੰਨਿਆ ਜਾ ਸਕਦਾ ਹੈ। ਇਹੀ ਗੱਲ (ਸ਼ੰਘਾਈ ਅਤੇ ਸੂਬੇ ਦੇ ਦੱਖਣੀ ਭਾਗ ’ਚ ਸਥਿਤ ਕੇਂਦਰਾਂ ਸਮੇਤ) ਕਿਆਂਗ ਸੂ ਲਈ ਵੀ ਸਹੀ ਹੈ। ਜੇ ਇਹਨਾਂ ਰਾਜਾਂ ’ਚ ਰਾਜਸੀ ਪੂੰਜੀਵਾਦ ਚੱਲ ਸਕਦਾ ਹੈ ਤਾਂ ਫਿਰ ਭਲਾ ਉਹਨਾਂ ਦੇਸ਼ਾਂ ’ਚ ਇਹ ਨੀਤੀ ਕਿਉਂ ਨਹੀਂ ਚੱਲ ਸਕਦੀ ਜੋ ਇਹਨਾਂ ਰਾਜਸੀ ਖੇਤਰਾਂ ਨਾਲ਼ ਮਿਲਦੇ ਜੁਲਦੇ ਹਨ।

ਜਦੋਂ ਜਪਾਨੀ ਸਾਡੇ ਉੱਤਰ-ਪੂਰਬੀ ਰਾਜਾਂ ’ਤੇ ਕਾਬਜ਼ ਸਨ ਤਾਂ ਉਹਨਾਂ ਨੇ ਪ੍ਰਮੁੱਖ ਪੂੰਜੀਪਤੀਆਂ ਦੇ ਖਾਤਮੇ ’ਤੇ ਉਹਨਾਂ ਦੇ ਉੱਦਮਾਂ ਨੂੰ ਜਪਾਨੀ ਰਾਜ ਦੁਆਰਾ ਸੰਚਾਲਤ ਉੱਦਮਾਂ ਜਾਂ ਕੁੱਝ ਮਾਮਲਿਆਂ ’ਚ ਪੂੰਜੀਵਾਦੀ ਉੱਦਮਾਂ ’ਚ ਤਬਦੀਲ ਕਰਨ ਦਾ ਢੰਗ ਵਰਤਿਆਂ ਗਿਆ ਸੀ। ਛੋਟੇ ਤੇ ਦਰਮਿਆਨੇ ਪੂੰਜੀਪਤੀਆਂ ’ਤੇ ਕਾਬੂ ਰੱਖਣ ਲਈ ਉਹਨਾਂ ਨੇ ਪੂਰਕ ਕੰਪਨੀਆਂ ਸਥਾਪਤ ਕੀਤੀਆਂ ਸਨ।

ਸਾਡੇ ਦੇਸ਼ ’ਚ ਕੌਮੀ ਪੂੰਜੀ ਦੀ ਕਾਇਆਪਲਟੀ ਤਿੰਨ ਪੜਾਵਾਂ ’ਚੋਂ ਹੋ ਕੇ ਲੰਘਦੀ ਹੈ : ਰਾਜ ਦੇ ਹੁਕਮ ’ਤੇ ਨਿੱਜੀ ਪੈਦਾਵਾਰ, ਨਿੱਜੀ ਪੈਦਾਵਾਰ ਦੀ ਏਕੀਕ੍ਰਿਤ ਸਰਕਾਰੀ ਖਰੀਦੋ-ਫਰੋਖ਼ਤ, ਸੰਯੁਕਤ ਰਾਜਸੀ ਨਿੱਜੀ ਸੰਚਾਲਨ (ਵੱਖ-ਵੱਖ ਇਕਾਈਆਂ ਤੇ ਪੂਰੇ ਕੰਪਲੈਕਸਾਂ ਦਾ) ਹਰੇਕ ਪੜਾਅ ਨੂੰ ਵਿਵਸਥਿਤ ਢੰਗ ਨਾਲ਼ ਨੇਪਰੇ ਚਾੜ੍ਹਿਆ ਗਿਆ। ਇਸ ਨੇ ਪੈਦਾਵਾਰ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਿਆ ਜੋ ਕਾਇਆਪਲਟ ਦੇ ਅੱਗੇ ਵੱਧਣ ਨਾਲ਼ ਵਿਕਸਤ

ਹੁੰਦੀ ਗਈ। ਅਸੀਂ ਰਾਜਸੀ ਪੂੰਜੀਵਾਦ ਨਾਲ ਕਾਫੀ ਨਵਾਂ ਤਜ਼ਰਬਾ ਹਾਸਲ ਕਰ ਲਿਆ ਹੈ; ਮਿਸਾਲ ਵਜੋਂ ਸੰਯੁਕਤ ਰਾਜਸੀ ਨਿੱਜੀ ਸੰਚਾਲਨ ਦੇ ਪੜਾਅ ਤੋਂ ਬਾਅਦ ਪੂੰਜੀਪਤੀਆਂ ਨੂੰ ਨਿਸ਼ਚਿਤ ਦਰ 'ਤੇ ਵਿਆਜ ਦੇਣਾ।[7]

## 9. ਦਰਮਿਆਨੇ ਕਿਸਾਨ

ਜ਼ਰਈ-ਸੁਧਾਰ ਤੋਂ ਬਾਅਦ ਮੁਦਰਾ 'ਚ ਜ਼ਮੀਨ ਦੀ ਕੀਮਤ ਖਤਮ ਹੋ ਗਈ ਸੀ ਤੇ ਕਿਸਾਨ "ਖੁਦ ਨੂੰ ਜ਼ਾਹਿਰ ਕਰਨ" ਤੋਂ ਡਰਦੇ ਸੀ। ਕੁੱਝ ਕਾਮਰੇਡ ਸਨ ਜੋ ਇੱਕ ਸਮੇਂ ਅਜਿਹੀ ਹਾਲਤ ਨੂੰ ਬਹੁਤ ਗੈਰ ਤਸੱਲੀਬਖਸ਼ ਮੰਨਦੇ ਸਨ। ਪਰ ਜਮਾਤੀ ਘੋਲਾਂ ਦੌਰਾਨ ਭੂਮੀਪਤੀਆਂ ਤੇ ਧਨੀ ਕਿਸਾਨਾਂ ਦੀ ਬਦਨਾਮੀ ਨਾਲ਼ ਹੋਇਆ ਇਹ ਕਿ ਕਿਸਾਨੀ ਗਰੀਬੀ ਨੂੰ ਗੌਰਵਮਈ ਤੇ ਦੌਲਤ ਨੂੰ ਸ਼ਰਮਨਾਕ ਸਮਝਣ ਲੱਗੀ। ਇਹ ਇੱਕ ਸ਼ੁੱਭ ਸੰਕੇਤ ਸੀ ਜਿਸ ਨੇ ਦਿਖਾਇਆ ਕਿ ਗਰੀਬ ਕਿਸਾਨਾਂ ਨੇ ਰਾਜਨੀਤਕ ਤੌਰ 'ਤੇ ਧਨੀ ਕਿਸਾਨਾਂ ਨੂੰ ਉਲਟਾ ਦਿੱਤਾ ਹੈ ਤੇ ਪਿੰਡਾਂ 'ਚ ਆਪਣੀ ਸਰਦਾਰੀ ਨੂੰ ਸਥਾਪਤ ਕਰ ਲਿਆ ਹੈ।

ਪੰਨਾ 339 'ਤੇ ਕਿਤਾਬ ਕਹਿੰਦੀ ਹੈ ਕਿ ਧਨੀ ਕਿਸਾਨਾਂ ਤੋਂ ਖੋਹ ਲਈ ਗਈ ਅਤੇ ਗਰੀਬ ਤੇ ਦਰਮਿਆਨੇ ਕਿਸਾਨਾਂ 'ਚ ਵੰਡੀ ਗਈ ਭੂਮੀ ਉਹ ਭੂਮੀ ਸੀ ਜਿਸ ਨੂੰ ਪਹਿਲਾਂ ਸਰਕਾਰ ਨੇ ਜ਼ਬਤ ਕਰ ਲਿਆ ਸੀ ਤੇ ਫਿਰ ਵੰਡ ਦਿੱਤਾ ਸੀ। ਇਸ ਮਸਲੇ ਨੂੰ ਰਾਜਸੀ ਗ੍ਰਾਂਟ ਦੇਣ ਦੇ ਤੌਰ 'ਤੇ ਦੇਖਿਆ ਗਿਆ ਹੈ — ਇਹ ਇੱਕ ਸੱਜੇ-ਪੱਖੀ ਭਟਕਾਅ ਹੈ ਤੇ ਇੱਥੇ ਇਹ ਬਿਲਕੁੱਲ ਭੁੱਲਾ ਦਿੱਤਾ ਗਿਆ ਹੈ ਕਿ ਭੂਮੀ ਵੰਡ ਮਾਮਲੇ 'ਚ ਜਮਾਤੀ ਘੋਲ ਤੇ ਲੋਕਾਂ ਦੀ ਲਾਮਬੰਦੀ ਨੂੰ ਗਤੀ ਦਿੱਤੀ ਗਈ ਸੀ। ਸਾਡੀ ਪੱਧਤੀ ਗਰੀਬ ਕਿਸਾਨਾਂ 'ਤੇ ਭਰੋਸਾ ਕਰਨ, ਬਹੁਗਿਣਤੀ ਦਰਮਿਆਨੇ ਕਿਸਾਨਾਂ (ਹੇਠਲੇ ਦਰਮਿਆਨੇ ਕਿਸਾਨਾਂ) ਨਾਲ਼ ਏਕਾ ਸਥਾਪਤ ਕਰਨ ਤੇ ਭੂਮੀਪਤੀ ਜਮਾਤ ਤੋਂ ਭੂਮੀ ਖੋਹ ਲੈਣ ਦੀ ਸੀ। ਭਾਵੇਂ ਪਾਰਟੀ ਨੇ ਪ੍ਰਮੁੱਖ ਭੂਮਿਕਾ ਨਿਭਾਈ ਸੀ ਪਰ ਉਹ ਸਭ ਕੁੱਝ ਆਪ ਕਰਨ ਤੇ ਇਸ ਪ੍ਰਕਾਰ ਲੋਕਾਂ ਦਾ ਸਥਾਨ ਲੈ ਲੈਣ ਦੇ ਖਿਲਾਫ ਸੀ। ਅਸਲ 'ਚ ਇਸ ਦਾ ਠੋਸ ਅਭਿਆਸ ਸੀ "ਗਰੀਬਾਂ ਦੇ ਦੁਖ ਜਾਣਨ ਲਈ ਉਹਨਾਂ ਨੂੰ ਮਿਲਣਾ", ਸਰਗਰਮ ਤੱਤਾਂ ਦੀ ਪਹਿਚਾਣ ਕਰਨਾ, ਜੜ੍ਹਾਂ 'ਤੇ ਹਮਲਾ ਕਰਨਾ ਤੇ ਪੋਸ਼ਣ ਕਰਨਾ, ਕੇਂਦਰਕ ਨੂੰ ਪੱਕੇ ਪੈਰੀਂ ਕਰਨਾ, ਆਪਣੇ ਦੁੱਖ ਦੱਸਣ ਲਈ ਹੱਲਾਸ਼ੇਰੀ ਦੇਣਾ ਤੇ ਜਮਾਤੀ ਸਫ਼ਾਂ ਨੂੰ ਜਥੇਬੰਦ ਕਰਨਾ — ਸਭ ਜਮਾਤੀ ਘੋਲ ਨੂੰ ਆਰੰਭ ਕਰਨ ਦੇ ਮਕਸਦ ਨਾਲ਼।

ਕਿਤਾਬ ਕਹਿੰਦੀ ਹੈ, "ਪਿੰਡਾਂ 'ਚ ਦਰਮਿਆਨੇ ਕਿਸਾਨ ਪ੍ਰਮੁੱਖ ਹਸਤੀ ਬਣ ਗਏ ਸਨ।" ਇਹ ਕਥਨ ਤਸੱਲੀਬਖਸ਼ ਨਹੀਂ ਹੈ। ਦਰਮਿਆਨੇ ਕਿਸਾਨਾਂ ਨੂੰ ਪ੍ਰਮੁੱਖ ਐਲਾਨਣਾ, ਦੇਵਤਿਆਂ ਦੀ ਤਰ੍ਹਾਂ ਪ੍ਰਸ਼ੰਸਾ ਕਰਨਾ, ਕਦੇ ਵੀ ਉਹਨਾਂ ਨੂੰ ਨਰਾਜ਼ ਕਰਨ ਦੀ ਹਿੰਮਤ ਨਾ ਕਰਨਾ, ਲਾਜ਼ਮੀ ਹੀ ਸਾਬਕਾ ਗਰੀਬ ਕਿਸਾਨਾਂ ਨੂੰ ਇਸ ਤਰ੍ਹਾਂ ਮਹਿਸੂਸ ਕਰਨ ਲਾ ਦੇਵੇਗਾ ਜਿਵੇਂ ਉਹਨਾਂ ਨੂੰ ਪਰਦੇ ਪਿੱਛੇ ਧੱਕ ਦਿੱਤਾ ਗਿਆ ਹੋਵੇ।

ਕਿਤਾਬ 'ਚ ਦਰਮਿਆਨੇ ਕਿਸਾਨਾਂ ਦਾ ਕੋਈ ਵੀ ਵਿਸ਼ਲੇਸ਼ਣ ਨਹੀਂ ਕੀਤਾ ਗਿਆ ਹੈ। ਅਸੀਂ ਉੱਪਰਲੇ ਤੇ ਹੇਠਲੇ ਦਰਮਿਆਨੇ ਕਿਸਾਨਾਂ ਤੇ ਫਿਰ ਇਹਨਾਂ ਸ਼੍ਰੇਣੀਆਂ 'ਚ ਵੀ ਨਵੇਂ ਤੇ ਪੁਰਾਣਿਆਂ ਵਿੱਚ ਫਰਕ ਕਰਦੇ ਹਾਂ ਜਿਸ 'ਚ ਨਵਿਆਂ ਨੂੰ ਥੋੜ੍ਹੀ ਜ਼ਿਆਦਾ ਤਰਜੀਹ ਦਿੰਦੇ ਹਾਂ। ਇੱਕ ਤੋਂ ਬਾਅਦ ਦੂਜੀ ਮੁਹਿੰਮ ਦੇ ਤਜ਼ਰਬੇ ਨੇ ਸਿੱਧ ਕੀਤਾ ਹੈ ਕਿ ਗਰੀਬ ਕਿਸਾਨ, ਨਵਾਂ ਹੇਠਲਾ ਦਰਮਿਆਨਾ ਕਿਸਾਨ ਤੇ ਪੁਰਾਣੇ ਹੇਠਲੇ ਦਰਮਿਆਨੇ ਕਿਸਾਨਾਂ ਦਾ ਰਾਜਨੀਤਕ ਨਜ਼ਰੀਆ ਮੁਕਾਬਲਤਨ ਚੰਗਾ ਹੁੰਦਾ ਹੈ। ਇਹ ਉਹ ਲੋਕ ਹੁੰਦੇ ਹਨ ਜੋ ਲੋਕ ਕਮਿਊਨਾਂ ਨੂੰ ਅਪਣਾ ਲੈਂਦੇ ਹਨ। ਉੱਚ ਦਰਮਿਆਨੇ ਕਿਸਾਨਾਂ ਤੇ ਖੁਸ਼ਹਾਲ ਦਰਮਿਆਨੇ ਕਿਸਾਨਾਂ 'ਚ ਇੱਕ ਸਮੂਹ ਅਜਿਹਾ ਹੁੰਦਾ ਹੈ ਜੋ ਲੋਕ ਕਮਿਊਨਾਂ ਦੀ ਹਮਾਇਤ ਕਰਦਾ ਹੈ ਜਦੋਂ ਕਿ ਦੂਜਾ ਉਸ ਦਾ ਵਿਰੋਧ ਕਰਦਾ ਹੈ। ਹੌਪੇ ਪ੍ਰਾਂਤ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਉੱਥੇ ਪੈਦਾਵਾਰ ਟੀਮਾਂ ਦੀ ਕੁੱਲ ਗਿਣਤੀ 40 ਹਜ਼ਾਰ ਤੋਂ ਜ਼ਿਆਦਾ ਹੈ, ਜਿਹਨਾਂ 'ਚੋਂ 50 ਪ੍ਰਤੀਸ਼ਤ ਟੀਮਾਂ ਨੇ ਬਿਨਾਂ ਕਿਸੇ ਸ਼ਰਤ ਤੋਂ ਕਮਿਊਨਾਂ ਨੂੰ ਅਪਣਾ ਲਿਆ ਹੈ, 35 ਪ੍ਰਤੀਸ਼ਤ ਨੇ ਉਹਨਾਂ ਨੂੰ ਬੁਨਿਆਦੀ ਤੌਰ 'ਤੇ ਆਪਣਾ ਲਿਆ ਹੈ ਪਰ ਉਹਨਾਂ ਨੂੰ ਕੁੱਝ ਮੁੱਦਿਆਂ 'ਤੇ ਕਿੰਤੂ-ਪਰੰਤੂ ਜਾਂ ਸੰਦੇਹ ਹੈ, 15 ਪ੍ਰਤੀਸ਼ਤ ਟੀਮਾਂ ਕਮਿਊਨਾਂ ਦਾ ਵਿਰੋਧ ਕਰਦੀਆਂ ਹਨ ਜਾਂ ਉਹਨਾਂ ਪ੍ਰਤੀ ਗੰਭੀਰ ਸ਼ੰਕੇ ਰੱਖਦੀਆਂ ਹਨ। ਇਸ ਆਖਰੀ ਸਮੂਹ ਦਾ ਵਿਰੋਧ ਇਹਨਾਂ ਟੀਮਾਂ ਦੀ ਅਗਵਾਈ ਅਮੀਰ ਦਰਮਿਆਨੇ ਕਿਸਾਨਾਂ ਜਾਂ ਅਣਲੋੜੀਂਦੇ ਤੱਤਾਂ ਦੇ ਹੱਥਾਂ 'ਚ ਜਾਣ ਕਰਕੇ ਹੈ। ਦੋ ਰਾਹਾਂ ਦੇ ਵਿੱਚ ਸੰਘਰਸ਼ 'ਚ ਸਿੱਖਿਅਤ ਕਰਨ ਦੀ ਪ੍ਰਕਿਰਿਆ 'ਚ ਜੇ ਇਹਨਾਂ ਟੀਮਾਂ 'ਚ ਬਹਿਸਾਂ ਨੂੰ ਵਿਕਸਤ ਕਰਨਾ ਹੈ ਤਾਂ ਇਹਨਾਂ ਦੀ ਅਗਵਾਈ ਨੂੰ ਬਦਲਣਾ ਹੋਵੇਗਾ। ਇਹ ਸਪੱਸ਼ਟ ਹੈ ਕਿ ਫਿਰ ਦਰਮਿਆਨੇ ਕਿਸਾਨਾਂ ਦਾ ਵਿਸ਼ਲੇਸ਼ਣ ਕਰਨਾ ਹੋਵੇਗਾ। ਕਿਉਂ ਜੋ ਪੇਂਡੂ ਖੇਤਰਾਂ ਦੀ ਅਗਵਾਈ ਦਾ ਮੁੱਦਾ ਉੱਥੋਂ ਦੇ ਵਿਕਾਸ ਦੀ ਦਿਸ਼ਾ 'ਤੇ ਡੂੰਘਾ ਅਸਰ ਪਾਉਂਦਾ ਹੈ।

ਪੰਨਾ 340 'ਤੇ ਕਿਤਾਬ ਕਹਿੰਦੀ ਹੈ, "ਬੁਨਿਆਦੀ ਤੌਰ 'ਤੇ ਦਰਮਿਆਨੇ ਕਿਸਾਨਾਂ ਦਾ ਖਾਸਾ ਦੂਹਰਾ ਹੁੰਦਾ ਹੈ।" ਇਹ ਸਵਾਲ ਵੀ ਠੋਸ ਵਿਸ਼ਲੇਸ਼ਣ ਮੰਗਦਾ ਹੈ। ਗਰੀਬ, ਹੇਠਲੇ ਦਰਮਿਆਨੇ, ਉੱਚੇ-ਦਰਮਿਆਨੇ ਤੇ ਖੁਸ਼ਹਾਲ ਦਰਮਿਆਨੇ ਕਿਸਾਨ ਇੱਕ ਅਰਥ 'ਚ ਸਾਰੇ ਹੀ ਕਿਰਤੀ ਹਨ ਪਰ ਦੂਜੇ ਅਰਥਾਂ 'ਚ ਉਹ ਨਿੱਜੀ ਮਾਲਕ ਵੀ ਹੁੰਦੇ ਹਨ। ਨਿੱਜੀ ਮਾਲਕ ਹੋਣ ਦੇ ਕਾਰਨ ਉਹਨਾਂ ਦੇ ਨਜ਼ਰੀਏ ਕ੍ਰਮਵਾਰ ਵੱਖਰੇ ਹੁੰਦੇ ਹਨ। ਗਰੀਬ ਤੇ ਹੇਠਲੇ ਦਰਮਿਆਨੇ ਕਿਸਾਨਾਂ ਨੂੰ ਅਰਧ-ਨਿੱਜੀ ਮਾਲਕ ਕਿਹਾ ਜਾ ਸਕਦਾ ਹੈ ਜਿਹਨਾਂ ਦਾ ਨਜ਼ਰੀਆ ਮੁਕਾਬਲਤਨ ਅਸਾਨੀ ਨਾਲ਼ ਬਦਲ ਜਾਂਦਾ ਹੈ। ਇਸ ਦੇ ਉਲਟ ਉੱਚ-ਦਰਮਿਆਨੇ ਤੇ ਖੁਸ਼ਹਾਲ ਕਿਸਾਨਾਂ ਦਾ ਨਿੱਜੀ ਮਾਲਕਾਂ ਵਾਲਾ ਨਜ਼ਰੀਆ ਵਧੇਰੇ ਠੋਸ ਹੁੰਦਾ ਹੈ ਤੇ ਉਹਨਾਂ ਨੇ ਸਹਿਕਾਰੀਕਰਨ ਦਾ ਲਗਾਤਾਰ ਵਿਰੋਧ ਕੀਤਾ ਹੈ।

## 10. ਮਜ਼ਦੂਰ-ਕਿਸਾਨ ਗਠਜੋੜ

ਪੰਨਾ 340 ਦੇ ਪੈਰ੍ਹਾ 3 ਅਤੇ 4 ਮਜ਼ਦੂਰ-ਕਿਸਾਨ ਗਠਜੋੜ ਨਾਲ ਸਬੰਧਤ ਹਨ ਪਰ ਇਸ ਗਠਜੋੜ ਨੂੰ ਵਿਕਸਤ ਤੇ ਠੋਸ ਕਰਨ ਤੋਂ ਪਹਿਲਾਂ ਕੀ ਕੀਤਾ ਜਾਵੇ, ਕਿਤਾਬ ਇਸ

ਮਾਮਲੇ 'ਚ ਨਕਾਮ ਰਹਿੰਦੀ ਹੈ। ਕਿਤਾਬ, ਫਿਰ ਛੋਟੇ ਉਤਪਾਦਕਾਂ ਦੀ ਕਾਇਆਪਲਟੀ ਨਾਲ਼ ਕਿਸਾਨਾਂ ਦੇ ਅੱਗੇ ਵਧਣ ਨਾਲ ਨਜਿੱਠਦੀ ਹੈ ਪਰ ਇਸ ਪ੍ਰਕਿਰਿਆ ਨੂੰ ਕਿਵੇਂ ਅੱਗੇ ਵਧਾਇਆ ਜਾਵੇ, ਕਾਇਆਪਲਟੀ ਦੇ ਹਰੇਕ ਪੜਾਅ 'ਤੇ ਕਿਸ ਪ੍ਰਕਾਰ ਦੀਆਂ ਵਿਰੋਧਤਾਈਆਂ ਮਿਲ ਸਕਦੀਆਂ ਹਨ ਤੇ ਉਹਨਾਂ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ — ਇਸ ਸਭ ਨੂੰ ਵਿਚਾਰ-ਅਧੀਨ ਲਿਆਉਣ 'ਚ ਅਸਫ਼ਲ ਰਹਿੰਦੀ ਹੈ। ਇਸੇ ਤਰ੍ਹਾਂ ਕਿਤਾਬ ਇਸ ਪੂਰੀ ਪ੍ਰਕਿਰਿਆ ਦੌਰਾਨ ਚੁੱਕੇ ਜਾਣ ਵਾਲੇ ਕਦਮਾਂ ਤੇ ਦਾਅ-ਪੇਚਾਂ ਬਾਰੇ ਕੋਈ ਵਿਚਾਰ ਨਹੀਂ ਕਰਦੀ।

ਸਾਡਾ ਮਜ਼ਦੂਰ-ਕਿਸਾਨ ਗਠਜੋੜ ਪਹਿਲਾਂ ਹੀ ਦੋ ਪੜਾਵਾਂ 'ਚੋਂ ਲੰਘ ਚੁੱਕਿਆ ਹੈ। ਪਹਿਲਾ ਭੂਮੀ ਇਨਕਲਾਬ ਤੇ ਦੂਜਾ ਸਹਿਕਾਰੀ ਲਹਿਰ ਨਾਲ਼ ਸਬੰਧਤ ਸੀ। ਜੇ ਸਹਿਕਾਰੀ ਲਹਿਰ ਨੂੰ ਗਤੀ ਨਾ ਦਿੱਤੀ ਜਾਂਦੀ ਤਾਂ ਕਿਸਾਨੀ ਦਾ ਨਿਸ਼ਚੇ ਹੀ ਧਰੁਵੀਕਰਨ ਹੋ ਜਾਣਾ ਸੀ ਤੇ ਮਜ਼ਦੂਰ-ਕਿਸਾਨ ਗਠਜੋੜ ਪੱਕੇ ਪੈਰੀਂ ਨਹੀਂ ਹੋਣਾ ਸੀ। ਇਸ ਦੇ ਫਲਸਰੂਪ "ਨਿੱਜੀ ਉਪਜ ਦੀ ਏਕੀਕ੍ਰਿਤ ਸਰਕਾਰੀ ਖਰੀਦੋ-ਫਰੋਖ਼ਤ" ਦੀ ਨੀਤੀ ਨੂੰ ਬਚਾਇਆ ਨਹੀਂ ਸੀ ਜਾ ਸਕਦਾ। ਇਸ ਦਾ ਕਾਰਨ ਇਹ ਹੈ ਕਿ ਸਿਰਫ਼ ਸਹਿਕਾਰਤਾ ਦੇ ਅਧਾਰ 'ਤੇ ਹੀ ਇਸ ਨੀਤੀ ਨੂੰ ਜਾਰੀ ਰੱਖਿਆ ਤੇ ਕੰਮ 'ਤੇ ਲਾਇਆ ਜਾ ਸਕਦਾ ਸੀ। ਮੌਜੂਦਾ ਸਮੇਂ 'ਚ ਸਾਡੇ ਮਜ਼ਦੂਰ-ਕਿਸਾਨ ਨੂੰ ਅਗਲਾ ਕਦਮ ਚੁੱਕਣਾ ਚਾਹੀਦਾ ਹੈ ਤੇ ਖੁਦ ਨੂੰ ਮਸ਼ੀਨੀਕਰਨ ਦੇ ਅਧਾਰ 'ਤੇ ਸਥਾਪਤ ਕਰਨਾ ਹੈ ਕਿਉਂਕਿ ਮਸ਼ੀਨੀਕਰਨ ਤੋਂ ਬਿਨਾਂ ਸਹਿਕਾਰੀ ਤੇ ਕਮਿਊਨ ਲਹਿਰਾਂ ਦਾ ਅਰਥ ਹੈ ਕਿ ਗਠਜੋੜ ਨੂੰ ਪੱਕੇ ਪੈਰੀਂ ਨਹੀਂ ਕੀਤਾ ਜਾ ਸਕਦਾ। ਅਸੀਂ ਅਜੇ ਵੀ ਕਮਿਊਨਾਂ 'ਚ ਸਹਿਕਾਰੀ ਸੰਸਥਾਵਾਂ ਨੂੰ ਵਿਕਸਤ ਕਰਨਾ ਹੈ। ਅਸੀਂ ਅਜੇ ਵੀ ਕਮਿਊਨ ਟੀਮਾਂ ਦੀ ਬੁਨਿਆਦੀ ਮਾਲਕੀ ਨੂੰ ਕਮਿਊਨਾਂ ਦੀ ਬੁਨਿਆਦੀ ਮਾਲਕੀ ਤੇ ਇਸ ਤੋਂ ਵੀ ਅੱਗੇ ਰਾਜ ਦੀ ਮਾਲਕੀ 'ਚ ਵਿਕਸਤ ਕਰਨਾ ਹੈ। ਜਦੋਂ ਰਾਜਕੀ ਮਾਲਕੀ ਤੇ ਮਸ਼ੀਨੀਕਰਨ ਨੂੰ ਸੰਯੁਕਤ ਕਰ ਦਿੱਤਾ ਗਿਆ ਤਾਂ ਅਸੀਂ ਮਜ਼ਦੂਰ-ਕਿਸਾਨ ਗਠਜੋੜ ਨੂੰ ਸੱਚਮੁੱਚ ਪੱਕੇ ਪੈਰੀਂ ਕਰਨਾ ਸ਼ੁਰੂ ਕਰ ਦੇਵਾਂਗੇ ਤੇ ਕਦਮ-ਦਰ-ਕਦਮ ਨਿਸ਼ਚੇ ਹੀ ਮਜ਼ਦੂਰਾਂ ਤੇ ਕਿਸਾਨਾਂ ਦੇ ਵਖਰੇਵਿਆਂ ਨੂੰ ਖਤਮ ਕਰ ਦਵਾਂਗੇ।

## 11. ਬੁੱਧੀਜੀਵੀਆਂ ਦੀ ਕਾਇਆਪਲਟੀ

ਪੰਨਾ 331 ਨੂੰ ਸਮਾਜਵਾਦੀ ਉਸਾਰੀ 'ਚ ਮਜ਼ਦੂਰਾਂ ਤੇ ਕਿਸਾਨਾਂ ਦੇ ਆਪਣੇ ਬੁੱਧੀਜੀਵੀਆਂ ਦੇ ਵਿਕਾਸ ਨੂੰ ਅੱਗੇ ਵਧਾਉਣ ਤੇ ਨਾਲ਼ ਹੀ ਨਾਲ਼ ਬੁਰਜੂਆ ਬੁੱਧੀਜੀਵੀਆਂ ਨੂੰ ਇਸ ਉਸਾਰੀ 'ਚ ਸ਼ਾਮਲ ਕਰਨ ਦੀ ਸਮੱਸਿਆ 'ਤੇ ਪੂਰੀ ਤਰ੍ਹਾਂ ਕੇਂਦਰਤ ਕੀਤਾ ਗਿਆ ਹੈ। ਇਸ ਦੇ ਬਾਵਜੂਦ ਕਿਤਾਬ ਬੁੱਧੀਜੀਵੀਆਂ ਦੀ ਕਾਇਆਪਲਟੀ ਨਾਲ਼ ਨਜਿੱਠਣ 'ਚ ਅਸਫ਼ਲ ਰਹਿੰਦੀ ਹੈ। ਨਾ ਸਿਰਫ਼ ਬੁਰਜੂਆ ਬੁੱਧੀਜੀਵੀਆਂ ਨੂੰ ਸਗੋਂ ਮਜ਼ਦੂਰ ਜਾਂ ਕਿਸਾਨੀ ਅਧਾਰ ਵਾਲੇ ਬੁੱਧੀਜੀਵੀਆਂ ਨੂੰ ਵੀ ਕਾਇਆਪਲਟੀ ਦੀ ਪ੍ਰਕਿਰਿਆ 'ਚ ਭਾਗ ਲੈਣ ਦੀ ਲੋੜ ਹੈ ਕਿਉਂਕਿ ਉਹ ਵੀ ਬੁਰਜੂਆਜ਼ੀ ਦੇ ਬਹੁਮੁਖੀ ਪ੍ਰਭਾਵ 'ਚ ਆਏ ਹਨ। ਕਲਾ ਤੇ ਸਾਹਿਤਕ ਦਾਇਰੇ 'ਚੋਂ ਆਇਆ ਲਿਊ-ਸ਼ਾਓ-ਤਾਂਗ ਇਸ ਦੀ ਇੱਕ ਉਦਾਹਰਣ ਹੈ ਜੋ

ਲੇਖਕ ਬਣਨ ਤੋਂ ਬਾਅਦ ਸਮਾਜਵਾਦ ਦਾ ਮੁੱਖ ਵਿਰੋਧੀ ਬਣ ਗਿਆ ਸੀ। ਗਿਆਨ ਪ੍ਰਤੀ ਆਪਣੇ ਨਜ਼ਰੀਏ ਤੋਂ ਬੁੱਧੀਜੀਵੀ ਅਕਸਰ ਆਪਣੇ ਆਮ ਨਜ਼ਰੀਏ ਦਾ ਪ੍ਰਗਟਾਵਾ ਕਰਦੇ ਹਨ। ਕੀ ਇਹ ਨਿੱਜੀ ਮਾਲਕੀ ਹੈ ਜਾਂ ਸਮੂਹਕ ? ਕੁੱਝ ਇਸ ਨੂੰ ਆਪਣੀ ਨਿੱਜੀ ਮਾਲਕੀ ਮੰਨਦੇ ਹਨ, ਜੋ ਸਹੀ ਮੁੱਲ 'ਤੇ ਵਿਕਣ ਲਈ ਉਪਲਬਧ ਹੈ ਨਹੀਂ ਤਾਂ ਨਹੀਂ। ਉਹ "ਲਾਲ" ਨਹੀਂ ਸਗੋਂ ਸਿਰਫ਼ "ਮਾਹਿਰ"[9] ਹੁੰਦੇ ਹਨ ਜੋ ਇਹ ਮੰਨਦੇ ਹਨ ਕਿ ਪਾਰਟੀ ਨੂੰ "ਬਾਹਰ ਵਾਲੀ" ਮੰਨਦੇ ਹਨ ਜੋ "ਅੰਦਰ ਵਾਲਿਆਂ" ਨੂੰ ਅਗਵਾਈ ਨਹੀਂ ਦੇ ਸਕਦੀ।" ਸਿਨੇਮਾ ਨਾਲ਼ ਜੁੜੇ ਹੋਏ ਲੋਕ ਮੰਨਦੇ ਹਨ ਕਿ ਪਾਰਟੀ ਸਿਨੇਮਾ ਨੂੰ ਅਗਵਾਈ ਨਹੀਂ ਦੇ ਸਕਦੀ। ਸੰਗੀਤ ਜਾਂ ਬੈਲੇ ਨਾਲ਼ ਜੁੜੇ ਹੋਏ ਲੋਕ ਮੰਨਦੇ ਹਨ ਕਿ ਪਾਰਟੀ ਉਹਨਾਂ ਦੇ ਖੇਤਰ 'ਚ ਅਗਵਾਈ ਨਹੀਂ ਦੇ ਸਕਦੀ। ਪਰਮਾਣੂ ਵਿਗਿਆਨ 'ਚ ਲੱਗੇ ਹੋਏ ਲੋਕਾਂ ਦਾ ਵੀ ਇਹ ਮੰਨਣਾ ਹੈ। ਕੁੱਲ ਮਿਲਾ ਕੇ ਪਾਰਟੀ ਕਿਤੇ ਵੀ ਅਗਵਾਈ ਨਹੀਂ ਦੇ ਸਕਦੀ। ਸਮਾਜਵਾਦੀ ਇਨਕਲਾਬ ਤੇ ਉਸਾਰੀ ਦੇ ਪੂਰੇ ਦੌਰ 'ਚ ਬੁੱਧੀਜੀਵੀਆਂ ਨੂੰ ਨਵੇਂ ਸਾਂਚੇ 'ਚ ਢਾਲਣਾ ਬਹੁਤ ਮਹੱਤਵਪੂਰਨ ਸਵਾਲ ਹੈ। ਇਸ ਸਵਾਲ ਦੇ ਮਹੱਤਵ ਨੂੰ ਘੱਟ ਕਰਕੇ ਦੇਖਣਾ ਜਾਂ ਬੁਰਜੂਆ ਚੀਜ਼ਾਂ ਨੂੰ ਰਿਆਇਤ ਦੇਣ ਵਾਲਾ ਰੁਖ ਅਖਤਿਆਰ ਕਰਨਾ ਨਿਸ਼ਚੇ ਹੀ ਗਲਤ ਹੋਵੇਗਾ।

ਪੰਨਾ 341 'ਤੇ ਕਿਤਾਬ ਫਿਰ ਕਹਿੰਦੀ ਹੈ ਕਿ ਸੰਕਰਮਣ ਦੌਰ ਦੀ ਆਰਥਿਕਤਾ ਦੀ ਬੁਨਿਆਦੀ ਵਿਰੋਧਤਾਈ ਪੂੰਜੀਵਾਦ ਤੇ ਸਮਾਜਵਾਦ ਦੇ ਵਿੱਚ ਹੁੰਦੀ ਹੈ। ਇਹ ਸਹੀ ਹੈ। ਇਸ ਪੈਰ੍ਹੇ 'ਚ ਸਿਰਫ਼ ਸੰਘਰਸ਼ਾਂ ਨੂੰ ਗਤੀ ਦੇਣ ਦੀ ਗੱਲ 'ਤੇ ਵਿਚਾਰ ਕੀਤਾ ਗਿਆ ਹੈ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਆਰਥਿਕ ਜ਼ਿੰਦਗੀ ਦੇ ਸਾਰੇ ਖੇਤਰਾਂ 'ਚੋਂ ਕੌਣ ਜੇਤੂ ਹੋ ਨਿਕਲਦਾ ਹੈ। ਇਹਨਾਂ 'ਚੋਂ ਕੁੱਝ ਵੀ ਪੂਰਨ ਨਹੀਂ ਹੈ। ਅਸੀਂ ਇਸ ਨੂੰ ਇਸ ਤਰ੍ਹਾਂ ਪੇਸ਼ ਕਰਾਂਗੇ :

"ਸਮਾਜਵਾਦੀ ਇਨਕਲਾਬ ਨੂੰ ਰਾਜਨੀਤੀ, ਅਰਥਸ਼ਾਸਤਰ ਤੇ ਵਿਚਾਰਧਾਰਾ ਦੇ ਤਿੰਨਾਂ ਮੋਰਚਿਆਂ 'ਤੇ ਅੱਗੇ ਵਧਣਾ ਚਾਹੀਦਾ ਹੈ।"

ਕਿਤਾਬ ਕਹਿੰਦੀ ਹੈ ਕਿ ਅਸੀਂ ਬੁਰਜੂਆ ਤੱਤਾਂ ਨੂੰ ਇਸ ਲਈ ਸਮੋ ਲੈਂਦੇ ਹਾਂ ਤਾਂ ਜੋ ਉਹ ਉੱਦਮਾਂ ਤੇ ਰਾਜ ਦੇ ਪ੍ਰਬੰਧਨ 'ਚ ਸ਼ਮੂਲੀਅਤ ਕਰ ਸਕਣ। ਇਸ ਨੂੰ ਪੰਨਾ 357 'ਤੇ ਫਿਰ ਦੁਹਰਾਇਆ ਗਿਆ ਹੈ।* ਪਰ ਅਸੀਂ ਬੁਰਜੂਆ ਤੱਤਾਂ ਨੂੰ ਨਵੇਂ ਸਾਂਚੇ 'ਚ ਢਾਲਣ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੰਦੇ ਹਾਂ। ਅਸੀਂ ਉਹਨਾਂ ਨੂੰ ਉਹਨਾਂ ਦੀ ਜੀਵਨ-ਸ਼ੈਲੀ, ਉਹਨਾਂ ਦੇ ਆਮ ਨਜ਼ਰੀਏ ਤੇ ਖਾਸ ਮੁੱਦਿਆਂ 'ਤੇ ਉਹਨਾਂ ਦੇ ਨਜ਼ਰੀਏ ਨੂੰ ਵੀ ਬਦਲਣ 'ਚ ਉਹਨਾਂ ਦੀ ਮਦਦ ਕਰਦੇ ਹਾਂ। ਪਰ ਕਿਤਾਬ ਨਵੇਂ ਸਾਂਚੇ 'ਚ ਢਾਲਣ ਦੀ ਪ੍ਰਕਿਰਿਆ ਦਾ ਕੋਈ ਜ਼ਿਕਰ ਨਹੀਂ ਕਰਦੀ।

## 12. ਸਨਅਤੀਕਰਨ ਤੇ ਖੇਤੀ ਸਮੂਹੀਕਰਨ ਵਿੱਚ ਸਬੰਧ

ਕਿਤਾਬ ਸਮਾਜਵਾਦੀ ਸਨਅਤੀਕਰਨ ਨੂੰ ਖੇਤੀ ਸਮੂਹੀਕਰਨ ਲਈ ਇੱਕ ਪੂਰਵ-ਸ਼ਰਤ ਵਜੋਂ ਵੇਖਦੀ ਹੈ। ਇਹ ਨਜ਼ਰੀਆ ਖੁਦ ਸੋਵੀਅਤ ਯੂਨੀਅਨ ਦੀਆਂ ਹਾਲਤਾਂ ਨਾਲ਼

* 1967 ਦੀ ਛਾਪ ਅਨੁਸਾਰ ਸਫ਼ਾ-341

ਵੀ ਮੇਲ ਨਹੀਂ ਖਾਂਦਾ ਜਿੱਥੇ ਸਮੂਹੀਕਰਨ ਮੁੱਖ ਤੌਰ ’ਤੇ 1930 ਤੋਂ 1932 ਵਿੱਚ ਪੂਰਾ ਹੋਇਆ ਸੀ। ਓਦੋਂ ਉਹਨਾਂ ਕੋਲ ਟਰੈਕਟਰਾਂ ਦੀ ਗਿਣਤੀ ਮੌਜੂਦਾ ਸਮੇਂ ’ਚ ਸਾਡੇ ਕੋਲ ਟਰੈਕਟਰਾਂ ਦੀ ਗਿਣਤੀ ਨਾਲ਼ੋਂ ਜ਼ਿਆਦਾ ਸੀ ਪਰ ਤਾਂ ਵੀ ਉਹਨਾਂ ਦੀ ਮਸ਼ੀਨੀਕ੍ਰਿਤ ਖੇਤੀ ਕੁੱਲ ਖੇਤੀ ਯੋਗ ਭੂਮੀ ਦੇ 20.3 ਫੀਸਦੀ ਤੋਂ ਵੀ ਘੱਟ ਸੀ। ਸਮੂਹੀਕਰਨ ਕਿਸੇ ਵੀ ਤਰ੍ਹਾਂ ਸਿਰਫ਼ ਮਸ਼ੀਨੀਕਰਨ ਤੋਂ ਤੈਅ ਨਹੀਂ ਹੁੰਦਾ। ਇਸ ਲਈ ਸਨਅਤੀਕਰਨ ਇਸ ਦੀ ਪੂਰਵ-ਸ਼ਰਤ ਨਹੀਂ ਹੈ।

ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ਾਂ ’ਚ ਖੇਤੀ ਸਮੂਹੀਕਰਨ ਦਾ ਕੰਮ ਬਹੁਤ ਧੀਮੀ ਗਤੀ ਨਾਲ਼ ਕਰਨ ਦਾ ਮੁੱਖ ਕਾਰਨ ਇਹ ਸੀ ਕਿ ਜ਼ਰਈ ਸੁਧਾਰ ਤੋਂ ਬਾਅਦ ਉਹਨਾਂ ਨੇ ਓਦੋਂ ਹਮਲਾ ਨਹੀਂ ਕੀਤਾ ਸੀ ਜਦੋਂ ਲੋਹਾ ਗਰਮ ਸੀ, ਸਗੋਂ ਉਸ ’ਚ ਉਹਨਾਂ ਨੇ ਥੋੜ੍ਹੀ ਦੇਰ ਕਰ ਦਿੱਤੀ ਸੀ। ਖੁਦ ਸਾਡੇ ਕੁੱਝ ਪੁਰਾਣੇ ਅਧਾਰ ਇਲਾਕਿਆਂ ’ਚ ਵੀ ਕਿਸਾਨਾਂ ਦਾ ਇੱਕ ਹਿੱਸਾ ਸੁਧਾਰਾਂ ਤੋਂ ਸੰਤੁਸ਼ਟ ਨਹੀਂ ਸੀ ਅਤੇ ਅੱਗੇ ਵਧਣ ਲਈ ਰਾਜ਼ੀ ਨਹੀਂ ਸੀ। ਇਹ ਹਾਲਤ ਇਸ ’ਤੇ ਬਿਲਕੁੱਲ ਵੀ ਨਿਰਭਰ ਨਹੀਂ ਸੀ ਕਿ ਸਨਅਤੀਕਰਨ ਹੋਇਆ ਕਿ ਨਹੀਂ।

## 13. ਯੁੱਧ ਅਤੇ ਇਨਕਲਾਬ

ਸਫਾ 352-54 ’ਤੇ ਇਹ ਦਲੀਲ ਦਿੱਤੀ ਗਈ ਸੀ ਕਿ ਪੂਰਬੀ ਯੂਰਪ ਦੇ ਵੱਖ-ਵੱਖ ਲੋਕ ਜਮਹੂਰੀ ਦੇਸ਼ “ਸਮਾਜਵਾਦ ਦੀ ਉਸਾਰੀ ’ਚ ਸਫ਼ਲ ਹੋਏ ਸੀ ਭਾਵੇਂ ਕਿ ਉੱਥੇ ਨਾ ਤਾਂ ਘਰੇਲੂ ਜੰਗ ਹੋਈ ਸੀ ਤੇ ਨਾ ਹੀ ਵਿਦੇਸ਼ੀ ਹਥਿਆਰਬੰਦ ਦਖਲ ਹੋਇਆ ਸੀ।” ਇਹ ਵੀ ਦਲੀਲ ਦਿੱਤੀ ਗਈ ਹੈ ਕਿ “ਇਹਨਾਂ ਦੇਸ਼ਾਂ ’ਚ ਸਮਾਜਵਾਦੀ ਕਾਇਆਪਲਟੀ ਦਾ ਕੰਮ ਘਰੇਲੂ ਜੰਗ ਦੀ ਅਗਨੀ-ਪ੍ਰੀਖਿਆ ’ਚੋਂ ਲੰਘੇ ਬਗ਼ੈਰ ਹੀ ਪੂਰਾ ਕਰ ਲਿਆ ਗਿਆ ਸੀ।” ਇਹ ਕਹਿਣਾ ਜ਼ਿਆਦਾ ਬਿਹਤਰ ਹੁੰਦਾ ਕਿ ਇਹਨਾਂ ਦੇਸ਼ਾਂ ’ਚ ਜੋ ਕੁੱਝ ਹੋਇਆ ਸੀ ਉਹ ਇਹ ਕਿ ਘਰੇਲੂ ਜੰਗ ਕੌਮਾਂਤਰੀ ਜੰਗ ਦੇ ਰੂਪ ’ਚ ਛੇੜੀ ਗਈ ਸੀ ਅਤੇ ਇਹ ਕਿ ਘਰੇਲੂ ਜੰਗ ਤੇ ਕੌਮਾਂਤਰੀ ਜੰਗ ਇਕੱਠੇ ਛੇੜੇ ਗਏ ਸਨ। ਸੋਵੀਅਤ ਲਾਲ ਸੈਨਾ ਨੇ ਇਹਨਾਂ ਦੇਸ਼ਾਂ ਦੇ ਪਿਛਾਖੜੀਆਂ ਨੂੰ ਪੱਧਰਾ ਕਰ ਦਿੱਤਾ ਸੀ। ਇਹ ਕਹਿਣਾ ਕਿ ਇਹਨਾਂ ਦੇਸ਼ਾਂ ’ਚ ਘਰੇਲੂ ਜੰਗ ਨਹੀਂ ਹੋਈ ਸੀ ਸਿਰਫ਼ ਰੂਪਵਾਦ ਹੈ ਜੋ ਸਾਰ ਤੱਤ ਨੂੰ ਤੱਵਜੋਂ ਨਹੀਂ ਦਿੰਦਾ।

ਕਿਤਾਬ ਕਹਿੰਦੀ ਹੈ ਕਿ ਇਨਕਲਾਬ ਦੇ ਬਾਅਦ ਪੂਰਬੀ-ਯੂਰਪੀ ਦੇਸ਼ਾਂ ਦੀਆਂ “ਸੰਸਦਾਂ ਲੋਕਾਂ ਦੇ ਹਿੱਤਾਂ ਨੂੰ ਵਿਆਪਕ ਪ੍ਰਗਟਾਵਾ ਦੇਣ ਦਾ ਸਾਧਨ ਬਣ ਗਈਆਂ ਸਨ।” ਅਸਲ ’ਚ ਇਹ ਸੰਸਦਾਂ ਪੁਰਾਣੀਆਂ ਬੁਰਜੂਆ ਸੰਸਦਾਂ ਤੋਂ ਬਿਲਕੁੱਲ ਵੱਖਰੀਆਂ ਸਨ, ਸਿਰਫ਼ ਨਾਮ ਦੀ ਹੀ ਸਮਾਨਤਾ ਸੀ। ਮੁਕਤੀ ਦੇ ਸ਼ੁਰੂਆਤੀ ਪੜਾਅ ਦੌਰਾਨ ਸਾਡੀ ਪੋਲੀਟੀਕਲ ਕਨਸਲਟੇਟਿਵ ਕਾਨਫਰੰਸ ਅਤੇ ਕੌਮਵਾਦੀ ਦੌਰ ਦੀ ਪੋਲੀਟੀਕਲ ਕਨਸਲਟੇਟਿਵ ਕਾਨਫਰੰਸ ਦੇ ਨਾਮ ’ਚ ਕੋਈ ਫਰਕ ਨਹੀਂ ਸੀ। ਕੌਮਵਾਦੀਆਂ ਦੇ ਨਾਲ਼ ਗੱਲ-ਬਾਤ ਦੌਰਾਨ ਅਸੀਂ ਉਦਾਸੀਨ ਹੋ ਗਏ ਸਾਂ ਪਰ ਚਿਆਂਗ-ਕਾਈ-ਸ਼ੇਕ ਇਸ ’ਚ ਬਹੁਤ ਦਿਲਚਸਪੀ ਲੈ ਰਿਹਾ ਸੀ। ਮੁਕਤੀ ਤੋਂ ਬਾਅਦ ਅਸੀਂ ਸਾਈਨਬੋਰਡ ਲੈ ਲਿਆ ਅਤੇ ਚੀਨੀ ਲੋਕਾਂ ਦੀ ਪੋਲੀਟੀਕਲ

ਕਨਸਲਟੇਟਿਵ ਕਾਨਫਰੰਸ ਦਾ ਸੈਸ਼ਨ ਬੁਲਾਇਆ ਜਿਸ ਨੇ ਫੌਰੀ ਲੋਕ ਕਾਂਗਰਸ ਦਾ ਕੰਮ ਕੀਤਾ ਸੀ।[10]

ਕਿਤਾਬ ਕਹਿੰਦੀ ਹੈ ਕਿ ਚੀਨ "ਨੇ ਇਨਕਲਾਬੀ ਸੰਘਰਸ਼ ਦੀ ਪ੍ਰਕਿਰਿਆ ਦੌਰਾਨ ਲੋਕਾਂ ਦਾ ਸਾਂਝਾ ਮੋਰਚਾ ਬਣਾਇਆ ਸੀ।" (ਸਫਾ-357) ਸਿਰਫ "ਇਨਕਲਾਬੀ ਸੰਘਰਸ਼" ਹੀ ਕਿਉਂ, "ਇਨਕਲਾਬੀ ਯੁੱਧ" ਕਿਉਂ ਨਹੀਂ? 1927 ਤੋਂ ਲੈ ਕੇ ਦੇਸ਼-ਵਿਆਪੀ ਜਿੱਤ ਤੱਕ ਅਸੀਂ ਬਾਈ ਸਾਲ ਨਿਰੰਤਰ ਯੁੱਧ ਚਲਾਇਆ ਅਤੇ ਇਸ ਤੋਂ ਪਹਿਲਾਂ, 1911 ਦੇ ਬੁਰਜੂਆ ਇਨਕਲਾਬ ਤੋਂ ਸ਼ੁਰੂ ਕਰਦਿਆਂ, ਪੰਦਰਾਂ ਸਾਲ ਤੱਕ ਇੱਕ ਹੋਰ ਯੁੱਧ ਚੱਲਿਆ ਸੀ। ਇਸ 'ਚ ਸਾਮਰਾਜਵਾਦੀਆਂ ਦੇ ਨਿਰਦੇਸ਼ਨ 'ਚ ਯੁੱਧ ਸਰਦਾਰਾਂ ਦੇ ਅਰਾਜਕਤਾਪੂਰਨ ਯੁੱਧਾਂ ਦੇ ਦੌਰ ਨੂੰ ਵੀ ਗਿਣਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ 1911 ਤੋਂ ਲੈ ਕੇ ਅਮਰੀਕੀ ਟਾਕਰੇ ਤੇ ਕੋਰੀਆ ਸਹਾਇਤਾ ਯੁੱਧ ਤੱਕ, ਚੀਨ 'ਚ ਚਾਲੀ ਸਾਲ ਤੱਕ ਨਿਰੰਤਰ ਯੁੱਧ — ਇਨਕਲਾਬੀ ਯੁੱਧ ਤੇ ਉਲਟ-ਇਨਕਲਾਬੀ ਯੁੱਧ — ਚੱਲਦੇ ਰਹੇ ਅਤੇ ਆਪਣੀ ਸਥਾਪਨਾ ਤੋਂ ਲੈ ਕੇ ਸਾਡੀ ਪਾਰਟੀ ਨੇ ਤੀਹ ਸਾਲਾਂ ਤੱਕ ਯੁੱਧ 'ਚ ਹਿੱਸਾ ਲਿਆ ਤੇ ਜਾਂ ਉਸ ਦੀ ਅਗਵਾਈ ਕੀਤੀ।

ਇੱਕ ਮਹਾਨ ਇਨਕਲਾਬ ਨੂੰ ਘਰੇਲੂ ਜੰਗ 'ਚੋਂ ਜ਼ਰੂਰ ਲੰਘਣਾ ਚਾਹੀਦਾ ਹੈ। ਇਹ ਇੱਕ ਨਿਯਮ ਹੈ ਅਤੇ ਯੁੱਧ ਦੇ ਸਿਰਫ਼ ਨੁਕਸਾਨਾਂ ਨੂੰ ਦੇਖਣਾ ਤੇ ਉਸ ਦੇ ਲਾਭਾਂ ਨੂੰ ਅੱਖੋਂ ਓਹਲੇ ਕਰਨਾ ਇੱਕ-ਤਰਫਾ ਨਜ਼ਰੀਆ ਹੈ। ਯੁੱਧ ਦੀ ਤਬਾਹੀ ਬਾਰੇ ਇੱਕ-ਤਰਫਾ ਢੰਗ ਨਾਲ਼ ਬੋਲਣਾ ਲੋਕ-ਇਨਕਲਾਬ ਦੇ ਕਿਸੇ ਕੰਮ ਨਹੀਂ ਆਉਂਦਾ।

## 14. ਪੱਛੜੇ ਦੇਸ਼ਾਂ 'ਚ ਇਨਕਲਾਬ ਕਰਨਾ ਜ਼ਿਆਦਾ ਔਖਾ ਹੈ?

ਪੱਛਮ ਦੇ ਵੱਖ-ਵੱਖ ਦੇਸ਼ਾਂ 'ਚ ਕੋਈ ਵੀ ਇਨਕਲਾਬ ਜਾਂ ਉਸਾਰੀ ਲਹਿਰ ਚਲਾਉਣ 'ਚ ਇੱਕ, ਬਹੁਤ ਵੱਡਾ ਰੋੜਾ ਹੈ; ਉਹ ਇਹ ਕਿ ਬੁਰਜੂਆਜ਼ੀ ਦਾ ਜ਼ਹਿਰ ਏਨਾ ਤਾਕਤਵਰ ਹੈ ਕਿ ਸਮਾਜ ਦੇ ਕੋਨੇ-ਕੋਨੇ 'ਚ ਰਚ ਗਿਆ ਹੈ। ਸਾਡੀ ਬੁਰਜੂਆਜ਼ੀ ਨੂੰ ਕੁੱਲ ਮਿਲਾ ਕੇ, ਸਿਰਫ਼ ਤਿੰਨ ਪੀੜ੍ਹੀਆਂ ਦਾ ਸਮਾਂ ਮਿਲ਼ਿਆ ਸੀ, ਪਰ ਇੰਗਲੈਂਡ ਤੇ ਫ਼ਰਾਂਸ ਦੀ ਬੁਰਜੂਆਜ਼ੀ ਦੇ ਵਿਕਾਸ ਦਾ ਇਤਿਹਾਸ 250-300 ਸਾਲਾਂ ਦਾ ਹੈ ਜਿਸ ਦੌਰਾਨ ਉਹਨਾਂ ਦੀ ਵਿਚਾਰਧਾਰਾ ਤੇ ਕਾਰਜ-ਪੱਧਤੀ ਨੇ ਉਹਨਾਂ ਦੇ ਸਮਾਜਾਂ ਦੇ ਹਰੇਕ ਪੱਖ ਤੇ ਪਰਤ ਨੂੰ ਪ੍ਰਭਾਵਿਤ ਕੀਤਾ ਹੈ। ਇਹੀ ਕਾਰਨ ਹੈ ਕਿ ਅੰਗਰੇਜ਼ ਮਜ਼ਦੂਰ ਜਮਾਤ ਕਮਿਊਨਿਸਟ ਪਾਰਟੀ ਦੇ ਨਹੀਂ ਸਗੋਂ ਲੇਬਰ ਪਾਰਟੀ ਦੇ ਮਗਰ ਚਲਦੀ ਹੈ।

ਲੈਨਿਨ ਕਹਿੰਦੇ ਹਨ, "ਕੋਈ ਦੇਸ਼ ਜਿੰਨਾਂ ਵਧੇਰੇ ਪੱਛੜਿਆ ਹੋਇਆ ਹੋਵੇਗਾ ਉਸ 'ਚ ਪੂੰਜੀਵਾਦ ਤੋਂ ਸਮਾਜਵਾਦ 'ਚ ਸੰਕਰਮਣ ਓਨਾ ਹੀ ਮੁਸ਼ਕਿਲ ਹੋਵੇਗਾ।" ਇਹ ਕਥਨ ਅੱਜ ਗਲਤ ਜਾਪਦਾ ਹੈ। ਅਸਲ 'ਚ ਕੋਈ ਆਰਥਕਤਾ ਜਿੰਨੀ ਵਧੇਰੇ ਪੱਛੜੀ ਹੋਈ ਹੋਵੇਗੀ ਇਹ ਸੰਕਰਮਣ ਓਨਾ ਹੀ ਘੱਟ ਮੁਸ਼ਕਿਲ ਹੋਵੇਗਾ ਕਿਉਂਕਿ ਲੋਕ ਜਿੰਨੇ ਗਰੀਬ ਹੋਣਗੇ, ਓਨਾ ਹੀ ਉਹ ਇਨਕਲਾਬ ਨੂੰ ਚਾਹੁੰਦੇ ਹਨ। ਪੱਛਮ ਦੇ ਪੂੰਜੀਵਾਦੀ ਦੇਸ਼ਾਂ 'ਚ

ਰੁਜ਼ਗਾਰ ਪ੍ਰਾਪਤ ਲੋਕਾਂ ਦੀ ਗਿਣਤੀ ਮੁਕਾਬਲਤਨ ਜ਼ਿਆਦਾ ਹੈ ਤੇ ਇਸੇ ਕਰਕੇ ਉਹਨਾਂ ਦੀਆਂ ਉਜ਼ਰਤਾਂ ਦਾ ਪੱਧਰ ਵੀ। ਉੱਥੋਂ ਦੇ ਮਜ਼ਦੂਰ ਬੁਰਜੂਆਜ਼ੀ ਤੋਂ ਬਹੁਤ ਪ੍ਰਭਾਵਿਤ ਹੋ ਚੁੱਕੇ ਹਨ ਤੇ ਉੱਥੇ ਸਮਾਜਵਾਦੀ ਸੰਕਰਮਣ ਦਾ ਕੰਮ ਚਲਾਉਣਾ ਇੰਨਾ ਅਸਾਨ ਨਹੀਂ ਜਾਪੇਗਾ ਕਿਉਂਕਿ ਮਸ਼ੀਨੀਕਰਨ ਦਾ ਪੱਧਰ ਉੱਚਾ ਹੈ ਇਸ ਲਈ ਇੱਕ ਸਫ਼ਲ ਇਨਕਲਾਬ ਤੋਂ ਬਾਅਦ ਉੱਥੇ ਮੁੱਖ ਸਮੱਸਿਆ ਮਸ਼ੀਨੀਕਰਨ ਦੇ ਵਿਕਾਸ ਦੀ ਨਹੀਂ ਸਗੋਂ ਲੋਕਾਂ ਦੀ ਕਾਇਆਪਲਟੀ ਦੀ ਹੋਵੇਗੀ। ਪੂਰਬ ਦੇ ਦੇਸ਼ ਜਿਵੇਂ ਕਿ ਚੀਨ ਅਤੇ ਰੂਸ ਪੱਛੜੇ ਹੋਏ ਤੇ ਗਰੀਬ ਸਨ, ਪਰ ਹੁਣ ਨਾ ਸਿਰਫ ਉਹਨਾਂ ਦੇ ਸਮਾਜਕ ਢਾਂਚੇ ਹੀ ਪੱਛਮ ਦੇ ਢਾਂਚਿਆਂ ਤੋਂ ਬਹੁਤ ਅੱਗੇ ਨਿਕਲ ਗਏ ਹਨ ਸਗੋਂ ਇਹਨਾਂ ਦੀਆਂ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੀ ਦਰ ਵੀ ਪੱਛਮ ਦੀ ਵਿਕਾਸ ਦਰ ਨੂੰ ਬਹੁਤ ਪਿੱਛੇ ਛੱਡ ਗਈ ਹੈ। ਇਸ ਤੋਂ ਬਿਨਾਂ ਪੂੰਜੀਵਾਦੀ ਦੇਸ਼ਾਂ ਦੇ ਵਿਕਾਸ ਦੇ ਇਤਿਹਾਸ 'ਚ ਵੀ ਪੱਛੜਿਆ, ਵਿਕਸਤ ਤੋਂ ਅੱਗੇ ਲੰਘ ਜਾਂਦਾ ਹੈ ਜਿਵੇਂ ਕਿ ਅਮਰੀਕਾ, ਇੰਗਲੈਂਡ ਤੋਂ ਅੱਗੇ ਲੰਘ ਗਿਆ ਸੀ ਤੇ ਮਗਰੋਂ ਵੀਹਵੀਂ ਸਦੀ ਦੇ ਸ਼ੁਰੂ 'ਚ ਜਰਮਨੀ, ਇੰਗਲੈਂਡ ਤੋਂ ਅੱਗੇ ਲੰਘ ਗਿਆ ਸੀ।

## 15. ਕੀ ਵੱਡੇ ਪੈਮਾਨੇ ਦੀ ਸਨਅਤ ਸਮਾਜਵਾਦੀ ਕਾਇਆਪਲਟੀ ਦੀ ਬੁਨਿਆਦ ਹੈ?

ਸਫਾ 364* 'ਤੇ ਕਿਤਾਬ ਕਹਿੰਦੀ ਹੈ, "ਜਿਹਨਾਂ ਦੇਸ਼ਾਂ ਨੇ ਸਮਾਜਵਾਦੀ ਉਸਾਰੀ ਦਾ ਰਸਤਾ ਫੜ ਲਿਆ ਹੈ ਉਹਨਾਂ ਸਾਹਮਣੇ ਜਿੰਨੀ ਜਲਦੀ ਸੰਭਵ ਹੋਵੇ ਪੂੰਜੀਵਾਦੀ ਰਾਜ ਦੇ ਬਾਅਦ ਦੇ ਮਾੜੇ ਪ੍ਰਭਾਵਾਂ ਨੂੰ ਖਤਮ ਕਰਨ ਦੀ ਚੁਣੌਤੀ ਹੈ ਤਾਂ ਜੋ ਵੱਡੇ ਪੈਮਾਨੇ ਦੀ ਸਨਅਤ (ਆਰਥਿਕਤਾ ਦੀ ਸਮਾਜਵਾਦੀ ਕਾਇਆਪਲਟੀ ਦੀ ਬੁਨਿਆਦ) ਦੇ ਵਿਕਾਸ ਦੀ ਰਫਤਾਰ ਨੂੰ ਤੇਜ਼ ਕੀਤਾ ਜਾ ਸਕੇ।" ਇਹ ਦਾਅਵਾ ਕਰਨਾ ਕਾਫੀ ਨਹੀਂ ਕਿ ਵੱਡੀ ਸਨਅਤ ਦਾ ਵਿਕਾਸ ਆਰਥਿਕਤਾ ਦੀ ਸਮਾਜਵਾਦੀ ਕਾਇਆਪਲਟੀ ਦੀ ਬੁਨਿਆਦ ਹੈ। ਸਾਰਾ ਇਨਕਲਾਬੀ ਇਤਿਹਾਸ ਦਿਖਾਉਂਦਾ ਹੈ ਕਿ ਨਵੀਆਂ ਪੈਦਾਵਾਰੀ ਤਾਕਤਾਂ ਦਾ ਪੂਰਨ ਵਿਕਾਸ ਪੱਛੜੇ ਪੈਦਾਵਾਰੀ ਸਬੰਧਾਂ ਦੀ ਕਾਇਆਪਲਟੀ ਦੀ ਪੂਰਵ-ਸ਼ਰਤ ਨਹੀਂ ਹੈ। ਸਾਡਾ ਇਨਕਲਾਬ ਮਾਰਕਸਵਾਦ-ਲੈਨਿਨਵਾਦ ਦੇ ਪ੍ਰਚਾਰ ਨਾਲ਼ ਅਰੰਭ ਹੋਇਆ ਸੀ ਜਿਸ ਨੇ ਇਨਕਲਾਬ ਦੇ ਪੱਖ 'ਚ ਨਵਾਂ ਲੋਕ-ਮੱਤ ਤਿਆਰ ਕਰਨ 'ਚ ਮਦਦ ਕੀਤੀ ਸੀ। ਇਸ ਤੋਂ ਬਿਨਾਂ ਪੁਰਾਣੇ ਪੈਦਾਵਾਰੀ ਸਬੰਧਾਂ ਨੂੰ ਨਸ਼ਟ ਕਰ ਸਕਣਾ ਸਿਰਫ਼ ਓਦੋਂ ਹੀ ਸੰਭਵ ਹੋ ਸਕਿਆ ਸੀ ਜਦੋਂ ਅਸੀਂ ਇਨਕਲਾਬ ਦੇ ਦੌਰਾਨ ਪਿਛਾਖੜੀ ਉੱਚ-ਉਸਾਰ ਨੂੰ ਉਲਟਾ ਦਿੱਤਾ ਸੀ। ਪੁਰਾਣੇ ਪੈਦਾਵਾਰੀ ਸਬੰਧਾਂ ਨੂੰ ਖਤਮ ਕਰਨ ਤੋਂ ਬਾਅਦ ਨਵਿਆਂ ਦੀ ਉਸਾਰੀ ਕੀਤੀ ਗਈ ਜਿਸ ਨੇ ਨਵੀਆਂ ਪੈਦਾਵਾਰੀ ਤਾਕਤਾਂ ਦੇ ਵਿਕਾਸ ਲਈ ਰਸਤਾ ਪੱਧਰਾ ਕਰ ਦਿੱਤਾ। ਇਹਨਾਂ ਸਾਰਿਆਂ ਕਾਰਨ ਅਸੀਂ ਵੱਡੇ ਪੈਮਾਨੇ 'ਤੇ ਸਮਾਜਕ ਪੈਦਾਵਾਰੀ ਤਾਕਤਾਂ ਦੇ ਵਿਕਾਸ ਲਈ ਤਕਨੀਕੀ ਇਨਕਲਾਬ

* 1967 ਦੇ ਐਡੀਸ਼ਨ ਅਨੁਸਾਰ ਸਫ਼ਾ 349

ਨੂੰ ਗਤੀ ਦੇ ਸਕੇ ਸੀ। ਇਸ ਦੇ ਨਾਲ਼ ਹੀ ਸਾਨੂੰ ਪੈਦਾਵਾਰੀ ਸਬੰਧਾਂ ਤੇ ਵਿਚਾਰਧਾਰਾ ਦੀ ਕਾਇਆਪਲਟੀ ਨੂੰ ਵੀ ਜਾਰੀ ਰੱਖਣਾ ਪਿਆ ਸੀ।

ਇਹ ਕਿਤਾਬ ਆਪਣੇ ਆਪ ਨੂੰ ਸਿਰਫ਼ ਭੌਤਿਕ ਪੂਰਵ-ਸ਼ਰਤਾਂ ਤੱਕ ਹੀ ਸੀਮਤ ਰੱਖਦੀ ਹੈ ਅਤੇ ਉੱਚ-ਉਸਾਰ ਯਾਨੀ ਕਿ ਰਾਜ, ਦਰਸ਼ਨ ਅਤੇ ਵਿਗਿਆਨ ਦੀ ਜਮਾਤੀ ਪ੍ਰਕਿਰਤੀ ਦੇ ਸਵਾਲ ਨੂੰ ਸ਼ਾਇਦ ਹੀ ਚੁੱਕਦੀ ਹੈ। ਅਰਥਸ਼ਾਸਤਰ 'ਚ ਪੈਦਾਵਾਰੀ ਸਬੰਧ ਅਧਿਐਨ ਦਾ ਮੁੱਖ ਵਿਸ਼ਾ ਹੁੰਦੇ ਹਨ। ਇਸ ਦੇ ਨਾਲ਼ ਹੀ, ਰਾਜਨੀਤਕ ਅਰਥਸ਼ਾਸਤਰ ਅਤੇ ਪਦਾਰਥਵਾਦੀ ਇਤਿਹਾਸਕ ਨਜ਼ਰੀਆ ਨਜ਼ਦੀਕੀ ਸਬੰਧੀ ਹੁੰਦੇ ਹਨ। ਜੇ ਉੱਚ-ਉਸਾਰ ਦੇ ਸਵਾਲ ਨੂੰ ਛੱਡ ਦਿੱਤਾ ਜਾਵੇ ਤਾਂ ਆਰਥਿਕ ਅਧਾਰ ਤੇ ਪੈਦਾਵਾਰੀ ਸਬੰਧਾਂ ਦੀਆਂ ਸਮੱਸਿਆਵਾਂ ਨਾਲ਼ ਸਾਫ਼-ਸਾਫ਼ ਨਜਿੱਠਣਾ ਮੁਸ਼ਕਲ ਹੁੰਦਾ ਹੈ।

## 16. ਸਮਾਜਵਾਦੀ ਰਸਤਾ ਅਪਣਾਉਣ ਦੇ ਵਿਲਖਣ ਲੱਛਣਾਂ ਸਬੰਧੀ ਲੈਨਿਨ ਦੀ ਚਰਚਾ

ਸਫਾ 375 'ਤੇ ਲੈਨਿਨ ਦੇ ਇੱਕ ਪੈਰ੍ਹੇ ਦਾ ਹਵਾਲਾ ਦਿੱਤਾ ਗਿਆ ਹੈ। ਉਹ ਬਹੁਤ ਵਧੀਆ ਪ੍ਰਗਟ ਕੀਤਾ ਗਿਆ ਹੈ ਤੇ ਸਾਡੀ ਕਾਰਜ-ਪੱਧਤੀ ਦੀ ਹਮਾਇਤ ਲਈ ਸਹਾਇਕ ਹੈ। "ਨਿਵਾਸੀਆਂ ਦੀ ਚੇਤਨਾ ਦੇ ਪੱਧਰ ਦੇ ਨਾਲ਼ ਨਾਲ਼, ਇਸ ਜਾਂ ਉਸ ਯੋਜਨਾ ਨੂੰ ਪੂਰਾ ਕਰਨ ਦੇ ਉਹਨਾਂ ਦੇ ਯਤਨ, ਉਹਨਾਂ ਦੁਆਰਾ ਸਮਾਜਵਾਦ ਵੱਲ ਜਾਣ ਲਈ ਫੜੇ ਰਸਤੇ ਦੇ ਵਿਲੱਖਣ ਲੱਛਣਾਂ 'ਚ ਪ੍ਰਤੀਬਿੰਬਤ ਹੋਣੇ ਨਿਸ਼ਚਤ ਹਨ।" "ਰਾਜਨੀਤੀ ਨੂੰ ਕਮਾਨ 'ਚ ਰੱਖਣ" ਦੀ ਸਾਡੀ ਨੀਤੀ ਸਾਡੇ ਰਿਹਾਇਸ਼ੀ ਇਲਾਕੇ ਦੇ ਨਿਵਾਸੀਆਂ ਦੀ ਚੇਤਨਾ ਨੂੰ ਉੱਨਤ ਕਰਨ ਲਈ ਹੀ ਅਪਣਾਈ ਗਈ ਹੈ। ਸਾਡੀ ਮਹਾਨ ਅੱਗੇ ਵੱਲ ਛਾਲ ਵੀ ਅਸਲ 'ਚ "ਇਸ ਜਾਂ ਉਸ ਯੋਜਨਾ ਨੂੰ ਪੂਰਾ ਕਰਨ ਦਾ ਯਤਨ" ਹੀ ਤਾਂ ਹੈ।

## 17. ਸਨਅਤੀਕਰਨ ਦੀ ਦਰ ਇੱਕ ਫੈਸਲਾਕੁੰਨ ਸਮੱਸਿਆ ਹੈ

ਕਿਤਾਬ ਕਹਿੰਦੀ ਹੈ, "ਜਿੱਥੋਂ ਤੱਕ ਸੋਵੀਅਤ ਯੂਨੀਅਨ ਦਾ ਸਬੰਧ ਹੈ, ਸਨਅਤੀਕਰਨ ਦੀ ਦਰ ਇੱਕ ਫੈਸਲਾਕੁੰਨ ਸਮੱਸਿਆ ਹੈ।" ਇਸ ਸਮੇਂ ਇਹ ਚੀਨ ਲਈ ਵੀ ਇੱਕ ਫੈਸਲਾਕੁੰਨ ਸਮੱਸਿਆ ਹੈ। ਇੱਕ ਤੱਥ ਵਜੋਂ, ਸਨਅਤ ਜਿੰਨੀ ਪੱਛੜੀ ਹੋਵੇਗੀ ਇਹ ਸਮੱਸਿਆ ਵੀ ਓਨੀ ਹੀ ਪ੍ਰਚੰਡ ਬਣ ਜਾਂਦੀ ਹੈ। ਇਹ ਗੱਲ ਸਿਰਫ਼ ਇੱਕ ਦੇਸ਼ ਤੋਂ ਦੂਸਰੇ ਦੇਸ਼ ਲਈ ਹੀ ਸਹੀ ਨਹੀਂ ਸਗੋਂ ਇੱਕ ਦੇਸ਼ ਦੇ ਇੱਕ ਇਲਾਕੇ ਤੋਂ ਦੂਸਰੇ ਇਲਾਕੇ ਲਈ ਵੀ ਸਹੀ ਹੈ। ਮਿਸਾਲ ਵਜੋਂ, ਸਾਡੇ ਉੱਤਰ-ਪੂਰਬੀ ਰਾਜਾਂ ਤੇ ਸ਼ੰਘਾਈ ਦਾ ਮੁਕਾਬਲਤਨ ਮਜ਼ਬੂਤ ਅਧਾਰ ਸੀ, ਇਸ ਲਈ ਉੱਥੇ ਰਾਜਕੀ ਨਿਵੇਸ਼ ਦਾ ਵਾਧਾ ਹੌਲ਼ੀ ਰਿਹਾ ਸੀ। ਦੂਸਰੇ ਇਲਾਕਿਆਂ 'ਚ, ਜਿੱਥੇ ਮੂਲ ਸਨਅਤੀ ਅਧਾਰ ਅਪੂਰਨ ਸੀ ਤੇ ਵਿਕਾਸ ਦੀ ਤੁਰੰਤ ਲੋੜ ਸੀ, ਰਾਜਕੀ ਨਿਵੇਸ਼ ਬਹੁਤ ਤੇਜ਼ੀ ਨਾਲ਼ ਅੱਗੇ ਵਧਿਆ। ਸ਼ੰਘਾਈ ਦੀ ਮੁਕਤੀ ਦੇ ਬਾਅਦ ਦੇ ਦਸ ਸਾਲਾਂ 'ਚ ਉੱਥੇ

2.2 ਅਰਥ ਚੀਨੀ ਡਾਲਰ[11] ਦਾ ਨਿਵੇਸ਼ ਕੀਤਾ ਗਿਆ ਸੀ ਜਿਸ 'ਚ 50 ਕਰੋੜ ਡਾਲਰ ਪੂੰਜੀਪਤੀਆਂ ਨੇ ਨਿਵੇਸ਼ ਕੀਤਾ ਸੀ। ਸ਼ੰਘਾਈ 'ਚ ਕਦੇ 5 ਲੱਖ ਕਾਮੇ ਸਨ, ਜਿਹਨਾਂ ਦੀ ਗਿਣਤੀ ਹੁਣ ਇਸ ਸ਼ਹਿਰ 'ਚ 10 ਲੱਖ ਤੋਂ ਉੱਪਰ ਹੈ, ਜੇ ਅਸੀਂ ਉਹਨਾਂ ਲੱਖਾਂ ਮਜ਼ਦੂਰਾਂ ਦੀ ਗਿਣਤੀ ਛੱਡ ਦੇਈਏ ਜਿਹਨਾਂ ਦਾ ਤਬਾਦਲਾ ਬਾਹਰ ਕਰ ਦਿੱਤਾ ਗਿਆ ਹੈ। ਮਜ਼ਦੂਰ ਅਬਾਦੀ ਦੀ ਇਹ ਗਿਣਤੀ ਪਹਿਲਾਂ ਨਾਲ਼ੋਂ ਸਿਰਫ ਦੁੱਗਣੀ ਹੈ। ਜਦੋਂ ਇਸ ਦੀ ਤੁਲਨਾ ਕੁੱਝ ਨਵੇਂ ਸ਼ਹਿਰਾਂ ਨਾਲ ਕਰਦੇ ਹਾਂ ਜਿੱਥੇ ਮਜ਼ਦੂਰ ਅਬਾਦੀ ਬਹੁਤ ਤੇਜ਼ੀ ਨਾਲ਼ ਵਧੀ ਹੈ ਤਾਂ ਅਸੀਂ ਸੌਖਿਆਂ ਹੀ ਸਮਝ ਸਕਦੇ ਹਾਂ ਕਿ ਉਹਨਾਂ ਇਲਾਕਿਆਂ 'ਚ ਜਿੱਥੇ ਅਪੂਰਨ ਸਨਅਤੀ ਅਧਾਰ ਸੀ, ਦਰ ਦੀ ਸਮੱਸਿਆ ਹੋਰ ਵੀ ਵਧੇਰੇ ਫੈਸਲਾਕੁੰਨ ਸੀ। ਇੱਥੇ ਕਿਤਾਬ ਸਿਰਫ਼ ਇਹ ਦੱਸਦੀ ਹੈ ਕਿ ਰਾਜਨੀਤਕ ਹਾਲਤਾਂ ਉੱਚ-ਦਰ ਦੀ ਮੰਗ ਕਰਦੀਆਂ ਹਨ, ਪਰ ਇਹ ਸਪੱਸ਼ਟ ਨਹੀਂ ਕਰਦੀ ਕਿ ਸਮਾਜਵਾਦੀ ਢਾਂਚਾ ਖੁਦ ਉੱਚੀ ਦਰ ਹਾਸਲ ਕਰ ਸਕਦਾ ਹੈ ਕਿ ਨਹੀਂ। ਇਹ ਨਜ਼ਰੀਆ ਇੱਕ-ਪਾਸੜ ਹੈ। ਜੇ ਸਿਰਫ ਲੋੜ ਹੋਵੇ ਤੇ ਕਾਬਲੀਅਤ ਨਾ ਹੋਵੇ ਤਾਂ ਦੱਸੋ ਕਿ ਉੱਚੀ ਦਰ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ ?[12]

## 18. ਛੋਟੇ, ਦਰਮਿਆਨੇ ਤੇ ਵੱਡੇ ਉੱਦਮਾਂ ਨੂੰ ਇਕੱਠਿਆਂ ਹੱਲਾਸ਼ੇਰੀ ਦੇ ਕੇ ਸਨਅਤੀਕਰਨ ਦੀ ਉੱਚੀ ਦਰ ਹਾਸਲ ਕਰੋ।

ਸਫਾ 381 'ਤੇ ਕਿਤਾਬ ਸਾਡੇ ਛੋਟੇ ਤੇ ਦਰਮਿਆਨੇ ਪੱਧਰ ਦੇ ਉੱਦਮਾਂ ਦੇ ਵਿਆਪਕ ਵਿਕਾਸ ਦਾ ਜ਼ਿਕਰ ਤਾਂ ਕਰਦੀ ਹੈ ਪਰ ਦੇਸੀ ਤੇ ਵਿਦੇਸ਼ੀ, ਛੋਟੇ, ਦਰਮਿਆਨੇ ਤੇ ਵੱਡੇ ਉੱਦਮਾਂ ਨੂੰ ਇਕੱਠਿਆਂ ਵਿਕਸਤ ਕਰਨ ਦੇ ਸਾਡੇ ਫਲਸਫ਼ੇ ਨੂੰ ਠੀਕ ਢੰਗ ਨਾਲ਼ ਪ੍ਰਗਟ ਨਹੀਂ ਕਰਦੀ। ਕਿਤਾਬ ਕਹਿੰਦੀ ਹੈ ਕਿ ਅਸੀਂ "ਸਾਡੀ ਤਕਨੀਕੀ ਆਰਥਕਤਾ ਦੇ ਪੂਰਨ ਪੱਛੜੇ ਹੋਣਾ, ਸਾਡੀ ਅਬਾਦੀ ਦੇ ਅਕਾਰ ਤੇ ਬੇਰੁਜ਼ਗਾਰੀ ਦੀਆਂ ਬੇਹੱਦ ਗੰਭੀਰ ਸਮੱਸਿਆਵਾਂ ਦੇ ਕਾਰਨ ਸਾਨੂੰ ਛੋਟੇ ਤੇ ਦਰਮਿਆਨੇ ਪੱਧਰ ਦੇ ਉੱਦਮਾਂ ਦੇ ਵਿਆਪਕ ਵਿਕਾਸ ਦਾ ਫੈਸਲਾ" ਲਿਆ ਸੀ। ਪਰ ਸਮੱਸਿਆ ਕਿਸੇ ਵੀ ਤਰ੍ਹਾਂ ਤਕਨੀਕੀ ਹਾਲਤ, ਅਬਾਦੀ ਦੇ ਅਕਾਰ ਜਾਂ ਰੁਜ਼ਗਾਰ ਵਧਾਉਣ 'ਚ ਨਹੀਂ ਹੈ। ਮੁੱਖ ਰੂਪ 'ਚ ਸਨਅਤੀਕਰਨ ਦੀ ਉੱਚੀ ਦਰ ਹਾਸਲ ਕਰਨ ਲਈ ਅਸੀਂ ਵੱਡੇ ਉੱਦਮਾਂ ਦੇ ਨਿਰਦੇਸ਼ਨ 'ਚ ਛੋਟੇ ਤੇ ਦਰਮਿਆਨੇ ਉੱਦਮਾਂ ਨੂੰ ਵਿਕਸਤ ਕਰ ਰਹੇ ਹਾਂ ਤੇ ਵਿਦੇਸ਼ੀ ਨਿਰਦੇਸ਼ਨ ਦੀ ਅਗਵਾਈ 'ਚ ਜਿੱਥੇ ਵੀ ਸੰਭਵ ਹੋਵੇ ਅਸੀਂ ਦੇਸੀ ਤਰੀਕਿਆਂ ਨੂੰ ਅਪਣਾ ਰਹੇ ਹਾਂ।

## 19. ਕੀ ਦੋ ਤਰ੍ਹਾਂ ਦੀ ਸਮਾਜਵਾਦੀ ਮਾਲਕੀ ਦੇ ਵਿੱਚ ਦੀਰਘ-ਕਾਲੀ ਸਹਿ-ਹੋਂਦ ਸੰਭਵ ਹੈ ?

ਸਫਾ 386 'ਤੇ ਕਿਤਾਬ ਕਹਿੰਦੀ ਹੈ, "ਸਮਾਜਵਾਦੀ ਰਾਜ ਤੇ ਸਮਾਜਵਾਦੀ ਉਸਾਰੀ ਨੂੰ ਦੋ ਤਿੰਨ ਅਧਾਰਾਂ 'ਤੇ ਕਿਸੇ ਵੀ ਸਮੇਂ ਤੱਕ ਸਥਾਪਤ ਨਹੀਂ ਕੀਤਾ ਜਾ ਸਕਦਾ।"

ਕਹਿਣ ਦਾ ਭਾਵ ਹੈ ਕਿ ਉਹ ਸਮਾਜਵਾਦੀ ਸਨਅਤ — ਜੋ ਸਭ ਤੋਂ ਵੱਡਾ ਅਤੇ ਸਭ ਤੋਂ ਵੱਧ ਇੱਕ ਮੁੱਠ ਸਮੇਕਿਤ ਅਧਾਰ ਹੈ ਅਤੇ ਕਿਸਾਨੀ ਨਿੱਜੀ ਜਿਣਸ ਆਰਥਿਕਤਾ, ਜੋ ਖਿੰਡੀ ਹੋਈ ਤੇ ਪੱਛੜੀ ਹੋਈ ਹੈ — 'ਤੇ ਸਥਾਪਤ ਨਹੀਂ ਕੀਤਾ ਜਾ ਸਕਦਾ। ਇਸ ਨੁਕਤੇ ਨੂੰ ਨਿਸ਼ਚੇ ਹੀ ਚੰਗੀ ਤਰ੍ਹਾਂ ਲਿਆ ਗਿਆ ਹੈ ਅਤੇ ਇਸ ਲਈ ਅਸੀਂ ਅੱਗੇ ਇਸ ਸਿੱਟੇ 'ਤੇ ਪਹੁੰਚਣ ਲਈ ਇਸ ਤਰਕ ਨੂੰ ਅੱਗੇ ਵਧਾਉਂਦੇ ਹਾਂ : ਸਾਰੇ ਲੋਕਾਂ ਦੀ ਮਾਲਕੀ ਤੇ ਸਮੂਹਕ ਮਾਲਕੀ ਦੇ ਦੋ ਭਿੰਨ ਅਧਾਰਾਂ 'ਤੇ ਬਹੁਤ ਲੰਬੇ ਸਮੇਂ ਤੱਕ ਸਮਾਜਵਾਦੀ ਰਾਜ ਤੇ ਸਮਾਜਵਾਦੀ ਉਸਾਰੀ ਨੂੰ ਸਥਾਪਤ ਨਹੀਂ ਕੀਤਾ ਜਾ ਸਕਦਾ।

ਸੋਵੀਅਤ ਯੂਨੀਅਨ ਦੇ ਵਿੱਚ ਦੋ ਤਰ੍ਹਾਂ ਦੀ ਮਾਲਕੀ ਵਿੱਚ ਸਹਿ-ਹੋਂਦ ਬਹੁਤ ਲੰਬੇ ਸਮੇਂ ਤੱਕ ਬਣੀ ਰਹੀ ਹੈ। ਸਾਰੇ ਲੋਕਾਂ ਦੀ ਮਾਲਕੀ ਅਤੇ ਸਮੂਹਕ ਮਾਲਕੀ ਵਿਚਲੀਆਂ ਵਿਰੋਧਤਾਈਆਂ ਅਸਲ 'ਚ ਮਜ਼ਦੂਰਾਂ ਤੇ ਕਿਸਾਨਾਂ ਵਿਚਲੀਆਂ ਵਿਰੋਧਤਾਈਆਂ ਹਨ। ਕਿਤਾਬ ਇਹਨਾਂ ਵਿਰੋਧਤਾਈਆਂ ਨੂੰ ਪਹਿਚਾਨਣ 'ਚ ਅਸਫਲ ਰਹਿੰਦੀ ਹੈ।

ਠੀਕ ਇਸੇ ਤਰ੍ਹਾਂ ਸਾਰੇ ਲੋਕਾਂ ਦੀ ਮਾਲਕੀ ਅਤੇ ਸਮੂਹਕ ਮਾਲਕੀਆਂ ਵਿੱਚ ਦੀਰਘ-ਕਾਲੀ ਸਹਿ-ਹੋਂਦ ਲਾਜ਼ਮੀ ਹੀ ਪੈਦਾਵਾਰੀ ਤਾਕਤਾਂ ਦੇ ਘੱਟ ਤੋਂ ਘੱਟ ਅਨੁਕੂਲ ਹੁੰਦੀ ਜਾਵੇਗੀ ਤੇ ਕਿਸਾਨੀ ਉਪਭੋਗ ਅਤੇ ਖੇਤੀ ਉਤਪਾਦਨ ਜਾਂ ਫਿਰ ਸਨਅਤ ਲਈ ਕੱਚੇ ਮਾਲ ਦੀਆਂ ਨਿਰੰਤਰ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਤੋਂ ਅਸਮਰੱਥ ਰਹੇਗੀ। ਇਹਨਾਂ ਨੂੰ ਪੂਰਾ ਕਰਨ ਲਈ ਸਾਨੂੰ ਲਾਜ਼ਮੀ ਹੀ ਦੋ ਤਰ੍ਹਾਂ ਦੀ ਮਾਲਕੀ ਵਿਚਲੀਆਂ ਵਿਰੋਧਤਾਈਆਂ ਨੂੰ ਹੱਲ ਕਰਨਾ ਪਵੇਗਾ, ਸਮੂਹਕ ਮਾਲਕੀ ਦੀ ਸਾਰੇ ਲੋਕਾਂ ਦੀ ਮਾਲਕੀ 'ਚ ਕਾਇਆਪਲਟੀ ਕਰਨੀ ਪਵੇਗੀ ਅਤੇ ਇੱਕ ਅਖੰਡ ਦੇਸ਼ ਲਈ ਸਾਰੇ ਲੋਕਾਂ ਦੀ ਮਾਲਕੀ 'ਤੇ ਅਧਾਰਤ ਸਨਅਤ ਤੇ ਖੇਤੀ ਵਿੱਚ ਪੈਦਾਵਾਰ ਤੇ ਵਟਾਂਦਰੇ ਲਈ ਇੱਕਮੁੱਠ ਯੋਜਨਾ ਬਣਾਉਣੀ ਪਵੇਗੀ।

ਪੈਦਾਵਾਰੀ ਤਾਕਤਾਂ ਤੇ ਪੈਦਾਵਾਰੀ ਸਬੰਧਾਂ ਵਿਚਲੀਆਂ ਵਿਰੋਧਤਾਈਆਂ ਬਿਨਾਂ ਰੋਕ-ਟੋਕ ਦੇ ਪ੍ਰਗਟ ਹੁੰਦੀਆਂ ਹਨ। ਜੋ ਸਬੰਧ ਕਦੇ ਪੈਦਾਵਾਰੀ ਤਾਕਤਾਂ ਦੇ ਅਨੁਕੂਲ ਸਨ ਕੁੱਝ ਸਮੇਂ ਬਾਅਦ ਉਸੇ ਤਰ੍ਹਾਂ ਦੇ ਨਹੀਂ ਰਹਿ ਜਾਂਦੇ। ਚੀਨ 'ਚ ਜਦੋਂ ਅਸੀਂ ਉੱਨਤ ਸਹਿਕਾਰੀ ਸੰਸਥਾਵਾਂ ਦੀ ਜਥੇਬੰਦੀ ਦਾ ਕੰਮ ਪੂਰਾ ਕਰ ਦਿੱਤਾ ਸੀ ਤਾਂ ਹਰੇਕ ਜ਼ਿਲ੍ਹੇ ਤੇ ਹਰੇਕ ਇਲਾਕੇ 'ਚ ਵੱਡੀਆਂ ਅਤੇ ਛੋਟੀਆਂ ਇਕਾਈਆਂ ਦਾ ਸਵਾਲ ਉੱਠ ਖੜ੍ਹਾ ਹੋਇਆ ਸੀ।

ਸਮਾਜਵਾਦੀ ਸਮਾਜ 'ਚ ਕਿਰਤ, ਜਿਣਸ ਪੈਦਾਵਾਰ, ਕਦਰ ਦੇ ਨਿਯਮ ਆਦਿ ਅਨੁਸਾਰ ਵਟਾਂਦਰੇ ਦੀਆਂ ਰਸਮੀ ਸ਼੍ਰੇਣੀਆਂ ਮੌਜੂਦਾ ਸਮੇਂ 'ਚ ਪੈਦਾਵਾਰੀ ਤਾਕਤਾਂ ਦੀ ਮੰਗ ਦੇ ਅਨੁਕੂਲ ਹਨ। ਪਰ ਜਿਵੇਂ-ਜਿਵੇਂ ਵਿਕਾਸ ਅੱਗੇ ਵਧੇਗਾ, ਅਜਿਹਾ ਦਿਨ ਨਿਸ਼ਚੇ ਹੀ ਆਵੇਗਾ ਜਦੋਂ ਇਹ ਰਸਮੀ ਸ਼੍ਰੇਣੀਆਂ ਅਨੁਕੂਲ ਨਹੀਂ ਰਹਿ ਜਾਣਗੀਆਂ। ਉਸ ਸਮੇਂ ਇਹ ਸ਼੍ਰੇਣੀਆਂ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ ਨਸ਼ਟ ਹੋ ਜਾਣਗੀਆਂ, ਉਹਨਾਂ ਦੀ ਜ਼ਿੰਦਗੀ ਖਤਮ ਹੋ ਜਾਵੇਗੀ। ਕੀ ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਸਮਾਜਵਾਦੀ ਸਮਾਜ 'ਚ ਅਜਿਹੀਆਂ ਆਰਥਿਕ ਸ਼੍ਰੇਣੀਆਂ ਹੁੰਦੀਆਂ ਹਨ ਜੋ ਅਮਰ ਤੇ ਅਬਦਲਵੀਆਂ ਹਨ ? ਕੀ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਹੋਰ ਦੂਜੀਆਂ ਸ਼੍ਰੇਣੀਆਂ ਜੋ ਇਤਿਹਾਸਕ (ਇਸ ਲਈ ਸਪੇਖਕ) ਹਨ

ਕੰਮ ਅਨੁਸਾਰ ਵੰਡ ਅਤੇ ਸਮੂਹਕ ਮਾਲਕੀ ਅਮਰ ਹਨ।

## 20. ਖੇਤੀ ਦੀ ਸਮਾਜਵਾਦੀ ਕਾਇਆਪਲਟੀ ਸਿਰਫ਼ ਮਸ਼ੀਨੀਕਰਨ 'ਤੇ ਨਿਰਭਰ ਨਹੀਂ ਹੋ ਸਕਦੀ।

ਸਫ਼ਾ 392 ਕਹਿੰਦਾ ਹੈ, "ਖੇਤੀ 'ਚ ਸਮਾਜਵਾਦੀ ਕਾਇਆਪਲਟੀ ਕਰਨ ਲਈ ਮਸ਼ੀਨ ਤੇ ਟਰੈਕਟਰ ਸਟੇਸ਼ਨ ਮਹੱਤਵਪੂਰਨ ਹਨ", ਕਿਤਾਬ ਵਾਰ-ਵਾਰ ਇਸ ਮੁੱਦੇ 'ਤੇ ਜ਼ੋਰ ਦਿੰਦੀ ਹੈ। ਪਰ ਜੇ ਕਿਸਾਨੀ ਦੀ ਚੇਤਨਾ ਨੂੰ ਉੱਪਰ ਨਾ ਚੁੱਕਿਆ ਗਿਆ, ਜੇ ਵਿਚਾਰਧਾਰਾ ਦੀ ਕਾਇਆਪਲਟੀ ਨਾ ਕੀਤੀ ਗਈ ਤੇ ਜੇ ਤੁਸੀਂ ਸਿਰਫ਼ ਮਸ਼ੀਨ 'ਤੇ ਹੀ ਨਿਰਭਰ ਰਹੇ ਤੇ ਹੋਰ ਕਿਸੇ ਚੀਜ਼ 'ਤੇ ਧਿਆਨ ਨਾ ਦਿੱਤਾ ਤਾਂ ਭਲਾ ਇਸ ਦਾ ਕੋਈ ਫਾਇਦਾ ਹੋਵੇਗਾ ? ਸਮਾਜਵਾਦ ਅਤੇ ਪੂੰਜੀਵਾਦ — ਦੋ ਰਾਹਾਂ ਵਿੱਚ ਸੰਘਰਸ਼ ਦਾ ਸਵਾਲ, ਲੋਕਾਂ ਦੀ ਕਾਇਆਪਲਟੀ ਤੇ ਮੁੜ-ਸਿੱਖਿਆ — ਇਹ ਚੀਨ ਲਈ ਪ੍ਰਮੁੱਖ ਸਵਾਲ ਹਨ।

ਸਫਾ 395 'ਤੇ ਕਿਤਾਬ ਕਹਿੰਦੀ ਹੈ ਕਿ ਆਮ ਸਮੂਹੀਕਰਨ ਦੇ ਮੁੱਢਲੇ ਪੜਾਵਾਂ ਦੇ ਕਾਰਜਾਂ ਨੂੰ ਪੂਰਾ ਕਰਦਿਆਂ ਵਿਰੋਧੀ ਧਨੀ ਕਿਸਾਨਾਂ ਦੇ ਵਿਰੁੱਧ ਸੰਘਰਸ਼ ਦਾ ਸਵਾਲ ਉੱਭਰ ਕੇ ਸਾਹਮਣੇ ਆ ਜਾਂਦਾ ਹੈ। ਇਹ ਗੱਲ ਨਿਸ਼ਚੇ ਹੀ ਠੀਕ ਹੈ। ਪਰ ਸਹਿਕਾਰੀ ਸੰਸਥਾਵਾਂ ਦੇ ਗਠਨ ਦੇ ਬਾਅਦ ਪੇਂਡੂ ਹਾਲਤਾਂ ਦਾ ਜੋ ਹਵਾਲਾ ਕਿਤਾਬ ਦਿੰਦੀ ਹੈ, ਉਸ 'ਚ ਉਹ ਖੁਸ਼ਹਾਲ ਪਰਤਾਂ ਦਾ ਸਵਾਲ ਛੱਡ ਦਿੰਦੀ ਹੈ ਅਤੇ ਨਾ ਹੀ ਅਜਿਹੀਆਂ ਵਿਰੋਤਾਈਆਂ ਜਿਵੇਂ ਕਿ ਰਾਜ, ਸਮੂਹਕ ਤੇ ਨਿੱਜੀ ਅਤੇ ਸੰਗ੍ਰਹਿ ਤੇ ਉਪਭੋਗ[13] ਆਦਿ ਵਿਚਲੀਆਂ ਵਿਰੋਧਤਾਈਆਂ ਦਾ ਕੋਈ ਜ਼ਿਕਰ ਕੀਤਾ ਗਿਆ ਹੈ।

ਸਫਾ 402 ਕਹਿੰਦਾ ਹੈ, "ਖੇਤੀ ਸਹਿਕਾਰਤਾ ਲਹਿਰ ਦੇ ਚੜਾਅ ਦੀਆਂ ਹਾਲਤਾਂ 'ਚ ਦਰਮਿਆਨੀ ਕਿਸਾਨੀ ਦੇ ਵਿਆਪਕ ਹਿੱਸੇ ਦੁਬਾਰਾ ਨਹੀਂ ਡਗਮਗਾਉਣਗੇ।" ਇਹ ਬਹੁਤ ਆਮ ਹੈ। ਧਨੀ ਦਰਮਿਆਨੇ ਕਿਸਾਨਾਂ ਦਾ ਇੱਕ ਅਜਿਹਾ ਹਿੱਸਾ ਮੌਜੂਦ ਹੈ ਜੋ ਡਗਮਗਾ ਰਿਹਾ ਹੈ ਤੇ ਭਵਿੱਖ 'ਚ ਵੀ ਅਜਿਹਾ ਹੀ ਕਰੇਗਾ।

## 21. ਅਖੌਤੀ ਪੂਰਨ ਪੱਕੇ ਪੈਰੀਂਕਰਨ

ਸਫਾ 407 'ਤੇ ਕਿਤਾਬ ਕਹਿੰਦੀ ਹੈ, "ਸਮੂਹਕ ਖੇਤੀ ਪ੍ਰਣਾਲੀ ਪੂਰੀ ਤਰ੍ਹਾਂ ਪੱਕੇ ਪੈਰੀਂ ਹੋ ਗਈ ਹੈ।" "ਪੂਰਨ ਪੱਕੇਪੈਰੀਂ ਕਰਨ" — ਅਜਿਹਾ ਵਾਕਾਂਸ਼ ਹੈ ਜੋ ਬੇਚੈਨ ਕਰਦਾ ਹੈ। ਕਿਸੇ ਵੀ ਚੀਜ਼ ਦਾ ਪੱਕੇ ਪੈਰੀਂਕਰਨ ਸਾਪੇਖਕ ਹੁੰਦਾ ਹੈ। ਇਹ "ਪੂਰਨ" ਕਿਵੇਂ ਹੋ ਸਕਦਾ ਹੈ ? ਜੇ ਮਨੁੱਖਤਾ ਦੇ ਅਰੰਭ ਤੋਂ ਕੋਈ ਨਾ ਮਰਦਾ ਤੇ ਹਰ ਕੋਈ "ਪੂਰੀ ਤਰ੍ਹਾਂ ਪੱਕੇ ਪੈਰੀਂ" ਹੋ ਜਾਂਦਾ ਤਾਂ ਕੀ ਹੁੰਦਾ ? ਫਿਰ ਉਹ ਕੇਹੀ ਦੁਨੀਆ ਹੁੰਦੀ ! ਬ੍ਰਹਿਮੰਡ 'ਚ, ਸਾਡੀ ਧਰਤੀ 'ਤੇ ਸਾਰੀਆਂ ਚੀਜ਼ਾਂ ਹੋਂਦ 'ਚ ਆਉਂਦੀਆਂ ਹਨ, ਵਿਕਸਤ ਹੁੰਦੀਆਂ ਹਨ ਤੇ ਲਗਾਤਾਰ ਨਸ਼ਟ ਹੋ ਜਾਂਦੀਆਂ ਹਨ। ਕੋਈ ਵੀ ਚੀਜ਼ ਕਦੇ ਵੀ "ਪੂਰੀ ਤਰ੍ਹਾਂ ਪੱਕੇ ਪੈਰੀਂ" ਨਹੀਂ ਹੁੰਦੀ। ਰੇਸ਼ਮ ਦੇ ਕੀੜੇ ਦੀ

ਜ਼ਿੰਦਗੀ ਨੂੰ ਲਓ। ਅੰਤ 'ਚ ਇਸ ਨੇ ਨਾ ਸਿਰਫ਼ ਲਾਜ਼ਮੀ ਮਰਨਾ ਹੀ ਹੁੰਦਾ ਹੈ ਸਗੋਂ ਇਸ ਨੇ ਆਪਣੇ ਜੀਵਨ-ਕਾਲ ਦੇ ਚਾਰ ਪੜਾਵਾਂ — ਆਂਡਾ, ਰੇਸ਼ਮ ਦਾ ਕੀੜਾ, ਪਿਊਪਾ ਤੇ ਪਤੰਗੇ 'ਚੋਂ ਵੀ ਲੰਘਣਾ ਹੁੰਦਾ ਹੈ। ਇਸ ਨੂੰ ਇੱਕ ਪੜਾਅ 'ਚੋਂ ਅਗਲੇ ਪੜਾਅ 'ਚ ਲਾਜ਼ਮੀ ਹੀ ਜਾਣਾ ਪੈਂਦਾ ਹੈ ਤੇ ਇਹ ਕਿਸੇ ਵੀ ਪੜਾਅ 'ਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਪੱਕੇ ਪੈਰੀਂ ਨਹੀਂ ਕਰ ਸਕਦਾ। ਅੰਤ 'ਚ ਪਤੰਗਾ ਮਰ ਜਾਂਦਾ ਹੈ ਤੇ ਇਸ ਦਾ ਪੁਰਾਣਾ ਸਾਰ ਨਵੇਂ ਸਾਰ 'ਚ ਬਦਲ ਜਾਂਦਾ ਹੈ (ਕਿਉਂਕਿ ਉਹ ਆਪਣੇ ਪਿੱਛੇ ਕਈ ਆਂਡੇ ਛੱਡ ਜਾਂਦਾ ਹੈ)। ਇਹ ਇੱਕ ਸਿਫਤੀ ਛਾਲ ਹੈ। ਨਿਸ਼ਚੇ ਹੀ ਆਂਡੇ ਤੋਂ ਕੀੜਾ, ਕੀੜੇ ਤੋਂ ਪਿਊਪਾ, ਪਿਊਪੇ ਤੋਂ ਪਤੰਗੇ ਦੀ ਤਬਦੀਲੀ ਮਾਤਰਕ ਤਬਦੀਲੀ ਤੋਂ ਨਿਸ਼ਚੇ ਹੀ ਜ਼ਿਆਦਾ ਹੈ। ਇਹ ਇੱਕ ਸਿਫਤੀ ਕਾਇਆਪਲਟੀ ਹੈ ਪਰ ਇਹ ਅੰਸ਼ਕ ਸਿਫਤੀ ਕਾਇਆਪਲਟੀ ਹੈ। ਇਨਸਾਨ ਵੀ ਜ਼ਿੰਦਗੀ ਤੋਂ ਮੌਤ ਵੱਲ ਜਾਣ ਦੀ ਪ੍ਰਕਿਰਿਆ 'ਚ ਵੱਖ-ਵੱਖ ਪੜਾਵਾਂ ਦਾ ਤਜ਼ਰਬਾ ਹਾਸਲ ਕਰਦਾ ਹੈ: ਬਚਪਨ, ਕਿਸ਼ੋਰ ਅਵਸਥਾ, ਜਵਾਨੀ, ਬਾਲਗ ਅਵਸਥਾ ਤੇ ਬੁਢਾਪਾ। ਲੋਕਾਂ ਲਈ ਜ਼ਿੰਦਗੀ ਤੋਂ ਮੌਤ ਮਾਤਰਕ ਪ੍ਰਕਿਰਿਆ ਹੁੰਦੀ ਹੈ ਪਰ ਇਸ ਦੇ ਨਾਲ਼ ਹੀ ਉਹ ਅੰਸ਼ਕ ਸਿਫਤੀ ਤਬਦੀਲੀ ਦੀ ਪ੍ਰਕਿਰਿਆ ਵੱਲ ਵਧ ਰਹੇ ਹੁੰਦੇ ਹਨ। ਇਹ ਸੋਚਣਾ ਬੇਹੂਦਾ ਹੋਵੇਗਾ ਕਿ ਜਵਾਨੀ ਤੋਂ ਬੁਢਾਪਾ ਸਿਫਤੀ ਤਬਦੀਲੀ ਨਾ ਹੋ ਕੇ ਸਿਰਫ਼ ਮਾਤਰਕ ਵਾਧਾ ਹੈ। ਇਨਸਾਨ ਦੇ ਅੰਦਰ ਸੈੱਲ ਲਗਾਤਾਰ ਟੁੱਟਦੇ ਰਹਿੰਦੇ ਹਨ, ਪੁਰਾਣੇ ਮਰਦੇ ਤੇ ਗਾਇਬ ਹੁੰਦੇ ਰਹਿੰਦੇ ਹਨ ਤੇ ਨਵੇਂ ਪ੍ਰਗਟ ਤੇ ਵਿਕਸਤ ਹੁੰਦੇ ਰਹਿੰਦੇ ਹਨ। ਮੌਤ ਵੇਲੇ ਸੰਪੂਰਨ ਸਿਫਤੀ ਤਬਦੀਲੀ ਹੁੰਦੀ ਹੈ, ਜੋ ਕਿ ਪਿਛਲੇਰੀ ਮਾਤਰਕ ਤਬਦੀਲੀ ਤੇ ਅੰਸ਼ਕ ਸਿਫਤੀ ਤਬਦੀਲੀਆਂ — ਜੋ ਮਾਤਰਕ ਤਬਦੀਲੀਆਂ ਦੌਰਾਨ ਹੁੰਦੀਆਂ ਹਨ — ਕਾਰਨ ਹੁੰਦੀ ਹੈ। ਮਾਤਰਕ ਤਬਦੀਲੀਆਂ ਤੇ ਸਿਫਤੀ ਤਬਦੀਲੀਆਂ ਵਿਰੋਧੀਆਂ ਦਾ ਏਕਾ ਹੈ। ਮਾਤਰਕ ਤਬਦੀਲੀਆਂ ਦੇ ਅੰਦਰ ਹੀ ਅੰਸ਼ਕ ਸਿਫਤੀ ਤਬਦੀਲੀਆਂ ਹੁੰਦੀਆਂ ਹਨ। ਇਹ ਕੋਈ ਨਹੀਂ ਕਹਿ ਸਕਦਾ ਕਿ ਮਾਤਰਕ ਤਬਦੀਲੀਆਂ ਕੋਈ ਸਿਫਤੀ ਤਬਦੀਲੀ ਨਹੀਂ ਹੁੰਦੀ ਅਤੇ ਸਿਫਤੀ ਤਬਦੀਲੀਆਂ ਦੇ ਅੰਦਰ ਮਾਤਰਕ ਤਬਦੀਲੀਆਂ ਹੁੰਦੀਆਂ ਹਨ। ਇਹ ਕੋਈ ਨਹੀਂ ਕਹਿ ਸਕਦਾ ਕਿ ਸਿਫਤੀ ਤਬਦੀਲੀਆਂ ਦੇ ਅੰਦਰ ਕੋਈ ਮਾਤਰਕ ਤਬਦੀਲੀਆਂ ਨਹੀਂ ਹੁੰਦੀਆਂ।

ਤਬਦੀਲੀ ਦੀ ਕਿਸੇ ਲੰਮੀ ਪ੍ਰਕਿਰਿਆ 'ਚ ਅੰਤਮ ਸਿਫਤੀ ਤਬਦੀਲੀ 'ਚ ਪ੍ਰਵੇਸ਼ ਕਰਨ ਤੋਂ ਪਹਿਲਾਂ, ਵਸਤੂ ਨੂੰ ਨਿਰੰਤਰ ਮਾਤਰਕ ਤਬਦੀਲੀਆਂ ਤੇ ਬਹੁਤ ਸਾਰੀਆਂ ਅੰਸ਼ਕ ਸਿਫਤੀ ਤਬਦੀਲੀਆਂ 'ਚੋਂ ਲਾਜ਼ਮੀ ਹੀ ਲੰਘਣਾ ਪੈਂਦਾ ਹੈ। ਪਰੰਤੂ ਅੰਸ਼ਕ ਸਿਫਤੀ ਤਬਦੀਲੀਆਂ ਤੇ ਬਹੁਤ ਸਾਰੀਆਂ ਮਾਤਰਕ ਤਬਦੀਲੀਆਂ ਦੇ ਬਿਨਾਂ ਕੋਈ ਅੰਤਮ ਸਿਫਤੀ ਤਬਦੀਲੀ ਨਹੀਂ ਹੋ ਸਕਦੀ। ਮਿਸਾਲ ਵਜੋਂ, ਨਿਸ਼ਚਿਤ ਮਸ਼ੀਨ ਤੇ ਅਕਾਰ ਦੇ ਕਾਰਖਾਨੇ 'ਚ ਜਿਵੇਂ ਜਿਵੇਂ ਸਮੇਂ-ਸਮੇਂ 'ਤੇ ਮਸ਼ੀਨਰੀ ਤੇ ਹੋਰ ਢਾਂਚੇ ਨਵਿਆਉਂਦੇ ਜਾਂਦੇ ਹਾਂ ਉਸ 'ਚ ਸਿਫਤੀ ਤਬਦੀਲੀ ਹੁੰਦੀ ਜਾਂਦੀ ਹੈ। ਬਾਹਰੀ ਢਾਂਚੇ ਤੇ ਅਕਾਰ ਉਹੀ ਰਹਿਣ ਦੇ ਬਾਵਜੂਦ ਅੰਦਰੂਨੀ ਢਾਂਚਾ ਬਦਲ ਜਾਂਦਾ ਹੈ। ਸੈਨਿਕਾਂ ਦੀ ਕੰਪਨੀ ਇਸ ਤੋਂ ਤੋਂ ਵੱਖਰੀ ਨਹੀਂ ਹੈ। ਜਦੋਂ ਇਹ ਜੰਗ ਲੜ ਚੁੱਕੀ ਹੁੰਦੀ ਹੈ ਤੇ ਕਈ ਦਰਜਨ ਬੰਦਿਆਂ ਨੂੰ ਗਵਾ ਚੁੱਕੀ ਹੁੰਦੀ ਹੈ ਤਾਂ ਸੈਂਕੜੇ ਸੈਨਿਕਾਂ ਦੀ

ਕੰਪਨੀ ਇਹਨਾਂ ਮੋਇਆਂ ਦੀ ਜਗ੍ਹਾ ਲੈ ਲੈਂਦੀ ਹੈ। ਨਿਰੰਤਰ ਯੁੱਧ ਤੇ ਨੁਕਸਾਨ ਪੂਰਤੀ ਇਸ ਤਰ੍ਹਾਂ ਇੱਕ ਕੰਪਨੀ ਨਿਰੰਤਰ ਅੰਸ਼ਕ ਤਬਦੀਲੀਆਂ 'ਚੋਂ ਲੰਘਦੀ ਹੈ। ਇਸ ਤਰ੍ਹਾਂ ਕੰਪਨੀ ਵਿਕਸਤ ਤੇ ਕਠੋਰ ਹੁੰਦੀ ਰਹਿੰਦੀ ਹੈ।

ਚਿਆਂਗ-ਕਾਈ-ਸ਼ੇਕ ਦਾ ਕੁਚਲ ਦਿੱਤੇ ਜਾਣਾ ਇੱਕ ਸਿਫਤੀ ਤਬਦੀਲੀ ਸੀ ਜੋ ਮਾਤਰਕ ਤਬਦੀਲੀ 'ਚੋਂ ਹੋ ਕੇ ਆਈ। ਮਿਸਾਲ ਵਜੋਂ ਸਾਢੇ ਤਿੰਨ ਸਾਲਾਂ ਦਾ ਇੱਕ ਅਜਿਹਾ ਦੌਰ ਵੀ ਸੀ ਜਦੋਂ ਉਸ ਦੀ ਸੈਨਾ ਤੇ ਰਾਜਨੀਤਕ ਸੱਤਾ ਦੇ ਇੱਕ-ਇੱਕ ਭਾਗ ਨੂੰ ਇੱਕ-ਇੱਕ ਕਰਕੇ ਨਸ਼ਟ ਕੀਤਾ ਜਾ ਰਿਹਾ ਸੀ ਅਤੇ ਇਸੇ ਮਾਤਰਕ ਤਬਦੀਲੀ 'ਚ ਸਿਫਤੀ ਤਬਦੀਲੀ ਵੀ ਲੱਭੀ ਜਾ ਸਕਦੀ ਹੈ। ਮੁਕਤੀ ਯੁੱਧ ਵੱਖ-ਵੱਖ ਪੜਾਵਾਂ 'ਚੋਂ ਹੋ ਕੇ ਲੰਘਿਆ ਸੀ ਤੇ ਹਰ ਨਵਾਂ ਪੜਾਅ ਸਿਫਤੀ ਤੌਰ 'ਤੇ ਪਿਛਲੇਰੇ ਨਾਲੋਂ ਵੱਖਰਾ ਸੀ। ਨਿੱਜੀ ਤੋਂ ਸਮੂਹਕ ਆਰਥਕਤਾ ਵੱਲ ਕਾਇਆਪਲਟੀ ਇੱਕ ਸਿਫਤੀ ਕਾਇਆਪਲਟੀ ਦੀ ਪ੍ਰਕਿਰਿਆ ਸੀ। ਸਾਡੇ ਦੇਸ਼ 'ਚ ਇਸ ਪ੍ਰਕਿਰਿਆ 'ਚ ਪਰਸਪਰ ਸਹਾਇਕ ਟੀਮਾਂ, ਮੁੱਢਲੀਆਂ ਸਹਿਕਾਰੀ ਸੰਸਥਾਵਾਂ, ਉੱਨਤ ਸਹਿਕਾਰੀ ਸੰਸਥਾਵਾਂ ਤੇ ਲੋਕ ਕਮਿਊਨ[14] ਸ਼ਾਮਲ ਸਨ। ਅੰਸ਼ਕ ਸਿਫਤੀ ਤਬਦੀਲੀਆਂ ਵਾਲੇ ਇਹਨਾਂ ਵੱਖ-ਵੱਖ ਪੜਾਵਾਂ ਨੇ ਨਿੱਜੀ ਆਰਥਕਤਾ ਨੂੰ ਸਮੂਹਕ ਆਰਥਕਤਾ 'ਚ ਬਦਲ ਦਿੱਤਾ।

ਸਾਡੇ ਦੇਸ਼ ਦੀ ਮੌਜੂਦਾ ਆਰਥਕਤਾ ਲੋਕ ਮਾਲਕੀ ਦੇ ਦੋ ਵੱਖ-ਵੱਖ ਰੂਪਾਂ — ਸਾਰੇ ਲੋਕਾਂ ਦੀ ਮਾਲਕੀ ਤੇ ਸਮੂਹਕ ਮਾਲਕੀ 'ਚ ਜਥੇਬੰਦ ਹੈ। ਇਸ ਸਮਾਜਵਾਦੀ ਆਰਥਕਤਾ ਦਾ ਜਨਮ ਤੇ ਵਿਕਾਸ ਦਾ ਇਤਿਹਾਸ ਹੈ। ਇਸ 'ਤੇ ਕੌਣ ਯਕੀਨ ਕਰੇਗਾ ਕਿ ਬਦਲਾਅ ਦੀ ਇਸ ਪ੍ਰਕਿਰਿਆ ਦਾ ਅੰਤ ਹੋ ਗਿਆ ਹੈ ਅਤੇ ਅਸੀਂ ਇਹ ਕਹਾਂਗੇ, "ਮਾਲਕੀ ਦੇ ਇਹਨਾਂ ਦੋਹਾਂ ਰੂਪਾਂ ਦਾ ਹਮੇਸ਼ਾ ਲਈ ਪੂਰਨ ਪੱਕੇ ਪੈਰੀਂਕਰਨ ਹੋ ਜਾਵੇਗਾ?" ਕੌਣ ਇਸ 'ਤੇ ਭਰੋਸਾ ਕਰੇਗਾ ਕਿ "ਕਿਰਤ ਅਨੁਸਾਰ ਵੰਡ", "ਜਿਣਸ ਪੈਦਾਵਾਰ" ਅਤੇ "ਕਦਰ ਦਾ ਨਿਯਮ" ਜਿਹੇ ਸਮਾਜਵਾਦੀ ਸੂਤਰ ਹਮੇਸ਼ਾ ਮੌਜੂਦ ਰਹਿਣਗੇ? ਕੌਣ ਯਕੀਨ ਕਰੇਗਾ ਕਿ ਸਿਰਫ ਜਨਮ ਤੇ ਵਿਕਾਸ ਹੀ ਹੁੰਦਾ ਹੈ ਪਰੰਤੂ ਮੌਤ ਤੇ ਕਾਇਆਪਲਟ ਨਹੀਂ ਹੁੰਦੀ ਅਤੇ ਇਹ ਸੂਤਰ ਦੂਜਿਆਂ ਸੂਤਰਾਂ ਦੇ ਉਲਟ ਅਣ-ਇਤਿਹਾਸਕ ਹਨ?

ਸਮਾਜਵਾਦ ਨੂੰ ਨਿਸ਼ਚੇ ਹੀ ਕਮਿਊਨਿਜ਼ਮ 'ਚ ਸੰਕਰਮਣ ਕਰਨਾ ਚਾਹੀਦਾ ਹੈ। ਉਸ ਸਮੇਂ ਸਮਾਜਵਾਦੀ ਪੜਾਅ ਦੀਆਂ ਵਸਤਾਂ ਨੂੰ ਮਰਨਾ ਪਵੇਗਾ ਅਤੇ, ਕਮਿਊਨਿਜ਼ਮ ਦੇ ਦੌਰ 'ਚ ਵੀ ਨਿਰੰਤਰ ਵਿਕਾਸ ਹੁੰਦਾ ਰਹੇਗਾ। ਇਹ ਵੀ ਕਾਫੀ ਹੱਦ ਤੱਕ ਸੰਭਵ ਹੈ ਕਿ ਕਮਿਊਨਿਜ਼ਮ ਨੂੰ ਕਈ ਵੱਖਰੇ ਪੜਾਵਾਂ 'ਚੋਂ ਲੰਘਣਾ ਪਵੇ। ਅਸੀਂ ਇਹ ਕਿਵੇਂ ਕਹਿ ਸਕਦੇ ਹਾਂ ਕਿ ਇੱਕ ਵਾਰੀ ਕਮਿਊਨਿਜ਼ਮ ਦਾ ਪੜਾਅ ਹਾਸਲ ਕਰ ਲੈਣ ਤੋਂ ਬਾਅਦ ਕੁੱਝ ਵੀ ਨਹੀਂ ਬਦਲੇਗਾ, ਕਿ ਹਰ ਚੀਜ਼ "ਪੂਰਨ ਪੱਕੇ ਪੈਰੀਂਕਰਨ" ਦੀ ਹਾਲਤ 'ਚ ਬਣੀ ਰਹੇਗੀ, ਕਿ ਉਸ ਸਮੇਂ ਸਿਰਫ਼ ਮਾਤਰਕ ਤਬਦੀਲੀ ਹੀ ਹੋਵੇਗੀ ਤੇ ਕੋਈ ਵੀ ਅੰਸ਼ਕ ਸਿਫਤੀ ਤਬਦੀਲੀ ਹਰ ਸਮੇਂ ਨਹੀਂ ਹੋ ਰਹੀ ਹੋਵੇਗੀ।

ਚੀਜ਼ਾਂ ਦੇ ਵਿਕਾਸ ਦਾ ਰਸਤਾ ਇਹ ਹੈ ਨਿਰੰਤਰ ਅੱਗੇ ਵਧਦਾ ਹੋਇਆ ਇੱਕ

ਪੜਾਅ ਦੂਜੇ ਪੜਾਅ 'ਚ ਲੈ ਜਾਂਦਾ ਹੈ। ਪਰੰਤੂ ਹਰੇਕ ਪੜਾਅ ਦੀ ਇੱਕ "ਹੱਦ" ਹੁੰਦੀ ਹੈ। ਮੰਨ ਲਓ ਕਿ ਅਸੀਂ ਹਰ ਰੋਜ਼ ਚਾਰ ਵਜੇ ਪੜ੍ਹਨਾ ਸ਼ੁਰੂ ਕਰਦੇ ਹਾਂ ਤੇ ਸੱਤ ਜਾਂ ਅੱਠ ਵਜੇ ਤੱਕ ਪੜ੍ਹਦੇ ਹਾਂ। ਇਹ ਇਸ ਦੀ ਹੱਦ ਹੈ। ਜਿੱਥੋਂ ਤੱਕ ਸਮਾਜਵਾਦੀ ਵਿਚਾਰਧਾਰਕ ਮੁੜ-ਉਸਾਰੀ ਦਾ ਸਵਾਲ ਹੈ, ਇਹ ਇੱਕ ਲੰਮੇ ਸਮੇਂ ਦਾ ਕਾਰਜ ਹੈ। ਪਰੰਤੂ ਹਰੇਕ ਵਿਚਾਰਧਾਰਕ ਮੁਹਿੰਮ ਇੱਕ ਸਿੱਟੇ 'ਤੇ ਪਹੁੰਚਦੀ ਹੈ ਭਾਵ ਉਸ ਦੀ ਇੱਕ ਹੱਦ ਹੈ। ਵਿਚਾਰਧਾਰਕ ਮੋਰਚੇ 'ਤੇ ਸਾਨੂੰ ਨਿਰੰਤਰ ਮਾਤਰਕ ਤਬਦੀਲੀਆਂ ਤੇ ਅੰਸ਼ਕ ਸਿਫਤੀ ਤਬਦੀਲੀਆਂ 'ਚੋਂ ਲੰਘਣਾ ਪਵੇਗਾ ਤੇ ਇੱਕ ਅਜਿਹਾ ਦਿਨ ਆਵੇਗਾ ਜਦੋਂ ਅਸੀਂ ਪੂੰਜੀਵਾਦੀ ਵਿਚਾਰਧਾਰਾ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਵਾਂਗੇ। ਉਸ ਸਮੇਂ ਵਿਚਾਰਧਾਰਕ ਮੁੜ ਉਸਾਰੀ ਦੀਆਂ ਸਿਫਤੀ ਤਬਦੀਲੀਆਂ ਖਤਮ ਹੋ ਜਾਣਗੀਆਂ ਪਰ ਸਿਰਫ਼ ਨਵੇਂ ਗੁਣਾਂ ਵਾਲੀਆਂ ਮਾਤਰਕ ਤਬਦੀਲੀਆਂ ਦੀ ਸ਼ੁਰੂਆਤ ਤੱਕ।

ਸਮਾਜਵਾਦੀ ਉਸਾਰੀ ਦੀ ਵੀ ਇੱਕ ਹੱਦ ਹੈ। ਸਾਨੂੰ ਨਿਗਰਾਨੀ ਰੱਖਣੀ ਪੈਂਦੀ ਹੈ : ਮਿਸਾਲ ਵਜੋਂ ਕੁੱਲ ਪੈਦਾਵਾਰ 'ਚ ਸਨਅਤੀ ਉਤਪਾਦਾਂ ਦਾ ਕੀ ਅਨੁਪਾਤ ਰੱਖਿਆ ਜਾਵੇ, ਸਟੀਲ ਦਾ ਕਿੰਨਾ ਉਤਪਾਦਨ ਕੀਤਾ ਜਾਵੇ, ਲੋਕਾਂ ਦਾ ਜੀਵਨ ਪੱਧਰ ਕਿੰਨਾ ਉੱਚਾ ਚੁੱਕਿਆ ਜਾ ਸਕਦਾ ਹੈ ਆਦਿ ? ਪਰ ਇਹ ਕਹਿਣਾ ਕਿ ਸਮਾਜਵਾਦੀ ਉਸਾਰੀ ਦੀ ਹੱਦ ਹੁੰਦੀ ਹੈ, ਦਾ ਇਹ ਅਰਥ ਬਿਲਕੁੱਲ ਵੀ ਨਹੀਂ ਕਿ ਅਸੀਂ ਕਮਿਊਨਿਜ਼ਮ 'ਚ ਕਾਇਆਪਲਟੀ ਲਈ ਅਗਲਾ ਕਦਮ ਨਹੀਂ ਚੁੱਕਣਾ ਚਾਹੁੰਦੇ। ਪੂੰਜੀਵਾਦ ਤੋਂ ਕਮਿਊਨਿਜ਼ਮ ਵੱਲ ਸੰਕਰਮਣ ਨੂੰ ਦੋ ਭਾਗਾਂ 'ਚ ਵੰਡਣਾ ਸੰਭਵ ਹੈ : ਇੱਕ ਪੂੰਜੀਵਾਦ ਤੋਂ ਸਮਾਜਵਾਦ ਜਿਸ ਨੂੰ ਘੱਟ ਵਿਕਸਤ ਸਮਾਜਵਾਦ ਕਿਹਾ ਜਾ ਸਕਦਾ ਹੈ ਤੇ ਦੂਜਾ ਸਮਾਜਵਾਦ ਤੋਂ ਕਮਿਊਨਿਜ਼ਮ, ਯਾਨੀ ਕਿ ਮੁਕਾਬਲਤਨ ਘੱਟ ਵਿਕਸਤ ਸਮਾਜਵਾਦ ਤੋਂ ਮੁਕਾਬਲਤਨ ਵੱਧ ਵਿਕਸਤ ਸਮਾਜਵਾਦ ਯਾਨੀ ਕਮਿਊਨਿਜ਼ਮ ਵੱਲ। ਪਿਛਲਾ ਪੜਾਅ ਪਹਿਲੇ ਨਾਲੋਂ ਵੀ ਲੰਮਾ ਸਮਾਂ ਲੈ ਸਕਦਾ ਹੈ। ਪਰ ਜਦੋਂ ਇੱਕ ਵਾਰੀ ਇਸ ਪੜਾਅ 'ਚੋਂ ਲੰਘ ਗਏ ਤਾਂ ਭੌਤਿਕ ਪੈਦਾਵਾਰ ਤੇ ਆਤਮਕ ਦੌਲਤ ਕਾਫੀ ਮਾਤਰਾ 'ਚ ਉਪਲੱਬਧ ਹੋਵੇਗੀ। ਲੋਕਾਂ ਦੀ ਕਮਿਊਨਿਸਟ ਚੇਤਨਾ ਬਹੁਤ ਉੱਨਤ ਹੋ ਜਾਵੇਗੀ ਤੇ ਉਹ ਕਮਿਊਨਿਜ਼ਮ ਦੇ ਸਰਵਉੱਚ ਪੜਾਅ 'ਚ ਜਾਣ ਲਈ ਤਿਆਰ ਹੋਣਗੇ।

ਸਫਾ 409 'ਤੇ ਕਿਤਾਬ ਕਹਿੰਦੀ ਹੈ ਕਿ ਜਦੋਂ ਇੱਕ ਵਾਰੀ ਸਮਾਜਵਾਦੀ ਉਤਪਾਦਨ ਦੇ ਰੂਪ ਮਜ਼ਬੂਤੀ ਨਾਲ਼ ਸਥਾਪਤ ਹੋ ਗਏ ਤਾਂ ਪੈਦਾਵਾਰ ਲਗਾਤਾਰ ਤੇ ਤੇਜ਼ੀ ਨਾਲ਼ ਵਧੇਗੀ। ਉਤਪਾਦਕਾਂ ਦੀ ਦਰ ਵੀ ਨਿਰੰਤਰ ਉੱਪਰ ਵੱਲ ਵਧੇਗੀ। ਕਿਤਾਬ ਨਿਰੰਤਰ ਜਾਂ ਬਿਨਾਂ ਰੁਕਾਵਟ ਜਿਹੇ ਸ਼ਬਦ ਕਈ ਵਾਰੀ ਵਰਤਦੀ ਹੈ, ਪਰ ਸਿਰਫ਼ ਮਾਤਰਕ ਕਾਇਆਪਲਟੀ ਦੀ ਗੱਲ ਕਰਨ ਲਈ। ਅੰਸ਼ਕ ਸਿਫਤੀ ਤਬਦੀਲੀ ਦਾ ਜ਼ਿਕਰ ਬੇਹੱਦ ਨਿਗੂਣਾ ਹੈ।

## 22. ਜੰਗ ਅਤੇ ਅਮਨ

ਸਫਾ 408 'ਤੇ ਕਿਤਾਬ ਕਹਿੰਦੀ ਹੈ ਕਿ ਪੂੰਜੀਵਾਦੀ ਸਮਾਜਾਂ 'ਚ "ਅਤਿ ਉਤਪਾਦਨ ਦਾ ਸੰਕਟ ਨਿਸ਼ਚੇ ਹੀ ਪੈਦਾ ਹੋਵੇਗਾ ਜਿਸ ਨਾਲ਼ ਬੇਰੁਜ਼ਗਾਰੀ ਵਿੱਚ ਵਾਧਾ

ਹੋਵੇਗਾ।" ਇਹ ਜੰਗ ਦਾ ਗਰਭ ਹੈ। ਇਸ ਗੱਲ 'ਤੇ ਭਰੋਸਾ ਕਰਨਾ ਮੁਸ਼ਕਿਲ ਹੈ ਕਿ ਮਾਰਕਸਵਾਦੀ ਅਰਥਸ਼ਾਸਤਰ ਦੇ ਬੁਨਿਆਦੀ ਸਿਧਾਂਤ ਇੱਕਦਮ ਪ੍ਰਭਾਵਹੀਨ ਹੋ ਗਏ ਹਨ, ਕਿ ਇੱਕ ਅਜਿਹਾ ਸੰਸਾਰ ਜਿੱਥੇ ਪੂੰਜੀਵਾਦੀ ਸੰਸਥਾਵਾਂ ਮੌਜੂਦ ਹਨ, ਜੰਗ ਪੂਰੀ ਤਰ੍ਹਾਂ ਖਤਮ ਕੀਤੀ ਜਾ ਸਕਦੀ ਹੈ।

ਕੀ ਇਹ ਕਿਹਾ ਜਾ ਸਕਦਾ ਹੈ ਕਿ ਚੰਗੇ ਲਈ ਜੰਗ ਦੇ ਖਾਤਮੇ ਦੀ ਸੰਭਾਵਨਾ ਹੁਣ ਪੈਦਾ ਹੋ ਗਈ ਹੈ ? ਕੀ ਇਹ ਕਿਹਾ ਜਾ ਸਕਦਾ ਹੈ ਕਿ ਦੁਨੀਆ ਭਰ ਦੀ ਦੌਲਤ ਤੇ ਸਾਧਨਾਂ ਨੂੰ ਮਨੁੱਖਤਾ ਦੀ ਸੇਵਾ 'ਚ ਲਾਉਣ ਦੀ ਸੰਭਾਵਨਾ ਪੈਦਾ ਹੋ ਗਈ ਹੈ ? ਇਹ ਮਾਰਕਸਵਾਦੀ ਨਜ਼ਰੀਆ ਨਹੀਂ ਹੈ, ਇਸ ਵਿੱਚ ਜਮਾਤੀ ਵਿਸ਼ਲੇਸ਼ਣ ਨਹੀਂ ਹੈ ਤੇ ਇਸ ਨੇ ਬੁਰਜੂਆ ਤੇ ਪ੍ਰੋਲੇਤਾਰੀ ਰਾਜ ਅਧੀਨ ਹਾਲਤਾਂ ਨੂੰ ਸਪੱਸ਼ਟਤਾ ਨਾਲ਼ ਨਹੀਂ ਵਖਰਿਆਇਆ ਹੈ। ਜੇ ਤੁਸੀਂ ਜਮਾਤਾਂ ਨੂੰ ਖਤਮ ਨਹੀਂ ਕਰਦੇ ਤਾਂ ਤੁਸੀਂ ਜੰਗ ਨੂੰ ਕਿਵੇਂ ਖਤਮ ਕਰ ਸਕਦੇ ਹੋ ?

ਅਸੀਂ ਇਹ ਤੈਅ ਨਹੀਂ ਕਰਾਂਗੇ ਕਿ ਸੰਸਾਰ ਜੰਗ ਲੱਗੇਗੀ ਜਾਂ ਨਹੀਂ। ਜੇ ਜੰਗ ਨਾ ਲਾਉਣ ਦੀ ਸੰਧੀ 'ਤੇ ਹਸਤਾਖਰ ਵੀ ਹੋ ਜਾਣ ਤਾਂ ਵੀ ਜੰਗ ਦੀ ਸੰਭਾਵਨਾ ਬਣੀ ਹੀ ਰਹੇਗੀ। ਜਦੋਂ ਸਾਮਰਾਜ ਲੜਨਾ ਚਾਹੇਗਾ ਤਾਂ ਕਿਸੇ ਵੀ ਸੰਧੀ ਨੂੰ ਧਿਆਨ 'ਚ ਨਹੀਂ ਰੱਖੇਗਾ ਅਤੇ ਜਦੋਂ ਇਹ ਜੰਗ ਹੋਵੇਗੀ ਤਾਂ ਪ੍ਰਮਾਣੂ ਜਾਂ ਹਾਈਡਰੋਜਨ ਹਥਿਆਰਾਂ ਦੀ ਵਰਤੋਂ ਹੋਵੇਗੀ ਜਾਂ ਨਹੀਂ ਇਹ ਦੂਸਰਾ ਸਵਾਲ ਹੈ। ਭਾਵੇਂ ਕਿ ਰਸਾਇਣਕ ਹਥਿਆਰ ਮੌਜੂਦ ਹਨ ਪਰ ਉਹ ਜੰਗ ਦੇ ਸਮੇਂ ਵਰਤੇ ਨਹੀਂ ਗਏ ਤੇ ਸਿਰਫ਼ ਰਵਾਇਤੀ ਹਥਿਆਰ ਵਰਤੇ ਗਏ ਸਨ। ਜੇ ਦੋਹਾਂ ਧੜਿਆਂ 'ਚ ਜੰਗ ਨਾ ਵੀ ਹੋਵੇ ਤਾਂ ਵੀ ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਪੂੰਜੀਵਾਦੀ ਸੰਸਾਰ ਅੰਦਰ ਕੋਈ ਜੰਗ ਨਹੀਂ ਛੇੜੀ ਜਾਵੇਗੀ। ਸਾਮਰਾਜਵਾਦ, ਸਾਮਰਾਜਵਾਦ ਨਾਲ਼ ਜੰਗ ਛੇੜ ਸਕਦਾ ਹੈ। ਕਿਸੇ ਸਾਮਰਾਜੀ ਦੇਸ਼ ਦੀ ਬੁਰਜੂਆਜ਼ੀ ਆਪਣੇ ਦੇਸ਼ ਦੇ ਪ੍ਰੋਲੇਤਾਰੀਆਂ ਨਾਲ਼ ਜੰਗ ਛੇੜ ਸਕਦੀ ਹੈ। ਸਾਮਰਾਜ ਹਾਲੇ ਵੀ ਬਸਤੀਆਂ ਤੇ ਅਰਧ-ਬਸਤੀਆਂ ਨਾਲ਼ ਜੰਗ ਛੇੜ ਰਿਹਾ ਹੈ। ਜੰਗ ਜਮਾਤੀ ਟਰਰਾਵਾਂ ਦਾ ਇੱਕ ਰੂਪ ਹੈ। ਪਰੰਤੂ ਜੰਗ ਤੋਂ ਬਿਨਾਂ ਜਮਾਤਾਂ ਦਾ ਖਾਤਮਾ ਨਹੀਂ ਹੋਵੇਗਾ ਅਤੇ ਜਮਾਤਾਂ ਦੇ ਖਾਤਮੇ ਤੋਂ ਬਿਨਾਂ ਜੰਗ ਦਾ ਖਾਤਮਾ ਨਹੀਂ ਕੀਤਾ ਜਾ ਸਕਦਾ। ਜੇ ਇਨਕਲਾਬੀ ਜੰਗ ਨਾ ਛੇੜੀ ਗਈ ਤਾਂ ਜਮਾਤਾਂ ਦਾ ਖਾਤਮਾ ਨਹੀਂ ਕੀਤਾ ਜਾ ਸਕਦਾ। ਅਸੀਂ ਨਹੀਂ ਮੰਨਦੇ ਕਿ ਜਮਾਤ ਨੂੰ ਨਸ਼ਟ ਕੀਤੇ ਬਿਨਾਂ ਜੰਗ ਦੇ ਹਥਿਆਰਾਂ ਨੂੰ ਖਤਮ ਕੀਤਾ ਜਾ ਸਕਦਾ ਹੈ। ਇਹ ਸੰਭਵ ਨਹੀਂ। ਜਮਾਤੀ ਸਮਾਜਾਂ ਦੇ ਇਤਿਹਾਸ 'ਚ ਹਰੇਕ ਜਮਾਤ ਜਾਂ ਰਾਜ ਦਾ ਸਰੋਕਾਰ ਆਪਣੀ "ਤਾਕਤ ਦੀ ਹਾਲਤ" ਨਾਲ਼ ਹੁੰਦਾ ਹੈ। ਅਜਿਹੀਆਂ ਹਾਲਤਾਂ ਨੂੰ ਹਾਸਲ ਕਰਨਾ ਇਤਿਹਾਸ ਦੀ ਅਟੱਲ ਪ੍ਰਵਿਰਤੀ ਰਹੀ ਹੈ। ਕਿਸੇ ਜਮਾਤ ਦੀ ਅਸਲ ਤਾਕਤ ਦਾ ਠੋਸ ਪ੍ਰਗਟਾਵਾ ਉਸ ਦੀ ਹਥਿਆਰਬੰਦ ਫੌਜ ਹੁੰਦੀ ਹੈ ਅਤੇ ਜਿੰਨਾ ਚਿਰ ਜਮਾਤੀ ਦੁਸ਼ਮਣੀ ਮੌਜੂਦ ਹੈ, ਹਥਿਆਰਬੰਦ ਫੌਜਾਂ ਵੀ ਮੌਜੂਦ ਰਹਿਣਗੀਆਂ। ਨਿਰਸੰਦੇਹ ਅਸੀਂ ਜੰਗ ਦੀ ਇੱਛਾ ਨਹੀਂ ਰੱਖਦੇ। ਅਸੀਂ ਅਮਨ ਦੀ ਇੱਛਾ ਰੱਖਦੇ ਹਾਂ। ਅਸੀਂ ਪ੍ਰਮਾਣੂ ਜੰਗ ਨੂੰ ਰੋਕਣ ਤੇ ਦੋਹਾਂ ਧੜਿਆਂ ਵਿੱਚ ਪਰਸਪਰ ਗ਼ੈਰ-ਹਮਲਾਵਰ ਸੰਧੀ ਦੀਆਂ ਕੋਸ਼ਿਸ਼ਾਂ ਦੀ ਹਮਾਇਤ ਕਰਦੇ ਹਾਂ। ਅਸੀਂ ਬਹੁਤ ਪਹਿਲਾਂ ਦਸ ਜਾਂ ਵੀਹ ਸਾਲਾਂ ਦੀ ਸ਼ਾਂਤੀ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਦੀ

ਵਕਾਲਤ ਕੀਤੀ ਸੀ। ਜੇ ਅਸੀਂ ਇਸ ਇੱਛਾ ਨੂੰ ਪੂਰਾ ਕਰ ਸਕੀਏ ਤਾਂ ਸਾਰੇ ਸਮਾਜਵਾਦੀ ਧੜੇ ਤੇ ਚੀਨ ਦੀ ਸਮਾਜਵਾਦੀ ਉਸਾਰੀ ਲਈ ਬੇਹੱਦ ਲਾਹੇਵੰਦ ਹੋਵੇਗਾ।

ਸਫ਼ਾ 409 'ਤੇ ਕਿਤਾਬ ਕਹਿੰਦੀ ਹੈ ਕਿ ਇਸ ਸਮੇਂ ਸੋਵੀਅਤ ਯੂਨੀਅਨ ਪੂੰਜੀਵਾਦ ਦੀ ਘੇਰੇਬੰਦੀ 'ਚ ਨਹੀਂ ਹੈ। ਗੱਲ ਕਰਨ ਦਾ ਇਹ ਢੰਗ ਲੋਕਾਂ ਦੇ ਸ਼ਾਂਤ ਹੋ ਕੇ ਸੌਂ ਜਾਣ ਵੱਲ ਲੈ ਜਾਂਦਾ ਹੈ। ਬਿਨਾਂ ਸ਼ੱਕ ਹੁਣ ਹਾਲਤ ਉਸ ਸਮੇਂ ਨਾਲੋਂ ਬਹੁਤ ਬਦਲ ਗਈ ਹੈ ਜਦੋਂ ਸਿਰਫ਼ ਇੱਕ ਸਮਾਜਵਾਦੀ ਦੇਸ਼ ਸੀ। ਸੋਵੀਅਤ ਸੰਘ ਦੇ ਪੱਛਮ 'ਚ ਹੁਣ ਪੂਰਬੀ ਯੂਰਪ ਦੇ ਵੱਖ-ਵੱਖ ਸਮਾਜਵਾਦੀ ਦੇਸ਼ ਮੌਜੂਦ ਹਨ। ਸੋਵੀਅਤ ਸੰਘ ਦੇ ਪੂਰਬ 'ਚ ਸਮਾਜਵਾਦੀ ਦੇਸ਼ ਚੀਨ, ਕੋਰੀਆ, ਮੰਗੋਲੀਆ ਤੇ ਵੀਅਤਨਾਮ ਮੌਜੂਦ ਹਨ। ਪਰੰਤੂ ਨਿਰਦੇਸ਼ਤ ਮਿਜ਼ਾਇਲਾਂ ਦੀਆਂ ਅੱਖਾਂ ਨਹੀਂ ਹੁੰਦੀਆਂ ਤੇ ਹੁਣ ਹਜ਼ਾਰਾਂ-ਲੱਖਾਂ ਕਿਲੋਮੀਟਰ ਦੂਰ ਮਿੱਥੇ ਨਿਸ਼ਾਨਿਆਂ 'ਤੇ ਹਮਲਾ ਕਰ ਸਕਦੀਆਂ ਹਨ। ਸਮਾਜਵਾਦੀ ਖੇਮੇ ਦੇ ਚਾਰੇ ਪਾਸੇ ਅਮਰੀਕੀ ਸੈਨਿਕ ਅੱਡੇ ਫੈਲੇ ਹੋਏ ਹਨ, ਜਿਹਨਾਂ ਦਾ ਨਿਸ਼ਾਨਾ ਸੋਵੀਅਤ ਸੰਘ ਤੇ ਹੋਰ ਸਮਾਜਵਾਦੀ ਦੇਸ਼ ਹਨ। ਕੀ ਇਹ ਕਿਹਾ ਜਾ ਸਕਦਾ ਹੈ ਕਿ ਸੋਵੀਅਤ ਸੰਘ ਹੁਣ ਮਿਜ਼ਾਇਲਾਂ ਦੀ ਘੇਰੇਬੰਦੀ 'ਚ ਨਹੀਂ ਹੈ?

## 23. ਕੀ ਸਰਵ-ਸੰਮਤੀ ਸਮਾਜਕ ਵਿਕਾਸ ਦੀ ਪ੍ਰੇਰਕ ਸ਼ਕਤੀ ਹੈ?

ਸਫਾ 413 ਤੇ 417 'ਤੇ ਕਿਤਾਬ ਕਹਿੰਦੀ ਹੈ ਕਿ ਸਮਾਜਵਾਦ "ਸਰਵ-ਸੰਮਤੀ ਦੀ ਇੱਕਮੁੱਠਤਾ" ਬਣਾਉਂਦਾ ਹੈ ਜੋ "ਚੱਟਾਨ ਦੀ ਤਰ੍ਹਾਂ ਸਖਤ ਹੈ।" ਕਿਤਾਬ ਕਹਿੰਦੀ ਹੈ ਕਿ ਸਰਵਸੰਮਤੀ "ਸਮਾਜਕ ਵਿਕਾਸ ਦੀ ਪ੍ਰੇਰਕ ਸ਼ਕਤੀ" ਹੈ।

ਇਹ ਸਿਰਫ਼ ਸਰਵ-ਸੰਮਤੀ ਦੀ ਇੱਕਮੁੱਠਤਾ ਨੂੰ ਪਹਿਚਾਣਦੀ ਹੈ ਪਰ ਸਮਾਜਵਾਦੀ ਸਮਾਜ ਦੀਆਂ ਵਿਰੋਧਤਾਈਆਂ ਨੂੰ ਨਹੀਂ ਤੇ ਨਾ ਹੀ ਇਹ ਕਿ ਵਿਰੋਧਤਾਈ ਸਮਾਜਕ ਵਿਕਾਸ ਦੀ ਪ੍ਰੇਰਕ ਸ਼ਕਤੀ ਹੈ। ਚੀਜ਼ਾਂ ਨੂੰ ਪੇਸ਼ ਕਰਨ ਦਾ ਇਹ ਢੰਗ ਵਿਰੋਧਤਾਈਆਂ ਦੀ ਸਰਵ-ਵਿਆਪਕਤਾ ਦੇ ਨਿਯਮ ਨੂੰ ਰੱਦ ਕਰ ਦਿੰਦਾ ਹੈ ਤੇ ਦਵੰਦਵਾਦ ਦੇ ਨਿਯਮਾਂ ਨੂੰ ਛੱਡ ਦਿੰਦਾ ਹੈ। ਵਿਰੋਧਤਾਈਆਂ ਦੇ ਬਿਨਾਂ ਕੋਈ ਗਤੀ ਨਹੀਂ ਹੁੰਦੀ ਤੇ ਸਮਾਜ ਹਮੇਸ਼ਾ ਗਤੀ 'ਚੋਂ ਵਿਕਸਤ ਹੁੰਦਾ ਹੈ। ਸਮਾਜਵਾਦ ਦੇ ਦੌਰ 'ਚ ਵਿਰੋਧਤਾਈਆਂ ਸਮਾਜਕ ਵਿਕਾਸ ਦੀਆਂ ਪ੍ਰੇਰਕ-ਸ਼ਕਤੀਆਂ ਰਹਿੰਦੀਆਂ ਹਨ। ਠੀਕ ਇਸ ਕਰਕੇ ਕਿ ਸਰਵ-ਸੰਮਨੀ ਨਹੀਂ ਹੈ ਏਕੇ ਦੀ ਜ਼ਿੰਮੇਵਾਰੀ ਰਹਿੰਦੀ ਹੈ। ਇਸ ਲਈ ਲੜਨ ਦੀ ਲੋੜ ਹੈ। ਜੇ ਹਮੇਸ਼ਾ 100 ਫੀਸਦੀ ਸਰਵ-ਸੰਮਤੀ ਹੁੰਦੀ ਤਾਂ ਏਕੇ ਲਈ ਕੰਮ ਕਰਨ ਦੀ ਲੋੜ ਨੂੰ ਬਚਾਈ ਰੱਖਣ ਦੀ ਵਿਆਖਿਆ ਕਿਵੇਂ ਕਰਦੇ?

## 24. ਸਮਾਜਵਾਦ ਅਧੀਨ ਕਿਰਤ ਦੇ ਹੱਕ

ਸਫ਼ਾ 414 'ਤੇ ਅਸੀਂ ਕਿਰਤੀਆਂ ਦੁਆਰਾ ਵਰਤੇ ਜਾਂਦੇ ਹੱਕਾਂ 'ਤੇ ਚਰਚਾ ਦੇਖਦੇ ਹਾਂ ਪਰ ਕਿਰਤੀਆਂ ਦੁਆਰਾ ਰਾਜ ਵੱਖ-ਵੱਖ ਉੱਦਮਾਂ, ਵਿੱਦਿਆ ਤੇ ਸੱਭਿਆਚਾਰ ਨੂੰ ਚਲਾਉਣ ਦੇ ਹੱਕ ਬਾਰੇ ਕੋਈ ਚਰਚਾ ਨਹੀਂ ਮਿਲਦੀ। ਅਸਲ 'ਚ ਸਮਾਜਵਾਦ 'ਚ ਇਹ ਕਿਰਤ ਦਾ ਸਭ ਤੋਂ ਵੱਡਾ ਹੱਕ ਹੈ — ਸਭ ਤੋਂ ਬੁਨਿਆਦੀ ਹੱਕ, ਜਿਸ ਤੋਂ ਬਿਨਾਂ ਕੰਮ ਦਾ, ਵਿੱਦਿਆ ਦਾ, ਛੁੱਟੀ

ਆਦਿ ਦਾ ਕੋਈ ਹੱਕ ਨਹੀਂ ਹੋ ਸਕਦਾ।

ਸਮਾਜਵਾਦੀ ਜਮਹੂਰੀਅਤ ਦਾ ਸਭ ਤੋਂ ਵੱਡਾ ਮੁੱਦਾ ਇਹ ਹੈ ਕਿ ਕੀ ਕਿਰਤ ਕੋਲ ਵੱਖ-ਵੱਖ ਦੁਸ਼ਮਣੀ ਭਰਪੂਰ ਤਾਕਤਾਂ ਤੇ ਉਹਨਾਂ ਦੇ ਪ੍ਰਭਾਵ ਨੂੰ ਦਬਾਉਣ ਦਾ ਹੱਕ ਹੈ ਕਿ ਨਹੀਂ ? ਮਿਸਾਲ ਵਜੋਂ ਅਖ਼ਬਾਰਾਂ, ਰਸਾਲਿਆਂ, ਪ੍ਰਸਾਰਣ ਕੇਂਦਰਾਂ, ਸਿਨੇਮਾ ਜਿਹੀਆਂ ਚੀਜ਼ਾਂ ਨੂੰ ਕੌਣ ਕੰਟਰੋਲ ਕਰਦਾ ਹੈ ? ਕੌਣ ਅਲੋਚਨਾ ਕਰਦਾ ਹੈ ? ਇਹ ਹੱਕ ਦੇ ਸਵਾਲਾਂ ਦਾ ਹਿੱਸਾ ਹਨ। ਜੇ ਇਹ ਸਭ ਚੀਜ਼ਾਂ ਸੱਜੇ-ਪੱਖੀ ਮੌਕਾਪ੍ਰਸਤਾਂ (ਜੋ ਘੱਟ ਗਿਣਤੀ ਹਨ) ਦੇ ਹੱਥ ਵਿੱਚ ਹਨ ਤਾਂ ਬਹੁਤ ਵੱਡੀ ਕੌਮ ਵਿਆਪੀ ਬਹੁਗਿਣਤੀ ਜਿਸ ਨੂੰ ਮਹਾਨ ਅੱਗੇ ਵਾਲ ਛਾਲ ਦੀ ਤੁਰੰਤ ਲੋੜ ਹੈ, ਆਪਣੇ ਆਪ ਨੂੰ ਇਹਨਾਂ ਹੱਕਾਂ ਤੋਂ ਵਾਂਝਾ ਪਾਵੇਗੀ। ਜੇ ਸਿਨੇਮਾ ਚੁੰਗ-ਏਨ-ਪਾਈ[15] ਵਰਗੇ ਲੋਕਾਂ ਦੇ ਹੱਥਾਂ 'ਚ ਹੈ ਤਾਂ ਉਸ ਖੇਤਰ ਦੇ ਹੱਕਾਂ ਨੂੰ ਲੋਕ ਕਿਵੇਂ ਮਾਣ ਸਕਦੇ ਹਨ ? ਲੋਕਾਂ ਵਿੱਚ ਕਈ ਤਰ੍ਹਾਂ ਦੇ ਧੜੇ ਮੌਜੂਦ ਰਹਿੰਦੇ ਹਨ। ਸੰਸਥਾਵਾਂ ਤੇ ਉੱਦਮਾਂ 'ਤੇ ਕਿਸ ਦਾ ਕੰਟਰੋਲ ਹੈ ਇਹ ਲੋਕਾਂ ਦੇ ਹੱਕਾਂ ਨੂੰ ਯਕੀਨੀ ਬਣਾਉਣ ਦੇ ਮੁੱਦੇ 'ਤੇ ਬਹੁਤ ਵੱਡਾ ਪ੍ਰਭਾਵ ਪਾਉਂਦਾ ਹੈ। ਜੇ ਮਾਰਕਸਵਾਦੀਆਂ-ਲੈਨਿਨਵਾਦੀਆਂ ਦਾ ਕੰਟਰੋਲ ਹੈ ਤਾਂ ਵਿਸ਼ਾਲ ਬਹੁਗਿਣਤੀ ਦੇ ਹੱਕ ਯਕੀਨੀ ਹੋਣਗੇ। ਜੇ ਸੱਜੇ-ਪੱਖੀ ਜਾਂ ਸੱਜੇ-ਮੌਕਾਪ੍ਰਸਤਾਂ ਦਾ ਕੰਟਰੋਲ ਹੈ ਤਾਂ ਇਹਨਾਂ ਸੰਸਥਾਵਾਂ ਤੇ ਉੱਦਮਾਂ 'ਚ ਸਿਫਤੀ ਤਬਦੀਲੀ ਹੋ ਜਾਵੇਗੀ ਤੇ ਇਹਨਾਂ ਸਬੰਧੀ ਲੋਕਾਂ ਦੇ ਹੱਕਾਂ ਨੂੰ ਯਕੀਨੀ ਨਹੀਂ ਬਣਾਇਆ ਜਾ ਸਕੇਗਾ। ਕੁੱਲ ਮਿਲਾ ਕੇ ਲੋਕਾਂ ਕੋਲ ਉੱਚ-ਉਸਾਰ ਨੂੰ ਸੰਚਾਲਤ ਕਰਨ ਦਾ ਹੱਕ ਲਾਜ਼ਮੀ ਹੀ ਹੋਣਾ ਚਾਹੀਦਾ ਹੈ। ਲੋਕਾਂ ਦੇ ਹੱਕਾਂ ਤੋਂ ਸਾਨੂੰ ਇਹ ਬਿਲਕੁੱਲ ਨਹੀਂ ਲੈਣਾ ਚਾਹੀਦਾ ਕਿ ਰਾਜ ਸਿਰਫ਼ ਕੁੱਝ ਲੋਕਾਂ ਦੇ ਸੰਚਾਲਨ ਹੇਠ ਹੈ ਅਤੇ ਇਹ ਕਿ ਲੋਕ ਕਿਰਤ ਹੱਕਾਂ, ਵਿੱਦਿਆ ਦਾ ਹੱਕ, ਸਮਾਜਕ ਬੀਮਾ ਆਦਿ ਨੂੰ ਸਿਰਫ਼ ਕੁੱਝ ਲੋਕਾਂ ਦੇ ਸੰਚਾਲਨ ਹੇਠ ਹੀ ਮਾਣ ਸਕਦੇ ਹਨ।

## 25. ਕੀ ਕਮਿਊਨਿਜ਼ਮ 'ਚ ਸੰਕਰਮਣ ਇੱਕ ਇਨਕਲਾਬ ਹੈ ?

ਸਫ਼ਾ 417 'ਤੇ ਕਿਤਾਬ ਕਹਿੰਦੀ ਹੈ, "ਸਮਾਜਵਾਦ 'ਚ ਅਜਿਹੀ ਕੋਈ ਜਮਾਤ ਜਾਂ ਸਮਾਜਕ ਸਮੂਹ ਨਹੀਂ ਹੁੰਦਾ ਜਿਸ ਦੇ ਹਿੱਤ ਕਮਿਊਨਿਜ਼ਮ ਨਾਲ਼ ਟਕਰਾਉਣ ਅਤੇ ਕਮਿਊਨਿਜ਼ਮ 'ਚ ਸੰਕਰਮਣ ਬਿਨਾਂ ਕਿਸੇ ਸਮਾਜਕ ਇਨਕਲਾਬ ਤੋਂ ਹੋ ਜਾਵੇਗਾ।"

ਕਮਿਊਨਿਜ਼ਮ 'ਚ ਸੰਕਰਮਣ ਨਿਸ਼ਚੇ ਹੀ ਇੱਕ ਜਮਾਤ ਦੁਆਰਾ ਦੂਸਰੀ ਜਮਾਤ ਨੂੰ ਉਲਟਾਉਣ ਦਾ ਮਾਮਲਾ ਨਹੀਂ ਹੈ। ਪਰ ਇਸ ਦਾ ਇਹ ਅਰਥ ਨਹੀਂ ਕਿ ਕੋਈ ਵੀ ਸਮਾਜਕ ਇਨਕਲਾਬ ਨਹੀਂ ਹੋਵੇਗਾ ਕਿਉਂਕਿ ਇੱਕ ਤਰ੍ਹਾਂ ਦੇ ਪੈਦਾਵਾਰੀ ਸਬੰਧਾਂ ਦੀ ਥਾਂ ਦੂਸਰੀ ਤਰ੍ਹਾਂ ਦੇ ਪੈਦਾਵਾਰੀ ਸਬੰਧਾਂ ਦੁਆਰਾ ਲੈ ਲੈਣਾ ਇੱਕ ਸਿਫਤੀ ਛਲਾਂਗ ਹੈ ਭਾਵ ਇੱਕ ਇਨਕਲਾਬ ਹੈ। ਚੀਨ 'ਚ ਦੋਵੇਂ ਕਾਇਆਪਲਟੀਆਂ ਨਿੱਜੀ ਆਰਥਕਤਾ ਤੋਂ ਸਮੂਹਕ ਤੇ ਸਮੂਹਕ ਆਰਥਕਤਾ ਤੋਂ ਸਰਵਜਨਕ-ਪੈਦਾਵਾਰੀ ਸਬੰਧਾਂ 'ਚ ਇਨਕਲਾਬ ਹਨ। ਇਸ ਲਈ ਸਮਾਜਵਾਦ ਦੇ "ਕਿਰਤ ਅਨੁਸਾਰ ਵੰਡ" ਤੋਂ "ਲੋੜ ਅਨੁਸਾਰ ਵੰਡ" ਨੂੰ ਪੈਦਾਵਾਰੀ ਸਬੰਧਾਂ 'ਚ ਇਨਕਲਾਬ ਹੀ ਕਹਿਣਾ ਚਾਹੀਦਾ ਹੈ। ਬਿਨਾਂ ਸ਼ੱਕ "ਲੋੜ ਅਨੁਸਾਰ ਵੰਡ" ਹੌਲ਼ੀ-ਹੌਲ਼ੀ

ਹੀ ਲਾਗੂ ਕੀਤੀ ਜਾ ਸਕਦੀ ਹੈ। ਸ਼ਾਇਦ ਜਦੋਂ ਮੁੱਖ ਭੌਤਿਕ ਉਤਪਾਦਾਂ ਦੀ ਪੂਰਤੀ ਕਾਫੀ ਮਾਤਰਾ 'ਚ ਹੋਣ ਲੱਗੇਗੀ ਤਾਂ ਅਸੀਂ ਇਹਨਾਂ ਉਤਪਾਦਾਂ ਦੀ ਲੋੜ ਅਨੁਸਾਰ ਵੰਡ ਸ਼ੁਰੂ ਕਰ ਸਕਦੇ ਹਾਂ ਤੇ ਫਿਰ ਪੈਦਾਵਾਰੀ ਤਾਕਤਾਂ ਦੇ ਹੋਰ ਵਧੇਰੇ ਵਿਕਾਸ ਨਾਲ਼ ਇਸ ਨੂੰ ਹੋਰਨਾਂ ਉਤਪਾਦਾਂ 'ਤੇ ਵੀ ਲਾਗੂ ਕਰ ਸਕਦੇ ਹਾਂ।

ਸਾਡੇ ਲੋਕ ਕਮਿਊਨਾਂ ਦੇ ਵਿਕਾਸ ਨੂੰ ਲਓ। ਜਦੋਂ ਟੀਮਾਂ ਦੀ ਬੁਨਿਆਦੀ ਮਾਲਕੀ ਨੂੰ ਕਮਿਊਨਾਂ ਦੀ ਬੁਨਿਆਦੀ ਮਾਲਕੀ 'ਚ ਬਦਲਿਆ ਤਾਂ ਲੋਕਾਂ ਦਾ ਇੱਕ ਹਿੱਸਾ ਇਤਰਾਜ਼ ਕਰ ਸਕਦਾ ਹੈ ਜਾਂ ਨਹੀਂ ? ਇਹ ਸਵਾਲ ਸਾਡੇ ਅਧਿਐਨ ਦੇ ਯੋਗ ਹੈ। ਇਸ ਬਦਲਾਅ ਨੂੰ ਪੂਰਾ ਕਰਨ ਦੀ ਸ਼ਰਤ ਇਹ ਸੀ ਕਿ ਕਮਿਊਨ ਦੀ ਮਾਲਕੀ ਵਾਲੀ ਆਰਥਕਤਾ ਦੀ ਆਮਦਨ ਕੁੱਲ ਕਮਿਊਨ ਦੀ ਕੁੱਲ ਆਮਦਨ ਦੇ ਅੱਧ ਨਾਲ਼ੋਂ ਜ਼ਿਆਦਾ ਸੀ ਜਾਂ ਨਹੀਂ। ਬੁਨਿਆਦੀ ਕਮਿਊਨ ਮਾਲਕੀ ਢਾਂਚੇ ਨੂੰ ਹਾਸਲ ਕਰਨਾ ਆਮ ਤੌਰ 'ਤੇ ਕਮਿਊਨ ਦੇ ਮੈਂਬਰਾਂ ਲਈ ਲਾਭਦਾਇਕ ਹੈ। ਇਸ ਲਈ ਅਸੀਂ ਅੰਦਾਜ਼ਾ ਲਾਉਂਦੇ ਹਾਂ ਕਿ ਵਿਸ਼ਾਲ ਬਹੁਗਿਣਤੀ ਦੁਆਰਾ ਕੋਈ ਇਤਰਾਜ਼ ਨਹੀਂ ਕੀਤਾ ਜਾਵੇਗਾ। ਪਰ ਇਹਨਾਂ ਹਾਲਤਾਂ 'ਚ ਬਦਲਾਅ ਦੇ ਸਮੇਂ ਬੁਨਿਆਦੀ ਟੀਮ ਦੀਆਂ ਸਫ਼ਾਂ ਨੂੰ ਸਾਪੇਖਕ ਤੌਰ 'ਤੇ ਘੱਟ ਨਹੀਂ ਕੀਤਾ ਜਾ ਸਕੇਗਾ। ਕੀ ਉਹ ਬਦਲਾਅ 'ਤੇ ਇਤਰਾਜ਼ ਕਰਨਗੇ ?

ਭਾਵੇਂ ਕਿ ਸਮਾਜਵਾਦੀ ਸਮਾਜ 'ਚ ਜਮਾਤਾਂ ਦਾ ਖਾਤਮਾ ਕੀਤਾ ਜਾ ਸਕਦਾ ਹੈ ਪਰ ਇਸ ਦੇ ਵਿਕਾਸ ਦੌਰਾਨ "ਨਿਹਿਤ ਹਿੱਤਾਂ ਵਾਲੇ ਸਮੂਹਾਂ" — ਜੋ ਮੌਜੂਦਾ ਸੰਸਥਾਵਾਂ ਨਾਲ਼ ਸੰਤੁਸ਼ਟ ਹੋ ਚੁੱਕੇ ਹੋਣਗੇ ਤੇ ਬਦਲਾਅ ਦੇ ਪ੍ਰਤੀ ਅਣ-ਇਛੁੱਕ ਹੋਣਗੇ — ਲਾਜ਼ਮੀ ਹੀ ਕੁੱਝ ਸਮੱਸਿਆਵਾਂ ਖੜ੍ਹੀਆਂ ਕਰਨਗੇ। ਮਿਸਾਲ ਵਜੋਂ, ਜੇ ਕਿਰਤ ਅਨੁਸਾਰ ਵਟਾਂਦਰੇ ਦਾ ਨਿਯਮ ਪ੍ਰਭਾਵ 'ਚ ਹੋਵੇਗਾ ਤਾਂ ਜ਼ਿਆਦਾ ਕੰਮ ਤੋਂ ਉੱਚੀਆਂ ਤਨਖਾਹਾਂ ਨਾਲ਼ ਲਾਭ ਹਾਸਲ ਕਰਨਗੇ ਤੇ ਜਦੋਂ "ਲੋੜ ਅਨੁਸਾਰ ਵਟਾਂਦਰੇ" ਦੇ ਨਿਯਮ ਵੱਲ ਬਦਲਾਅ ਦਾ ਸਮਾਂ ਆਵੇਗਾ ਤਾਂ ਉਹ ਇਸ ਨਵੀਂ ਸਥਿਤੀ ਤੋਂ ਅਸੁਵਿਧਾ ਮਹਿਸੂਸ ਕਰ ਸਕਦੇ ਹਨ। ਨਵੇਂ ਢਾਂਚੇ ਨੂੰ ਬਣਾਉਣਾ ਹਮੇਸ਼ਾ ਪੁਰਾਣੇ ਦੀ ਕੁੱਝ ਤਬਾਹੀ ਨੂੰ ਲਾਜ਼ਮੀ ਬਣਾ ਦਿੰਦਾ ਹੈ। ਬਿਨਾਂ ਤਬਾਹੀ ਦੇ ਕੋਈ ਨਵੀਂ ਉਸਾਰੀ ਨਹੀਂ ਹੋ ਸਕਦੀ। ਜੇ ਤਬਾਹੀ ਲਾਜ਼ਮੀ ਹੈ ਤਾਂ ਉਹ ਕਿਸੇ ਵਿਰੋਧ ਨੂੰ ਵੀ ਜ਼ਰੂਰ ਜਨਮ ਦੇਵੇਗੀ। ਮਨੁੱਖ ਸੱਚਮੁੱਚ ਅਨੋਖਾ ਜੀਵ ਹੈ। ਇਨਸਾਨ ਨੂੰ ਜਿਵੇਂ ਹੀ ਕੁੱਝ ਸ੍ਰੇਸ਼ਠਤਾ ਹਾਸਲ ਹੁੰਦੀ ਹੈ, ਉਸ 'ਚ ਆਕੜ ਆ ਜਾਂਦੀ ਹੈ... ਇਸ ਦੀ ਅਣਦੇਖੀ ਕਰਨਾ ਖਤਰਨਾਕ ਹੋਵੇਗਾ।

## 26. ਇਹ ਦਾਅਵਾ ਕਿ "ਚੀਨ 'ਚ ਜਮਾਤੀ ਘੋਲ਼ ਦੇ ਤਿੱਖੇ ਰੂਪਾਂ ਨੂੰ ਅਪਣਾਉਣ ਦੀ ਕੋਈ ਲੋੜ ਨਹੀਂ"

ਸਫਾ 419 'ਤੇ ਇੱਕ ਗਲਤੀ ਹੈ। ਅਕਤੂਬਰ ਇਨਕਲਾਬ ਦੇ ਬਾਅਦ ਰੂਸ ਦੀ ਬੁਰਜੂਆਜ਼ੀ ਨੇ ਇਹ ਦੇਖ ਲਿਆ ਕਿ ਦੇਸ਼ ਦੀ ਆਰਥਕਤਾ ਨੇ ਬਹੁਤ ਨੁਕਸਾਨ ਝੱਲਿਆ ਹੈ ਅਤੇ ਇਸ ਲਈ ਉਹਨਾਂ ਨੇ ਫੈਸਲਾ ਕੀਤਾ ਕਿ ਮਜ਼ਦੂਰ ਜਮਾਤ ਹਾਲਾਤ ਨੂੰ ਬਦਲ ਨਹੀਂ

ਸਕੇਗੀ ਤੇ ਆਪਣੀ ਰਾਜਸੀ ਸੱਤਾ ਨੂੰ ਬਰਕਰਾਰ ਰੱਖਣ ਦੀ ਤਾਕਤ ਨਹੀਂ ਰੱਖਦੀ। ਉਹਨਾਂ ਨੇ ਇਹ ਪਰਖ ਲਿਆ ਕਿ ਉਹਨਾਂ ਦੇ ਸਿਰਫ਼ ਕਾਰਵਾਈ ਕਰਨ ਦੀ ਦੇਰ ਹੈ ਤੇ ਮਜ਼ਦੂਰ ਜਮਾਤ ਦੀ ਰਾਜਸੀ ਸੱਤਾ ਨੂੰ ਉਲਟਾਇਆ ਜਾ ਸਕਦਾ ਹੈ। ਇਸ ਮੌਕੇ ਉਹਨਾਂ ਨੇ ਹਥਿਆਰਬੰਦ ਵਿਰੋਧ ਕੀਤਾ ਸੀ ਤੇ ਇਸ ਪ੍ਰਕਾਰ ਰੂਸੀ ਮਜ਼ਦੂਰ ਜਮਾਤ ਨੂੰ ਉਹਨਾਂ ਦੀ ਜਾਇਦਾਦ ਜ਼ਬਤੀ ਦੇ ਕਰੜੇ ਕਦਮ ਚੁੱਕਣੇ ਪਏ ਸਨ। ਉਸ ਸਮੇਂ ਕਿਸੇ ਵੀ ਜਮਾਤ ਕੋਲ ਖਾਸ ਤਜ਼ਰਬਾ ਨਹੀਂ ਸੀ।

ਇਹ ਕਹਿਣਾ ਕਿ ਚੀਨੀ ਜਮਾਤੀ ਘੋਲ ਤਿੱਖਾ ਨਹੀਂ ਗੈਰ-ਯਥਾਰਥਵਾਦੀ ਹੈ। ਇਹ ਬਹੁਤ ਭਿਆਨਕ ਸੀ! ਅਸੀਂ ਬਾਈ ਸਾਲਾਂ ਤੱਕ ਸਿੱਧਾ ਲੜੇ। ਜੰਗ ਛੇੜ ਕੇ ਅਸੀਂ ਬੁਰਜੂਆਜ਼ੀ ਦੀ ਨੈਸ਼ਨਲਿਸਟ ਪਾਰਟੀ ਦੇ ਰਾਜ ਨੂੰ ਉਲਟਾ ਦਿੱਤਾ ਤੇ ਨੌਕਰਸ਼ਾਹਾਨਾ ਪੂੰਜੀ ਨੂੰ ਜ਼ਬਤ ਕਰ ਲਿਆ ਜੋ ਸਾਡੀ ਸਾਰੀ ਪੂੰਜੀਵਾਦੀ ਆਰਥਕਤਾ ਦਾ 80 ਪ੍ਰਤੀਸ਼ਤ ਸੀ। ਇਸ ਤੋਂ ਬਾਅਦ ਹੀ ਸਾਡੇ ਲਈ ਸੰਭਵ ਸੀ ਕਿ ਅਸੀਂ ਬਾਕੀ ਦੀ 20 ਪ੍ਰਤੀਸ਼ਤ ਕੌਮੀ ਪੂੰਜੀ ਨੂੰ ਸ਼ਾਂਤਮਈ ਢੰਗਾਂ ਨਾਲ਼ ਮੁੜ ਗਠਤ ਕਰ ਸਕੇ। ਮੁੜ-ਗਠਨ ਦੀ ਪ੍ਰਕਿਰਿਆ ’ਚ ਵੀ ਸਾਨੂੰ “ਤਿੰਨ-ਵਿਰੋਧੀ” ਤੇ “ਪੰਜ-ਵਿਰੋਧੀ” ਮੁਹਿੰਮਾਂ[16] ਜਿਹੇ ਭਿਆਨਕ ਸੰਘਰਸ਼ਾਂ ’ਚੋਂ ਲੰਘਣਾ ਪਿਆ।

ਸਫ਼ਾ 420 ’ਤੇ ਬੁਰਜੂਆ ਸਨਅਤਾਂ ਤੇ ਵਪਾਰਕ ਉੱਦਮਾਂ ਦੇ ਮੁੜ-ਗਠਨ ਨੂੰ ਗਲਤ ਢੰਗ ਨਾਲ਼ ਦੱਸਦਾ ਹੈ। ਮੁਕਤੀ ਤੋਂ ਬਾਅਦ ਕੌਮੀ ਬੁਰਜੂਆਜ਼ੀ ਨੂੰ ਸਮਾਜਵਾਦੀ ਰਸਤਾ ਫੜਨ ਲਈ ਮਜਬੂਰ ਕੀਤਾ ਗਿਆ। ਅਸੀਂ ਚਿਆਂਗ-ਕਾਈ-ਸ਼ੇਕ ਦਾ ਤਖਤਾ ਉਲਟਾ ਦਿੱਤਾ, ਨੌਕਰਸ਼ਾਹਾਨਾ ਪੂੰਜੀ ਨੂੰ ਜ਼ਬਤ ਕਰ ਲਿਆ, ਜ਼ਰਈ ਸੁਧਾਰਾਂ ਨੂੰ ਪੂਰਾ ਕੀਤਾ, “ਤਿੰਨ ਵਿਰੋਧੀ” ਤੇ “ਪੰਜ ਵਿਰੋਧੀ” ਮੁਹਿੰਮਾਂ ਨੂੰ ਚਲਾਇਆ ਤੇ ਸਹਿਕਾਰੀ ਸੰਸਥਾਵਾਂ ਨੂੰ ਕਾਰਜਸ਼ੀਲ ਸੱਚ ਬਣਾ ਦਿੱਤਾ। ਅਸੀਂ ਮੰਡੀਆਂ ’ਤੇ ਸ਼ੁਰੂ ਤੋਂ ਹੀ ਕੰਟਰੋਲ ਰੱਖਿਆ। ਕਾਇਆਪਲਟੀ ਦੀ ਇਸ ਲੜੀ ਨੇ ਕੌਮੀ ਬੁਰਜੂਆਜ਼ੀ ਨੂੰ ਕਦਮ-ਦਰ-ਕਦਮ ਮੁੜ ਗਠਨ ਨੂੰ ਪ੍ਰਵਾਨ ਕਰਨ ਲਈ ਮਜਬੂਰ ਕਰ ਦਿੱਤਾ। ਇੱਕ ਵੱਖਰੇ ਨਜ਼ਰੀਏ ਤੋਂ ਵੇਖੀਏ ਤਾਂ ਸਾਂਝੇ ਪ੍ਰੋਗਰਾਮ ’ਚ ਇਸ ਗੱਲ ਦੀ ਗਰੰਟੀ ਦਿੱਤੀ ਗਈ ਸੀ ਕਿ ਵੱਖ-ਵੱਖ ਕਿਸਮ ਦੇ ਆਰਥਕ ਹਿੱਤਾਂ ਨੂੰ ਮੌਕਾ ਦਿੱਤਾ ਜਾਵੇਗਾ। ਇਸ ਨੇ ਪੂੰਜੀਪਤੀਆਂ ਨੂੰ ਇਸ ਕਾਬਲ ਬਣਾ ਦਿੱਤਾ ਕਿ ਉਹ ਜਿੰਨਾ ਲਾਭ ਕਮਾ ਸਕਣ ਕਮਾ ਲੈਣ। ਇਸ ਤੋਂ ਬਿਨਾਂ ਸੰਵਿਧਾਨ ਨੇ ਉਹਨਾਂ ਨੂੰ ਵੋਟ ਦਾ ਹੱਕ ਤੇ ਜਿਉਣ ਦਾ ਹੱਕ ਦਿੱਤਾ ਸੀ। ਇਹਨਾਂ ਚੀਜ਼ਾਂ ਨੇ ਬੁਰਜੂਆਜ਼ੀ ਨੂੰ ਇਹ ਮਹਿਸੂਸ ਕਰਨ ’ਚ ਮਦਦ ਕੀਤੀ ਕਿ ਮੁੜ-ਗਠਨ ਨੂੰ ਮੰਨ ਕੇ ਉਹ ਇੱਕ ਸਮਾਜਕ ਪਦਵੀ ’ਤੇ ਬਣੇ ਰਹਿ ਸਕਦੇ ਹਨ ਅਤੇ ਸੱਭਿਆਚਾਰ ਤੇ ਆਰਥਕਤਾ ’ਚ ਕੁੱਝ ਭੂਮਿਕਾ ਨਿਭਾ ਸਕਦੇ ਹਨ।

ਸਾਂਝੇ ਰਾਜ-ਨਿੱਜੀ ਉੱਦਮਾਂ ’ਚ ਪੂੰਜੀਪਤੀਆਂ ਕੋਲ ਉੱਦਮਾਂ ਦੇ ਅਸਲ ਪ੍ਰਬੰਧਨ ਦੇ ਕੋਈ ਹੱਕ ਨਹੀਂ ਹੁੰਦੇ। ਪੈਦਾਵਾਰ ਦਾ ਸੰਚਾਲਣ ਵੀ ਨਿਸ਼ਚੇ ਹੀ ਪੂੰਜੀਪਤੀਆਂ ਤੇ ਲੋਕ ਪ੍ਰਤੀਨਿਧਾਂ ਦੁਆਰਾ ਸਾਂਝੇ ਰੂਪ ’ਚ ਨਹੀਂ ਕੀਤਾ ਜਾਂਦਾ ਹੈ। ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ “ਪੂੰਜੀ ਦੁਆਰਾ ਕਿਰਤ ਦੀ ਲੁੱਟ ਨੂੰ ਸੀਮਤ ਕਰ ਦਿੱਤਾ ਗਿਆ ਹੈ।” ਇਸ ਨੂੰ ਅਸਲ ’ਚ ਘਟਾ ਦਿੱਤਾ ਗਿਆ ਹੈ। ਕਿਤਾਬ ਨੇ ਇਹ ਵਿਚਾਰ ਛੱਡ ਦਿੱਤਾ ਲੱਗਦਾ ਹੈ ਕਿ ਜਿਹਨਾਂ ਸਾਂਝੇ

ਸੰਚਾਲਤ ਉੱਦਮਾਂ ਦੀ ਅਸੀਂ ਗੱਲ ਕਰ ਰਹੇ ਹਾਂ ਉਹਨਾਂ ਵਿੱਚੋਂ 75 ਫੀਸਦੀ ਸਮਾਜਵਾਦੀ ਹਨ। ਬਿਨਾਂ ਸ਼ੱਕ ਇਸ ਸਮੇਂ 90 ਪ੍ਰਤੀਸ਼ਤ ਜਾਂ ਉਸ ਤੋਂ ਵੀ ਜ਼ਿਆਦਾ ਸਮਾਜਵਾਦੀ ਹਨ।

ਪੂੰਜੀਵਾਦੀ ਸਨਅਤ ਤੇ ਵਪਾਰ ਦੇ ਮੁੜ-ਗਠਨ ਦਾ ਕੰਮ ਬੁਨਿਆਦੀ ਤੌਰ 'ਤੇ ਪੂਰਾ ਕੀਤਾ ਜਾ ਚੁੱਕਾ ਹੈ। ਪਰ ਜੇ ਪੂੰਜੀਪਤੀਆਂ ਕੋਲ ਮੌਕਾ ਹੋਵੇ ਤਾਂ ਉਹ ਬਿਨਾਂ ਕਿਸੇ ਸੰਜਮ ਦੇ ਸਾਡੇ 'ਤੇ ਹਮਲਾ ਬੋਲ ਦੇਣਗੇ। 1957 'ਚ ਅਸੀਂ ਸੱਜਿਆਂ ਦੇ ਹਮਲੇ[17] ਨੂੰ ਪਿੱਛੇ ਧੱਕ ਦਿੱਤਾ ਸੀ। 1959 'ਚ ਪਾਰਟੀ ਵਿਚਲੇ ਆਪਣੇ ਪ੍ਰਤੀਨਿਧਾਂ ਦੁਆਰਾ ਉਹਨਾਂ ਨੇ ਮੁੜ ਸਾਡੇ 'ਤੇ ਹੱਲਾ ਬੋਲ ਦਿੱਤਾ ਸੀ।[18] ਕੌਮੀ ਪੂੰਜੀਪਤੀਆਂ ਪ੍ਰਤੀ ਸਾਡੀ ਨੀਤੀ ਉਹਨਾਂ ਨੂੰ ਆਪਣੇ ਨਾਲ਼ ਲੈਣ ਤੇ ਫਿਰ ਉਹਨਾਂ ਨੂੰ ਘੇਰੇ 'ਚ ਲੈਣ ਦੀ ਰਹੀ ਹੈ।

ਕਿਤਾਬ ਲੈਨਿਨ ਦੇ ਇਸ ਕਥਨ ਦੀ ਵਰਤੋਂ ਕਰਦੀ ਹੈ ਕਿ ਰਾਜਕੀ ਪੂੰਜੀਵਾਦ "ਜਮਾਤੀ ਘੋਲ ਨੂੰ ਦੂਸਰੇ ਰੂਪ 'ਚ ਚਾਲੂ ਰੱਖਦਾ ਹੈ।" ਇਹ ਸਹੀ ਹੈ। (ਸਫਾ 421)

## 27. ਸਮਾਜਵਾਦ ਦੀ ਉਸਾਰੀ ਦਾ ਸਮਾਂ

ਸਫ਼ਾ 423 'ਤੇ ਕਿਤਾਬ ਕਹਿੰਦੀ ਹੈ ਕਿ ਅਸੀਂ ਰਾਜਸੀ ਤੇ ਵਿਚਾਰਧਾਰਕ ਮੋਰਚਿਆਂ 'ਤੇ 1957 'ਚ ਸਮਾਜਵਾਦੀ ਇਨਕਲਾਬ "ਪੂਰਾ ਕੀਤਾ"।[19] ਇਸ ਦੇ ਬਜਾਏ ਅਸੀਂ ਇਹ ਕਹਾਂਗੇ ਕਿ ਅਸੀਂ ਫੈਸਲਾਕੁੰਨ ਜਿੱਤ ਹਾਸਲ ਕੀਤੀ।

ਇਸੇ ਸਫ਼ੇ 'ਤੇ ਕਿਹਾ ਗਿਆ ਹੈ ਕਿ ਅਸੀਂ ਚੀਨ ਨੂੰ ਦਸ ਤੋਂ ਪੰਦਰਾਂ ਸਾਲਾਂ 'ਚ ਇੱਕ ਮਜ਼ਬੂਤ ਸਮਾਜਵਾਦੀ ਦੇਸ਼ 'ਚ ਬਦਲ ਦੇਣਾ ਚਾਹੁੰਦੇ ਹਾਂ। ਹੁਣ ਇਹ ਇੱਕ ਅਜਿਹੀ ਗੱਲ ਹੈ ਜਿਸ ਨਾਲ਼ ਅਸੀਂ ਸਹਿਮਤ ਹਾਂ! ਇਸ ਦਾ ਭਾਵ ਹੈ ਕਿ ਦੂਜੀ ਪੰਜ ਸਾਲਾਂ ਯੋਜਨਾ ਤੋਂ ਬਾਅਦ ਸਾਨੂੰ ਅਗਲੀਆਂ ਦੋ ਪੰਜ ਪੰਜ ਸਾਲਾਂ ਯੋਜਨਾਵਾਂ 1972 ਤੱਕ ਪੂਰੀਆਂ ਕਰਨੀਆਂ ਪੈਣਗੀਆਂ (ਜਾਂ 1969 ਤੱਕ, ਜੇ ਅਸੀਂ ਸਮਾਂ-ਸੂਚੀ ਨੂੰ ਦੋ ਜਾਂ ਤਿੰਨ ਸਾਲਾਂ ਤੱਕ ਪਛਾੜਨਾ ਚਾਹੁੰਦੇ ਹਾਂ)। ਸਨਅਤ ਅਤੇ ਖੇਤੀ, ਵਿਗਿਆਨ ਅਤੇ ਸੱਭਿਆਚਾਰ ਦੇ ਆਧੁਨਿਕੀਕਰਨ ਦੇ ਨਾਲ਼ ਨਾਲ਼ ਸਾਨੂੰ ਕੌਮੀ ਸੁਰੱਖਿਆ ਦਾ ਵੀ ਆਧੁਨਿਕੀਕਰਨ ਕਰਨਾ ਪਵੇਗਾ। ਸਾਡੇ ਵਰਗੇ ਦੇਸ਼ ਲਈ ਸਮਾਜਵਾਦ ਦੀ ਉਸਾਰੀ ਨੂੰ ਪੂਰਾ ਕਰਨ ਦਾ ਕੰਮ ਬੇਹੱਦ ਔਖਾ ਹੈ। ਸਮਾਜਵਾਦੀ ਉਸਾਰੀ 'ਚ ਸਾਨੂੰ "ਜਲਦੀ" ਦੀ ਗੱਲ ਨਹੀਂ ਕਰਨੀ ਚਾਹੀਦੀ।

## 28. ਸਨਅਤੀਕਰਨ ਤੇ ਸਮਾਜਵਾਦੀ ਕਾਇਆਪਲਟੀ ਦਰਮਿਆਨ ਸਬੰਧਾਂ ਦੀ ਹੋਰ ਵਧੇਰੇ ਚਰਚਾ।

ਸਫ਼ਾ 423 'ਤੇ ਕਿਤਾਬ ਕਹਿੰਦੀ ਹੈ ਕਿ ਚੀਨ ਦੀਆਂ ਵਿਸ਼ੇਸ਼ ਹਾਲਤਾਂ ਤੋਂ ਪੈਦਾ ਹਾਲਤ ਸਦਕਾ ਸਨਅਤੀਕਰਨ ਤੋਂ ਬਹੁਤ ਪਹਿਲਾਂ ਮਾਲਕੀ ਦੇ ਢਾਂਚੇ 'ਚ ਸੁਧਾਰ ਹੋਇਆ ਸੀ। ਇੱਹ ਇੱਕ ਗਲਤੀ ਹੈ। ਚੀਨ ਦੀ ਤਰ੍ਹਾਂ ਪੂਰਬੀ ਯੂਰਪ ਨੇ "ਤਾਕਤਵਰ ਸਮਾਜਵਾਦੀ ਖੇਮੇ ਦੀ ਹੋਂਦ ਅਤੇ ਸੋਵੀਅਤ ਸੰਘ ਜਿਹੇ ਵਿਕਸਤ ਸਨਅਤੀ ਦੇਸ਼ ਦੀ ਮਦਦ ਦਾ ਫਾਇਦਾ

ਲਿਆ ਸੀ।" ਸਵਾਲ ਇਹ ਹੈ ਕਿ ਕੀ ਕਾਰਨ ਸੀ ਕਿ ਪੂਰਬੀ ਦੇਸ਼ਾਂ 'ਚ ਸਨਅਤੀਕਰਨ ਨੂੰ ਸਕਾਰ ਕਰਨ ਤੋਂ ਪਹਿਲਾਂ ਮਾਲਕੀ ਢਾਂਚੇ (ਖੇਤੀ ਸਹਿਤ) ਦੀ ਸਮਾਜਵਾਦੀ ਕਾਇਆਪਲਟੀ ਦਾ ਕੰਮ ਪੂਰਾ ਨਹੀਂ ਹੋਇਆ?* ਸਨਅਤੀਕਰਨ ਤੇ ਸਮਾਜਵਾਦੀ ਕਾਇਆਪਲਟੀ ਦਰਮਿਆਨ ਸਬੰਧਾਂ ਵੱਲ ਮੁੜਦਿਆਂ ਇਹ ਸੱਚ ਸਾਹਮਣੇ ਆਉਂਦਾ ਹੈ ਕਿ ਖ਼ੁਦ ਸੋਵੀਅਤ ਸੰਘ 'ਚ ਸਨਅਤੀਕਰਨ ਦੇ ਸੱਚ ਹੋਣ ਤੋਂ ਪਹਿਲਾਂ ਮਾਲਕੀ ਦੀ ਸਮੱਸਿਆ ਨੂੰ ਹੱਲ ਕਰ ਲਿਆ ਗਿਆ ਸੀ।

ਇਸੇ ਤਰ੍ਹਾਂ ਸੰਸਾਰ ਇਤਿਹਾਸ ਦੇ ਨੁਕਤੇ ਤੋਂ ਵੇਖੀਏ ਤਾਂ ਬੁਰਜੂਆ ਇਨਕਲਾਬ ਤੇ ਬੁਰਜੂਆ ਕੌਮਾਂ ਦੀ ਸਥਾਪਨਾ ਸਨਅਤੀ ਇਨਕਲਾਬ ਤੋਂ ਪਹਿਲਾਂ ਹੋਈ, ਬਾਅਦ 'ਚ ਨਹੀਂ। ਬੁਰਜੂਆਜ਼ੀ ਨੇ ਪਹਿਲਾਂ ਉੱਚ-ਉਸਾਰ ਨੂੰ ਬਦਲਿਆ ਤੇ ਰਾਜ ਦੀ ਮਸ਼ੀਨਰੀ 'ਤੇ ਕਬਜ਼ਾ ਕੀਤਾ ਤੇ ਫਿਰ ਅਸਲ ਤਾਕਤ ਹਾਸਲ ਕਰਨ ਲਈ ਪ੍ਰਚਾਰ ਕੀਤਾ। ਉਸ ਤੋਂ ਬਾਅਦ ਹੀ ਉਹ ਪੈਦਾਵਾਰੀ ਸਬੰਧਾਂ 'ਚ ਮਹਾਨ ਤਬਦੀਲੀਆਂ ਨੂੰ ਅੱਗੇ ਲੈ ਜਾ ਸਕੇ। ਜਦੋਂ ਪੈਦਾਵਾਰੀ ਸਬੰਧਾਂ ਨਾਲ਼ ਨਜਿੱਠ ਲਿਆ ਗਿਆ ਤੇ ਉਹ ਇੱਕ ਸਹੀ ਰਸਤੇ 'ਤੇ ਚੱਲਣ ਲੱਗੇ ਤਾਂ ਫਿਰ ਉਹਨਾਂ ਨੇ ਪੈਦਾਵਾਰੀ ਤਾਕਤਾਂ ਦੇ ਵਿਕਾਸ ਲਈ ਰਸਤੇ ਖੋਲ੍ਹ ਦਿੱਤੇ। ਸੱਚੀ ਗੱਲ ਇਹ ਹੈ ਕਿ ਪੈਦਾਵਾਰੀ ਤਾਕਤਾਂ ਦਾ ਕੁੱਝ ਹੱਦ ਤੱਕ ਵਿਕਾਸ ਪੈਦਾਵਾਰੀ ਸਬੰਧਾਂ 'ਚ ਇਨਕਲਾਬ ਲਿਆਉਂਦਾ ਹੈ ਪਰ ਪੈਦਾਵਾਰੀ ਤਾਕਤਾਂ ਦਾ ਬਹੁਤਾ ਵਿਕਾਸ ਪੈਦਾਵਾਰੀ ਸਬੰਧਾਂ 'ਚ ਤਬਦੀਲੀ ਤੋਂ ਬਾਅਦ ਹੀ ਹੁੰਦਾ ਹੈ। ਪੂੰਜੀਵਾਦ ਦੇ ਵਿਕਾਸ ਦੇ ਇਤਿਹਾਸ 'ਤੇ ਗੌਰ ਕਰੋ। ਪਹਿਲਾਂ ਸਧਾਰਨ ਤਾਲਮੇਲ ਆਇਆ ਜੋ ਬਾਅਦ 'ਚ ਕਾਰਖਾਨਾ ਦਸਤਕਾਰੀ 'ਚ ਵਿਕਸਤ ਹੋ ਗਿਆ। ਇਸ ਸਮੇਂ ਪੂੰਜੀਵਾਦ ਪੈਦਾਵਾਰੀ ਸਬੰਧ ਪਹਿਲਾਂ ਹੀ ਰੂਪ ਧਾਰ ਰਹੇ ਸਨ, ਪਰ ਕਾਰਖਾਨੇ ਮਸ਼ੀਨਾਂ ਤੋਂ ਬਿਨਾਂ ਪੈਦਾ ਕਰਦੇ ਸਨ। ਇਸ ਤਰ੍ਹਾਂ ਦੇ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਨੇ ਤਕਨੀਕੀ ਵਿਕਾਸ ਦੀ ਲੋੜ ਨੂੰ ਜਨਮ ਦਿੱਤਾ ਤੇ ਮਸ਼ੀਨਾਂ ਦੀ ਵਰਤੋਂ ਦੇ ਹਾਲਾਤ ਪੈਦਾ ਕੀਤੇ। ਇੰਗਲੈਂਡ ਦੇ ਵਿੱਚ 17ਵੀਂ ਸਦੀ ਦੇ ਬੁਰਜੂਆ ਇਨਕਲਾਬ ਤੋਂ ਬਾਅਦ ਹੀ ਸਨਅਤੀ ਇਨਕਲਾਬ (18ਵੀਂ ਸਦੀ ਦੇ ਅੰਤ ਤੇ 19ਵੀਂ ਸਦੀ ਦੇ ਸ਼ੁਰੂ 'ਚ) ਨੂੰ ਚਲਾਇਆ ਜਾ ਸਕਿਆ। ਜਰਮਨੀ, ਫ਼ਰਾਂਸ, ਅਮਰੀਕਾ ਤੇ ਜਪਾਨ ਸਾਰਿਆਂ ਨੇ ਹੀ ਪੂੰਜੀਵਾਦੀ ਸਨਅਤ ਦੇ ਵਿਸ਼ਾਲ ਵਿਕਾਸ ਤੋਂ ਪਹਿਲਾਂ ਆਪੋ-ਆਪਣੇ ਢੰਗ ਨਾਲ਼ ਉੱਚ-ਉਸਾਰ ਤੇ ਪੈਦਾਵਾਰੀ ਸਬੰਧਾਂ ਵਿੱਚ ਤਬਦੀਲੀ 'ਚੋਂ ਲੰਘੇ।

ਇਹ ਇੱਕ ਆਮ ਨਿਯਮ ਹੈ ਕਿ ਤੁਸੀਂ ਓਨਾ ਚਿਰ ਮਾਲਕੀ ਤੇ ਪੈਦਾਵਾਰੀ ਸਬੰਧਾਂ ਦੇ ਵਿਕਾਸ ਦੇ ਵਿਸਤਾਰ ਦੀ ਸਮੱਸਿਆ ਹੱਲ ਨਹੀਂ ਕਰ ਸਕਦੇ ਜਿੰਨਾ ਚਿਰ ਤੁਸੀਂ ਰਾਜਨੀਤਕ ਤਾਕਤ 'ਤੇ ਕਬਜ਼ਾ ਕਰਨ ਲਈ ਲੋਕ-ਮਤ ਨੂੰ ਤਿਆਰ ਨਹੀਂ ਕਰ ਲੈਂਦੇ। ਭਾਵੇਂ ਕਿ ਬੁਰਜੂਆ ਇਨਕਲਾਬ ਤੇ ਪ੍ਰੋਲੇਤਾਰੀ ਇਨਕਲਾਬ 'ਚ ਕੁੱਝ ਫਰਕ ਹੁੰਦਾ ਹੈ (ਪ੍ਰੋਲੇਤਾਰੀ ਇਨਕਲਾਬ ਤੋਂ ਪਹਿਲਾਂ ਸਮਾਜਵਾਦੀ ਪੈਦਾਵਾਰੀ ਸਬੰਧਾਂ ਦੀ ਹੋਂਦ ਨਹੀਂ ਹੁੰਦੀ ਜਦੋਂ ਕਿ ਜਗੀਰੂ ਸਮਾਜ 'ਚ ਪੂੰਜੀਵਾਦੀ ਪੈਦਾਵਾਰੀ ਸਬੰਧ ਪਹਿਲਾਂ ਹੀ ਵਿਕਸਤ ਹੋਣੇ ਸ਼ੁਰੂ ਹੋ ਗਏ ਸੀ) ਪਰ ਬੁਨਿਆਦੀ ਤੌਰ 'ਤੇ ਉਹ ਇੱਕੋ ਜਿਹੇ ਹੁੰਦੇ ਹਨ।

---

* 1967 ਦੀ ਛਾਪ 28ਵੇਂ ਪਾਠ ਦੇ ਪੈਰਾ 1 ਨਾਲ ਤੁਲਨਾ ਕਰੋ

ਸਫ਼ਾ 423 ਕਹਿੰਦਾ ਹੈ, "ਚੀਨ ਦੀਆਂ ਵਿਸ਼ੇਸ਼ ਹਾਲਤਾਂ ਕਾਰਨ ਤਾਕਤਵਾਰ ਸਮਾਜਵਾਦੀ ਖੇਮੇ ਦੀ ਹੋਂਦ ਤੇ ਸੋਵੀਅਤ ਯੂਨੀਅਨ ਜਿਹੇ ਤਾਕਤਵਰ ਬੇਹੱਦ ਵਿਕਸਤ ਸਨਅਤੀ ਦੇਸ਼ ਦੀ ਮਦਦ ਨਾਲ਼ ਸਮਾਜਵਾਦੀ ਸਨਅਤੀਕਰਨ ਦੇ ਸੱਚ 'ਚ ਬਦਲਣ ਤੋਂ ਪਹਿਲਾਂ ਮਾਲਕੀ ਢਾਂਚੇ 'ਚ ਸੁਧਾਰ ਨੇ (ਖੇਤੀ ਸਹਿਤ) ਜਿੱਤ ਹਾਸਲ ਕਰ ਲਈ ਸੀ"। ਇਹ ਇੱਕ ਗਲਤੀ ਹੈ। "ਤਾਕਤਵਰ ਸਮਾਜਵਾਦੀ ਖੇਮੇ ਦੀ ਹੋਂਦ ਤੇ ਸੋਵੀਅਤ ਯੂਨੀਅਨ ਜਿਹੇ ਬੇਹੱਦ ਵਿਕਸਤ ਸਨਅਤੀ ਦੇਸ਼ ਦੀ ਮਦਦ" ਪੂਰਬੀ ਯੂਰਪ ਦੇ ਦੇਸ਼ਾਂ ਲਈ ਚੀਨ ਤੋਂ ਘੱਟ ਨਹੀਂ ਸੀ। ਫਿਰ ਉਹ ਸਨਅਤੀਕਰਨ ਦੇ ਸੱਚ ਹੋਣ ਤੋਂ ਪਹਿਲਾਂ ਮਾਲਕੀ ਢਾਂਚੇ ਦੀ (ਖੇਤੀ ਸਹਿਤ) ਸਮਾਜਵਾਦੀ ਕਾਇਆਪਲਟੀ ਦਾ ਕੰਮ ਪੂਰਾ ਕਿਉਂ ਨਹੀਂ ਕਰ ਸਕੇ ?

## 29. ਸਮਾਜਵਾਦੀ ਪੈਦਾਵਾਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ ਦਰਮਿਆਨ ਵਿਰੋਧਤਾਈਆਂ

ਸਫ਼ਾ 433 ਸਮਾਜਵਾਦ 'ਚ ਪੈਦਾਵਾਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ ਦਰਮਿਆਨ "ਪਰਸਪਰ ਕਾਰਜ" ਦੀ ਹੀ ਚਰਚਾ ਕਰਦਾ ਹੈ ਤੇ ਉਹਨਾਂ ਵਿੱਚ ਵਿਰੋਧਤਾਈਆਂ ਦੀ ਚਰਚਾ ਨਹੀਂ ਕਰਦਾ। ਪੈਦਾਵਾਰੀ ਸਬੰਧਾਂ ਵਿੱਚ ਪੈਦਾਵਾਰ ਦੇ ਸਾਧਨ ਦੀ ਮਾਲਕੀ, ਪੈਦਾਵਾਰ ਦੇ ਦੌਰਾਨ ਲੋਕਾਂ ਦਰਮਿਆਨ ਸਬੰਧ ਅਤੇ ਵੰਡ ਢਾਂਚਾ ਆ ਜਾਂਦੇ ਹਨ। ਕਹਿਣ ਦਾ ਭਾਵ ਹੈ ਕਿ ਮਾਲਕੀ ਦੇ ਢਾਂਚੇ ਵਿੱਚ ਇਨਕਲਾਬ ਅਧਾਰ ਹੈ, ਮਿਸਾਲ ਵਜੋਂ ਸਮੂਹਕ ਮਾਲਕੀ ਦੇ ਸਾਰੇ ਲੋਕਾਂ ਦੀ ਮਾਲਕੀ 'ਚ ਸੰਰਕਮਣ ਦੁਆਰਾ ਕੌਮੀ ਆਰਥਕਤਾ ਦੇ ਅਟੁੱਟ ਰੂਪ 'ਚ ਸਾਰੇ ਲੋਕਾਂ ਦੀ ਮਾਲਕੀ 'ਚ ਬਦਲ ਜਾਣ ਤੋਂ ਬਾਅਦ ਭਾਵੇਂ ਕਿ ਸਾਰੇ ਲੋਕਾਂ ਦੀ ਮਾਲਕੀ ਸਾਪੇਖਕ ਤੌਰ 'ਤੇ ਲੰਬੇ ਸਮੇਂ ਤੱਕ ਬਣੀ ਰਹੇਗੀ ਤਾਂ ਵੀ ਇਸ ਤਰ੍ਹਾਂ ਦੀ ਮਾਲਕੀ ਵਾਲੇ ਉੱਦਮਾਂ ਨੂੰ ਮਹੱਤਵਪੂਰਨ ਸਮੱਸਿਆਵਾਂ ਆਉਂਦੀਆਂ ਰਹਿਣਗੀਆਂ। ਕੀ ਅਸਲ 'ਚ ਅਥਾਰਟੀ ਦੀ ਕੇਂਦਰ-ਸਥਾਨਕ ਵੰਡ ਲਾਗੂ ਕੀਤੀ ਜਾਣੀ ਚਾਹੀਦੀ ਹੈ ? ਕੌਣ ਕਿਹੜੇ ਉੱਦਮਾਂ ਦਾ ਪ੍ਰਬੰਧਨ ਕਰੇ ? 1958 'ਚ ਕੁੱਝ ਬੁਨਿਆਦੀ ਨਿਰਮਾਣ ਇਕਾਈਆਂ 'ਚ ਪੂੰਜੀ ਨਿਵੇਸ਼ ਲਈ ਨਿਸ਼ਚਿਤ ਜ਼ਿੰਮੇਵਾਰੀ ਦੇ ਇੱਕ ਢਾਂਚੇ ਨੂੰ ਲਾਗੂ ਕੀਤਾ ਗਿਆ ਸੀ। ਨਤੀਜਾ ਇਹ ਸੀ ਕਿ ਇਹਨਾਂ ਉੱਦਮਾਂ 'ਚ ਜ਼ਬਰਦਸਤ ਉਤਸ਼ਾਹ ਪੈਦਾ ਹੋਇਆ। ਜਦੋਂ ਕੇਂਦਰ ਆਪਣੀ ਪਹਿਲ 'ਤੇ ਨਿਰਭਰ ਨਾ ਰਹਿ ਸਕੇ ਤਾਂ ਉਸ ਨੂੰ ਉੱਦਮ ਜਾਂ ਸਥਾਨਕ ਇਲਾਕੇ ਦੇ ਉਤਸ਼ਾਹ ਨੂੰ ਮੁਕਤ ਕਰ ਦੇਣਾ ਚਾਹੀਦਾ ਹੈ। ਜੇ ਅਜਿਹਾ ਉਤਸ਼ਾਹ ਮੱਧਮ ਪੈਂਦਾ ਹੈ ਤਾਂ ਉਹ ਪੈਦਾਵਾਰ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਅਸੀਂ ਵੇਖਦੇ ਹਾਂ ਲੋਕਾਂ ਦੀ ਮਾਲਕੀ ਦੇ ਅਧੀਨ ਵੀ ਪੈਦਾਵਾਰੀ ਸਬੰਧਾਂ 'ਚ ਹੱਲ ਕਰਨ ਵਾਲੀਆਂ ਵਿਰੋਧਤਾਈਆਂ ਰਹਿ ਜਾਂਦੀਆਂ ਹਨ। ਜਿੱਥੋਂ ਤੱਕ ਕਿਰਤ ਦੌਰਾਨ ਸਬੰਧ ਤੇ ਵੰਡ ਵਿਚਲੇ ਸਬੰਧਾਂ ਦਾ ਸਵਾਲ ਹੈ, ਉਹਨਾਂ ਨੂੰ ਨਿਰੰਤਰ ਸੁਧਾਰਨਾ ਸਭ ਤੋਂ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਇਹਨਾਂ ਖੇਤਰਾਂ ਦਾ ਅਧਾਰ ਦੱਸਣਾ ਬਹੁਤ ਮੁਸ਼ਕਿਲ ਹੈ। ਕਿਰਤ ਦੌਰਾਨ ਮਨੁੱਖੀ ਸਬੰਧਾਂ ਜਿਵੇਂ ਕਿ ਅਗਵਾਨੂੰ ਤੱਤਾਂ ਦੁਆਰਾ ਸਮਤਾਵਾਦੀ ਰੁਖ਼ ਅਪਣਾਉਣ ਬਾਰੇ, ਕੁੱਝ ਨਿਯੰਤਰਣਾਂ ਤੇ ਸਥਾਪਤ ਪੱਧਤੀਆਂ 'ਚ ਤਬਦੀਲੀਆਂ ਬਾਰੇ, "ਦੋ ਸ਼ਮੂਲੀਅਤ" (ਮਜ਼ਦੂਰਾਂ ਦੁਆਰਾ ਪ੍ਰਬੰਧਨ ਤੇ ਪ੍ਰਬੰਧਕਾਂ ਦੁਆਰਾ ਪੈਦਾਵਾਰੀ ਕਿਰਤ 'ਚ ਸ਼ਮੂਲੀਅਤ), "ਤਿੰਨ ਜੋੜਾਂ" (ਪਾਰਟੀ ਕਾਰਕੁੰਨਾਂ, ਮਜ਼ਦੂਰਾਂ ਤੇ ਤਕਨੀਸ਼ੀਅਨਾਂ ਦੀ ਕਿਰਤ ਨੂੰ ਇਕੱਠਿਆਂ ਕਰਨਾ) ਆਦਿ ਬਾਰੇ ਬਹੁਤ ਕੁੱਝ ਲਿਖਣ ਨੂੰ ਪਿਆ ਹੈ। ਆਦਿ ਕਮਿਊਨਾਂ ਦੀ ਲੋਕ ਮਾਲਕੀ ਇੱਕ ਲੰਬੇ ਅਰਸੇ ਤੱਕ ਸਥਾਪਤ ਰਹੀ ਪਰ ਉਸ ਸਮੇਂ 'ਚ ਕਿਰਤ ਦੌਰਾਨ ਲੋਕਾਂ ਦੇ ਇੱਕ-ਦੂਜੇ ਨਾਲ਼ ਸਬੰਧ ਕਈ ਸਾਰੀਆਂ ਤਬਦੀਲੀਆਂ 'ਚੋਂ ਲੰਘੇ।

## 30. ਸਮੂਹਕ ਮਾਲਕੀ ਤੋਂ ਲੋਕ ਮਾਲਕੀ 'ਚ ਕਾਇਆਪਲਟੀ ਅਟੱਲ ਹੈ।

ਸਫ਼ਾ 435 'ਤੇ ਕਿਤਾਬ ਕਹਿੰਦੀ ਹੈ ਕਿ ਰਾਜਕੀ ਮਾਲਕੀ ਦੇ ਦੋ ਰੂਪਾਂ ਦੀ ਹੋਂਦ ਬਾਹਰਮੁਖੀ ਅਟੱਲਤਾ ਹੈ ਪਰ ਇਹ ਨਹੀਂ ਕਹਿੰਦੀ ਕਿ ਸਮੂਹਕ ਤੋਂ ਸਾਰੇ ਲੋਕਾਂ ਦੀ ਮਾਲਕੀ ਵੀ ਬਾਹਰਮੁਖੀ ਅਟੱਲਤਾ ਹੈ। ਇਹ ਇੱਕ ਨਾ-ਬਚਣਯੋਗ ਬਾਹਰਮੁਖੀ ਪ੍ਰਕਿਰਿਆ ਹੈ ਜਿਸ ਨੂੰ ਇਸ ਸਮੇਂ ਸਾਡੇ ਦੇਸ਼ ਦੇ ਕਈ ਇਲਾਕਿਆਂ 'ਚ ਵੇਖਿਆ ਜਾ ਸਕਦਾ ਹੈ। ਹਪੇ ਪ੍ਰਾਂਤ ਦੇ ਚੇਂਗ ਅਨ ਖੇਤਰ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਸਨਅਤੀ ਫਸਲਾਂ ਉਗਾਉਣ ਵਾਲੇ ਕਮਿਊਨ ਉੱਨਤੀ ਕਰ ਰਹੇ ਹਨ, ਸੰਗ੍ਰਹਿ ਪੱਧਰ 45 ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ[20] ਤੇ ਕਿਸਾਨਾਂ ਦਾ ਜੀਵਨ ਪੱਧਰ ਉੱਚਾ ਹੈ। ਜੇ ਇਹੀ ਹਾਲਤ ਬਣੀ ਰਹਿੰਦੀ ਹੈ ਤੇ ਅਸੀਂ ਸਮੂਹਕ ਮਾਲਕੀ ਨੂੰ ਸਾਰੇ ਲੋਕਾਂ ਦੀ ਮਾਲਕੀ 'ਚ ਨਹੀਂ ਬਦਲਣ ਦਿੰਦੇ ਤੇ ਵਿਰੋਧਤਾਈਆਂ ਨੂੰ ਹੱਲ ਨਹੀਂ ਕਰਦੇ ਤਾਂ ਕਿਸਾਨਾਂ ਦਾ ਜੀਵਨ ਪੱਧਰ ਮਜ਼ਦੂਰਾਂ ਦੇ ਜੀਵਨ ਪੱਧਰ ਤੋਂ ਅੱਗੇ ਵੱਧ ਜਾਵੇਗਾ ਜੋ ਕਿ ਖੇਤੀ ਤੇ ਸਨਅਤ ਦੋਵਾਂ ਦੇ ਵਿਕਾਸ ਲਈ ਹਾਨੀਕਾਰਕ ਹੋਵੇਗਾ।

ਸਫ਼ਾ 438 'ਤੇ ਕਿਤਾਬ ਕਹਿੰਦੀ ਹੈ ਕਿ "ਰਾਜ-ਸੰਚਾਲਤ ਉੱਦਮ ਬੁਨਿਆਦੀ ਤੌਰ 'ਤੇ ਸਹਿਕਾਰੀ ਸੰਸਥਾਵਾਂ ਤੋਂ ਵੱਖਰੇ ਨਹੀਂ ਹਨ... ਰਾਜਕੀ ਮਾਲਕੀ ਦੇ ਦੋ ਰੂਪ ਮੌਜੂਦ ਹਨ... ਪਵਿੱਤਰ ਤੇ ਨਾ-ਉਲੰਘਣਯੋਗ।" ਪੂੰਜੀਵਾਦ ਦੇ ਸੰਦਰਭ 'ਚ ਸਮੂਹਕ ਤੇ ਸਾਰੇ ਲੋਕਾਂ ਦੀ ਮਾਲਕੀ 'ਚ ਕੋਈ ਫਰਕ ਨਹੀਂ ਪਰ ਸਮਾਜਵਾਦੀ ਆਰਥਕਤਾ 'ਚ ਵਖਰੇਵਾਂ ਬੁਨਿਆਦੀ ਬਣ ਜਾਂਦਾ ਹੈ। ਕਿਤਾਬ ਮਾਲਕੀ ਦੇ ਦੋ ਰੂਪਾਂ, "ਪਵਿੱਤਰ ਤੇ ਨਾ ਉਲੰਘਣਯੋਗ" ਦੀ ਗੱਲ ਕਰਦੀ ਹੈ। ਦੁਸ਼ਮਣਾਨਾ ਤਾਕਤਾਂ ਦੀ ਗੱਲ ਕਰਦਿਆਂ ਇਹ ਮੰਨਣ ਯੋਗ ਹੈ ਪਰ ਰਾਜਕੀ ਮਾਲਕੀ ਦੇ ਵਿਕਾਸ ਦੀ ਗੱਲ ਕਰਦਿਆਂ ਇਹ ਗਲਤ ਹੈ। ਕਿਸੇ ਵੀ ਚੀਜ਼ ਨੂੰ ਅਬਦਲ ਨਹੀਂ ਮੰਨਿਆ ਜਾ ਸਕਦਾ। ਸਾਰੇ ਲੋਕਾਂ ਦੀ ਮਾਲਕੀ ਦੀ ਤਬਦੀਲੀ ਦੀ ਵੀ ਪ੍ਰਕਿਰਿਆ ਹੁੰਦੀ ਹੈ।

ਬਹੁਤ ਸਾਲਾਂ ਬਾਅਦ ਜਦੋਂ ਲੋਕ ਕਮਿਊਨਾਂ ਦੀ ਮਾਲਕੀ ਸਾਰੇ ਲੋਕਾਂ ਦੀ ਮਾਲਕੀ 'ਚ ਬਦਲ ਚੁੱਕੀ ਹੋਵੇਗੀ ਤਾਂ ਸਾਰਾ ਦੇਸ਼ ਸਾਰੇ ਲੋਕਾਂ ਦੀ ਮਾਲਕੀ ਵਾਲਾ ਇੱਕ ਅਖੰਡ ਢਾਂਚਾ ਬਣ ਜਾਵੇਗਾ। ਇਹ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਬਹੁਤ ਜ਼ਿਆਦਾ ਹੱਲਾਸ਼ੇਰੀ ਦੇਵੇਗਾ। ਕੁੱਝ ਸਮੇਂ ਲਈ ਇਹ ਸਾਰੇ ਲੋਕਾਂ ਦੀ ਮਾਲਕੀ ਵਾਲਾ ਸਮਾਜਵਾਦੀ ਢਾਂਚਾ ਹੀ ਬਣਿਆ ਰਹੇਗਾ ਤੇ ਸਿਰਫ਼ ਇੱਕ ਦੂਸਰੇ ਦੌਰ ਦੇ ਬੀਤ ਜਾਣ ਤੋਂ ਬਾਅਦ ਹੀ ਇਹ ਸਾਰੇ ਲੋਕਾਂ ਦੀ ਮਾਲਕੀ ਵਾਲਾ ਕਮਿਊਨਿਸਟ ਢਾਂਚਾ ਬਣ ਪਾਵੇਗਾ। ਇਸ ਤਰ੍ਹਾਂ ਲੋਕਾਂ ਦੀ ਮਾਲਕੀ ਨੂੰ ਖ਼ੁਦ ਨੂੰ ਕਿਰਤ ਅਨੁਸਾਰ ਵੰਡ ਤੋਂ ਲੋੜ ਅਨੁਸਾਰ ਵੰਡ 'ਚ ਵਿਕਸਤ ਕਰਨਾ ਪਵੇਗਾ।

## 31. ਵਿਅਕਤੀਗਤ (Individual) ਜਾਇਦਾਦ

ਸਫ਼ਾ 439 'ਤੇ ਕਿਤਾਬ ਕਹਿੰਦੀ ਹੈ, "ਦੂਜਾ ਹਿੱਸਾ ਉਪਭੋਗਤਾ ਵਸਤੂਆਂ ਦਾ ਹੈ... ਜੋ ਮਜ਼ਦੂਰਾਂ ਦੀ ਵਿਅਕਤੀਗਤ ਜਾਇਦਾਦ ਹੁੰਦੀਆਂ ਹਨ।" ਪ੍ਰਗਟਾਵੇ ਦਾ ਇਹ ਢੰਗ ਲੋਕਾਂ ਨੂੰ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ "ਉਪਭੋਗਤਾ ਸ਼੍ਰੇਣੀ ਦੀਆਂ ਵਸਤੂਆਂ ਦੀ

ਵੰਡ ਮਜ਼ਦੂਰਾਂ ਨੂੰ ਉਹਨਾਂ ਦੀ ਵਿਅਕਤੀਗਤ ਜਾਇਦਾਦ ਦੇ ਰੂਪ 'ਚ ਕੀਤੀ ਜਾਵੇਗੀ। ਇਹ ਸਹੀ ਨਹੀਂ ਹੈ। ਉਪਭੋਗਤਾ ਵਸਤੂਆਂ ਦਾ ਇੱਕ ਹਿੱਸਾ ਵਿਅਕਤੀਗਤ ਜਾਇਦਾਦ ਹੁੰਦਾ ਹੈ ਜਦੋਂ ਕਿ ਦੂਜਾ ਹਿੱਸਾ ਜਿਵੇਂ ਕਿ ਸੱਭਿਆਚਾਰਕ ਤੇ ਵਿੱਦਿਅਕ ਸਹੂਲਤਾਂ, ਹਸਪਤਾਲ, ਖੇਡਣ-ਕੁੱਦਣ ਦੀਆਂ ਸਹੂਲਤਾਂ, ਪਾਰਕ ਆਦਿ ਜਨਤਕ ਜਾਇਦਾਦ ਹੁੰਦਾ ਹੈ। ਇਸ ਤੋਂ ਵੀ ਵਧ ਕੇ, ਇਹ ਹਿੱਸਾ ਵਧ ਰਿਹਾ ਹੈ। ਨਿਸ਼ਚੇ ਹੀ ਇਹ ਸਾਰੇ ਮਜ਼ਦੂਰਾਂ ਦੇ ਸੁੱਖ ਲਈ ਹਨ ਪਰ ਇਹ ਕਿਸੇ ਦੀ ਵਿਅਕਤੀਗਤ ਜਾਇਦਾਦ ਨਹੀਂ ਹਨ।

ਸਫ਼ਾ 440 'ਤੇ ਅਸੀਂ ਦੇਖਦੇ ਹਾਂ ਕਿ ਕੰਮ ਤੋਂ ਆਮਦਨ ਤੇ ਬਚਤ, ਰਿਹਾਇਸ਼, ਘਰੇਲੂ ਸਮਾਨ, ਵਿਅਕਤੀਗਤ ਉਪਭੋਗਤਾ ਲਈ ਵਸਤੂਆਂ ਤੇ ਹੋਰ ਆਮ ਸੰਦਾਂ ਨੂੰ ਇਕੱਠਿਆਂ ਰੱਖਿਆ ਗਿਆ ਹੈ। ਇਹ ਗੈਰ-ਤਸੱਲੀਬਖਸ਼ ਹੈ ਕਿਉਂਕਿ ਬਚਤ, ਰਿਹਾਇਸ਼ ਆਦਿ ਕਿਰਤੀ ਲੋਕਾਂ ਦੀ ਆਮਦਨ ਤੋਂ ਹਾਸਲ ਕੀਤੇ ਜਾਂਦੇ ਹਨ।

ਕਈ ਸਾਰੀਆਂ ਥਾਵਾਂ 'ਤੇ ਕਿਤਾਬ ਸਿਰਫ਼ ਵਿਅਕਤੀਗਤ ਉਪਭੋਗ ਦੀ ਗੱਲ ਕਰਦੀ ਹੈ ਤੇ ਸਮਾਜਕ ਉਪਭੋਗ ਜਿਵੇਂ ਲੋਕ-ਕਲਿਆਣ, ਸੱਭਿਆਚਾਰ, ਸਿਹਤ ਆਦਿ ਦੀ ਗੱਲ ਨਹੀਂ ਕਰਦੀ। ਇਹ ਇੱਕ-ਪਾਸੜ ਹੈ। ਸਾਡੇ ਪੇਂਡੂ ਇਲਾਕਿਆਂ 'ਚ ਰਿਹਾਇਸ਼ੀ ਸਹੂਲਤਾਂ ਜਿਹੋਂ ਜਿਹੀਆਂ ਹੋਣੀਆਂ ਚਾਹੀਦੀਆਂ ਹਨ, ਉਸ ਤੋਂ ਕਾਫੀ ਪਿੱਛੇ ਹਨ। ਸਾਨੂੰ ਪੇਂਡੂ ਰਿਹਾਇਸ਼ੀ ਹਾਲਤਾਂ ਨੂੰ ਸਿਲਸਿਲੇਵਾਰ ਢੰਗ ਨਾਲ਼ ਸੁਧਾਰਨਾ ਚਾਹੀਦਾ ਹੈ।* ਰਿਹਾਇਸ਼ਾਂ ਦੀ ਉਸਾਰੀ 'ਚ, ਖਾਸ ਕਰਕੇ ਸ਼ਹਿਰਾਂ 'ਚ ਵਿਅਕਤੀਗਤ ਤਾਕਤਾਂ ਦੀ ਬਜਾਏ ਸਮਾਜਕ ਤਾਕਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇ ਇੱਕ ਸਮਾਜਵਾਦੀ ਸਮਾਜ ਸਮੂਹਕ ਕੋਸ਼ਿਸ਼ਾਂ ਨੂੰ ਹੱਥ ਨਹੀਂ ਲਵੇਗਾ ਤਾਂ ਅੰਤਮ ਰੂਪ 'ਚ ਇਹ ਕੇਹਾ ਸਮਾਜਵਾਦ ਹੋਵੇਗਾ ? ਕੁੱਝ ਲੋਕ ਕਹਿੰਦੇ ਹਨ ਕਿ ਭੌਤਿਕ ਪ੍ਰੋਤਸਾਹਨਾਂ ਦਾ ਸਰੋਕਾਰ ਪੂੰਜੀਵਾਦ ਨਾਲ਼ੋਂ ਸਮਾਜਵਾਦ ਨਾਲ਼ ਜ਼ਿਆਦਾ ਹੈ। ਅਜਿਹੀ ਗੱਲ ਇੱਕਦਮ ਬਕਵਾਸ ਹੈ।

ਇੱਥੇ ਕਿਤਾਬ ਕਹਿੰਦੀ ਹੈ ਸਮੂਹਕ ਫਾਰਮਾਂ ਦੁਆਰਾ ਪੈਦਾ ਕੀਤੀ ਦੌਲਤ 'ਚ ਵਿਅਕਤੀਗਤ ਜਾਇਦਾਦ ਦੇ ਨਾਲ਼ ਨਾਲ਼ ਸਹਾਇਕ ਧੰਦਿਆਂ ਦੀ ਜਾਇਦਾਦ ਵੀ ਸ਼ਾਮਲ ਹੁੰਦੀ ਹੈ। ਜੇ ਅਸੀਂ ਸਹਾਇਕ ਧੰਦਿਆਂ ਦੀ ਸਰਵਜਨਕ ਮਾਲਕੀ 'ਚ ਕਾਇਆਪਲਟੀ ਕਰਨ ਦੇ ਇਰਾਦੇ 'ਚ ਅਸਫ਼ਲ ਰਹਿੰਦੇ ਹਾਂ ਤਾਂ ਕਿਸਾਨ ਹਮੇਸ਼ਾ ਕਿਸਾਨ ਬਣਿਆ ਰਹੇਗਾ। ਤੈਅ ਸਮੇਂ 'ਚ ਕਿਸੇ ਸਮਾਜਕ ਢਾਂਚੇ ਨੂੰ ਪੱਕੇ ਪੈਰੀਂ ਹੋ ਜਾਣਾ ਚਾਹੀਦਾ ਹੈ। ਪਰ ਪੱਕੇ ਪੈਰੀਂ ਹੋਣ ਦੀ ਇੱਕ ਹੱਦ ਹੁੰਦੀ ਹੈ। ਜੇ ਇਹ ਚੱਲਦਾ ਹੀ ਰਹੇ ਤਾਂ ਢਾਂਚੇ ਨੂੰ ਪ੍ਰਤੀਬਿੰਬਤ ਕਰਨ ਵਾਲੀ ਵਿਚਾਰਧਾਰਾ ਨਿਸ਼ਚੇ ਹੀ ਅਬਦਲ ਬਣ ਜਾਵੇਗੀ, ਜਿਸ ਨਾਲ਼ ਲੋਕ ਨਵੀਆਂ ਹਾਲਤਾਂ ਦੇ ਮੁਤਾਬਕ ਆਪਣੀ ਸੋਚ ਨੂੰ ਅਨੁਕੂਲਿਤ ਨਹੀਂ ਕਰ ਸਕਣਗੇ।

ਇਸੇ ਸਫ਼ੇ 'ਤੇ ਵਿਅਕਤੀਗਤ ਤੇ ਸਮੂਹਕ ਹਿੱਤਾਂ ਦੇ ਏਕੀਕਰਨ ਦਾ ਜ਼ਿਕਰ ਹੈ। ਕਿਤਾਬ ਕਹਿੰਦੀ ਹੈ, "ਏਕੀਕਰਨ ਹੇਠ ਲਿਖੇ ਢੰਗ ਨਾਲ਼ ਹਾਸਲ ਕੀਤਾ ਜਾ ਸਕਦਾ ਹੈ : ਸਮਾਜ ਦੇ ਕਿਸੇ ਮੈਂਬਰ ਨੂੰ ਉਸਦੀ ਕਿਰਤ ਦੀ ਮਾਤਰਾ ਤੇ ਗੁਣਵੱਤਾ ਅਨੁਸਾਰ ਭੁਗਤਾਨ

* ਸਿਰਫ਼ 1969 ਦੀ ਛਾਪ ਵਿੱਚ।

ਕੀਤਾ ਜਾਂਦਾ ਹੈ ਤਾਂ ਕਿ ਵਿਅਕਤੀਗਤ ਭੌਤਿਕ ਹਿੱਤ ਦੇ ਸਿਧਾਂਤ ਨੂੰ ਸੰਤੁਸ਼ਟ ਕੀਤਾ ਜਾ ਸਕੇ।" ਇੱਥੇ ਲੋੜੀਂਦੀਆਂ ਸ਼ਰਤਾਂ ਦੀ ਚਰਚਾ ਕੀਤੇ ਬਿਨਾਂ ਕਿਤਾਬ ਵਿਅਕਤੀਗਤ ਹਿੱਤਾਂ ਨੂੰ ਪਹਿਲ ਦਿੰਦੀ ਹੈ। ਇਹ ਵਿਅਕਤੀਗਤ ਭੌਤਿਕ ਹਿੱਤਾਂ ਨਾਲ਼ ਇੱਕ ਪਾਸੜ ਵਰਤਾਓ ਹੈ।

ਸਫ਼ਾ 441 ਦੇ ਅਨੁਸਾਰ, "ਸਰਵਜਨਕ ਤੇ ਵਿਅਕਤੀਗਤ ਹਿੱਤ ਵਿਰੋਧੀ ਨਹੀਂ ਹੁੰਦੇ ਤੇ ਹੌਲ਼ੀ-ਹੌਲ਼ੀ ਉਹਨਾਂ ਨੂੰ ਹੱਲ ਕੀਤਾ ਜਾ ਸਕਦਾ ਹੈ।" ਇਹ ਵਿਅਰਥ ਹੀ ਕਿਹਾ ਗਿਆ ਹੈ ਤੇ ਕੁੱਝ ਵੀ ਹੱਲ ਨਹੀਂ ਕਰਦਾ। ਸਾਡੇ ਵਰਗੇ ਦੇਸ਼ਾਂ 'ਚ ਜੇ ਲੋਕਾਂ ਦਰਮਿਆਨ ਵਿਰੋਧਤਾਈਆਂ ਨੂੰ ਹਰੇਕ ਕੁੱਝ ਸਾਲਾਂ ਬਾਅਦ ਸਹੀ ਨਾ ਕੀਤਾ ਜਾਵੇ ਤਾਂ ਉਹ ਕਦੇ ਵੀ ਹੱਲ ਨਹੀਂ ਹੋ ਸਕਣਗੀਆਂ।

## 32. ਸਮਾਜਵਾਦੀ ਸਮਾਜ 'ਚ ਵਿਰੋਧਤਾਈ ਵਿਕਾਸ ਦੀ ਪ੍ਰੇਰਕ ਸ਼ਕਤੀ ਹੁੰਦੀ ਹੈ

ਸਫ਼ਾ 443 ਦੇ ਪੈਰਾ 5 'ਚ ਮੰਨਿਆ ਗਿਆ ਹੈ ਕਿ ਸਮਾਜਵਾਦੀ ਸਮਾਜ 'ਚ ਪੈਦਾਵਾਰੀ ਤਾਕਤਾਂ ਤੇ ਪੈਦਾਵਾਰੀ ਸਬੰਧਾਂ ਦਰਮਿਆਨ ਵਿਰੋਧਤਾਈਆਂ ਮੌਜੂਦ ਹੁੰਦੀਆਂ ਹਨ ਤੇ ਇਹਨਾਂ ਵਿਰੋਧਤਾਈਆਂ 'ਤੇ ਜਿੱਤ ਹਾਸਲ ਕਰਨ ਦੀ ਗੱਲ ਕਹੀ ਗਈ ਹੈ। ਪਰ ਕਿਤਾਬ ਕਿਸੇ ਵੀ ਤਰ੍ਹਾਂ ਵਿਰੋਧਤਾਈਆਂ ਨੂੰ ਪ੍ਰੇਰਕ ਸ਼ਕਤੀ ਦੇ ਤੌਰ 'ਤੇ ਨਹੀਂ ਪਹਿਚਾਣਦੀ।

ਅਗਲਾ ਪੈਰਾ ਪ੍ਰਵਾਨਣ ਯੋਗ ਹੈ, ਪਰ ਫਿਰ ਵੀ ਸਮਾਜਵਾਦ 'ਚ ਮਨੁੱਖੀ ਸਬੰਧਾਂ ਦੇ ਸਿਰਫ਼ ਕੁੱਝ ਪੱਖ ਤੇ ਆਰਥਕਤਾ ਦੀ ਅਗਵਾਈ ਦੇ ਕੁੱਝ ਰੂਪ ਹੀ ਨਹੀਂ ਸਗੋਂ ਖੁਦ ਮਾਲਕੀ ਦੇ ਢਾਂਚੇ (ਉਦਾਹਰਣ, ਦੋ ਤਰ੍ਹਾਂ ਦੀ ਮਾਲਕੀ) ਦੀਆਂ ਸਮੱਸਿਆਵਾਂ ਵੀ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਰੋਕ ਸਕਦੀਆਂ ਹਨ।

ਅਗਲੇ ਪੈਰੇ ਵਿਚਲਾ ਨਜ਼ਰੀਆ ਬੇਹੱਦ ਸੰਦੇਹਪੂਰਨ ਹੈ। ਇਹ ਕਹਿੰਦਾ ਹੈ, "ਸਮਾਜਵਾਦ ਅੰਦਰ ਵਿਰੋਧਤਾਈਆਂ ਪਰਸਪਰ ਵਿਰੋਧੀ ਨਹੀਂ ਹੁੰਦੀਆਂ।" ਇਹ ਦਵੰਦਵਾਦ ਦੇ ਨਿਯਮ ਨਾਲ਼ ਮੇਲ ਨਹੀਂ ਖਾਂਦਾ ਜਿਸ ਅਨੁਸਾਰ ਕਿ ਸਾਰੀਆਂ ਵਿਰੋਧਤਾਈਆਂ ਪਰਸਪਰ ਵਿਰੋਧੀ ਹੁੰਦੀਆਂ ਹਨ। ਕੀ ਕਦੇ ਕਿਤੇ ਕੋਈ ਸਮਝੌਤਾਪੂਰਨ ਵਿਰੋਧਤਾਈ ਵੀ ਹੋਈ ਹੈ ? ਕੁੱਝ ਵਿਰੋਧਤਾਈਆਂ ਦੁਸ਼ਮਣਾਨਾ ਤੇ ਕੁੱਝ ਗ਼ੈਰ-ਦੁਸ਼ਮਣਾਨਾ ਹੁੰਦੀਆਂ ਹਨ ਪਰ ਇਹ ਨਹੀਂ ਸੋਚਿਆ ਜਾ ਸਕਦਾ ਕਿ ਪਰਸਪਰ ਵਿਰੋਧੀ ਤੇ ਸਮਝੌਤਾਪੂਰਨ ਵਿਰੋਧਤਾਈਆਂ ਹੁੰਦੀਆਂ ਹਨ।

ਸਮਾਜਵਾਦ ਵਿੱਚ* ਕੋਈ ਜੰਗ ਨਹੀਂ ਹੁੰਦੀ ਪਰ ਫਿਰ ਵੀ ਸੰਘਰਸ਼ ਹੁੰਦਾ ਹੈ, ਲੋਕਾਂ ਦੇ ਧੜਿਆਂ ਵਿੱਚ ਸੰਘਰਸ਼, ਇੱਕ ਜਮਾਤ ਦੁਆਰਾ ਦੂਜੀ ਨੂੰ ਉਲਟਾਉਣ ਵਾਲਾ ਇਨਕਲਾਬ ਨਹੀਂ ਹੁੰਦਾ ਪਰ ਫਿਰ ਵੀ ਇਨਕਲਾਬ ਹੁੰਦਾ ਹੈ। ਸਮਾਜਵਾਦ ਤੋਂ ਕਮਿਊਨਿਜ਼ਮ 'ਚ ਸੰਕਰਮਣ ਇਨਕਲਾਬੀ ਹੁੰਦਾ ਹੈ। ਕਮਿਊਨਿਜ਼ਮ ਦੇ ਇੱਕ ਪੜਾਅ ਤੋਂ ਦੂਜੇ 'ਚ ਸੰਕਰਮਣ ਵੀ ਇਨਕਲਾਬੀ ਹੁੰਦਾ ਹੈ। ਫਿਰ ਤਕਨੀਕੀ ਤੇ ਸੱਭਿਆਚਾਰਕ ਇਨਕਲਾਬ ਵੀ ਹੁੰਦਾ ਹੈ।

* 1967 ਛਾਪ ਦੇ ਪ੍ਰਤੀਲਿਪੀਕਾਰ ਅਨੁਸਾਰ ਮਾਓ ਦਾ ਅਰਥ "ਕਮਿਊਨਿਜ਼ਮ ਵਿੱਚ" ਹੋ ਸਕਦਾ ਹੈ।

ਕਮਿਊਨਿਜ਼ਮ ਨੂੰ ਨਿਸ਼ਚੇ ਹੀ ਕਈ ਪੜਾਵਾਂ ਤੇ ਕਈ ਇਨਕਲਾਬਾਂ 'ਚੋਂ ਲੰਘਣਾ ਪਵੇਗਾ।

ਇੱਥੇ ਕਿਤਾਬ ਵਿਰੋਧਤਾਈਆਂ ਦੇ ਹੱਲ ਲਈ ਸਹੀ ਸਮੇਂ 'ਤੇ ਲੋਕਾਂ ਦੀ "ਸਕਾਰਾਤਮਕ ਕਾਰਵਾਈ" 'ਤੇ ਨਿਰਭਰ ਰਹਿਣ ਦੀ ਗੱਲ ਕਰਦੀ ਹੈ। "ਸਕਾਰਾਤਮਕ ਕਾਰਵਾਈ" 'ਚ ਜਟਿਲ ਸੰਘਰਸ਼ ਵੀ ਸ਼ਾਮਲ ਹੋਣੇ ਚਾਹੀਦੇ ਹਨ।

"ਸਮਾਜਵਾਦ ਵਿੱਚ ਪੁਰਾਣੇ ਪੈ ਚੁੱਕੇ ਆਰਥਿਕ ਸਬੰਧਾਂ ਨੂੰ ਸਰਗਰਮੀ ਨਾਲ਼ ਬਚਾਈ ਰੱਖਣ ਲਈ ਸਾਜ਼ਿਸ਼ ਕਰਨ ਵਾਲੀ ਕੋਈ ਜਮਾਤ ਨਹੀਂ ਹੁੰਦੀ।" ਇਹ ਸਹੀ ਹੈ ਪਰ ਸਮਾਜਵਾਦੀ ਸਮਾਜ ਵਿੱਚ ਪੁਰਾਤਨਤਾਵਾਦੀ ਪਰਤਾਂ ਤੇ "ਨਿਹਿਤ ਸਵਾਰਥ ਵਾਲੇ ਸਮੂਹ" ਜਿਹਾ ਕੁੱਝ ਮੌਜੂਦ ਰਹਿੰਦਾ ਹੈ। ਨਾਲ਼ ਹੀ ਮਾਨਸਿਕ ਤੇ ਸਰੀਰਕ ਕਿਰਤ, ਸ਼ਹਿਰ ਤੇ ਪਿੰਡ ਅਤੇ ਮਜ਼ਦੂਰ ਤੇ ਕਿਸਾਨ ਵਿੱਚ ਫਰਕ ਬਣੇ ਰਹਿੰਦੇ ਹਨ। ਭਾਵੇਂ ਕਿ ਇਹ ਗ਼ੈਰ-ਦੁਸ਼ਮਣਾਨਾ ਵਿਰੋਧਤਾਈਆਂ ਹਨ ਪਰ ਇਹਨਾਂ ਨੂੰ ਸੰਘਰਸ਼ ਤੋਂ ਬਿਨਾਂ ਹੱਲ ਨਹੀਂ ਕੀਤਾ ਜਾ ਸਕਦਾ।

ਸਾਡੇ ਕਾਰਕੁੰਨਾਂ ਦੇ ਬੱਚੇ ਸਾਡੀ ਨਿਰਾਸ਼ਾ ਦਾ ਕਾਰਨ ਹਨ। ਉਹਨਾਂ ਕੋਲ ਜ਼ਿੰਦਗੀ ਤੇ ਸਮਾਜ ਦੇ ਤਜ਼ਰਬੇ ਦੀ ਘਾਟ ਹੈ ਤਾਂ ਵੀ ਬਹੁਤ ਹਵਾ ਵਿੱਚ ਰਹਿੰਦੇ ਹਨ ਤੇ ਉਹਨਾਂ ਵਿੱਚ ਦੰਭ ਦਾ ਭਾਵ ਵੀ ਬਹੁਤ ਹੈ। ਉਹਨਾਂ ਨੂੰ ਸਿੱਖਿਅਤ ਕਰਨਾ ਪਵੇਗਾ ਕਿ ਉਹ ਆਪਣੇ ਮਾਪਿਆਂ ਤੇ ਬੀਤੇ ਸਮੇਂ ਦੇ ਸ਼ਹੀਦਾਂ 'ਤੇ ਨਿਰਭਰ ਨਾ ਰਹਿਣ, ਸਗੋਂ ਆਤਮ-ਨਿਰਭਰ ਬਣਨ।

ਸਮਾਜਵਾਦੀ ਸਮਾਜ ਵਿੱਚ ਹਮੇਸ਼ਾ ਵਿਕਸਤ ਤੇ ਪਿਛੜੇ ਹੋਏ ਵਿਅਕਤੀ ਹੁੰਦੇ ਹਨ, ਅਜਿਹੇ ਜੋ ਸਮੂਹਕ ਕੋਸ਼ਿਸ਼ਾਂ 'ਤੇ ਦ੍ਰਿੜਤਾ ਨਾਲ਼ ਪਹਿਰਾ ਦਿੰਦੇ ਹਨ, ਜੋ ਮਿਹਨਤੀ ਤੇ ਸੱਚੇ ਹੁੰਦੇ ਹਨ, ਊਰਜਾ ਤੇ ਜ਼ਿੰਦਗੀ ਦੀ ਤਾਜ਼ਗੀ ਨਾਲ਼ ਭਰਪੂਰ ਹੁੰਦੇ ਹਨ ਅਤੇ ਅਜਿਹੇ ਜੋ ਪ੍ਰਸਿੱਧੀ ਤੇ ਪੈਸੇ ਲਈ ਕੰਮ ਕਰਦੇ ਹਨ, ਜੋ ਨਿੱਜੀ ਹਿੱਤਾਂ ਲਈ ਖੁਦ ਲਈ ਕੰਮ ਕਰਦੇ ਹਨ ਅਤੇ ਜੋ ਉਦਾਸਹੀਨ ਤੇ ਨਿਰਾਸ਼ ਹੁੰਦੇ ਹਨ। ਸਮਾਜਕ ਵਿਕਾਸ ਦੇ ਦੌਰਾਨ ਹਰੇਕ ਦੌਰ 'ਚ ਅਜਿਹੇ ਸਮੂਹ ਨਿਸ਼ਚੇ ਹੀ ਹੁੰਦੇ ਹਨ ਜੋ ਪਿਛਾਖੜੀ ਪੈਦਾਵਾਰੀ ਸਬੰਧਾਂ ਤੇ ਸਮਾਜ ਸੰਸਥਾਵਾਂ ਨੂੰ ਬਚਾਉਣ ਲਈ ਉਤਾਵਲੇ ਹੁੰਦੇ ਹਨ। ਉਹ ਨਵੀਆਂ ਹਾਲਤਾਂ ਦੇ ਅਨੁਸਾਰ ਖੁਦ ਨੂੰ ਢਾਲ ਨਹੀਂ ਸਕਦੇ ਅਤੇ ਉਹਨਾਂ 'ਚੋਂ ਕਈ ਅਜਿਹੀਆਂ ਹਾਲਤਾਂ ਦਾ ਵਿਰੋਧ ਕਰਦੇ ਹਨ ਜਿਵੇਂ ਕਿ ਕੁਆਂਗ-ਤੁੰਗ ਪੇਂਡੂ ਇਲਾਕਿਆਂ 'ਚ ਧਨੀ ਕਿਸਾਨਾਂ ਨਾਲ਼ ਅੱਠ-ਸ਼ਬਦੀ ਸੰਵਿਧਾਨ[21] 'ਤੇ ਬਹਿਸ 'ਚ ਸਿੱਧ ਹੋ ਚੁੱਕਿਆ ਹੈ।

ਸਫ਼ਾ 453 'ਤੇ ਆਖਰੀ ਪੈਰਾ ਕਹਿੰਦਾ ਹੈ, "ਅਲੋਚਨਾ ਤੇ ਆਤਮਲੋਚਨਾ ਸਮਾਜਵਾਦੀ ਸਮਾਜ ਦੇ ਵਿਕਾਸ ਲਈ ਤਾਕਤਵਰ ਪ੍ਰੇਰਕ ਸ਼ਕਤੀਆਂ ਹਨ।" ਇਹ ਕੋਈ ਨੁਕਤਾ ਨਹੀਂ। ਵਿਰੋਧਤਾਈਆਂ ਪ੍ਰੇਰਕ ਸ਼ਕਤੀਆਂ ਹਨ, ਅਲੋਚਨਾ ਤੇ ਆਤਮਲੋਚਨਾ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਢੰਗ ਹਨ।

## 33. ਗਿਆਨ ਦੀ ਦਵੰਦਵਾਦੀ ਪ੍ਰਕਿਰਿਆ

ਸਫਾ 446 ਦਾ ਪੈਰਾ 2 ਕਹਿੰਦਾ ਹੈ ਕਿ ਜਦੋਂ ਮਾਲਕੀ ਸਰਵਜਨਕ ਬਣ ਜਾਂਦੀ ਹੈ ਤਾਂ "ਲੋਕ ਆਪਣੇ ਸਮਾਜ ਦੇ ਆਰਥਕ ਸਬੰਧਾਂ ਦੇ ਮਾਹਿਰ ਬਣ ਜਾਂਦੇ ਹਨ" ਤੇ "ਇਹਨਾਂ

ਨਿਯਮਾਂ 'ਤੇ ਪੂਰੀ ਪਕੜ ਬਣਾ ਲੈਂਦੇ ਹਨ ਤੇ ਇਹਨਾਂ ਨਿਯਮਾਂ ਨੂੰ ਸਚੇਤ ਤੌਰ 'ਤੇ ਪੂਰੀ ਤਰ੍ਹਾਂ ਲਾਗੂ ਕਰਨ ਦੇ ਯੋਗ ਹੋ ਜਾਂਦੇ ਹਨ।" ਇਹ ਦੇਖਣਯੋਗ ਹੈ ਕਿ ਇਹ ਇੱਕ ਪ੍ਰਕਿਰਿਆ ਦੀ ਮੰਗ ਕਰਦਾ ਹੈ। ਇਸ ਤੋਂ ਪਹਿਲਾਂ ਕਿ ਕੋਈ ਨਿਯਮ ਬਹੁਗਿਣਤੀ ਦੇ ਗਿਆਨ 'ਚ ਵਾਧਾ ਕਰੇ ਉਹ ਹਮੇਸ਼ਾ ਘੱਟ ਗਿਣਤੀ ਦੀ ਸਮਝ 'ਚ ਆਉਂਦਾ ਹੈ। ਅਗਿਆਨਤਾ ਤੋਂ ਗਿਆਨ ਵੱਲ ਜਾਣ ਲਈ ਜ਼ਰੂਰੀ ਹੈ ਕਿ ਅਭਿਆਸ ਤੇ ਅਧਿਐਨ ਦੀ ਪ੍ਰਕਿਰਿਆ 'ਚੋਂ ਲੰਘਿਆ ਜਾਵੇ। ਸ਼ੁਰੂ 'ਚ ਕਿਸੇ ਨੂੰ ਕੋਈ ਗਿਆਨ ਨਹੀਂ ਹੁੰਦਾ। ਪੂਰਵ-ਗਿਆਨ ਕਦੇ ਵੀ ਮੌਜੂਦ ਨਹੀਂ ਸੀ। ਨਤੀਜੇ ਹਾਸਲ ਕਰਨ ਲਈ ਲੋਕਾਂ ਨੂੰ ਲਾਜ਼ਮੀ ਹੀ ਅਭਿਆਸ 'ਚੋਂ ਲੰਘਣਾ ਚਾਹੀਦਾ ਹੈ। ਸਿਰਫ਼ ਇਸ ਤਰ੍ਹਾਂ ਦੀ ਪ੍ਰਕਿਰਿਆ ਨਾਲ਼ ਹੀ ਗਿਆਨ 'ਚ ਹੌਲ਼ੀ ਹੌਲ਼ੀ ਵਾਧਾ ਹੋ ਸਕਦਾ ਹੈ। ਜੇ ਚੀਜ਼ਾਂ ਤੇ ਵਰਤਾਰਿਆਂ ਦੇ ਵਿਕਾਸ ਦੇ ਬਾਹਰਮੁਖੀ ਨਿਯਮਾਂ ਨੂੰ ਜਾਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਅਭਿਆਸ ਦੀ ਪ੍ਰਕਿਰਿਆ 'ਚੋਂ ਜ਼ਰੂਰ ਲੰਘਣਾ ਚਾਹੀਦਾ ਹੈ, ਮਾਰਕਸਵਾਦੀ-ਲੈਨਿਨਵਾਦੀ ਰਵੱਈਆ ਅਪਣਾਉਣਾ ਚਾਹੀਦਾ ਹੈ, ਸਫ਼ਲਤਾਵਾਂ ਤੇ ਅਸਫ਼ਲਤਾਵਾਂ ਦੀ ਤੁਲਨਾ ਕਰਨੀ ਚਾਹੀਦੀ ਹੈ, ਨਿਰੰਤਰ ਅਭਿਆਸ ਤੇ ਅਧਿਐਨ ਕਰਨਾ ਚਾਹੀਦਾ ਹੈ, ਕਈ ਤਰ੍ਹਾਂ ਦੀਆਂ ਸਫ਼ਲਤਾਵਾਂ ਤੇ ਅਸਫ਼ਲਤਾਵਾਂ 'ਚੋਂ ਲੰਘਣਾ ਚਾਹੀਦਾ ਹੈ ਇਸ ਤੋਂ ਬਿਨਾਂ ਅਤਿ-ਸਾਵਧਾਨੀ ਨਾਲ਼ ਖੋਜ ਕਰਨੀ ਚਾਹੀਦੀ ਹੈ। ਆਪਣੇ ਗਿਆਨ ਨੂੰ ਨਿਯਮਾਂ ਨਾਲ਼ ਅਮੀਰ ਕਰਨ ਦਾ ਹੋਰ ਕੋਈ ਦੂਜਾ ਰਸਤਾ ਨਹੀਂ ਹੈ। ਜੋ ਲੋਕ ਸਿਰਫ਼ ਜਿੱਤਾਂ ਨੂੰ ਵੇਖਦੇ ਹਨ ਪਰ ਹਾਰਾਂ ਨੂੰ ਨਹੀਂ ਉਹਨਾਂ ਲਈ ਇਹਨਾਂ ਨਿਯਮਾਂ ਨੂੰ ਜਾਣਨਾ ਸੰਭਵ ਨਹੀਂ ਹੋਵੇਗਾ।

"ਇਹਨਾਂ ਨਿਯਮਾਂ ਨੂੰ ਪੂਰੀ ਤਰ੍ਹਾਂ ਸਮਝਣਾ ਤੇ ਸਚੇਤ ਤਰੀਕੇ ਨਾਲ਼ ਲਾਗੂ ਕਰਨਾ" ਅਸਾਨ ਨਹੀਂ ਹੈ। ਸਫ਼ਾ 446 'ਤੇ ਕਿਤਾਬ ਏਂਗਲਜ਼ ਦਾ ਹਵਾਲਾ ਦਿੰਦੀ ਹੈ, "ਸਿਰਫ਼ ਇਸੇ ਸਮੇਂ ਪੂਰੀ ਤਰ੍ਹਾਂ ਸਚੇਤ ਵਿਅਕਤੀ ਇਤਿਹਾਸ ਉਸਾਰੀ ਦਾ ਕੰਮ ਸ਼ੁਰੂ ਕਰਦਾ ਹੈ। ਪਹਿਲੀ ਵਾਰੀ ਲੋਕ ਬਹੁਤ ਹੱਦ ਤੱਕ ਤੇ ਉਸ ਤੋਂ ਵੀ ਜ਼ਿਆਦਾ ਹੱਦ ਤੱਕ ਉਹਨਾਂ ਪ੍ਰਭਾਵਾਂ ਦੀ ਉਸਾਰੀ ਕਰਦੇ ਹਨ ਜਿਹਨਾਂ ਦੀ ਉਹਨਾਂ ਨੂੰ ਇੱਛਾ ਹੁੰਦੀ ਹੈ।" "ਸ਼ੁਰੂ ਕਰਨਾ" ਤੇ "ਬਹੁਤ ਜ਼ਿਆਦਾ ਹੱਦ ਤੱਕ" ਸਾਪੇਖਕ ਤੌਰ 'ਤੇ ਸਹੀ ਹਨ।

ਕਿਤਾਬ ਦਿੱਖਾਂ ਅਤੇ ਸਾਰਤੱਤਾਂ ਵਿੱਚ ਵਿਰੋਧਤਾਈਆਂ ਨੂੰ ਨਹੀਂ ਪਹਿਚਾਣਦੀ। ਸਾਰਤੱਤ ਹਮੇਸ਼ਾ ਦਿੱਖਾਂ ਦੇ ਪਿੱਛੇ ਲੁੱਕੇ ਹੁੰਦੇ ਹਨ ਤੇ ਦਿੱਖਾਂ ਤੋਂ ਬਿਨਾਂ ਜ਼ਾਹਿਰ ਨਹੀਂ ਕੀਤੇ ਜਾ ਸਕਦੇ। ਕਿਤਾਬ ਇਸ ਵਿਚਾਰ ਨੂੰ ਪ੍ਰਗਟ ਨਹੀਂ ਕਰਦੀ ਕਿ ਕਿਸੇ ਬੰਦੇ ਲਈ ਨਿਯਮਾਂ ਨੂੰ ਜਾਣਨ ਲਈ ਜ਼ਰੂਰੀ ਹੈ ਇੱਕ ਪ੍ਰਕਿਰਿਆ 'ਚੋਂ ਲੰਘਿਆ ਜਾਵੇ। ਹਰਾਵਲ ਇਸ ਦਾ ਅਪਵਾਦ ਨਹੀਂ ਹਨ।

## 34. ਯੂਨੀਅਨਾਂ ਤੇ ਇਕੱਲਾ ਅਗਵਾਈ ਢਾਂਚਾ

ਸਫ਼ਾ 452 'ਤੇ ਟਰੇਡ ਯੂਨੀਅਨਾਂ ਦੇ ਮਕਸਦ ਦੀ ਗੱਲ ਕਰਦਿਆਂ ਕਿਤਾਬ ਇਹ ਨਹੀਂ ਕਹਿੰਦੀ ਕਿ ਯੂਨੀਅਨਾਂ ਦਾ ਪ੍ਰਾਥਮਿਕ ਕਾਰਜ ਪੈਦਾਵਾਰ ਦਾ ਵਿਕਾਸ ਕਰਨਾ ਹੈ, ਇਹ ਰਾਜਨੀਤਕ ਸਿੱਖਿਆ ਨੂੰ ਮਜ਼ਬੂਤ ਕਰਨ ਦੇ ਢੰਗਾਂ 'ਤੇ ਚਰਚਾ ਨਹੀਂ ਕਰਦੀ, ਇਹ

ਕਲਿਆਣਕਾਰੀ ਕੰਮਾਂ ਨੂੰ ਜ਼ਿਆਦਾ ਤਰਜੀਹ ਦਿੰਦੀ ਹੈ।

ਸ਼ੁਰੂ ਤੋਂ ਲੈ ਕੇ ਅੰਤ ਤੱਕ ਕਿਤਾਬ "ਇਕੱਲੇ ਅਗਵਾਈ ਢਾਂਚੇ ਦੇ ਸਿਧਾਂਤ ਅਨੁਸਾਰ ਪੈਦਾਵਾਰ ਦੇ ਪ੍ਰਬੰਧਨ" ਦੀ ਗੱਲ ਕਰਦੀ ਹੈ। ਪੂੰਜੀਵਾਦੀ ਦੇਸ਼ਾਂ 'ਚ ਸਾਰੇ ਉੱਦਮ ਇਸ ਸਿਧਾਂਤ ਨੂੰ ਪ੍ਰਭਾਵ 'ਚ ਲਿਆਉਂਦੇ ਹਨ। ਸਮਾਜਵਾਦੀ ਦੇ ਪੂੰਜੀਵਾਦੀ ਉੱਦਮਾਂ ਦੇ ਪ੍ਰਬੰਧਨ ਨੂੰ ਚਲਾਉਣ ਵਾਲੇ ਸਿਧਾਤਾਂ ਵਿੱਚ ਬੁਨਿਆਦੀ ਫਰਕ ਹੋਣਾ ਚਾਹੀਦਾ ਹੈ। ਪਾਰਟੀ ਨਿਰਦੇਸ਼ਨ 'ਚ ਕਾਰਖਾਨੇ ਦੀ ਅਗਵਾਈ ਦੀ ਜ਼ਿੰਮੇਵਾਰੀ ਨੂੰ ਲਾਗੂ ਕਰਕੇ ਅਸੀਂ ਚੀਨ 'ਚ ਪੂੰਜੀਵਾਦੀ ਪ੍ਰਬੰਧ ਤੋਂ ਆਪਣੇ ਢੰਗਾਂ ਨੂੰ ਵੱਖ ਕਰ ਸਕੇ ਹਾਂ।

## 35. ਬੁਨਿਆਦੀ ਸਿਧਾਤਾਂ ਤੇ ਨਿਯਮਾਂ ਤੋਂ ਸ਼ੁਰੂ ਕਰਨਾ ਮਾਰਕਸਵਾਦੀ ਢੰਗ ਨਹੀਂ ਹੈ।

ਦੂਜੇ ਪਾਸੇ 'ਚੋਂ ਬਹੁਤ ਸਾਰੇ ਨਿਯਮ ਬਣਾ ਦਿੱਤੇ ਗਏ ਹਨ। ਪੂੰਜੀ 'ਚ ਪੂੰਜੀਵਾਦੀ ਆਰਥਕਤਾ ਦਾ ਵਿਸ਼ਲੇਸ਼ਣ ਦਿੱਖਾਂ ਤੋਂ ਸ਼ੁਰੂ ਹੁੰਦਾ ਹੈ, ਫਿਰ ਸਾਰਤੱਤ ਕੱਢਿਆ ਜਾਂਦਾ ਹੈ ਤੇ ਫਿਰ ਹੀ ਸਾਰਤੱਤ ਦੀ ਵਰਤੋਂ ਨਾਲ਼ ਦਿੱਖ ਨੂੰ ਸਮਝਾਇਆ ਜਾਂਦਾ ਹੈ ਤੇ ਇਸ ਢੰਗ ਨਾਲ਼ ਪ੍ਰਭਾਵੀ ਨਿਚੋੜ ਤੇ ਰੂਪ-ਰੇਖਾਵਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪਰ ਕਿਤਾਬ 'ਚ ਵਿਸ਼ਲੇਸ਼ਣ ਦਾ ਰਾਹ ਨਹੀਂ ਅਪਣਾਇਆ ਗਿਆ ਹੈ। ਇਸ ਦੀ ਬਣਾਵਟ 'ਚ ਵਿਵਸਥਾ ਦੀ ਕਮੀ ਹੈ। ਇਹ ਹਮੇਸ਼ਾ ਨਿਯਮਾਂ, ਸਿਧਾਤਾਂ, ਕਾਨੂੰਨਾਂ, ਪਰਿਭਾਸ਼ਾਵਾਂ ਤੋਂ ਸ਼ੁਰੂਆਤ ਕਰਦੀ ਹੈ ਜਿਸ ਦਾ ਮਾਰਕਸਵਾਦ-ਲੈਨਿਨਵਾਦ ਨੇ ਹਮੇਸ਼ਾ ਵਿਰੋਧ ਕੀਤਾ ਹੈ।

ਨਿਯਮਾਂ ਤੇ ਸਿਧਾਤਾਂ ਦੇ ਪ੍ਰਭਾਵਾਂ ਨੂੰ ਵਿਸ਼ਲੇਸ਼ਣ ਤੇ ਸੰਪੂਰਨ ਅਧਿਐਨ ਦੀ ਕਸੌਟੀ 'ਤੇ ਪਰਖਣਾ ਚਾਹੀਦਾ ਹੈ, ਫਿਰ ਹੀ ਸਿਧਾਂਤ ਤੇ ਕਾਨੂੰਨ ਬਣਾਏ ਜਾ ਸਕਦੇ ਹਨ। ਮਨੁੱਖੀ ਗਿਆਨ ਦਾ ਪਹਿਲਾ ਟਾਕਰਾ ਹਮੇਸ਼ਾ ਦਿੱਖਾਂ ਨਾਲ਼ ਹੁੰਦਾ ਹੈ। ਉਸ ਤੋਂ ਸ਼ੁਰੂਆਤ ਕਰਕੇ ਸਿਧਾਤਾਂ ਤੇ ਨਿਯਮਾਂ ਦੀ ਖੋਜ ਕਰਨੀ ਚਾਹੀਦੀ ਹੈ। ਕਿਤਾਬ ਇਸ ਤੋਂ ਬਿਲਕੁੱਲ ਉਲਟਾ ਕਰਦੀ ਹੈ। ਇਸ ਦੀ ਪੱਧਤੀ ਨਿਗਮਨਾਤਮਕ (Deductive) ਹੈ, ਵਿਸ਼ਲੇਸ਼ਣਾਤਮਕ ਨਹੀਂ, ਰਸਮੀ ਤਰਕ ਅਨੁਸਾਰ, "ਸਾਰੇ ਲੋਕ ਮਰ ਜਾਂਦੇ ਹਨ। ਸ਼੍ਰੀਮਾਨ ਚਾਂਗ ਇੱਕ ਵਿਅਕਤੀ ਹੈ। ਇਸ ਲਈ ਸ਼੍ਰੀਮਾਨ ਚਾਂਗ ਵੀ ਮਰ ਜਾਵੇਗਾ।" ਇੱਕ ਸਿੱਟਾ ਇਸ ਕਥਨ 'ਚੋਂ ਕੱਢਿਆ ਗਿਆ ਹੈ ਕਿ ਸਾਰੇ ਲੋਕ ਮਰ ਜਾਂਦੇ ਹਨ। ਇਹ ਨਿਗਮਨਾਤਮਕ ਢੰਗ ਹੈ। ਹਰ ਸਵਾਲ ਲਈ ਕਿਤਾਬ ਪਹਿਲਾਂ ਪਰਿਭਾਸ਼ਾਵਾਂ ਦਿੰਦੀ ਹੈ ਜਿਸ ਨੂੰ ਇਹ ਪ੍ਰਮੁੱਖ ਕਥਨ ਵਜੋਂ ਲੈਂਦੀ ਹੈ ਤੇ ਫਿਰ ਇਸ ਤੋਂ ਤਰਕ ਦਿੰਦੀ ਹੈ ਅਤੇ ਇਹ ਸਮਝਣ 'ਚ ਅਸਫ਼ਲ ਰਹਿੰਦੀ ਹੈ ਕਿ ਪ੍ਰਮੁੱਖ ਕਥਨ ਸਵਾਲ ਦੀ ਜਾਂਚ-ਪੜਤਾਲ ਦਾ ਸਿੱਟਾ ਹੋਣਾ ਚਾਹੀਦਾ ਹੈ। ਜਿੰਨਾ ਚਿਰ ਕੋਈ ਠੋਸ ਜਾਂਚ-ਪੜਤਾਲ 'ਚੋਂ ਨਹੀਂ ਲੰਘਦਾ ਸਿਧਾਤਾਂ ਤੇ ਨਿਯਮਾਂ ਨੂੰ ਲੱਭਿਆ ਤੇ ਸਿੱਧ ਨਹੀਂ ਕੀਤਾ ਜਾ ਸਕਦਾ

## 36. ਕੀ ਵਿਕਸਤ ਤਜ਼ਰਬੇ ਨੂੰ ਬਿਨਾਂ ਕਿਸੇ ਕੋਸ਼ਿਸ਼ ਦੇ ਹਰਮਨ-ਪਿਆਰਾ ਬਣਾਇਆ ਜਾ ਸਕਦਾ ਹੈ ?

ਸਫ਼ਾ 461 ਦਾ ਪੈਰਾ 2 ਕਹਿੰਦਾ ਹੈ, "ਸਮਾਜਵਾਦੀ ਕੌਮੀ ਆਰਥਕਤਾ ਵਿੱਚ ਵਿਗਿਆਨ ਦੀਆਂ ਨਵੀਨਤਮ ਪ੍ਰਾਪਤੀਆਂ, ਤਕਨੀਕੀ ਲੱਭਤਾਂ ਤੇ ਵਿਕਸਤ ਤਜ਼ਰਬੇ ਨੂੰ ਬਿਨਾਂ ਕਿਸੇ ਮੁਸ਼ਕਿਲ ਦੇ ਸਾਰੇ ਉੱਦਮਾਂ ਵਿੱਚ ਹਰਮਨ ਪਿਆਰਾ ਬਣਾਇਆ ਜਾ ਸਕਦਾ ਹੈ।" ਅਜਿਹਾ ਹੋਣਾ ਲਾਜ਼ਮੀ ਨਹੀਂ ਹੈ। ਸਮਾਜਵਾਦੀ ਸਮਾਜ 'ਚ ਹਾਲੇ ਵੀ "ਅਕਾਦਮਿਕ ਸਰਦਾਰ" ਮੌਜੂਦ ਹੁੰਦੇ ਹਨ ਜੋ ਵਿਗਿਆਨਕ ਖੋਜ ਦੇ ਅੰਗਾਂ ਨੂੰ ਕੰਟਰੋਲ ਕਰਦੇ ਹਨ ਤੇ ਨਵੀਆਂ ਤਾਕਤਾਂ ਦਾ ਦਮਨ ਕਰਦੇ ਹਨ। ਇਹ ਇਸ ਕਰਕੇ ਹੈ ਕਿ ਵਿਗਿਆਨ ਦੀਆਂ ਨਵੀਨਤਮ ਪ੍ਰਾਪਤੀਆਂ ਬਿਨਾਂ ਕਿਸੇ ਮੁਸ਼ਕਿਲ ਦੇ ਹਰਮਨ-ਪਿਆਰੀਆਂ ਨਹੀਂ ਹੋ ਪਾਉਂਦੀਆਂ। ਗੱਲ ਕਰਨ ਦਾ ਅਜਿਹਾ ਢੰਗ ਸਮਾਜਵਾਦੀ ਸਮਾਜ 'ਚ ਮੌਜੂਦ ਵਿਰੋਧਤਾਈਆਂ ਨੂੰ ਪਹਿਚਾਨਣ 'ਚ ਮੁੱਢੋਂ ਅਸਫ਼ਲ ਰਹਿੰਦਾ ਹੈ। ਜਦੋਂ ਵੀ ਕੋਈ ਨਵੀਂ ਚੀਜ਼ ਸਾਹਮਣੇ ਆਉਂਦੀ ਹੈ ਤਾਂ ਇਸ ਦਾ ਰੁਕਾਵਟਾਂ ਨਾਲ਼ ਵਾਹ ਪੈਣਾ ਲਾਜ਼ਮੀ ਹੈ, ਸ਼ਾਇਦ ਇਸ ਲਈ ਕਿ ਲੋਕ ਇਸ ਦੇ ਆਦੀ ਨਹੀਂ ਹੁੰਦੇ ਜਾਂ ਉਸ ਨੂੰ ਸਮਝਦੇ ਨਹੀਂ ਜਾਂ ਕਿਉਂਕਿ ਉਹ ਕਿਸੇ ਖਾਸ ਸਮੂਹ ਦੇ ਹਿੱਤਾਂ ਨਾਲ਼ ਟਕਰਾਉਂਦੀ ਹੈ। ਮਿਸਾਲ ਵਜੋਂ ਸੰਘਣਾ ਬੀਜਣ ਤੇ ਡੂੰਘੀ ਵਾਹੀ ਦਾ ਆਪਣੇ ਆਪ 'ਚ ਕੋਈ ਜਮਾਤੀ ਚਰਿੱਤਰ ਨਹੀਂ ਹੈ ਪਰ ਫਿਰ ਵੀ ਇੱਕ ਵਿਸ਼ੇਸ਼ ਸਮੂਹ ਦੁਆਰਾ ਇਸ ਦਾ ਵਿਰੋਧ ਤੇ ਟਾਕਰਾ ਕੀਤਾ ਗਿਆ। ਨਿਸ਼ਚੇ ਹੀ ਸਮਾਜਵਾਦੀ ਸਮਾਜ 'ਚ ਅਜਿਹੀਆਂ ਨਿਖੇਧੀ ਹਾਲਤਾਂ ਪੂੰਜੀਵਾਦੀ ਸਮਾਜ ਦੀਆਂ ਨਿਖੇਧੀ ਹਾਲਤਾਂ ਤੋਂ ਬੁਨਿਆਦੀ ਤੌਰ 'ਤੇ ਵੱਖਰੀਆਂ ਹੁੰਦੀਆਂ ਹਨ।

## 37. ਯੋਜਨਾ

ਸਫ਼ਾ 465 'ਤੇ ਏਂਗਲਜ਼ ਦੇ ਕਥਨ ਦਾ ਹਵਾਲਾ ਦਿੱਤਾ ਗਿਆ ਹੈ, "ਸਮਾਜਵਾਦ ਅਧੀਨ ਤੈਅਸ਼ੁਦਾ ਯੋਜਨਾ ਅਧੀਨ ਪੈਦਾਵਾਰ ਕਰਨਾ ਸੰਭਵ ਬਣ ਜਾਵੇਗਾ।" ਇਹ ਸਹੀ ਹੈ। ਪੂੰਜੀਵਾਦੀ ਸਮਾਜ 'ਚ ਆਰਥਕ ਸੰਕਟਾਂ ਦੁਆਰਾ ਕੌਮੀ ਆਰਥਕਤਾ 'ਚ ਸੰਤੁਲਨ ਲਿਆਇਆ ਜਾਂਦਾ ਹੈ। ਸਮਾਜਵਾਦੀ ਸਮਾਜ 'ਚ ਯੋਜਨਾਬੰਦੀ ਦੁਆਰਾ ਸੰਤੁਲਨ ਨੂੰ ਸੱਚ ਬਣਾਉਣਾ ਸੰਭਵ ਹੋ ਜਾਂਦਾ ਹੈ। ਪਰ ਇਸ ਸੰਭਾਵਨਾ ਦੇ ਚੱਲਦਿਆਂ ਸਾਨੂੰ ਇਸ ਤੱਥ ਨੂੰ ਨਕਾਰਨਾ ਨਹੀਂ ਚਾਹੀਦਾ ਕਿ ਲੋੜੀਂਦੇ ਅਨੁਪਾਤਾਂ ਦਾ ਗਿਆਨ ਇੱਕ ਪ੍ਰਕਿਰਿਆ 'ਚੋਂ ਲੰਘ ਕੇ ਹੀ ਆ ਸਕਦਾ ਹੈ। ਇੱਥੇ ਕਿਤਾਬ ਕਹਿੰਦੀ ਹੈ, "ਆਪਮੁਹਾਰਤਾ ਤੇ ਮੁਕਤ ਵਪਾਰ ਪੈਦਾਵਾਰ ਦੇ ਸਾਧਨਾਂ ਦੀ ਜਨਤਕ ਮਾਲਕੀ ਨਾਲ਼ ਮੇਲ ਨਹੀਂ ਖਾਂਦੇ।" ਇਹ ਨਹੀਂ ਸੋਚਿਆ ਜਾ ਸਕਦਾ ਕਿ ਸਮਾਜਵਾਦੀ ਸਮਾਜ 'ਚ ਆਪ ਮੁਹਾਰਤਾ ਤੇ ਮੁਕਤ ਵਪਾਰ ਮੌਜੂਦ ਨਹੀਂ ਹੁੰਦੇ। ਨਿਯਮਾਂ ਦਾ ਗਿਆਨ ਇੱਕੋ ਵਾਰੀ 'ਚ ਸਹੀ ਨਹੀਂ ਹੋ ਜਾਂਦਾ। ਅਸਲ ਕੰਮ ਸਾਨੂੰ ਦੱਸਦਾ ਹੈ ਕਿ ਇੱਕ ਨਿਸ਼ਚਿਤ ਸਮੇਂ ਫਲਾਣੀ-ਫਲਾਣੀ ਯੋਜਨਾ ਫਲਾਣੇ-ਫਲਾਣੇ ਲੋਕਾਂ ਜਾਂ

ਇੱਕ ਭਿੰਨ ਸਮੂਹ ਨੇ ਬਣਾਈ ਸੀ। ਕੋਈ ਨਹੀਂ ਕਹਿ ਸਕਦਾ ਕਿ ਇੱਕ ਵਿਸ਼ੇਸ਼ ਸਮੂਹ ਦੀਆਂ ਯੋਜਨਾਵਾਂ ਨਿਯਮਾਂ ਦੇ ਅਨੁਕੂਲ ਹਨ। ਨਿਸ਼ਚੇ ਹੀ ਕੁੱਝ ਯੋਜਨਾਵਾਂ ਅਨੁਕੂਲ ਹੋਣਗੀਆਂ ਜਾਂ ਕੁੱਝ ਬੁਨਿਆਦੀ ਤੌਰ 'ਤੇ ਅਨੁਕੂਲ ਹੋਣਗੀਆਂ ਜਦੋਂ ਕਿ ਦੂਜੀਆਂ ਅਨੁਕੂਲ ਨਹੀਂ ਹੋਣਗੀਆਂ ਜਾਂ ਬੁਨਿਆਦੀ ਤੌਰ 'ਤੇ ਅਨੁਕੂਲ ਨਹੀਂ ਹੋਣਗੀਆਂ।

ਇਹ ਸੋਚਣਾ ਕਿ ਅਨੁਪਾਤਾਂ ਦੇ ਗਿਆਨ ਨੂੰ ਪ੍ਰਕਿਰਿਆ ਦੀ ਲੋੜ ਨਹੀਂ — ਸਫ਼ਲਤਾਵਾਂ ਤੇ ਅਸਫ਼ਲਤਾਵਾਂ ਵਿੱਚ ਤੁਲਨਾ, ਵਿਕਾਸ ਦੀ ਇੱਕ ਪੀੜਾਦਾਇਕ ਪ੍ਰਕਿਰਿਆ — ਇੱਕ ਅਭੌਤਿਕ ਨਜ਼ਰੀਆ ਹੈ। ਅਜ਼ਾਦੀ ਲੋੜ ਦੀ ਸ਼ਨਾਖਤ ਹੈ ਪਰ ਲੋੜ ਦਾ ਇੱਕ ਨਜ਼ਰ 'ਚ ਬੋਧ ਨਹੀਂ ਹੁੰਦਾ। ਦੁਨੀਆ ਵਿੱਚ ਕੋਈ ਕੁਦਰਤੀ ਗਿਆਨੀ ਨਹੀਂ ਹੁੰਦਾ ਤੇ ਨਾ ਹੀ ਸਮਾਜਵਾਦੀ ਸਮਾਜ ਦੀ ਸਥਾਪਨਾ ਨਾਲ਼ ਹਰ ਕੋਈ ਦੂਰਦਰਸ਼ੀ ਬਣ ਜਾਂਦਾ ਹੈ। ਰਾਜਨੀਤਕ ਅਰਥਸ਼ਾਸਤਰ 'ਤੇ ਇਹ ਕਿਤਾਬ ਕੁੱਝ ਸਮਾਂ ਪਹਿਲਾਂ ਕਿਉਂ ਨਹੀਂ ਸੀ ਛਾਪੀ ਗਈ ? ਆਪਣੇ ਛਪਣ ਤੋਂ ਬਾਅਦ ਇਹ ਵਾਰ-ਵਾਰ ਸੋਧੀ ਕਿਉਂ ਗਈ ? ਆਖਰਕਾਰ ਇਸ ਦਾ ਕਾਰਨ ਇਹ ਤਾਂ ਨਹੀਂ ਕਿ ਬੀਤੇ ਸਮੇਂ 'ਚ ਗਿਆਨ ਅਧੂਰਾ ਸੀ ਤੇ ਹੁਣ ਵੀ ਅਧੂਰਾ ਹੀ ਹੈ ? ਸਾਡੇ ਆਪਣੇ ਤਜ਼ਰਬਿਆਂ ਨੂੰ ਲਓ — ਸ਼ੁਰੂ 'ਚ ਸਾਨੂੰ ਸਮਾਜਵਾਦ ਨੂੰ ਚਲਾਉਣ ਦੀ ਸਮਝ ਨਹੀਂ ਸੀ, ਹੌਲ਼ੀ-ਹੌਲ਼ੀ ਅਭਿਆਸ ਦੁਆਰਾ ਅਸੀਂ ਥੋੜ੍ਹਾ ਸਮਝ ਗਏ ਪਰ ਹਾਲੇ ਵੀ ਕਾਫੀ ਨਹੀਂ ਸੀ। ਅਸੀਂ ਸੋਚੀਏ ਕਿ ਇਹ ਕਾਫੀ ਹੈ ਤਾਂ ਕਰਨ ਲਈ ਕੁੱਝ ਵੀ ਨਹੀਂ ਬਚੇਗਾ !

ਸਫ਼ਾ 466 'ਤੇ ਕਿਤਾਬ ਕਹਿੰਦੀ ਹੈ ਕਿ "ਸਚੇਤਨ ਰੂਪ ਨਾਲ਼ ਨਿਰੰਤਰ ਸਹੀ ਅਨੁਪਾਤ ਬਣਾਈ ਰੱਖਣਾ" ਸਮਾਜਵਾਦ ਦਾ ਇੱਕ ਵਿਸ਼ੇਸ਼ ਲੱਛਣ ਹੈ।

ਇਹ ਇੱਕ ਜ਼ਿੰਮੇਵਾਰੀ ਤੇ ਮੰਗ ਦੋਵੇਂ ਹੈ ਪਰ ਇਸ ਨੂੰ ਪੂਰਾ ਕਰਨਾ ਸੌਖਾ ਨਹੀਂ। ਇੱਥੋਂ ਤੱਕ ਕਿ ਸਤਾਲਿਨ ਨੇ ਵੀ ਕਿਹਾ ਸੀ ਕਿ ਸੋਵੀਅਤ ਯੂਨੀਅਨ ਦੀਆਂ ਯੋਜਨਾਵਾਂ ਨੂੰ ਵੀ ਨਿਯਮਾਂ ਦੀ ਮੰਗ ਪਹਿਲਾਂ ਹੀ ਪੂਰੀ ਤਰ੍ਹਾਂ ਪ੍ਰਤੀਬਿੰਬਤ ਕਰਨ ਵਾਲਾ ਨਹੀਂ ਮੰਨਿਆ ਜਾ ਸਕਦਾ।

"ਸਹੀ ਅਨੁਪਾਤਾਂ ਨੂੰ ਨਿਰੰਤਰ ਬਣਾਈ ਰੱਖਣਾ" ਅਸੰਤੁਲਨਾਂ ਦਾ ਵੀ ਨਿਰੰਤਰ ਆਗਮਨ ਹੈ ਕਿਉਂਕਿ ਜਦੋਂ ਸਹੀ ਅਨੁਪਾਤ ਹਾਸਲ ਨਹੀਂ ਹੁੰਦਾ ਤਾਂ ਚੀਜ਼ਾਂ ਨੂੰ ਅਨੁਪਾਤ 'ਚ ਰੱਖਣ ਦਾ ਕੰਮ ਸਾਹਮਣੇ ਆ ਜਾਂਦਾ ਹੈ। ਸਮਾਜਵਾਦੀ ਸਮਾਜ ਦੇ ਵਿਕਾਸ ਦੌਰਾਨ ਅਸੰਤੁਲਨ ਦਾ ਨਿਰੰਤਰ ਆਗਮਨ ਸਾਨੂੰ ਸਮ-ਅਨੁਪਾਤਕਤਾ ਤੇ ਸੰਪੂਰਨਤਾ ਨੂੰ ਧਿਆਨ 'ਚ ਰੱਖਦੇ ਹੋਏ ਸੰਤੁਲਨ ਸਥਾਪਤ ਕਰਨ ਲਈ ਮਜਬੂਰ ਕਰਦਾ ਹੈ। ਮਿਸਾਲ ਵਜੋਂ ਜਦੋਂ ਆਰਥਕਤਾ ਵਿਕਸਤ ਹੁੰਦੀ ਹੈ ਤਾਂ ਤਕਨੀਕੀ ਕਰਮਚਾਰੀਆਂ ਤੇ ਕਾਰਕੁੰਨਾਂ ਦੀ ਕਮੀ ਸਾਰੇ ਪਾਸੇ ਮਹਿਸੂਸ ਕੀਤੀ ਜਾਂਦੀ ਹੈ ਤੇ ਮੰਗ ਅਤੇ ਪੂਰਤੀ ਦਰਮਿਆਨ ਵਿਰੋਧਤਾਈ ਪ੍ਰਗਟ ਹੋ ਜਾਂਦੀ ਹੈ। ਇਹ ਸਾਨੂੰ ਇਸ ਵਿਰੋਧਤਾਈ ਨੂੰ ਹੱਲ ਕਰਨ ਲਈ ਜ਼ਿਆਦਾ ਸਕੂਲ ਖੋਲ੍ਹਣ ਤੇ ਜ਼ਿਆਦਾ ਕਾਰਕੁੰਨਾਂ ਨੂੰ ਸਿੱਖਿਅਤ ਕਰਨ ਲਈ ਉਤਸ਼ਾਹਤ ਕਰਦੀ ਹੈ। ਅਸੰਤੁਲਨ ਤੇ ਅਨੁਪਾਤਹੀਨਤਾ ਦੇ ਸਾਹਮਣੇ ਆਉਣ ਤੋਂ ਬਾਅਦ ਹੀ ਲੋਕ ਬਾਹਰਮੁਖੀ ਨਿਯਮਾਂ ਨੂੰ ਹੋਰ ਸਮਝਦੇ ਹਨ।

ਯੋਜਨਾ 'ਚ ਜੇ ਲੇਖਾ-ਜੋਖਾ ਨਾ ਰੱਖਿਆ ਜਾਵੇ ਤੇ ਚੀਜ਼ਾਂ ਨੂੰ ਆਪਣੇ ਰਸਤੇ

ਚੱਲਣ ਦਿੱਤਾ ਜਾਵੇ ਜਾਂ ਹਰ ਚੀਜ਼ ਨੂੰ ਸੁਸਪੱਸ਼ਟ ਬਣਾਉਣ ਲਈ ਲੋੜੋਂ ਵੱਧ ਧਿਆਨ ਨਾਲ਼ ਜ਼ੋਰ ਦਿੱਤਾ ਜਾਵੇ ਤਾਂ ਸਾਡੇ ਢੰਗ ਸਫ਼ਲ ਨਹੀਂ ਹੋਣਗੇ ਤੇ ਸਿੱਟੇ ਵਜੋਂ ਸਮ–ਅਨੁਪਾਤਕਾ ਨਸ਼ਟ ਹੋ ਜਾਵੇਗੀ।

ਯੋਜਨਾ ਇੱਕ ਵਿਚਾਰਧਾਰਕ ਰੂਪ ਹੁੰਦਾ ਹੈ। ਵਿਚਾਰਧਾਰਾ ਯਥਾਰਥ ਦਾ ਪ੍ਰਤੀਬਿੰਬ ਹੁੰਦੀ ਹੈ ਤੇ ਉਸ 'ਤੇ ਅਸਰ ਪਾਉਂਦੀ ਹੈ। ਸਾਡੀਆਂ ਪੂਰਵ–ਯੋਜਨਾਵਾਂ 'ਚ ਇਹ ਸ਼ਰਤ ਸੀ ਕਿ ਸਾਡੇ ਸਮੁੰਦਰੀ ਤੱਟਾਂ 'ਤੇ ਕੋਈ ਨਵੀਂ ਸਨਅਤ ਨਹੀਂ ਸਥਾਪਤ ਕੀਤੀ ਜਾਵੇਗੀ ਤੇ 1957 ਤੱਕ ਉੱਥੇ ਕੋਈ ਉਸਾਰੀ ਨਹੀਂ ਸੀ ਕੀਤੀ ਗਈ। ਅਸੀਂ ਸੱਤ ਸਾਲ ਖਰਾਬ ਕੀਤੇ। ਸਿਰਫ਼ 1958 ਤੋਂ ਬਾਅਦ ਹੀ ਪ੍ਰਮੁੱਖ ਉਸਾਰੀ ਸ਼ੁਰੂ ਹੋਈ। ਪਿਛਲੇ ਦੋ ਸਾਲਾਂ 'ਚ ਬੇਹੱਦ ਵਿਕਾਸ ਹੋਇਆ ਹੈ। ਇਸ ਤਰ੍ਹਾਂ ਯੋਜਨਾ ਜਿਹੇ ਵਿਚਾਰਧਾਰਕ ਰੂਪਾਂ ਦਾ ਆਰਥਕ ਵਿਕਾਸ ਤੇ ਉਸ ਦੀ ਦਰ 'ਤੇ ਬਹੁਤ ਪ੍ਰਭਾਵ ਪੈਂਦਾ ਹੈ।

## 38. ਪੈਦਾਵਾਰ ਦੇ ਸਾਧਨਾਂ ਦੀ ਪੈਦਾਵਾਰ 'ਚ ਪ੍ਰਾਥਮਿਕਤਾ ਦੇ ਅਧਾਰ 'ਤੇ ਵਾਧਾ: ਸਨਅਤ ਤੇ ਖੇਤੀ 'ਚ ਨਾਲ਼ ਨਾਲ਼ ਵਾਧਾ।

ਸਫ਼ਾ 466 'ਤੇ ਪੈਦਾਵਾਰ ਦੇ ਸਾਧਨਾਂ ਦੀ ਪੈਦਾਵਾਰ 'ਚ ਪ੍ਰਾਥਮਿਕਤਾ ਦੇ ਅਧਾਰ 'ਤੇ ਵਾਧੇ ਦੀ ਸਮੱਸਿਆ ਨੂੰ ਸੰਬੋਧਤ ਕੀਤਾ ਗਿਆ ਹੈ।

ਪੈਦਾਵਾਰ ਦੇ ਸਾਧਨਾਂ ਦੀ ਪੈਦਾਵਾਰ 'ਚ ਪ੍ਰਾਥਮਿਕਤਾ ਦੇ ਅਧਾਰ 'ਤੇ ਵਾਧਾ ਸਾਰੇ ਸਮਾਜਾਂ ਦਾ ਵਿਸਤਾਰਤ ਮੁੜ–ਉਤਪਾਦਨ ਦਾ ਸਾਂਝਾ ਆਰਥਿਕ ਨਿਯਮ ਹੈ। ਜੇ ਪੂੰਜੀਵਾਦੀ ਸਮਾਜ 'ਚ ਪੈਦਾਵਾਰ ਦੇ ਸਾਧਨਾਂ ਦੀ ਪੈਦਾਵਾਰ ਦੀ ਪ੍ਰਾਥਮਿਕਤਾ ਨਹੀਂ ਹੁੰਦਾ ਤਾਂ ਕੋਈ ਵੀ ਵਿਸਤਾਰਿਤ ਮੁੜ–ਉਤਪਾਦਨ ਨਹੀਂ ਹੋ ਪਾਵੇਗਾ। ਸਤਾਲਿਨ ਦੇ ਸਮੇਂ 'ਚ ਭਾਰੀ ਸਨਅਤਾਂ ਦੇ ਪ੍ਰਾਥਮਿਕ ਵਿਕਾਸ 'ਤੇ ਖਾਸ ਜ਼ੋਰ ਦੇਣ ਕਰਕੇ ਯੋਜਨਾਵਾਂ ਵਿੱਚ ਖੇਤੀ ਦੀ ਅਣਗਿਹਲੀ ਕੀਤੀ ਗਈ ਸੀ। ਪਿਛਲੇ ਕੁੱਝ ਸਾਲਾਂ ਤੋਂ ਪੂਰਬੀ ਯੂਰਪ ਦੀਆਂ ਵੀ ਇਹੀ ਸਮੱਸਿਆਵਾਂ ਹਨ। ਸਾਡੀ ਪਹੁੰਚ ਇਹੀ ਰਹੀ ਹੈ ਕਿ ਭਾਰੀ ਸਨਅਤ ਦੇ ਵਿਕਾਸ ਨੂੰ ਪ੍ਰਾਥਮਿਕਤਾ ਦਿੱਤੀ ਜਾਵੇ ਜੋ ਕਿ ਖੇਤੀ ਅਤੇ ਸਨਅਤ ਦੇ ਸਮਵਰਤੀ ਵਿਕਾਸ ਅਤੇ ਕੁੱਝ ਹੋਰ ਸਮਵਰਤੀ ਪ੍ਰੋਗਰਾਮਾਂ, ਜਿਹਨਾਂ 'ਚ ਅੱਗੇ ਫੇਰ ਇੱਕ ਆਗੂ ਪੱਖ ਹੈ, ਲਈ ਇੱਕ ਸ਼ਰਤ ਹੈ। ਜੇ ਖੇਤੀ ਵਿਕਾਸ ਨਹੀਂ ਕਰਦੀ ਤਾਂ ਸਿਰਫ ਕੁੱਝ ਸਮੱਸਿਆਵਾਂ ਹੀ ਹੱਲ ਹੋਣਗੀਆਂ। ਅੱਜ ਤੋਂ ਚਾਰ ਸਾਲ ਪਹਿਲਾਂ ਅਸੀਂ ਸਨਅਤ ਤੇ ਖੇਤੀ ਦੇ ਨਾਲ਼ ਨਾਲ਼ ਵਿਕਾਸ ਦੀ ਪੇਸ਼ਕਸ਼ ਰੱਖੀ ਸੀ ਭਾਵੇਂ ਕਿ ਇਸ ਨੂੰ 1960 'ਚ ਹੀ ਸਹੀ ਤਰ੍ਹਾਂ ਲਾਗੂ ਕਰ ਸਕੇ ਸੀ। ਅਸੀਂ ਖੇਤੀ ਨੂੰ ਕਿੰਨਾ ਉੱਚਾ ਸਥਾਨ ਦਿੰਦੇ ਹਾਂ ਇਸ ਦਾ ਪ੍ਰਗਟਾਵਾ ਸਾਡੇ ਦੁਆਰਾ ਖੇਤੀ ਨੂੰ ਦਿੱਤੀ ਗਈ ਸਟੀਲ ਦੀ ਮਾਤਰਾ ਤੋਂ ਹੀ ਪਤਾ ਚੱਲਦਾ ਹੈ। 1959 'ਚ ਅਸੀਂ ਖੇਤੀ ਲਈ 590,000 ਟਨ ਸਟੀਲ ਤੈਅ ਕੀਤਾ ਸੀ ਜਦੋਂ ਕਿ ਇਸ ਸਾਲ (ਜਲ ਰੱਖਿਆ ਉਸਾਰੀ ਸਹਿਤ) ਇਸ ਦੀ ਮਾਤਰਾ 13 ਲੱਖ ਟਨ ਹੈ। ਇਹੀ ਅਸਲ 'ਚ ਸਨਅਤ ਤੇ ਖੇਤੀ ਨੂੰ ਸਮਵਰਤੀ ਪ੍ਰੋਤਸਾਹਨ ਹੈ।

ਇੱਥੇ ਕਿਤਾਬ ਜ਼ਿਕਰ ਕਰਦੀ ਹੈ ਕਿ 1925 ਤੋਂ 1958 ਤੱਕ ਸੋਵੀਅਤ ਯੂਨੀਅਨ

'ਚ ਪੈਦਾਵਾਰ ਦੇ ਸਾਧਨਾਂ ਦੀ ਪੈਦਾਵਾਰ 'ਚ 103 ਗੁਣਾ ਵਾਧਾ ਹੋਇਆ, ਜਦੋਂਕਿ ਉਪਭੋਗਤਾ ਵਸਤੂਆਂ ਦੀ ਪੈਦਾਵਾਰ 'ਚ 15.6 ਗੁਣਾ ਵਾਧਾ ਹੋਇਆ। ਸਵਾਲ ਇਹ ਹੈ ਕਿ 103:15.6 ਦਾ ਅਨੁਪਾਤ ਭਾਰੀ* ਸਨਅਤ ਦੇ ਵਿਕਾਸ ਲਈ ਲਾਭਦਾਇਕ ਹੈ ਜਾਂ ਨਹੀਂ? ਜੇ ਅਸੀਂ ਭਾਰੀ ਸਨਅਤ ਦੇ ਵਿਕਾਸ ਨੂੰ ਜਲਦ ਕਰਨਾ ਚਾਹੁੰਦੇ ਹਾਂ ਤਾਂ ਹਰੇਕ ਨੂੰ ਪਹਿਲ ਕਰਨੀ ਪਵੇਗੀ ਤੇ ਮਨੋਬਲ ਉੱਚਾ ਰੱਖਣਾ ਪਵੇਗਾ। ਜੇ ਅਸੀਂ ਇਸ ਤਰ੍ਹਾਂ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਸਨਅਤ ਤੇ ਖੇਤੀ ਦੇ ਨਾਲ਼ ਨਾਲ਼ ਵਿਕਾਸ ਨੂੰ ਯਕੀਨੀ ਬਣਾਉਣਾ ਪਵੇਗਾ ਤੇ ਇਹੀ ਗੱਲ ਹਲਕੀ ਤੇ ਭਾਰੀ ਸਨਅਤ 'ਤੇ ਵੀ ਲਾਗੂ ਹੁੰਦੀ ਹੈ।

ਜੇ ਅਸੀਂ ਖੇਤੀ, ਹਲਕੀ ਤੇ ਭਾਰੀ ਸਨਅਤ ਦੇ ਵਿਕਾਸ ਨੂੰ ਇੱਕ ਸਮੇਂ ਤੇ ਉੱਚੀ ਦਰ 'ਤੇ ਯਕੀਨੀ ਬਣਾ ਸਕੇ ਤਾਂ ਲੋਕਾਂ ਦੇ ਜੀਵਨ ਪੱਧਰ ਦੇ ਉੱਚਿਤ ਵਿਕਾਸ ਨੂੰ ਭਾਰੀ ਸਨਅਤ ਦੇ ਵਿਕਾਸ ਨਾਲ਼ ਯਕੀਨੀ ਬਣਾ ਸਕਾਂਗੇ। ਸੋਵੀਅਤ ਯੂਨੀਅਨ ਦਾ ਤਜ਼ਰਬਾ ਜੋ ਸਾਡੇ ਤਜ਼ਰਬੇ ਨਾਲ਼ੋਂ ਘੱਟ ਮਹੱਤਵਪੂਰਨ ਨਹੀਂ ਸਿੱਧ ਕਰਦਾ ਹੈ ਕਿ ਜੇ ਖੇਤੀ ਤੇ ਹਲਕੀ ਸਨਅਤ ਵਿਕਸਤ ਨਾ ਹੋਣ ਤਾਂ ਇਹ ਭਾਰੀ ਸਨਅਤ ਦੇ ਵਿਕਾਸ ਨੂੰ ਨੁਕਸਾਨ ਪਹੁੰਚਾਉਂਦੇ ਹਨ।

## 39. "ਵੰਡ ਫੈਸਲਾਕੁੰਨ ਹੁੰਦੀ ਹੈ" — ਇੱਕ ਗਲਤ ਨਜ਼ਰੀਆ

ਪਾਠ 20 'ਚ ਕਿਤਾਬ ਕਹਿੰਦੀ ਹੈ, "ਰਾਜ ਦੁਆਰਾ ਸੰਚਾਲਤ ਸਨਅਤਾਂ 'ਚ ਉੱਚੇ ਵਾਧੇ ਦੀ ਪੂਰਵ-ਸ਼ਰਤ ਇਹ ਸੀ ਕਿ ਸਮਾਜਵਾਦੀ ਪੈਦਾਵਾਰ ਦੇ ਵਿਕਾਸ 'ਚ ਵਿਅਕਤੀਗਤ ਭੌਤਿਕ ਹਿੱਤਾਂ ਪ੍ਰਤੀ ਮਜ਼ਦੂਰਾਂ ਦੇ ਸਰੋਕਾਰ ਦਾ ਲਾਭ ਉਠਾਇਆ ਜਾਵੇ।" ਪਾਠ 21 'ਚ ਕਿਤਾਬ ਕਹਿੰਦੀ ਹੈ, "ਕੌਮੀ ਸਨਅਤੀਕਰਨ ਲਈ ਘੋਲ 'ਚ ਮਹੱਤਵਪੂਰਨ ਕਾਰਜ ਪੂਰਾ ਕਰਨ ਲਈ ਕਿਰਤ ਅਨੁਸਾਰ ਵੰਡ ਦੇ ਆਰਥਿਕ ਨਿਯਮ (ਇੱਕ ਅਜਿਹਾ ਨਿਯਮ ਜੋ ਮਜ਼ਦੂਰਾਂ ਦੇ ਵਿਅਕਤੀਗਤ ਭੌਤਿਕ ਹਿੱਤਾਂ ਨੂੰ ਸਮਾਜਵਾਦੀ ਪੈਦਾਵਾਰ ਦੇ ਹਿੱਤਾਂ ਨਾਲ਼ ਜੋੜ ਦਿੰਦਾ ਹੈ) ਦੀ ਵਰਤੋਂ ਕਰਦੇ ਹੋਏ ਆਰਥਿਕ ਲੇਖੇ-ਜੋਖੇ ਨੂੰ ਠੀਕ-ਠੀਕ ਪੂਰਾ ਕਰੋ।" ਪਾਠ 25 'ਚ ਇਹ ਕਹਿੰਦੀ ਹੈ, "ਸਮਾਜਵਾਦੀ ਪੈਦਾਵਾਰ ਦੇ ਉਦੇਸ਼ ਪੈਦਾਵਾਰ 'ਚ ਵਾਧੇ ਲਈ ਜ਼ੋਰਦਾਰ ਕੋਸ਼ਿਸ਼ਾਂ ਕਰਨ 'ਚ ਮਜ਼ਦੂਰਾਂ ਦੀ ਡੂੰਘੀ ਰੁਚੀ ਪੈਦਾ ਕਰ ਦਿੰਦੇ ਹਨ ਤੇ ਭੌਤਿਕ ਹਿੱਤਾਂ ਕਰਕੇ ਕਿਰਤ ਦੇ ਫਲਾਂ ਨਾਲ਼ ਰੁਚੀ ਰੱਖਣ ਵਾਲੇ ਕਰਮਚਾਰੀਆਂ ਨੂੰ ਸਾਹਮਣੇ ਲੈ ਆਉਂਦੇ ਹਨ। ਇਹ ਸਮਾਜਵਾਦੀ ਪੈਦਾਵਾਰ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਪ੍ਰੇਰਕ ਤਾਕਤ ਹੈ।" "ਵਿਅਕਤੀਗਤ ਭੌਤਿਕ ਹਿੱਤਾਂ" ਨੂੰ ਇਸ ਤਰ੍ਹਾਂ ਨਿਰਪੇਖ ਬਣਾ ਦੇਣ ਨਾਲ਼ ਲਾਜ਼ਮੀ ਹੀ ਵਿਅਕਤੀਵਾਦ ਦੇ ਵਧ ਜਾਣ ਦਾ ਖਤਰਾ ਪੈਦਾ ਹੋ ਜਾਵੇਗਾ।

ਸਫ਼ਾ 452 ਕਹਿੰਦਾ ਹੈ ਕਿ ਕਿਰਤ ਅਨੁਸਾਰ ਵੰਡ ਦਾ ਨਿਯਮ "ਸਮਾਜਵਾਦੀ ਪੈਦਾਵਾਰ ਲਈ ਫੈਸਲਾਕੁੰਨ ਪ੍ਰੇਰਕ ਤਾਕਤਾਂ 'ਚੋਂ ਇੱਕ ਹੈ ਕਿਉਂਕਿ ਇਹ ਭੌਤਿਕ ਹਿੱਤਾਂ ਦੇ ਕਾਰਨ ਉਤਪਾਦਕਤਾ ਵਧਾਉਣ ਦੀਆਂ ਯੋਜਨਾਵਾਂ ਨੂੰ ਪੂਰਾ ਕਰਨ 'ਚ ਮਜ਼ਦੂਰਾਂ ਦੀ ਰੁਚੀ

* ਸਿਰਫ 1967 ਦੀ ਛਾਪ ਵਿੱਚ

ਪੈਦਾ ਹੋ ਜਾਂਦੀ ਹੈ।" ਕੋਈ ਪੁੱਛੇ ਬਿਨਾਂ ਨਹੀਂ ਰਹਿ ਸਕਦਾ, "ਜੇ ਸਮਾਜਵਾਦੀ ਪੈਦਾਵਾਰ ਦੇ ਵਿਕਾਸ ਦੀ ਦਿਸ਼ਾ ਨੂੰ ਸਮਾਜਵਾਦ ਦੇ ਬੁਨਿਆਦੀ ਆਰਥਿਕ ਨਿਯਮ ਤੈਅ ਕਰਦੇ ਹਨ ਤਾਂ ਇਸ ਤੋਂ ਇਹ ਸਿੱਟਾ ਕਿਵੇਂ ਨਿਕਲਦਾ ਹੈ ਕਿ ਵਿਅਕਤੀਗਤ ਭੌਤਿਕ ਹਿੱਤ ਪੈਦਾਵਾਰ ਦੀਆਂ ਫੈਸਲਾਕੁੰਨ ਪ੍ਰੇਰਕ ਤਾਕਤਾਂ ਬਣ ਗਏ ਹਨ ?" ਉਪਭੋਗਤਾ ਵਸਤੂਆਂ ਦੀ ਵੰਡ ਨੂੰ ਫੈਸਲਾਕੁੰਨ ਪ੍ਰੇਰਕ ਤਾਕਤ ਸਮਝਣਾ ਵੰਡ ਨੂੰ ਫੈਸਲਾਕੁੰਨ ਸਮਝਣ ਦਾ ਗਲਤ ਨਜ਼ਰੀਆ ਹੈ। ਆਪਣੇ **ਗੋਥਾ ਪ੍ਰੋਗਰਾਮ ਦੀ ਅਲੋਚਨਾ** 'ਚ ਮਾਰਕਸ ਨੇ ਕਿਹਾ ਸੀ, "ਵੰਡ 'ਚ ਪਹਿਲੀ ਥਾਂ ਪੈਦਾਵਾਰ ਦੇ ਸਾਧਨਾਂ ਦੀ ਵੰਡ ਦੀ ਹੈ : ਪੈਦਾਵਾਰ ਦੇ ਸਾਧਨ ਕਿਸ ਦੇ ਹੱਥਾਂ 'ਚ ਹਨ ? ਇਹ ਇੱਕ ਫੈਸਲਾਕੁੰਨ ਸਵਾਲ ਹੈ। ਇਹ ਪੈਦਾਵਾਰ ਦੇ ਸਾਧਨਾਂ ਦੀ ਵੰਡ ਹੀ ਹੈ ਜੋ ਉਪਭੋਗੀ ਵਸਤੂਆਂ ਦੀ ਵੰਡ ਨੂੰ ਤੈਅ ਕਰਦੀ ਹੈ।" ਉਪਭੋਗੀ ਵਸਤੂਆਂ ਦੀ ਵੰਡ ਨੂੰ ਫੈਸਲਾਕੁੰਨ ਪ੍ਰੇਰਕ ਸ਼ਕਤੀ ਮੰਨਣਾ ਮਾਰਕਸ ਦੇ ਸਹੀ ਨਜ਼ਰੀਏ ਦਾ ਵਿਗਾੜ ਹੈ ਤੇ ਇੱਕ ਗੰਭੀਰ ਸਿਧਾਂਤਕ ਗਲਤੀ ਹੈ।

## 40. ਰਾਜਨੀਤੀ ਨੂੰ ਕਮਾਨ 'ਚ ਰੱਖਣਾ ਤੇ ਭੌਤਿਕ ਪ੍ਰੋਤਸਾਹਨ

ਸਫ਼ਾ 452 ਦੇ ਪੈਰਾ 2 'ਚ ਪਾਰਟੀ ਜਥੇਬੰਦੀਆਂ ਨੂੰ ਸਥਾਨਕ ਆਰਥਿਕ ਇਕਾਈਆਂ ਦੇ ਬਾਅਦ ਰੱਖਿਆ ਗਿਆ ਹੈ; ਇਹ ਆਰਥਿਕ ਇਕਾਈਆਂ ਬਾਅਦ ਵਿੱਚ ਕੇਂਦਰ ਸਰਕਾਰ ਦੇ ਸਿੱਧੇ ਪ੍ਰਸ਼ਾਸਨ ਦੇ ਅਧੀਨ ਪ੍ਰਧਾਨ ਬਣ ਜਾਂਦੀਆਂ ਹਨ। ਇਹਨਾਂ ਇਲਾਕਿਆਂ 'ਚ ਸਥਾਨਕ ਪਾਰਟੀ ਜਥੇਬੰਦੀਆਂ ਰਾਜਨੀਤਕ ਅਗਵਾਈ ਨਹੀਂ ਲੈ ਪਾਉਂਦੀਆਂ ਜੋ ਸਾਰੀਆਂ ਸਕਾਰਾਤਮਕ ਤਾਕਤਾਂ ਨੂੰ ਉਚਿਤ ਰੂਪ 'ਚ ਲਾਮਬੰਦ ਕਰਨਾ ਅਸਲ 'ਚ ਅਸੰਭਵ ਬਣਾ ਦਿੰਦਾ ਹੈ। ਸਫ਼ਾ 457 'ਤੇ ਕਿਤਾਬ ਭਾਵੇਂ ਲੋਕਾਂ ਦੀਆਂ ਰਚਨਾਤਮਕ ਸਰਗਰਮੀਆਂ ਨੂੰ ਕਬੂਲਦੀ ਹੈ ਪਰ ਫਿਰ ਵੀ ਇਹ ਕਹਿੰਦੀ ਹੈ, "ਕੌਮੀ ਆਰਥਿਕ ਵਿਕਾਸ ਦੀਆਂ ਯੋਜਨਾਵਾਂ ਨੂੰ ਪੂਰਾ ਕਰਨ ਤੇ ਉਸ ਤੋਂ ਅੱਗੇ ਲੰਘ ਜਾਣ ਦੇ ਸੰਘਰਸ਼ 'ਚ ਲੋਕਾਂ ਦੀ ਸ਼ਮੂਲੀਅਤ ਕਮਿਊਨਿਸਟ ਉਸਾਰੀ ਨੂੰ ਗਤੀ ਦੇਣ ਦੀਆਂ ਮਹੱਤਵਪੂਰਨ ਸ਼ਰਤਾਂ 'ਚੋਂ ਇੱਕ ਹੈ।" ਸਫ਼ਾ 447 ਵੀ ਕਹਿੰਦਾ ਹੈ, "ਖੇਤੀ ਦਾ ਵਿਕਾਸ ਕਰਨ ਲਈ ਫਾਰਮ ਕਰਮਚਾਰੀਆਂ ਦੀ ਪਹਿਲਕਦਮੀ ਇੱਕ ਨਿਰਣਾਇਕ ਕਾਰਨ ਹੈ।" ਲੋਕ ਸੰਘਰਸ਼ਾਂ ਨੂੰ "ਇੱਕ ਮਹੱਤਵਪੂਰਨ ਕਾਰਨ" ਸਮਝਣਾ ਇਸ ਸਿਧਾਂਤ ਦਾ ਵਿਰੋਧ ਕਰਨਾ ਹੈ ਕਿ ਇਤਿਹਾਸ ਲੋਕ ਬਣਾਉਂਦੇ ਹਨ। ਕਿਸੇ ਵੀ ਹਾਲਤ 'ਚ ਇਹ ਨਹੀਂ ਸੋਚਿਆ ਜਾ ਸਕਦਾ ਕਿ ਇਤਿਹਾਸ ਲੋਕ ਨਹੀਂ ਸਗੋਂ ਯੋਜਨਾਕਾਰ ਬਣਾਉਂਦੇ ਹਨ।

ਇਸ ਦੇ ਤੁਰੰਤ ਬਾਅਦ ਕਿਤਾਬ ਇਹ ਨੁਕਤਾ ਚੁੱਕਦੀ ਹੈ, "ਪਹਿਲੀ ਗੱਲ ਇਹ ਕਿ ਸਾਨੂੰ ਭੌਤਿਕ ਪ੍ਰੋਤਸਾਹਨਾਂ ਦੀ ਵਰਤੋਂ ਕਰਨੀ ਪਵੇਗੀ।" ਇਸ ਤੋਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਭੌਤਿਕ ਹਿੱਤਾਂ ਦੁਆਰਾ ਲੋਕਾਂ ਦੀ ਸਿਰਜਣਾਤਮਕ ਸਰਗਰਮੀਆਂ ਦੀ ਹੌਸਲਾ-ਅਫਜ਼ਾਈ ਕਰਨੀ ਪਵੇਗੀ। ਹਰੇਕ ਮੌਕੇ 'ਤੇ ਕਿਤਾਬ ਵਿਅਕਤੀਗਤ ਭੌਤਿਕ ਹਿੱਤਾਂ ਦੀ ਗੱਲ ਕਰਦੀ ਹੈ ਜਿਵੇਂ ਕਿ ਇਹ ਸੁਖੀ ਭਵਿੱਖ ਵੱਲ ਲੋਕਾਂ ਨੂੰ ਖਿੱਚ ਲੈ ਜਾਣ ਦਾ ਇੱਕ ਆਕਰਸ਼ਕ ਸਾਧਨ ਹੋਵੇ। ਇਹ ਬਹੁਤ ਸਾਰੇ ਆਰਥਿਕ ਕਾਮਿਆਂ ਤੇ ਮੁੱਖ ਕਰਮਚਾਰੀਆਂ ਦੀ ਆਤਮਿਕ

ਸਥਿਤੀ ਅਤੇ ਰਾਜਨੀਤਕ-ਵਿਚਾਰਧਾਰਕ ਕੰਮਾਂ ਨੂੰ ਮਹੱਤਵ ਦੇਣ ਦੀ ਅਸਫ਼ਲਤਾ ਦਾ ਪ੍ਰਗਟਾਵਾ ਹੈ। ਅਜਿਹੀਆਂ ਹਾਲਤਾ 'ਚ ਭੌਤਿਕ ਪ੍ਰੋਤਸਾਹਨਾ 'ਤੇ ਨਿਰਭਰ ਰਹਿਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਹੁੰਦਾ। "ਹਰੇਕ ਤੋਂ ਉਸ ਦੀ ਯੋਗਤਾ ਅਨੁਸਾਰ, ਹਰੇਕ ਨੂੰ ਉਸ ਦੀ ਕਿਰਤ ਅਨੁਸਾਰ।" ਇਸ ਨਾਅਰੇ ਦੇ ਪਹਿਲੇ ਅੱਧ ਦਾ ਅਰਥ ਹੈ ਕਿ ਪੈਦਾਵਾਰ 'ਤੇ ਬਹੁਤ ਜ਼ਿਆਦਾ ਊਰਜਾ ਖਰਚ ਕੀਤੀ ਜਾਣੀ ਚਾਹੀਦੀ ਹੈ। ਨਾਅਰੇ ਦੇ ਦੋ ਭਾਗਾਂ ਨੂੰ ਵੱਖ ਕਰਕੇ ਭੌਤਿਕ ਹਿੱਤਾਂ ਬਾਰੇ ਹਮੇਸ਼ਾ ਇੱਕ ਪਾਸੜ ਗੱਲ ਕਿਉਂ ਕੀਤੀ ਗਈ ਹੈ ? ਭੌਤਿਕ ਹਿੱਤਾਂ ਬਾਰੇ ਇਸ ਤਰ੍ਹਾਂ ਦਾ ਪ੍ਰਚਾਰ ਪੂੰਜੀਵਾਦ ਨੂੰ ਅਜਿੱਤ ਬਣਾ ਦੇਵੇਗਾ!

## 41. ਸੰਤੁਲਨ ਤੇ ਅਸੰਤੁਲਨ

ਸਫ਼ਾ 432 ਦਾ ਪੈਰ੍ਹਾ 1 ਗਲਤ ਹੈ। ਪੂੰਜੀਵਾਦੀ ਤਕਨੀਕ ਕੁੱਝ ਮਾਇਨਿਆਂ 'ਚ ਸੰਤੁਲਿਤ ਹੁੰਦੀ ਹੈ ਤੇ ਕੁੱਝ ਹੋਰ 'ਚ ਅਸੰਤੁਲਿਤ। ਨੁਕਤਾ ਇਹ ਹੈ ਕਿ ਪੂੰਜੀਵਾਦ ਤੇ ਸਮਾਜਵਾਦ ਅਧੀਨ ਤਕਨੀਕੀ ਵਿਕਾਸ 'ਚ ਸੰਤੁਲਨ ਤੇ ਅਸੰਤੁਲਨ ਬੁਨਿਆਦੀ ਤੌਰ 'ਤੇ ਵੱਖਰੇ ਹੁੰਦੇ ਹਨ। ਸਮਾਜਵਾਦ ਅਧੀਨ ਸੰਤੁਲਨ ਤੇ ਅਸੰਤੁਲਨ ਹੁੰਦੇ ਹਨ : ਮਿਸਾਲ ਵਜੋਂ ਮੁਕਤੀ ਦੇ ਪਹਿਲੇ ਦੌਰ 'ਚ ਸਾਡੇ ਕੋਲ਼ ਮੁਸ਼ਕਿਲ ਨਾਲ਼ 200 ਤੋਂ ਕੁੱਝ ਹੀ ਜ਼ਿਆਦਾ ਭੂ-ਵਿਗਿਆਨ ਸਬੰਧੀ ਪ੍ਰਾਜੈਕਟ ਕਾਮੇ ਸੀ ਤੇ ਖੋਜ ਕਾਰਜ ਪੂਰੀ ਤਰ੍ਹਾਂ ਕੌਮੀ ਆਰਥਿਕਤਾ ਦੇ ਵਿਕਾਸ ਦੀਆਂ ਲੋੜਾਂ ਤੋਂ ਪਿੱਛੇ ਸੀ। ਕਈ ਸਾਲਾਂ ਦੀਆਂ ਪ੍ਰਬਲ ਕੋਸ਼ਿਸ਼ਾਂ ਤੋਂ ਬਾਅਦ ਜਦੋਂ ਸਥਿਤੀ 'ਚ ਵਿਵਹਾਰਕ ਸੁਧਾਰ ਕਰ ਦਿੱਤਾ ਗਿਆ ਤਾਂ ਨਵਾਂ ਅਸੰਤੁਲਨ ਪੈਦਾ ਹੋ ਗਿਆ। ਇਸ ਸਮੇਂ ਚੀਨ ਵਿੱਚ ਸਰੀਰਕ ਕਿਰਤ ਦੀ ਕਾਫੀ ਜ਼ਿਆਦਾ ਬਹੁਤਾਤ ਹੈ, ਇੱਕ ਅਜਿਹੀ ਹਾਲਤ ਜੋ ਪੈਦਾਵਾਰ ਦੇ ਵਿਕਾਸ ਤੇ ਕਿਰਤ ਉਤਪਾਦਕਤਾ ਵਧਾਉਣ ਦੀਆਂ ਸਾਡੀਆਂ ਲੋੜਾਂ ਦੇ ਬਿਲਕੁੱਲ ਅਨੁਕੂਲ ਨਹੀਂ ਹੈ। ਇਸੇ ਕਰਕੇ ਇਸ ਅਸੰਤੁਲਨ ਨੂੰ ਹੱਲ ਕਰਨ ਲਈ ਸਾਨੂੰ ਵਿਆਪਕ ਤਕਨੀਕੀ ਇਨਕਲਾਬ ਸ਼ੁਰੂ ਕਰਨਾ ਪਿਆ। ਹਰ ਤਕਨੀਕੀ ਵਿਭਾਗ ਦੇ ਸਾਹਮਣੇ ਆਉਣ ਨਾਲ਼ ਤਕਨੀਕੀ ਵਿਕਾਸ ਦਾ ਅਸੰਤੁਲਨ ਲਾਜ਼ਮੀ ਹੀ ਮੁੜ ਧਿਆਨ 'ਚ ਆ ਜਾਵੇਗਾ। ਮਿਸਾਲ ਵਜੋਂ ਹੁਣ ਅਸੀਂ ਉੱਨਤ ਤਕਨੀਕ ਨਾਲ਼ ਕੰਮ ਕਰ ਰਹੇ ਹਾਂ, ਇਸ ਲਈ ਕਈ ਚੀਜ਼ਾਂ ਦੇ ਅਣਮੇਲ ਤੋਂ ਅਸੀਂ ਸੁਚੇਤ ਹੋ ਗਏ ਹਾਂ। ਪਰ ਇਹ ਸੋਵੀਅਤ ਕਿਤਾਬ ਨਾ ਸਿਰਫ਼ ਪੂੰਜੀਵਾਦ ਅੰਦਰ ਸੰਤੁਲਨ ਦੀ ਇੱਕ ਹੱਦ ਤੱਕ ਮੌਜੂਦਗੀ ਤੋਂ ਹੀ ਇਨਕਾਰ ਕਰਦੀ ਹੈ ਸਗੋਂ ਸਮਾਜਵਾਦ ਅੰਦਰ ਅਸੰਤੁਲਨ ਦੀ ਇੱਕ ਹੱਦ ਤੱਕ ਮੌਜੂਦਗੀ ਤੋਂ ਵੀ ਇਨਕਾਰ ਕਰਦੀ ਹੈ।

ਤਕਨੀਕ ਤੇ ਆਰਥਿਕਤਾ ਦੋਵੇਂ ਇਸੇ ਤਰ੍ਹਾਂ ਵਿਕਾਸ ਕਰਦੇ ਹਨ। ਕਿਤਾਬ ਸਮਾਜਵਾਦੀ ਪੈਦਾਵਾਰ ਦੇ ਵਿਕਾਸ ਦੇ ਲਹਿਰਾਂ ਵਰਗੇ ਵਾਧੇ ਤੋਂ ਅਣਜਾਣ ਜਾਪਦੀ ਹੈ ਤੇ ਸਮਾਜਵਾਦੀ ਆਰਥਿਕਤਾ ਦੀ ਗੱਲ ਇਸ ਤਰ੍ਹਾਂ ਕਰਦੀ ਹੈ ਜਿਵੇਂ ਇਸ ਦਾ ਵਿਕਾਸ ਬਿਨਾਂ ਕਿਸੇ ਉਤਾਰ ਦੇ ਇੱਕ ਸੰਪੂਰਨ ਸਿੱਧੀ ਰੇਖਾ 'ਚ ਹੁੰਦਾ ਹੈ। ਇਹ ਸੋਚਿਆ ਵੀ ਨਹੀਂ ਜਾ ਸਕਦਾ। ਵਿਕਾਸ ਦੀ ਕੋਈ ਵੀ ਰੇਖਾ ਸਿੱਧੀ ਨਹੀਂ ਹੁੰਦੀ, ਇਹ ਲਹਿਰ ਜਾਂ ਕੁੰਡਲੀਦਾਰ ਹੁੰਦੀ

ਹੈ। ਇੱਥੋਂ ਤੱਕ ਕਿ ਸਾਡੇ ਅਧਿਐਨ ਦਾ ਵੀ ਇਹੀ ਤਰੀਕਾ ਹੈ। ਅਧਿਐਨ ਤੋਂ ਪਹਿਲਾਂ ਅਸੀਂ ਕੁੱਝ ਹੋਰ ਕਰਦੇ ਹਾਂ। ਅਧਿਐਨ ਤੋਂ ਬਾਅਦ ਸਾਨੂੰ ਕੁੱਝ ਘੰਟੇ ਅਰਾਮ ਕਰਨਾ ਪੈਂਦਾ ਹੈ। ਅਸੀਂ ਇਸ ਤਰ੍ਹਾਂ ਅਧਿਐਨ ਕਰਨਾ ਜਾਰੀ ਨਹੀਂ ਰੱਖ ਸਕਦੇ ਜਿਵੇਂ ਕੋਈ ਦਿਨ ਜਾਂ ਰਾਤ ਹੀ ਨਾ ਹੋਵੇ। ਅਸੀਂ ਇੱਕ ਦਿਨ ਅਧਿਐਨ ਜ਼ਿਆਦਾ ਕਰਦੇ ਹਾਂ ਤੇ ਅਗਲੇ ਦਿਨ ਘੱਟ। ਹੋਰ ਤਾਂ ਹੋਰ ਆਪਣੇ ਨਿੱਤ-ਪ੍ਰਤੀ ਦਿਨ ਦੇ ਅਧਿਐਨ 'ਚ ਸਾਨੂੰ ਟਿੱਪਣੀ ਕਰਨ ਲਈ ਕਦੇ ਕੁੱਝ ਜ਼ਿਆਦਾ ਮਿਲ ਜਾਂਦਾ ਹੈ ਤੇ ਕਦੇ ਘੱਟ। ਇਹ ਸਾਰੀਆਂ ਲਹਿਰਾਂ ਵਰਗੀਆਂ ਬਣਤਰਾਂ ਹਨ, ਕਦੇ ਉੱਭਰਦੀਆਂ ਤੇ ਕਦੇ ਡਿੱਗਦੀਆਂ ਹਨ। ਸੰਤੁਲਨ, ਅਸੰਤੁਲਨ ਦੇ ਸਾਪੇਖ ਹੁੰਦਾ ਹੈ। ਅਸੰਤੁਲਨ ਦੇ ਬਿਨਾਂ ਕੋਈ ਸੰਤੁਲਨ ਨਹੀਂ ਹੁੰਦਾ। ਸਾਰੀਆਂ ਚੀਜ਼ਾਂ ਦੇ ਵਿਕਾਸ 'ਚ ਅਸੰਤੁਲਨ ਦੇ ਲੱਛਣ ਹੁੰਦੇ ਹਨ। ਇਹੀ ਕਾਰਨ ਹੈ ਕਿ ਸੰਤੁਲਨ ਦੀ ਮੰਗ ਹੁੰਦੀ ਹੈ। ਵੱਖ-ਵੱਖ ਇਲਾਕਿਆਂ ਤੇ ਵਿਭਾਗਾਂ ਦੇ ਸਾਰੇ ਹਿੱਸਿਆ 'ਚ ਸੰਤੁਲਨ ਤੇ ਅਸੰਤੁਲਨ ਵਿੱਚ ਵਿਰੋਧਤਾਈ ਦੀ ਹੋਂਦ ਹੁੰਦੀ ਹੈ ਜੋ ਹਮੇਸ਼ਾ ਪੈਦਾ ਹੁੰਦੀਆਂ ਰਹਿੰਦੀਆਂ ਹਨ ਤੇ ਹਮੇਸ਼ਾ ਹੱਲ ਲਈ ਹੱਲ ਹੋ ਜਾਂਦੀਆਂ ਹਨ। ਜਦੋਂ ਇੱਕ ਸਾਲ ਲਈ ਯੋਜਨਾ ਹੁੰਦੀ ਹੈ ਤਾਂ ਅਗਲੇ ਸਾਲ ਲਈ ਵੀ ਇੱਕ ਬਣਾਉਣੀ ਪੈਂਦੀ ਹੈ। ਸਾਲਾਨਾ ਯੋਜਨਾ ਲਈ ਇੱਕ ਚੌਥਾਈ ਯੋਜਨਾ ਦੀ ਲੋੜ ਹੁੰਦੀ ਹੈ ਅੱਗੋਂ ਜਿਸ ਨੂੰ ਮਹੀਨਾਵਾਰ ਯੋਜਨਾ ਦੀ ਲੋੜ ਹੁੰਦੀ ਹੈ। ਬਾਰ੍ਹਾਂ ਮਹੀਨਿਆਂ ਦੇ ਹਰੇਕ ਮਹੀਨੇ 'ਚ ਸੰਤੁਲਨ ਤੇ ਅਸੰਤੁਲਨ ਵਿਚਲੀਆਂ ਵਿਰੋਧਤਾਈਆਂ ਹੱਲ ਕਰਨੀਆਂ ਹੁੰਦੀਆਂ ਹਨ। ਯੋਜਨਾਵਾਂ ਦਾ ਲਗਾਤਾਰ ਸਖਤੀ ਨਾਲ਼ ਮੁੜ-ਨਿਰੀਖਣ ਕਰਨਾ ਪੈਂਦਾ ਹੈ ਕਿਉਂਕਿ ਨਵੇਂ ਅਸੰਤੁਲਨ ਪੈਦਾ ਹੁੰਦੇ ਰਹਿੰਦੇ ਹਨ।

ਪਰ ਕਿਤਾਬ ਨੇ ਵੱਖ-ਵੱਖ ਸਮੱਸਿਆਵਾਂ ਦੀ ਜਾਂਚ ਵਿੱਚ ਦਵੰਦਵਾਦੀ ਪੱਧਤੀ ਦੀ ਲੋੜੀਂਦੀ ਵਰਤੋਂ ਨਹੀਂ ਕੀਤੀ। ਕੌਮੀ ਆਰਥਿਕਤਾ ਦੇ ਯੋਜਨਾਬੱਧ ਸਮ-ਅਨੁਪਾਤਕ ਵਿਕਾਸ ਦੇ ਨਿਯਮਾਂ 'ਤੇ ਲਿਖਿਆ ਗਿਆ ਲੇਖ ਕਾਫੀ ਲੰਬਾ ਹੈ ਪਰ ਫਿਰ ਵੀ ਸੰਤੁਲਨ ਤੇ ਅਸੰਤੁਲਨ ਵਿਚਲੀ ਵਿਰੋਧਤਾਈ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ।

ਸਮਾਜਵਾਦੀ ਸਮਾਜ ਦੀ ਕੌਮੀ ਆਰਥਿਕਤਾ ਦਾ ਯੋਜਨਾਬੱਧ ਸਮ-ਅਨੁਪਾਤਕ ਵਿਕਾਸ ਹੋ ਸਕਦਾ ਹੈ ਜੋ ਅਸੰਤੁਲਨ ਨੂੰ ਵਿਨਿਯਮਿਤ (Regulate) ਕਰਨ ਦੇ ਯੋਗ ਬਣਾਉਂਦਾ ਹੈ। ਫਿਰ ਵੀ ਅਸੰਤੁਲਨ ਖਤਮ ਨਹੀਂ ਹੁੰਦੇ। "ਅਸਾਵਾਂਪਣ ਚੀਜ਼ਾਂ ਦੀ ਪ੍ਰਕਿਰਤੀ ਹੁੰਦਾ ਹੈ।" ਕਿਉਂਕਿ ਨਿੱਜੀ ਜਾਇਦਾਦ ਦਾ ਖਾਤਮਾ ਕਰ ਦਿੱਤਾ ਗਿਆ ਸੀ। ਇਸ ਲਈ ਆਰਥਿਕਤਾ ਦੀ ਯੋਜਨਾਬੱਧ ਜਥੇਬੰਦੀ ਸੰਭਵ ਹੋ ਗਈ ਸੀ। ਬਹੁਤ ਸਾਰੇ ਸਾਪੇਖ ਅਸਥਾਈ* ਸੰਤੁਲਨ ਬਣਾਉਣ ਲਈ ਅਸੰਤੁਲਨ ਦੇ ਨਿਯਮਾਂ ਨੂੰ ਕੰਟਰੋਲ ਕਰਨਾ ਤੇ ਉਹਨਾਂ ਦੀ ਸਚੇਤ ਵਰਤੋਂ ਸੰਭਵ ਹੋ ਜਾਵੇਗੀ।

ਜੇ ਪੈਦਾਵਾਰੀ ਤਾਕਤਾਂ ਅੱਗੇ ਲੰਘ ਜਾਣ ਤਾਂ ਪੈਦਾਵਾਰੀ ਸਬੰਧ ਪੈਦਾਵਾਰੀ ਤਾਕਤਾਂ ਦੇ ਅਨੁਸਾਰੀ ਨਹੀਂ ਰਹਿ ਸਕਦੇ; ਉੱਚ-ਉਸਾਰ ਪੈਦਾਵਾਰੀ ਸਬੰਧਾਂ ਦੇ ਅਨੁਕੂਲ ਨਹੀਂ ਰਹਿ ਸਕੇਗਾ। ਉਸ ਨੁਕਤੇ 'ਤੇ ਪੈਦਾਵਾਰੀ ਤਾਕਤਾਂ ਦੇ ਅਨੁਸਾਰੀ ਬਣਾਉਣ ਲਈ ਉੱਚ-ਉਸਾਰ ਤੇ ਪੈਦਾਵਾਰੀ ਸਬੰਧਾਂ ਨੂੰ ਬਦਲਣਾ ਪਵੇਗਾ। ਕੁੱਝ ਲੋਕ ਰਹਿੰਦੇ ਹਨ ਕਿ

ਉੱਚ-ਉਸਾਰ ਤੇ ਪੈਦਾਵਾਰੀ ਸਬੰਧਾਂ ਅਤੇ ਪੈਦਾਵਾਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ ਦੇ ਵਿੱਚ ਸਿਰਫ਼ ਸਾਪੇਖਕ ਸੰਤੁਲਨ ਹਾਸਲ ਕੀਤਾ ਜਾ ਸਕਦਾ ਹੈ ਕਿਉਂਕਿ ਪੈਦਾਵਾਰੀ ਤਾਕਤਾਂ ਹਮੇਸ਼ਾ ਅੱਗੇ ਵਧਦੀਆਂ ਰਹਿੰਦੀਆਂ ਹਨ ਤੇ ਇਸ ਲਈ ਇੱਕ ਅਸੰਤੁਲਨ ਹਮੇਸ਼ਾ ਮੌਜੂਦ ਰਹਿੰਦਾ ਹੈ। ਸੰਤੁਲਨ ਤੇ ਅਸੰਤੁਲਨ ਇੱਕ ਵਿਰੋਧਤਾਈ ਦੇ ਦੋ ਪਾਸੇ ਹਨ ਜਿਹਨਾਂ ਵਿੱਚੋਂ ਅਸੰਤੁਲਨ ਨਿਰਪੇਖ ਹੈ ਤੇ ਸੰਤੁਲਨ ਸਾਪੇਖ। ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਨਾ ਤਾਂ ਉੱਚ-ਉਸਾਰ ਤੇ ਨਾ ਪੈਦਾਵਾਰੀ ਸਬੰਧ ਤੇ ਨਾ ਹੀ ਪੈਦਾਵਾਰੀ ਤਾਕਤਾਂ ਅੱਗੇ ਵਿਕਾਸ ਕਰ ਸਕਦੀਆਂ ਤੇ ਉਹ ਪੱਥਰ ਬਣ ਜਾਂਦੀਆਂ। ਸੰਤੁਲਨ ਸਾਪੇਖ ਹੈ ਤੇ ਅਸੰਤੁਲਨ ਨਿਰਪੇਖ। ਇਹ ਇੱਕ ਸਰਵ-ਵਿਆਪੀ ਨਿਯਮ ਹੈ ਤੇ ਮੈਂ ਸਹਿਮਤ ਹਾਂ ਕਿ ਇਹ ਸਮਾਜਵਾਦੀ ਸਮਾਜ ’ਤੇ ਲਾਗੂ ਹੁੰਦਾ ਹੈ। ਵਿਰੋਧਤਾਈ ਤੇ ਸੰਘਰਸ਼ ਨਿਰਪੇਖ ਹਨ; ਏਕਾ, ਸਰਵ-ਸੰਮਤੀ ਤੇ ਪਰਸਪਰਤਾ ਸੰਕਰਮਣਸ਼ੀਲ ਹਨ, ਜੋ ਸਾਪੇਖ ਹਨ। ਯੋਜਨਾਵਾਂ ਦੌਰਾਨ ਹਾਸਲ ਕੀਤੇ ਵੱਖ-ਵੱਖ ਸੰਤੁਲਨ ਅਸਥਾਈ, ਸੰਕਰਮਣਸ਼ੀਲ ਤੇ ਸ਼ਰਤੀਆ ਹੁੰਦੇ ਹਨ, ਸੋ ਸਾਪੇਖ ਹੁੰਦੇ ਹਨ। ਗ਼ੈਰ-ਸ਼ਰਤੀਆ ਤੇ ਸਦੀਵੀ ਸੰਤੁਲਨ ਵਾਲੀ ਸਥਿਤੀ ਦੀ ਕਲਪਣਾ ਕੌਣ ਕਰ ਸਕਦਾ ਹੈ ?

ਸਮਾਜਵਾਦ ਦੀਆਂ ਆਰਥਿਕ ਸਮੱਸਿਆਵਾਂ ਦੀ ਖੋਜ ਲਈ ਸਾਨੂੰ ਪੈਦਾਵਾਰੀ ਤਾਕਤਾਂ, ਪੈਦਾਵਾਰੀ ਸਬੰਧਾਂ ਤੇ ਉੱਚ-ਉਸਾਰ ਵਿੱਚ ਸੰਤੁਲਨ ਤੇ ਅਸੰਤੁਲਨ ਨੂੰ ਦਿਸ਼ਾ-ਨਿਰਦੇਸ਼ਕ ਵਜੋਂ ਵਰਤਣ ਦੀ ਲੋੜ ਹੈ।

ਰਾਜਨੀਤਕ ਆਰਥਿਕਤਾ ਵਿੱਚ ਅਧਿਐਨ ਦਾ ਮੁੱਖ ਮਕਸਦ ਪੈਦਾਵਾਰੀ ਸਬੰਧਾਂ ਦਾ ਅਧਿਐਨ ਕਰਨਾ ਹੈ। ਪਰ ਪੈਦਾਵਾਰੀ ਸਬੰਧਾਂ ਦੇ ਸਪੱਸ਼ਟ ਅਧਿਐਨ ਲਈ ਇਹ ਜ਼ਰੂਰੀ ਹੈ ਕਿ ਇਸ ਦੇ ਨਾਲ਼ ਪੈਦਾਵਾਰੀ ਤਾਕਤਾਂ ਦਾ ਅਧਿਐਨ ਕੀਤਾ ਜਾਵੇ ਤੇ ਨਾਲ਼ ਹੀ ਉੱਚ-ਉਸਾਰ ਦੇ ਪੈਦਾਵਾਰੀ ਸਬੰਧਾਂ ’ਤੇ ਸਕਾਰਾਤਮਕ ਤੇ ਨਕਾਰਾਤਮਕ ਪ੍ਰਭਾਵਾਂ ਦਾ ਵੀ ਅਧਿਐਨ ਕੀਤਾ ਜਾਵੇ। ਕਿਤਾਬ ਇਸ ਹਾਲਤ ਦਾ ਜ਼ਿਕਰ ਕਰਦੀ ਹੈ ਪਰ ਕਦੇ ਵੀ ਉਸ ਦਾ ਡੂੰਘਾਈ ’ਚ ਅਧਿਐਨ ਨਹੀਂ ਕਰਦੀ। ਇਹ ਇੱਕ ਭੁੱਲ ਹੈ। ਤੇ ਹਾਂ, ਰਾਜਨੀਤਕ ਅਰਥਸ਼ਾਸਤਰ ਦੇ ਅਧਿਐਨ ਦੀ ਪ੍ਰਕਿਰਿਆ ਦੌਰਾਨ ਪੈਦਾਵਾਰੀ ਤਾਕਤਾਂ ਤੇ ਉੱਚ-ਉਸਾਰ ਦੇ ਅਧਿਐਨ ਨੂੰ ਲੋੜੋਂ ਵੱਧ ਵਿਆਪਕ ਨਹੀਂ ਬਣਾ ਦੇਣਾ ਚਾਹੀਦਾ ਹੈ। ਜੇ ਪੈਦਾਵਾਰੀ ਤਾਕਤਾਂ ਦਾ ਅਧਿਐਨ ਬਹੁਤ ਅੱਗੇ ਨਿਕਲ ਜਾਵੇ ਤਾਂ ਉਹ ਤਕਨੀਕ ਤੇ ਪ੍ਰਕਿਰਤਕ ਵਿਗਿਆਨ ਦਾ ਅਧਿਐਨ ਬਣ ਜਾਵੇਗਾ। ਜੇ ਉੱਚ-ਉਸਾਰ ਦਾ ਅਧਿਐਨ ਬਹੁਤ ਅੱਗੇ ਨਿਕਲ ਜਾਵੇ ਤਾਂ ਇਹ ਕੌਮ-ਰਾਜ ਦਾ ਸਿਧਾਂਤ, ਜਮਾਤੀ ਘੋਲ ਦਾ ਸਿਧਾਂਤ ਦਾ ਅਧਿਐਨ ਬਣ ਜਾਂਦਾ ਹੈ। ਸਮਾਜਵਾਦ (ਮਾਰਕਸਵਾਦ ਦੇ ਤਿੰਨ ਸਹਾਇਕ ਅੰਗਾਂ ’ਚੋਂ ਇੱਕ) ਦੇ ਸਿਰਲੇਖ ਅਧੀਨ ਅਸੀਂ ਜੋ ਅਧਿਐਨ ਕਰਦੇ ਹਾਂ ਉਸ ’ਚ ਜਮਾਤੀ ਘੋਲ ਦੇ ਸਿਧਾਂਤ, ਰਾਜ ਦੇ ਸਿਧਾਂਤ, ਇਨਕਲਾਬ ਦੇ ਸਿਧਾਂਤ ਤੇ ਪਾਰਟੀ ਦੇ ਸਿਧਾਂਤ ਦੇ ਨਾਲ਼ ਨਾਲ਼ ਫੌਜੀ ਨੀਤੀਆਂ ਤੇ ਦਾਅ-ਪੇਚ ਆਦਿ ਆਉਂਦੇ ਹਨ।

ਸੰਸਾਰ ’ਚ ਅਜਿਹੀ ਕੋਈ ਚੀਜ਼ ਨਹੀਂ ਜਿਸ ਦਾ ਵਿਸ਼ਲੇਸ਼ਣ ਨਾ ਕੀਤਾ ਜਾ ਸਕੇ। ਪਰ ਹਾਲਤਾਂ ਵੱਖ-ਵੱਖ ਹੁੰਦੀਆਂ ਹਨ ਤੇ ਇਸ ਲਈ ਸਾਰ-ਤੱਤ ਵੀ। ਕਈ ਬੁਨਿਆਦੀ ਸ਼੍ਰੇਣੀਆਂ ਤੇ ਨਿਯਮ – ਮਿਸਾਲ ਵਜੋਂ, ਵਿਰੋਧਤਾਈ ਦੀ ਏਕਤਾ – ਲਾਗੂ ਹੁੰਦੀਆਂ ਹਨ। ਜੇ

ਅਸੀਂ ਸਮੱਸਿਆਵਾਂ ਦਾ ਅਧਿਐਨ ਇਸ ਢੰਗ ਨਾਲ਼ ਕਰੀਏ, ਜੇ ਅਸੀਂ ਸਮੱਸਿਆਵਾਂ ਦਾ ਨਿਰੀਖਣ ਇਸ ਢੰਗ ਨਾਲ਼ ਕਰੀਏ ਤਾਂ ਸਾਡੇ ਕੋਲ ਠੋਸ, ਸਮੁੱਚਾ ਸੰਸਾਰ ਨਜ਼ਰੀਆ ਤੇ ਪੱਧਤੀ-ਵਿਗਿਆਨ ਉਪਲਭਧ ਹੋ ਜਾਵੇਗਾ।

## 42. ਭੌਤਿਕ ਪ੍ਰੋਤਸਾਹਨ (Incentive)

ਸਫ਼ਾ 486 ਕਹਿੰਦਾ ਹੈ, "ਸਮਾਜਵਾਦੀ ਪੜਾਅ 'ਚ ਅਜੇ ਤੱਕ ਕਿਰਤ ਸਮਾਜ ਦੇ ਸਾਰੇ ਮੈਂਬਰਾਂ ਲਈ ਜ਼ਿੰਦਗੀ ਦੀ ਪ੍ਰਾਥਮਿਕ ਲੋੜ ਨਹੀਂ ਬਣੀ ਹੈ ਤੇ ਇਸ ਲਈ ਕਿਰਤ ਲਈ ਭੌਤਿਕ ਪ੍ਰੋਤਸਾਹਨਾਂ ਦਾ ਬਹੁਤ ਜ਼ਿਆਦਾ ਮਹੱਤਵ ਹੈ।" ਇੱਥੇ "ਸਾਰੇ ਮੈਂਬਰਾਂ" ਬਹੁਤ ਜ਼ਿਆਦਾ ਆਮ ਹੈ। ਲੈਨਿਨ ਸਮਾਜ ਦੇ ਮੈਂਬਰ ਸਨ। ਕੀ ਉਹਨਾਂ ਕਿਰਤ ਉਹਨਾਂ ਦੀ ਜ਼ਿੰਦਗੀ ਦੀ "ਪ੍ਰਾਥਮਿਕ ਲੋੜ" ਨਹੀਂ ਬਣ ਗਈ ਸੀ ?

ਸਫ਼ਾ 486 ਇਹ ਨੁਕਤਾ ਚੁੱਕਦਾ ਹੈ : ਸਮਾਜਵਾਦੀ ਸਮਾਜ ਵਿੱਚ ਦੋ ਤਰ੍ਹਾਂ ਦੇ ਲੋਕ ਮੌਜੂਦ ਹੁੰਦੇ ਹਨ, ਜ਼ਿਆਦਾ ਬਹੁਗਿਣਤੀ ਲੋਕ ਜੋ ਆਪਣੇ ਫਰਜ਼ਾਂ ਨੂੰ ਇਮਾਨਦਾਰੀ ਨਾਲ਼ ਪੂਰਾ ਕਰਦੇ ਹਨ ਅਤੇ ਕੁੱਝ ਲੋਕ ਜੋ ਆਪਣੇ ਫਰਜ਼ਾਂ ਪ੍ਰਤੀ ਇਮਾਨਦਾਰ ਨਹੀਂ ਹੁੰਦੇ। ਇਹ ਵਿਸ਼ਲੇਸ਼ਣ ਸਹੀ ਤਰ੍ਹਾਂ ਕੀਤਾ ਗਿਆ ਹੈ। ਪਰ ਜੇ ਅਸੀਂ ਇਸ ਪਿਛਲੇਰੇ ਸਮੂਹ ਨੂੰ ਆਪਣੇ ਨਾਲ਼ ਲੈਣਾ ਚਾਹੁੰਦੇ ਹਾਂ ਤਾਂ ਅਸੀਂ ਪੂਰੀ ਤਰ੍ਹਾਂ ਭੌਤਿਕ ਪ੍ਰੋਤਸਾਹਨਾਂ 'ਤੇ ਨਿਰਭਰ ਨਹੀਂ ਰਹਿ ਸਕਦੇ। ਸਾਨੂੰ ਅਜੇ ਵੀ ਉਹਨਾਂ ਦੀ ਚੇਤਨਾ ਉੱਨਤ ਕਰਨ ਲਈ ਉਹਨਾਂ ਦੀ ਅਲੋਚਨਾ ਕਰਨੀ ਪਵੇਗੀ ਤੇ ਉਹਨਾਂ ਨੂੰ ਸਿੱਖਿਅਤ ਕਰਨਾ ਪਵੇਗਾ।

ਕਿਤਾਬ ਦਾ ਇਹ ਹਿੱਸਾ ਉਹਨਾਂ ਮਜ਼ਦੂਰਾਂ ਦੀ ਗੱਲ ਕਰਦਾ ਹੈ ਜੋ ਮੁਕਾਬਲਤਨ ਮਿਹਨਤੀ ਤੇ ਸਕਾਰਾਤਮਕ ਹਨ। ਸਮਾਨ ਹਾਲਤਾਂ 'ਚ ਇਹ ਉਹ ਲੋਕ ਹਨ ਜੋ ਜ਼ਿਆਦਾ ਪੈਦਾ ਕਰਨਗੇ। ਸਿੱਧਾ-ਸਿੱਧਾ ਕਿਹਾ ਜਾਏ, ਕੋਈ ਮਜ਼ਦੂਰ ਮਿਹਨਤੀ ਤੇ ਉਤਸ਼ਾਹੀ ਹੈ ਕਿ ਨਹੀਂ, ਇਹ ਉਸ ਦੀ ਰਾਜਨੀਤਕ ਚੇਤਨਾ ਤੋਂ ਤੈਅ ਹੁੰਦਾ ਹੈ, ਨਾ ਕਿ ਉਸ ਦੀ ਤਕਨੀਕੀ ਜਾਂ ਸੱਭਿਆਚਾਰਕ ਮੁਹਾਰਤ ਤੋਂ। ਕੁੱਝ ਲੋਕ ਜਿਹਨਾਂ ਦਾ ਤਕਨੀਕੀ ਤੇ ਸੱਭਿਆਚਾਰਕ ਪੱਧਰ ਉੱਚਾ ਹੁੰਦਾ ਹੈ ਕਿਸੇ ਕੰਮ ਦੇ ਨਹੀਂ ਹੁੰਦੇ, ਉਹ ਨਾ ਤਾਂ ਮਿਹਨਤੀ ਹੁੰਦੇ ਹਨ ਤੇ ਨਾ ਹੀ ਉਤਸ਼ਾਹੀ; ਤੇ ਹੋਰ ਜਿਨ੍ਹਾਂ ਦਾ ਉਪਰੋਕਤ ਪੱਧਰ ਨੀਂਵਾ ਹੁੰਦਾ ਹੈ ਕਾਫੀ ਮਿਹਨਤੀ ਤੇ ਉਤਸ਼ਾਹੀ ਹੁੰਦੇ ਹਨ। ਇਸ ਦਾ ਕਾਰਨ ਪਹਿਲਿਆਂ ਦੀ ਨੀਵੀਂ ਰਾਜਨੀਤਕ ਚੇਤਨਾ ਤੇ ਮਗਰਲਿਆਂ ਦੀ ਉੱਚੇ ਰਾਜਨੀਤਕ ਚੇਤਨਾ 'ਚ ਪਿਆ ਹੈ।

ਕਿਤਾਬ ਕਹਿੰਦੀ ਹੈ ਕਿ ਕਿਰਤ ਲਈ ਭੌਤਿਕ ਪ੍ਰੋਤਸਾਹਨ "ਪੈਦਾਵਾਰ ਵਿੱਚ ਵਾਧੇ ਨੂੰ ਉਤਸ਼ਾਹਤ" ਕਰਦਾ ਹੈ ਤੇ "ਪੈਦਾਵਾਰ ਦੇ ਵਿਕਾਸ ਨੂੰ ਉਤਸ਼ਾਹਤ ਕਰਨ ਵਾਲੇ ਨਿਰਣਾਇਕ ਕਾਰਨਾਂ 'ਚੋਂ ਇੱਕ ਹੈ।" ਪਰ ਭੌਤਿਕ ਪ੍ਰੋਤਸਾਹਨ ਲਾਜ਼ਮੀ ਹਰ ਸਾਲ ਨਹੀਂ ਬਦਲਦੇ। ਲੋਕਾਂ ਨੂੰ ਅਜਿਹੇ ਪ੍ਰੋਤਸਾਹਨਾਂ ਦੀ ਲੋੜ ਰੋਜ਼ਾਨਾ, ਮਹੀਨਾਵਾਰ ਜਾਂ ਸਾਲਾਨਾ ਨਹੀਂ ਹੋ ਸਕਦੀ। ਮੁਸ਼ਕਿਲ ਦੇ ਦਿਨਾਂ 'ਚ ਜਦੋਂ ਪ੍ਰੋਤਸਾਹਨਾਂ 'ਚ ਕਟੌਤੀ ਕਰ ਦਿੱਤੀ ਜਾਂਦੀ ਹੈ ਤਾਂ ਲੋਕਾਂ ਨੂੰ ਪੈਦਾਵਾਰ ਜਾਰੀ ਰੱਖਣੀ ਚਾਹੀਦੀ ਹੈ ਤੇ ਇਹ ਤਸੱਲੀਬਖ਼ਸ਼ ਢੰਗ ਨਾਲ਼ ਕਰਨੀ

ਚਾਹੀਦੀ ਹੈ। ਭੌਤਿਕ ਪ੍ਰੋਤਸਾਹਨਾਂ ਨੂੰ ਇੱਕ ਪਾਸੜ ਨਿਰਪੇਖ ਬਣਾ ਕੇ ਕਿਤਾਬ ਚੇਤਨਾ ਨੂੰ ਬਣਦਾ ਮਹੱਤਵ ਦੇਣ 'ਚ ਅਸਫ਼ਲ ਰਹੀ ਹੈ ਤੇ ਇੱਕੋ ਤਨਖਾਹ-ਸਕੇਲ 'ਤੇ ਲੋਕਾਂ ਦੀ ਕਿਰਤ ਵਿਚਲੇ ਫਰਕ ਦੀ ਵਿਆਖਿਆ ਨਹੀਂ ਕਰ ਸਕੀ ਹੈ। ਮਿਸਾਲ ਵਜੋਂ ਸਕੇਲ ਨੰਬਰ 5[22] 'ਚ, ਇੱਕ ਸਮੂਹ ਬਹੁਤ ਚੰਗਾ ਕੰਮ ਕਰ ਸਕਦਾ ਹੈ ਜਦੋਂ ਕਿ ਦੂਜਾ ਬੁਰਾ ਤੇ ਤੀਜ਼ਾ ਕੁੱਲ ਮਿਲਾ ਕੇ ਤਸੱਲੀਬਖ਼ਸ਼ ਕੰਮ ਕਰ ਸਕਦਾ ਹੈ। ਕਿਤਾਬ ਆਪਣੀ ਤਰਕ-ਪੱਧਤੀ ਅਨੁਸਾਰ ਇਸ ਗੱਲ ਦੀ ਵਿਆਖਿਆ ਨਹੀਂ ਕਰ ਸਕਦੀ ਕਿ ਇੱਕੋ ਭੌਤਿਕ ਪ੍ਰੋਤਸਾਹਨ ਦੇ ਹੁੰਦਿਆਂ ਵੀ ਅਜਿਹੇ ਵਖਰੇਵੇਂ ਸਾਹਮਣੇ ਕਿਉਂ ਆਉਂਦੇ ਹਨ।

ਜੇ ਭੌਤਿਕ ਪ੍ਰੋਤਸਾਹਨ ਦੇ ਮਹੱਤਵ ਨੂੰ ਪਹਿਚਾਣ ਵੀ ਲਿਆ ਜਾਵੇ ਤਾਂ ਵੀ ਇਹ ਇੱਕ ਇਕੱਲਾ ਸਿਧਾਂਤ ਨਹੀਂ ਹੈ। ਇੱਕ ਦੂਜਾ ਸਿਧਾਂਤ ਹਮੇਸ਼ਾ ਹੁੰਦਾ ਹੈ ਭਾਵ ਰਾਜਨੀਤਕ ਚੇਤਨਾ ਤੋਂ ਆਤਮਕ ਪ੍ਰੇਰਣਾ। ਅਤੇ ਹੁਣ ਜਦੋਂ ਅਸੀਂ ਇਸ ਮੁੱਦੇ 'ਤੇ ਗੱਲ ਕਰ ਰਹੇ ਹਾਂ ਤਾਂ ਭੌਤਿਕ ਪ੍ਰੋਤਸਾਹਨ ਨੂੰ ਵਿਅਕਤੀਗਤ ਹਿੱਤਾਂ ਵਜੋਂ ਨਹੀਂ ਵਿਚਾਰਿਆ ਜਾ ਸਕਦਾ। ਸਮੂਹਕ ਹਿੱਤ ਵੀ ਹੁੰਦੇ ਹਨ ਜਿਹਨਾਂ ਦੇ ਮਾਤਹਿਤ ਵਿਅਕਤੀਗਤ ਹਿੱਤ ਹੋਣੇ ਚਾਹੀਦੇ ਹਨ, ਫੌਰੀ ਹਿੱਤਾਂ ਨੂੰ ਦੂਰ ਰਸ ਹਿੱਤਾਂ ਦੇ ਮਾਤਹਿਤ ਹੋਣਾ ਚਾਹੀਦਾ ਹੈ ਤੇ ਕੁੱਲ ਸਮੁੱਚ ਦੇ ਹਿੱਤ ਜਿਹਨਾਂ ਦੇ ਮਾਤਹਿਤ ਅੰਸ਼ਕ ਹਿੱਤ ਹੋਣੇ ਚਾਹੀਦੇ ਹਨ।

"ਕਿਰਤ ਨੂੰ ਭੌਤਿਕ ਪ੍ਰੋਤਸਾਹਨ, ਸਮਾਜਵਾਦੀ ਨਕਲ" ਨਾਮਕ ਹਿੱਸੇ 'ਚ, ਨਕਲ ਨਾਲ਼ ਸਬੰਧਤ ਕੁੱਝ ਪੈਰੇ ਕਾਫੀ ਚੰਗੇ ਲਿਖੇ ਹੋਏ ਹਨ। ਜੋ ਗਾਇਬ ਹੈ ਉਹ ਹੈ ਰਾਜਨੀਤੀ ਦੀ ਵਿਚਾਰ ਚਰਚਾ।

ਪਹਿਲੀ ਗੱਲ, ਲੋਕਾਂ ਨੂੰ ਮਾਰ ਮੁਕਾਉਣ ਜਿੰਨਾ ਕੰਮ ਨਾ ਕਰਾਇਆ ਜਾਵੇ। ਦੂਜਾ ਉਹਨਾਂ ਦੀ ਸਿਹਤ ਬਰਬਾਦ ਨਾ ਕੀਤੀ ਜਾਵੇ ਪਰ ਉਹਨਾਂ 'ਚ ਸਿਲਸਿਲੇਵਾਰ ਮਜ਼ਬੂਤੀ ਵੀ ਲਿਆਂਦੀ ਜਾਵੇ। ਇਹ ਦੋ ਨੁਕਤੇ ਬੁਨਿਆਦੀ ਹਨ। ਜਿੱਥੋਂ ਤੱਕ ਦੂਜੀਆਂ ਚੀਜ਼ਾਂ ਦਾ ਸਵਾਲ ਹੈ ਜੇ ਅਸੀਂ ਉਹਨਾਂ ਨੂੰ ਹਾਸਲ ਕਰ ਸਕੀਏ ਤਾਂ ਚੰਗਾ ਹੈ, ਜੇ ਨਹੀਂ ਤਾਂ ਵੀ ਠੀਕ ਹੈ! ਅਸੀਂ ਚਾਹੁੰਦੇ ਹਾਂ ਕਿ ਲੋਕ ਚੇਤਨਾ ਹਾਸਲ ਕਰਨ। ਕਿਤਾਬ ਭਵਿੱਖ 'ਚ ਆਉਣ ਵਾਲੀਆਂ ਪੀੜ੍ਹੀਆਂ 'ਤੇ ਕੋਈ ਜ਼ੋਰ ਨਹੀਂ ਦਿੰਦੀ, ਸਿਰਫ਼ ਭੌਤਿਕ ਪ੍ਰੋਤਸਾਹਨਾ 'ਤੇ ਜ਼ੋਰ ਦਿੰਦੀ ਹੈ, ਲਗਾਤਾਰ ਭੌਤਿਕ ਪ੍ਰੋਤਸਾਹਨਾਂ ਦਾ ਰਸਤਾ ਫੜਦੀ ਹੈ ਤੇ ਅੰਨ੍ਹੇ-ਵਾਹ ਇਸ ਨੂੰ ਵਿਅਕਤੀਗਤ ਹਿੱਤ ਦੇ ਸਿਧਾਂਤ 'ਚ ਬਦਲ ਦਿੰਦੀ ਹੈ ਜਿਵੇਂ ਇਹ ਕੋਈ ਜਾਦੂ ਦੀ ਛੜੀ ਹੋਵੇ।

ਜੋ ਗੱਲ ਉਹ ਨਹੀਂ ਕਹਿੰਦੇ ਉਹ ਇਹ ਕਿ ਵਿਅਕਤੀਗਤ ਹਿੱਤਾਂ ਦੀ ਸੰਤੁਸ਼ਟੀ ਵੀ ਸਾਰੇ ਲੋਕਾਂ ਦੇ ਹਿੱਤਾਂ ਦੀ ਸੰਤੁਸ਼ਟੀ ਨਾਲ਼ ਹੀ ਹੋ ਸਕੇਗੀ। ਜਿਸ ਵਿਅਕਤੀਗਤ ਭੌਤਿਕ ਹਿੱਤ 'ਤੇ ਉਹ ਜ਼ੋਰ ਦਿੰਦੇ ਹਨ ਉਹ ਅਸਲ 'ਚ ਅਦੂਰਦਰਸ਼ੀ ਵਿਅਕਤੀਵਾਦ ਹੈ, ਮਜ਼ਦੂਰ ਜਮਾਤ ਦੇ ਪੂੰਜੀਵਾਦ ਵਿਰੁੱਧ ਜਮਾਤੀ ਘੋਲ ਦੇ ਸਮੇਂ ਤੋਂ ਮੌਜੂਦ ਆਰਥਿਕ ਪ੍ਰਵਿਰਤੀ ਹੈ ਜੋ ਸਮਾਜਵਾਦੀ ਉਸਾਰੀ ਦੇ ਦੌਰ 'ਚ ਆਪਣੇ-ਆਪ ਨੂੰ ਪ੍ਰਗਟ ਕਰਦੀ ਹੈ। ਬੁਰਜੂਆ ਇਨਕਲਾਬਾਂ ਦੇ ਦੌਰ 'ਚ ਕਈ ਬੁਰਜੂਆ ਇਨਕਲਾਬੀਆਂ ਨੇ ਨਿਸ਼ਚੇ ਹੀ ਫੌਰੀ ਨਿੱਜੀ ਹਿੱਤਾਂ ਲਈ ਨਹੀਂ ਸਗੋਂ ਆਪਣੀ ਜਮਾਤ ਤੇ ਆਪਣੀ ਜਮਾਤ ਦੀਆਂ ਆਉਣ ਵਾਲ਼ੀਆਂ ਨਸਲਾਂ ਲਈ

ਬਹਾਦਰਾਨਾ ਕੁਰਬਾਨੀਆਂ ਕੀਤੀਆਂ।

ਜਦੋਂ ਅਸੀਂ ਅਧਾਰ ਇਲਾਕਿਆਂ 'ਚ ਸੀ ਤਾਂ ਸਾਡੇ ਕੋਲ ਮੁਫਤ (ਗ਼ੈਰ-ਮੰਡੀ) ਪੂਰਤੀ ਢਾਂਚਾ ਸੀ।[23] ਲੋਕ ਉਸ ਸਮੇਂ ਸਖਤ ਸਨ ਤੇ ਤਰਜੀਹੀ ਸਲੂਕ ਲਈ ਓਦੋਂ ਕੋਈ ਝਗੜੇ ਨਹੀਂ ਸਨ ਹੁੰਦੇ। ਮੁਕਤੀ ਤੋਂ ਬਾਅਦ ਅਸੀਂ ਵੇਤਨ ਢਾਂਚਾ ਅਪਣਾ ਲਿਆ ਤੇ ਸਕੇਲਾਂ 'ਤੇ ਸਹਿਮਤੀ ਬਣਾ ਲਈ ਪਰ ਸਾਡੀਆਂ ਸਮੱਸਿਆਵਾਂ ਵੀ ਦੁੱਗਣੀਆਂ ਹੋ ਗਈਆਂ। ਅਹੁਦਿਆਂ ਲਈ ਸੰਘਰਸ਼ 'ਚ ਲੋਕ ਲਗਾਤਾਰ ਝਗੜਨ ਲੱਗੇ ਤੇ ਸਾਨੂੰ ਮੰਨਣ-ਮੰਨਾਉਣ ਦਾ ਕਾਫੀ ਕੰਮ ਕਰਨਾ ਪਿਆ।

ਸਾਡੀ ਪਾਰਟੀ ਨੇ ਬਿਨਾਂ ਰੁਕਿਆ ਵੀਹ ਸਾਲਾਂ ਤੋਂ ਜ਼ਿਆਦਾ ਸਮੇਂ ਤੱਕ ਯੁੱਧ ਕੀਤਾ। ਇੱਕ ਲੰਬੇ ਸਮੇਂ ਤੱਕ ਅਸੀਂ ਗ਼ੈਰ-ਮੰਡੀ ਪੂਰਤੀ ਢਾਂਚੇ ਨੂੰ ਚਲਾਈ ਰੱਖਿਆ। ਨਿਸ਼ਚੇ ਹੀ ਅਧਾਰ ਇਲਾਕਿਆਂ ਦਾ ਸਾਰਾ ਸਮਾਜ ਇਸ ਢਾਂਚੇ ਨੂੰ ਵਿਵਹਾਰਕ ਰੂਪ ਨਹੀਂ ਸੀ ਦੇ ਰਿਹਾ। ਪਰ ਘਰੇਲੂ ਜੰਗ ਦੇ ਦੌਰ 'ਚ ਇਸ ਢਾਂਚੇ ਨੂੰ ਚਲਾਉਣ ਵਾਲਿਆਂ ਦੀ ਗਿਣਤੀ ਕਈ ਸੈਂਕੜੇ-ਹਜ਼ਾਰਾਂ ਦੀ ਉਚਾਈ ਤੱਕ ਪਹੁੰਚ ਗਈ ਸੀ ਅਤੇ ਘੱਟ ਤੋਂ ਘੱਟ ਦਸਾਂ-ਹਜ਼ਾਰਾਂ ਤੱਕ ਤਾਂ ਰਹਿੰਦੀ ਸੀ। ਜਪਾਨ ਵਿਰੁੱਧ ਟਾਕਰਾ ਜੰਗ 'ਚ ਇਹ ਗਿਣਤੀ ਲੱਖਾਂ ਤੋਂ ਕਰੋੜਾਂ ਤੱਕ ਪਹੁੰਚ ਗਈ। ਮੁਕਤੀ ਦੇ ਬਾਅਦ ਪਹਿਲੇ ਪੜਾਅ 'ਚ ਸਾਡੇ ਲੋਕ ਭੌਤਿਕ ਪ੍ਰੋਤਸਾਹਨਾਂ 'ਤੇ ਘੱਟ ਤੋਂ ਘੱਟ ਨਿਰਭਰਤਾ ਤੋਂ ਬਿਨਾਂ ਸਿਰਫ਼ ਇਨਕਲਾਬੀ ਸਪਿਰਟ ਤੋਂ ਪ੍ਰੇਰਣਾ ਹਾਸਲ ਕਰਦਿਆਂ ਸਖਤ ਮਿਹਨਤ ਤੇ ਬਹਾਦਰੀ ਨਾਲ਼ ਲੜਦਿਆਂ ਸਮਤਾਵਾਦੀ ਜ਼ਿੰਦਗੀ ਜਿਉਂਦੇ ਸਨ। ਮੁਕਤੀ ਜੰਗ ਦੇ ਦੂਜੇ ਪੜਾਅ ਤੋਂ ਬਾਅਦ ਸਾਨੂੰ ਹਾਰ ਦਾ ਮੂੰਹ ਦੇਖਣਾ ਪਿਆ ਭਾਵੇਂ ਕਿ ਇਸ ਤੋਂ ਪਹਿਲਾਂ ਤੇ ਬਾਅਦ 'ਚ ਵੀ ਅਸੀਂ ਜਿੱਤਾਂ ਹਾਸਲ ਕੀਤੀਆਂ। ਘਟਨਾਵਾਂ ਦੇ ਇਸ ਕ੍ਰਮ ਦਾ ਇਸ ਨਾਲ਼ ਕੋਈ ਲੈਣਾ-ਦੇਣਾ ਨਹੀਂ ਸੀ ਕਿ ਸਾਨੂੰ ਭੌਤਿਕ ਪ੍ਰੋਤਸਾਹਨ ਮਿਲ ਰਹੇ ਹਨ ਜਾਂ ਨਹੀਂ। ਇਸ ਦਾ ਸਰੋਕਾਰ ਇਸ ਗੱਲ ਨਾਲ ਸੀ ਕਿ ਕੀ ਸਾਡੀ ਰਾਜਨੀਤਕ ਤੇ ਫੌਜੀ ਲੀਹ ਸਹੀ ਹੈ ਜਾਂ ਨਹੀਂ। ਸਾਡੀਆਂ ਸਮਾਜਵਾਦੀ ਉਸਾਰੀ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਇਹਨਾਂ ਇਤਿਹਾਸਕ ਤਜ਼ਰਬਿਆਂ ਦਾ ਸਭ ਤੋਂ ਜ਼ਿਆਦਾ ਮਹੱਤਵ ਹੈ।

ਪਾਠ 26 ਕਹਿੰਦਾ ਹੈ, "ਸਮਾਜਵਾਦੀ ਉੱਦਮਾਂ 'ਚ ਜੋ ਮਜ਼ਦੂਰ ਆਪ ਭੌਤਿਕ ਹਿੱਤਾਂ ਕਰਕੇ ਆਪਣੇ ਕੰਮ ਦੇ ਨਤੀਜਿਆਂ ਨਾਲ਼ ਸਰੋਕਾਰ ਰੱਖਦੇ ਹਨ, ਸਮਾਜਵਾਦੀ ਪੈਦਾਵਾਰ ਦੇ ਵਿਕਾਸ ਦੀਆਂ ਪ੍ਰੇਰਕ ਤਾਕਤਾਂ ਹਨ।" (ਸਫ਼ਾ 482)

ਪਾਠ 27 ਕਹਿੰਦਾ ਹੈ, "ਕੁਸ਼ਲ ਕਿਰਤ ਲਈ ਮੁਆਵਜ਼ਾ ਮੁਕਾਬਲਤਨ ਉੱਚਾ ਹੁੰਦਾ ਹੈ... ਅਤੇ ਇਹ ਮਜ਼ਦੂਰਾਂ ਨੂੰ ਆਪਣਾ ਸੱਭਿਆਚਾਰਕ ਤੇ ਤਕਨੀਕੀ ਪੱਧਰ ਉੱਚਾ ਚੁੱਕਣ ਲਈ ਉਤਸ਼ਾਹਤ ਕਰਦਾ ਹੈ, ਜਿਸ ਨਾਲ਼ ਸਰੀਰਕ ਤੇ ਮਾਨਸਿਕ ਕਿਰਤ ਵਿਚਾਲੇ ਬੁਨਿਆਦੀ ਫਰਕ ਖਤਮ ਹੁੰਦਾ ਹੈ।" (ਸਫ਼ਾ 501-03)

ਇੱਥੇ ਨੁਕਤਾ ਇਹ ਹੈ ਕਿ ਕੁਸ਼ਲ ਕਿਰਤ ਲਈ ਉੱਚੇ ਮੁਆਵਜ਼ੇ ਨੇ ਅਕੁਸ਼ਲ ਮਜ਼ਦੂਰਾਂ ਨੂੰ ਆਪਣਾ ਗ੍ਰੇਡ ਲਗਾਤਾਰ ਉੱਚਾ ਚੁੱਕਣ ਲਈ ਪ੍ਰੇਰਿਤ ਕੀਤਾ ਹੈ ਤਾਂ ਕਿ ਉਹ ਕੁਸ਼ਲ ਮਜ਼ਦੂਰਾਂ ਦੀਆਂ ਸਫ਼ਾਂ 'ਚ ਸ਼ਾਮਲ ਹੋ ਸਕਣ। ਇਸ ਦਾ ਅਰਥ ਹੈ ਕਿ ਉਹ ਸੱਭਿਆਚਾਰ

ਤੇ ਤਕਨੀਕ ਦਾ ਅਧਿਐਨ ਜ਼ਿਆਦਾ ਧਨ ਕਮਾਉਣ ਲਈ ਕਰਦੇ ਸਨ। ਸਮਾਜਵਾਦੀ ਸਮਾਜ 'ਚ ਸੱਭਿਆਚਾਰ ਤੇ ਤਕਨੀਕ ਦੇ ਸਕੂਲ 'ਚ ਦਾਖਲ ਹੁੰਦੇ ਸਮੇਂ ਹਰ ਬੰਦੇ ਨੂੰ ਇਹ ਪਹਿਚਾਣ ਲੈਣਾ ਚਾਹੀਦਾ ਹੈ ਕਿ ਕਿਸੇ ਵੀ ਚੀਜ਼ ਤੋਂ ਪਹਿਲਾਂ ਉਹ ਸਮਾਜਵਾਦੀ ਉਸਾਰੀ ਲਈ, ਸਨਅਤੀਕਰਨ ਲਈ, ਲੋਕਾਂ ਦੀ ਸੇਵਾ ਕਰਨ ਲਈ, ਸਮੂਹਕ ਹਿੱਤਾਂ ਲਈ ਅਧਿਐਨ ਕਰ ਰਹੇ ਹਨ ਨਾ ਕਿ ਇਹਨਾਂ ਸਭ ਤੋਂ ਉੱਪਰ ਉੱਚੀਆਂ ਤਨਖਾਹਾਂ ਲਈ।

ਪਾਠ 28 ਕਹਿੰਦਾ ਹੈ, "ਕਿਰਤ ਅਨੁਸਾਰ ਵੰਡ ਪੈਦਾਵਾਰ ਦੇ ਵਿਕਾਸ ਨੂੰ ਧੱਕਣ ਵਾਲੀ ਸਭ ਤੋਂ ਵੱਡੀ ਤਾਕਤ ਹੈ।" (ਸਫ਼ਾ 526) ਅਤੇ ਇਸ ਸਫ਼ੇ ਦੇ ਅੰਤ 'ਚ ਇਹ ਸਪੱਸ਼ਟ ਕਰਨ ਤੋਂ ਬਾਅਦ ਕਿ ਸਮਾਜਵਾਦ 'ਚ ਤਨਖਾਹਾਂ ਲਗਾਤਾਰ ਵਧਦੀਆਂ ਜਾਂਦੀਆਂ ਹਨ, ਇਸ ਕਿਤਾਬ ਦੀ ਤੀਜੀ ਅਣ-ਸੋਧੀ ਛਾਪ ਇਹ ਕਹਿਣ ਤੱਕ ਅੱਗੇ ਵਧ ਜਾਂਦੀ ਹੈ, "ਸਮਾਜਵਾਦ ਠੀਕ ਇਸੇ ਕਰਕੇ ਪੂੰਜੀਵਾਦ ਨਾਲ਼ੋਂ ਬੁਨਿਆਦੀ ਤੌਰ 'ਤੇ ਸ਼੍ਰੇਸ਼ਠ ਹੈ।" ਹੁਣ ਇਹ ਕਹਿਣਾ ਕਿ ਸਮਾਜਵਾਦ, ਪੂੰਜੀਵਾਦ ਨਾਲ਼ੋਂ ਬੁਨਿਆਦੀ ਤੌਰ 'ਤੇ ਇਸ ਕਰਕੇ ਸ਼੍ਰੇਸ਼ਠ ਹੈ ਕਿਉਂਕਿ ਤਨਖਾਹਾਂ ਵਿੱਚ ਲਗਾਤਾਰ ਵਾਧਾ ਹੁੰਦਾ ਹੈ ਬਹੁਤ ਜ਼ਿਆਦਾ ਗਲਤ ਹੈ। ਤਨਖਾਹਾਂ ਉਪਭੋਗੀ ਵਸਤੂਆਂ ਦਾ ਵਟਾਂਦਰਾ ਹੈ। ਜੇ ਪੈਦਾਵਾਰ ਦੇ ਸਾਧਨਾਂ ਦੀ ਵੰਡ ਨਾ ਕੀਤੀ ਜਾਵੇ ਤਾਂ ਪੈਦਾ ਕੀਤੀਆਂ ਵਸਤੂਆਂ, ਉਪਭੋਗਤਾ ਵਸਤੂਆਂ ਦੀ ਵੰਡ ਨਹੀਂ ਹੋ ਸਕੇਗੀ। ਪਿਛਲੇਰਾ ਪਹਿਲੇ 'ਤੇ ਨਿਰਭਰ ਹੁੰਦਾ ਹੈ।

## 43. ਸਮਾਜਵਾਦੀ ਉੱਦਮਾਂ 'ਚ ਅੰਤਰ-ਵਿਅਕਤੀ ਸਬੰਧ

ਸਫ਼ਾ 500 ਕਹਿੰਦਾ ਹੈ, "ਸਮਾਜਵਾਦ 'ਚ ਆਰਥਿਕ ਆਗੂਆਂ ਦੀ ਇੱਜ਼ਤ ਇਸ ਗੱਲ 'ਤੇ ਟਿਕੀ ਹੁੰਦੀ ਹੈ ਕਿ ਲੋਕਾਂ ਦਾ ਉਹਨਾਂ 'ਤੇ ਕਿੰਨਾ ਭਰੋਸਾ ਹੈ।" ਇਹ ਸੱਚਮੁੱਚ ਠੀਕ ਕਿਹਾ ਗਿਆ ਹੈ। ਪਰ ਇਸ ਮਕਸਦ ਨੂੰ ਹਾਸਲ ਕਰਨ ਲਈ ਕੰਮ ਕਰਨਾ ਜ਼ਰੂਰੀ ਹੈ। ਸਾਡੇ ਤਜ਼ਰਬੇ ਅਨੁਸਾਰ ਜੇ ਕਾਰਕੁੰਨ ਆਪਣੇ ਮਿੱਥਿਆ ਹੰਕਾਰ ਨੂੰ ਪਾਸੇ ਨਹੀਂ ਕਰਦੇ ਤੇ ਮਜ਼ਦੂਰਾਂ ਨਾਲ਼ ਇੱਕ-ਮਿੱਕ ਨਹੀਂ ਹੁੰਦੇ ਤਾਂ ਮਜ਼ਦੂਰ ਕਦੇ ਵੀ ਕਾਰਖਾਨੇ ਨੂੰ ਆਪਣਾ ਨਹੀਂ ਸਗੋਂ ਕਾਰਕੁੰਨਾਂ ਦਾ ਸਮਝਣਗੇ। "ਘਰ ਦਾ ਮਾਲਕ" ਵਾਲ਼ਾ ਰਵੱਈਆ ਮਜ਼ਦੂਰਾਂ ਨੂੰ ਕਿਰਤ ਅਨੁਸ਼ਾਸਨ ਵੱਲ ਸਵੈ-ਚੇਤਨ ਢੰਗ ਨਾਲ਼ ਵੇਖਣ ਤੋਂ ਰੋਕੇਗਾ। ਇਹ ਨਾ ਸੋਚੋ ਕਿ ਸਮਾਜਵਾਦ 'ਚ ਉੱਦਮਾਂ ਦੇ ਮਜ਼ਦੂਰਾਂ ਤੇ ਲੀਡਰਸ਼ਿਪ ਵਿਚਾਲੇ ਸਿਰਜਣਾਤਮਕ ਸਹਿਯੋਗ, ਬਿਨਾਂ ਕਿਸੇ ਕੋਸ਼ਿਸ਼ ਦੇ ਆਪਣੇ ਆਪ ਪੈਦਾ ਹੋ ਜਾਵੇਗਾ।

ਜੇ ਸਰੀਰਕ ਕਿਰਤ ਕਰਨ ਵਾਲੇ ਮਜ਼ਦੂਰ ਤੇ ਉੱਦਮਾਂ ਦੇ ਆਗੂ ਦੋਵੇਂ ਹੀ ਏਕੀਕ੍ਰਿਤ ਉਤਪਾਦਨ ਸਮੂਹ ਦੇ ਮੈਂਬਰ ਹੁੰਦੇ ਹਨ ਤਾਂ "ਸਮਾਜਵਾਦੀ ਉੱਦਮਾਂ 'ਚ ਸਮੂਹਕ ਨਿਰਦੇਸ਼ਨ ਦੇ ਅਧੀਨ ਅਗਵਾਈ" ਭਾਵ ਪਾਰਟੀ ਕਮੇਟੀ ਦੇ ਨਿਰਦੇਸ਼ਨ ਅਧੀਨ ਕਾਰਖਾਨਾ ਮੁਖੀ ਦੇ ਢਾਂਚੇ ਦੀ ਬਜਾਏ "ਇਕੱਲੀ (Single) ਅਗਵਾਈ ਕਿਉਂ ਲਾਗੂ ਕਰਨੀ ਪੈਂਦੀ ਹੈ ?

ਜਦੋਂ ਰਾਜਨੀਤੀ ਕਮਜ਼ੋਰ ਪੈ ਜਾਂਦੀ ਹੈ ਤਾਂ ਭੌਤਿਕ ਪ੍ਰੋਤਸਾਹਨ 'ਤੇ ਗੱਲ ਕਰਨ ਤੋਂ ਸਿਵਾ ਕੋਈ ਹੋਰ ਚਾਰਾ ਨਹੀਂ ਰਹਿ ਜਾਂਦਾ। ਇਹੀ ਕਾਰਨ ਹੈ ਕਿ ਕਿਤਾਬ ਇਸ ਸਿੱਟੇ ਤੱਕ

ਪਹੁੰਚ ਜਾਂਦੀ ਹੈ ਕਿ "ਸਮਾਜਵਾਦੀ ਪੈਦਾਵਾਰ 'ਤੇ ਸਿਲਸਿਲੇਵਾਰ ਹੱਕ ਸਥਾਪਤ ਕਰਨ ਤੇ ਵਾਧਾ ਕਰਨ ਦਾ ਮੁੱਖ ਅਧਾਰ ਨਿੱਜੀ ਭੌਤਿਕ ਹਿੱਤ ਦੇ ਕਾਰਨ ਮਜ਼ਦੂਰਾਂ ਦਾ ਆਪਣੀ ਕਿਰਤ ਦੇ ਨਤੀਜਿਆਂ ਨਾਲ਼ ਡੂੰਘਾ ਸਰੋਕਾਰ ਰੱਖਣ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਹੈ।"

## 44. ਧੂੰਆਂ-ਧਾਰ ਪ੍ਰੋਗਰਾਮ, ਗਤੀਮਾਨ ਕੰਮ (Accelerated)

ਸਫ਼ਾ 505 ਕਹਿੰਦਾ ਹੈ, "ਗਤੀਮਾਨ ਕੰਮ ਦੇ ਵਰਤਾਰੇ ਨੂੰ ਖਤਮ ਕਰੋ। ਯੋਜਨਾ ਦੇ ਨਕਸ਼ੇ ਮੁਤਾਬਕ ਪੈਦਾਵਾਰ ਨੂੰ ਚੰਗੀ ਤਰ੍ਹਾਂ ਸੰਤੁਲਤ ਤਰੀਕੇ ਨਾਲ਼ ਚਲਾਓ।" ਅਣ-ਸੋਧੀ ਤੀਜੀ ਛਾਪ 'ਚ ਇਹ ਵਾਕ ਇਸ ਤਰ੍ਹਾਂ ਹੈ, "ਸਾਨੂੰ 'ਧੂੰਆਂਧਾਰ ਪ੍ਰੋਗਰਾਮਾਂ' ਦੇ ਵਿਰੁੱਧ ਲੜਨਾ ਚਾਹੀਦਾ ਹੈ ਤੇ ਪਹਿਲਾਂ ਤੋਂ ਤੈਅ ਪ੍ਰੋਗਰਾਮ ਅਨੁਸਾਰ ਚੰਗੀ ਤਰ੍ਹਾਂ ਸੰਤੁਲਤ ਤਰੀਕੇ ਨਾਲ਼ ਕੰਮ ਕਰਨਾ ਚਾਹੀਦਾ ਹੈ।" ਧੂੰਆਂਧਾਰ ਪ੍ਰੋਗਰਾਮ ਤੇ ਗਤੀਮਾਨ ਕੰਮਾਂ ਦਾ ਇੱਕਦਮ ਤਿਆਗ ਬਹੁਤ ਜ਼ਿਆਦਾ ਨਿਰਪੇਖ ਹੈ।

ਅਸੀਂ ਧੂੰਆਂਧਾਰ ਪ੍ਰੋਗਰਾਮਾਂ ਨੂੰ ਪੂਰੀ ਤਰ੍ਹਾਂ ਨਹੀਂ ਤਿਆਗ ਸਕਦੇ। ਉਹਨਾਂ ਦੀ ਵਰਤੋਂ ਜਾਂ ਨਾ-ਵਰਤੋਂ ਮਿਲ ਕੇ ਵਿਰੋਧੀਆਂ ਦਾ ਏਕਾ ਬਣਾਉਂਦੀ ਹੈ। ਕੁਦਰਤ ਵਿੱਚ ਮੰਦ ਹਵਾਵਾਂ ਤੇ ਹਲਕੇ ਮੀਂਹ ਵੀ ਹੁੰਦੇ ਹਨ ਅਤੇ ਤੇਜ਼ ਹਵਾਵਾਂ ਤੇ ਜ਼ੋਰਦਾਰ ਮੀਂਹ ਵੀ ਹੁੰਦੇ ਹਨ। ਧੂੰਆਂਧਾਰ ਪ੍ਰੋਗਰਾਮਾਂ ਦੀ ਵਰਤੋਂ ਲਹਿਰਾਂ ਦੀ ਤਰ੍ਹਾਂ ਪ੍ਰਗਟ ਤੇ ਲੋਪ ਹੁੰਦੀ ਹੈ। ਪੈਦਾਵਾਰ ਦੌਰਾਨ ਤਕਨੀਕੀ ਇਨਕਲਾਬ ਵਿੱਚ ਇਹਨਾਂ ਦੀ ਲੋੜ ਲਗਾਤਾਰ ਪੈਦਾ ਹੁੰਦੀ ਹੈ। ਖੇਤੀ ਵਿੱਚ ਸਾਨੂੰ ਮੌਸਮਾਂ ਦੇ ਨਾਲ਼ ਹੱਥੋਪਾਈ ਕਰਨੀ ਪੈਂਦੀ ਹੈ। ਨਾਟਮਾ ਦਾ ਆਪਣਾ ਸਿਖਰ ਜ਼ਰੂਰ ਹੋਣਾ ਚਾਹੀਦਾ ਹੈ। ਧੂੰਆਂਧਾਰ ਪ੍ਰੋਗਰਾਮਾਂ ਦਾ ਖੰਡਨ ਅਸਲ 'ਚ ਸਿਖਰ ਤੋਂ ਇਨਕਾਰੀ ਹੋਣਾ ਹੈ। ਸੋਵੀਅਤ ਯੂਨੀਅਨ ਸੰਯੁਕਤ ਰਾਜ ਤੋਂ ਅੱਗੇ ਨਿਕਲਣਾ ਚਾਹੁੰਦਾ ਹੈ। ਸਾਨੂੰ ਸੋਵੀਅਤਾਂ ਦੇ ਪੱਧਰ ਤੱਕ ਪਹੁੰਚਣ ਲਈ ਸੋਵੀਅਤਾਂ ਦੁਆਰਾ ਲਏ ਸਮੇਂ ਤੋਂ ਘੱਟ ਸਮੇਂ 'ਚ ਪਹੁੰਚਣ ਦੀ ਉਮੀਦ ਹੈ। ਇਹ ਇੱਕ ਤਰ੍ਹਾਂ ਦਾ ਧੂੰਆਂਧਾਰ ਪ੍ਰੋਗਰਾਮ ਹੈ।

ਸਮਾਜਵਾਦੀ ਨਕਲ ਦਾ ਅਰਥ ਹੈ ਕਿ ਪਿਛੜਿਆ ਉੱਨਤ ਤੋਂ ਅੱਗੇ ਲੰਘ ਜਾਂਦਾ ਹੈ। ਇਹ ਧੂੰਆਂਧਾਰ ਪ੍ਰੋਗਰਾਮਾਂ ਦੁਆਰਾ ਹੀ ਸੰਭਵ ਹੈ। ਵਿਅਕਤੀਆਂ ਵਿਚਲੇ, ਇਕਾਈਆਂ ਵਿਚਲੇ, ਉੱਦਮਾਂ ਵਿਚਲੇ ਤੇ ਕੌਮਾਂ ਵਿਚਲੇ ਸਬੰਧ ਵੀ ਮੁਕਾਬਲੇ ਵਾਲੇ ਹੁੰਦੇ ਹਨ। ਜੇ ਕੋਈ ਵਿਕਸਤ ਤੋਂ ਅੱਗੇ ਲੰਘਣਾ ਚਾਹੁੰਦਾ ਹੈ ਤਾਂ ਧੂੰਆਂਧਾਰ ਪ੍ਰੋਗਰਾਮਾਂ ਨੂੰ ਛੱਡਿਆ ਨਹੀਂ ਜਾ ਸਕਦਾ। ਜੇ ਉਸਾਰੀ ਜਾਂ ਇਨਕਲਾਬ ਕਾਰਜਕਾਰੀ ਹੁਕਮਾਂ (ਮਿਸਾਲ ਲਈ ਪ੍ਰਸ਼ਾਸਨਕ ਹੁਕਮ ਨਾਲ਼ ਜ਼ਰਈ ਸੁਧਾਰ ਕਰਨਾ ਜਾਂ ਸਹਿਕਾਰੀ ਸੰਸਥਾਵਾਂ ਜਥੇਬੰਦ ਕਰਨੀਆਂ) ਨਾਲ਼ ਸਿਰੇ ਚਾੜ੍ਹੇ ਜਾਣ ਤਾਂ ਪੈਦਾਵਾਰ 'ਚ ਲਾਜ਼ਮੀ ਹੀ ਕਮੀ ਆਵੇਗੀ ਕਿਉਂਕਿ ਲੋਕਾਂ ਨੂੰ ਲਾਮਬੰਦ ਨਹੀਂ ਕੀਤਾ ਗਿਆ ਹੁੰਦਾ ਅਤੇ ਇਹ ਕਮੀ ਧੂੰਆਂਧਾਰ ਪ੍ਰੋਗਰਾਮਾਂ ਕਰਕੇ ਨਹੀਂ ਹੁੰਦੀ।

## 45. ਕਦਰ ਦਾ ਨਿਯਮ ਤੇ ਯੋਜਨਾਬੰਦੀ

ਸਫ਼ਾ 521 'ਤੇ ਇੱਕ ਛੋਟੀ ਛਪਾਈ ਵਾਲਾ ਪੈਰਾ ਹੈ ਜੋ ਸਹੀ ਹੈ; ਇਹ ਅਲੋਚਨਾਤਮਕ ਹੈ ਤੇ ਮੁੱਦਿਆਂ ਨੂੰ ਜੋੜਦਾ ਹੈ।

ਕਦਰ ਦਾ ਨਿਯਮ ਯੋਜਨਾਬੰਦੀ ਦੇ ਇੱਕ ਸੰਦ ਵਜੋਂ ਕੰਮ ਦਿੰਦਾ ਹੈ। ਇਹ ਠੀਕ

ਹੈ। ਪਰ ਕਦਰ ਦੇ ਨਿਯਮ ਨੂੰ ਯੋਜਨਾਬੰਦੀ ਦਾ ਮੁੱਖ ਅਧਾਰ ਨਹੀਂ ਬਣਾ ਦੇਣਾ ਚਾਹੀਦਾ। ਅਸੀਂ ਮਹਾਨ ਛਾਲ ਕਦਰ ਦੇ ਨਿਯਮ ਦੀ ਮੰਗ ਦੇ ਅਧਾਰ 'ਤੇ ਨਹੀਂ ਸਗੋਂ ਸਮਾਜਵਾਦ ਦੇ ਬੁਨਿਆਦੀ ਆਰਥਿਕ ਨਿਯਮਾਂ ਦੇ ਅਧਾਰ 'ਤੇ ਅਤੇ ਪੈਦਾਵਾਰ ਨੂੰ ਵਿਸਥਾਰਤ ਕਰਨ ਦੀ ਲੋੜ 'ਚੋਂ ਲਗਾਈ ਸੀ। ਜੇ ਕਦਰ ਦੇ ਨਿਯਮ ਦੇ ਨਜ਼ਰੀਏ ਤੋਂ ਚੀਜ਼ਾਂ ਦੀ ਸੰਕੀਰਣ ਪਰਖ ਕੀਤੀ ਜਾਵੇ ਤਾਂ ਮਹਾਨ ਛਾਲ ਦੀ ਕੀਮਤ ਉਸਦੇ ਨੁਕਸਾਨਾਂ ਦੇ ਬਰਾਬਰ ਨਹੀਂ ਪਰਖੀ ਜਾਵੇਗੀ ਅਤੇ ਪਿਛਲੇ ਸਾਲ ਸਟੀਲ ਤੇ ਲੋਹੇ ਦੀ ਪੈਦਾਵਾਰ ਲਈ ਕੀਤੀਆਂ ਗਈਆਂ ਪੁਰਜ਼ੋਰ ਕੋਸ਼ਿਸ਼ਾਂ ਵਿਅਰਥ ਕਿਰਤ ਲੱਗਣਗੀਆਂ। ਸਥਾਨਕ ਪੱਧਰ 'ਤੇ ਪੈਦਾ ਕੀਤਾ ਸਟੀਲ ਗਿਣਤੀ ਤੇ ਗੁਣਵੱਤਾ ਪੱਖੋਂ ਮਾੜਾ ਸੀ ਤੇ ਰਾਜ ਨੂੰ ਬਹੁਤ ਸਾਰੇ ਨੁਕਸਾਨਾਂ ਦੀ ਪੂਰਤੀ ਕਰਨੀ ਪਈ ਸੀ। ਆਰਥਿਕ ਨਤੀਜੇ ਬਹੁਤੇ ਮਹੱਤਵਪੂਰਨ ਨਹੀਂ ਸਨ ਆਦਿ। ਅੰਸ਼ਕ ਅਤੇ ਅਦੂਰਦਰਸ਼ੀ ਨਜ਼ਰੀਆ ਇਹ ਹੈ ਕਿ ਮੁਹਿੰਮ ਇੱਕ ਨੁਕਸਾਨ ਸੀ ਪਰ ਸਮੁੱਚਾ ਦੂਰਦਰਸ਼ੀ ਨਜ਼ਰੀਆ ਇਹ ਹੈ ਕਿ ਮੁਹਿੰਮ ਦਾ ਬਹੁਤ ਮਹੱਤਵ ਸੀ ਕਿਉਂਕਿ ਇਸ ਨੇ ਸਮੁੱਚੀ ਆਰਥਿਕ ਉਸਾਰੀ ਦੇ ਪੜਾਅ ਲਈ ਰਸਤਾ ਖੋਲ੍ਹ ਦਿੱਤਾ। ਸਾਰੇ ਦੇਸ਼ ਵਿੱਚ ਸਟੀਲ ਤੇ ਲੋਹੇ ਦੀ ਪੈਦਾਵਾਰ ਵਿੱਚ ਨਵੀਂ ਸ਼ੁਰੂਆਤ ਕੀਤੀ ਗਈ ਤੇ ਕਈ ਸਨਅਤੀ ਕੇਂਦਰ ਬਣਾਏ ਗਏ। ਇਸ ਨੇ ਸਾਨੂੰ ਆਪਣੀ ਗਤੀ ਬਹੁਤ ਤੇਜ਼ ਕਰਨ ਦੇ ਕਾਬਲ ਬਣਾ ਦਿੱਤਾ।

1959 ਦੀਆਂ ਸਰਦੀਆਂ 'ਚ 7 ਕਰੋੜ 50 ਲੱਖ ਤੋਂ ਵੀ ਜ਼ਿਆਦਾ ਲੋਕ ਸਾਡੇ ਦੇਸ਼ 'ਚ ਜਲ ਰੱਖਿਆ 'ਤੇ ਕੰਮ ਕਰ ਰਹੇ ਸਨ। ਬੁਨਿਆਦੀ ਜਲ ਰੱਖਿਆ ਦੀਆਂ ਸਾਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਦੋ ਵੱਡੀਆਂ ਮੁਹਿੰਮਾਂ ਜਥੇਬੰਦ ਕਰਨ ਦਾ ਢੰਗ ਵਰਤਿਆ ਜਾ ਸਕਦਾ ਸੀ। ਇੱਕ, ਦੋ ਜਾਂ ਤਿੰਨ ਸਾਲਾਂ ਦੇ ਨਜ਼ਰੀਏ ਤੋਂ ਏਨੀ ਕਿਰਤ ਲਈ ਭੁਗਤਾਨ ਵਜੋਂ ਅਨਾਜ ਦੀ ਕੀਮਤ ਕੁਦਰਤੀ ਹੀ ਬਹੁਤ ਜ਼ਿਆਦਾ ਸੀ। ਪਰ ਲੰਬੇ ਦਾਅ ਦੇ ਨਜ਼ਰੀਏ ਤੋਂ ਮੁਹਿੰਮ ਨੇ ਅਨਾਜ ਦੀ ਪੈਦਾਵਾਰ ਨੂੰ ਬਹੁਤ ਜ਼ਿਆਦਾ ਵਧਾ ਦਿੱਤਾ ਤੇ ਇਸ ਨੂੰ ਗਤੀ ਵੀ ਬਖਸ਼ੀ ਤੇ ਖੇਤੀ ਪੈਦਾਵਾਰ ਨੂੰ ਸਥਿਰ ਕਰ ਦਿੱਤਾ ਤੇ ਇਸੇ ਤਰ੍ਹਾਂ ਪ੍ਰਤੀ ਇਕਾਈ ਲਾਭਾਂ 'ਚ ਮਾਲ ਦੀ ਕੀਮਤ ਨੂੰ ਵੀ ਸਥਿਰ ਕਰ ਦਿੱਤਾ। ਇਹ ਸਭ ਅਨਾਜ ਲਈ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਤੱਕ ਜਾਂਦਾ ਹੈ। ਖੇਤੀ ਤੇ ਹਲਕੀ ਸਨਅਤ ਦਾ ਨਿਰੰਤਰ ਵਿਕਾਸ ਭਾਰੀ ਸਨਅਤ ਲਈ ਹੋਰ ਵਧੇਰੇ ਸੰਗ੍ਰਹਿ ਦੀ ਰਚਨਾ ਕਰਦਾ ਹੈ, ਇਹ ਲੰਬੇ ਦਾਅ ਤੋਂ ਲੋਕਾਂ ਨੂੰ ਵੀ ਫਾਇਦਾ ਪਹੁੰਚਾਉਂਦਾ ਹੈ। ਜਿੰਨੀ ਦੇਰ ਸਾਡੇ ਦੇਸ਼ ਦੇ ਕਿਸਾਨ ਤੇ ਲੋਕ ਇਹ ਸਮਝਦੇ ਹਨ ਕਿ ਰਾਜ ਕੀ ਕਰ ਰਿਹਾ ਹੈ, ਧਨ ਪ੍ਰਾਪਤ ਹੋ ਰਿਹਾ ਹੈ ਜਾਂ ਬਰਬਾਦ ਹੋ ਰਿਹਾ ਹੈ, ਓਦੋਂ ਤੱਕ ਇਸ ਨਾਲ਼ ਸਹਿਮਤੀ ਜਤਾਉਣਗੇ ਤੇ ਇਸ ਦਾ ਵਿਰੋਧ ਨਹੀਂ ਕਰਨਗੇ। ਸਨਅਤ ਨੂੰ ਸਹਾਰਾ ਦੇਣ ਦਾ ਨਾਅਰਾ ਖੁਦ ਕਿਸਾਨਾਂ 'ਚੋਂ ਆਇਆ ਹੈ। ਇਹ ਇੱਕ ਸਬੂਤ ਹੈ। ਸਤਾਲਿਨ ਦੇ ਨਾਲ਼-ਨਾਲ਼ ਲੈਨਿਨ ਨੇ ਵੀ ਕਿਹਾ ਸੀ, "ਸਮਾਜਵਾਦੀ ਉਸਾਰੀ ਦੇ ਦੌਰ 'ਚ ਕਿਸਾਨੀ ਦੁਆਰਾ ਰਾਜ ਨੂੰ ਨਜ਼ਰਾਨਾ ਅਦਾ ਕਰਨਾ ਪੈਂਦਾ ਹੈ।" ਚੀਨੀ ਕਿਸਾਨਾਂ ਦੀ ਵਿਸ਼ਾਲ ਬਹੁਗਿਣਤੀ ਸਕਾਰਾਤਮਕ ਰਵੱਈਏ ਨਾਲ਼ "ਨਜ਼ਰਾਨਾ ਭੇਜ ਰਹੀ ਹੈ।" ਇਹ ਸਿਰਫ਼ ਧਨੀ ਕਿਸਾਨਾਂ ਤੇ ਦਰਮਿਆਨੇ ਕਿਸਾਨਾਂ 'ਚ ਹੀ, ਜੋ ਕਿਸਾਨੀ ਦਾ ਕੁੱਲ 15 ਫੀਸਦੀ ਹੈ, ਕੁੱਝ ਬੇਚੈਨੀ ਹੈ। ਉਹ ਮਹਾਨ ਛਾਲ

ਤੇ ਲੋਕ ਕਮਿਊਨਾਂ ਦੇ ਪੂਰੇ ਸੰਕਲਪ ਦਾ ਹੀ ਵਿਰੋਧ ਕਰਦੇ ਹਨ।

ਕੁੱਲ ਮਿਲਾ ਕੇ ਅਸੀਂ ਯੋਜਨਾਵਾਂ ਨੂੰ ਕੀਮਤਾਂ ਤੋਂ ਅੱਗੇ ਰੱਖਦੇ ਹਾਂ। ਨਿਸ਼ਚੇ ਹੀ ਅਸੀਂ ਕੀਮਤਾਂ ਦੀ ਅਣਦੇਖੀ ਨਹੀਂ ਕਰ ਸਕਦੇ। ਕੁੱਝ ਸਾਲ ਪਹਿਲਾਂ ਅਸੀਂ ਜਿਉਂਦੇ ਸੂਰਾਂ ਦੀ ਖਰੀਦ ਕੀਮਤ 'ਚ ਵਾਧਾ ਕਰ ਦਿੱਤਾ ਸੀ ਤੇ ਇਸ ਦਾ ਸੂਰ-ਪਾਲਣ 'ਤੇ ਸਕਾਰਾਤਮਕ ਪ੍ਰਭਾਵ ਪਿਆ ਸੀ। ਪਰ ਅੱਜ ਜਿਸ ਵੱਡੇ ਪੈਮਾਨੇ 'ਤੇ ਦੇਸ਼ ਭਰ 'ਚ ਸੂਰ ਪਾਲਣ ਦਾ ਕੰਮ ਹੋ ਰਿਹਾ ਹੈ ਉਸ ਦੇ ਲਈ ਯੋਜਨਾ ਹੀ ਉਹ ਮੁੱਖ ਚੀਜ਼ ਹੈ ਜਿਸ 'ਤੇ ਅਸੀਂ ਨਿਰਭਰ ਰਹਿ ਸਕਦੇ ਹਾਂ।

ਸਫ਼ਾ 521 ਸਮੂਹਕ ਫਾਰਮਾਂ ਵਿੱਚ ਕੀਮਤਾਂ ਦੀ ਸਮੱਸਿਆ ਵੱਲ ਸੰਕੇਤ ਕਰਦਾ ਹੈ। ਉਹਨਾਂ ਦੇ ਸਮੂਹਕ ਫਾਰਮਾਂ ਕੋਲ ਬਹੁਤ ਜ਼ਿਆਦਾ ਅਜ਼ਾਦੀ ਹੈ। ਅਜਿਹੀਆਂ ਮੰਡੀਆਂ ਵਿੱਚ ਕੀਮਤਾਂ ਨੂੰ ਸਮਾਯੋਜਤ ਕਰਨ ਲਈ ਸਿਰਫ਼ ਰਾਜ ਦੀਆਂ ਆਰਥਿਕ ਤਾਕਤਾਂ ਨੂੰ ਵਰਤਣਾ ਹੀ ਕਾਫੀ ਨਹੀਂ। ਅਗਵਾਈ ਤੇ ਕੰਟਰੋਲ ਵੀ ਜ਼ਰੂਰੀ ਹਨ। ਸਾਡੀਆਂ ਮੰਡੀਆਂ 'ਚ ਪਹਿਲੇ ਪੜਾਅ 'ਚ, ਸਰਕਾਰ ਵੱਲੋਂ ਕੀਮਤਾਂ ਕੁੱਝ ਨਿਸ਼ਚਤ ਹੱਦਾਂ 'ਚ ਰੱਖੀਆਂ ਗਈਆਂ ਸਨ। ਇਸ ਤਰ੍ਹਾਂ ਛੋਟੀਆਂ ਖੁੱਲਾਂ ਨੂੰ ਵੱਡਾ ਬਣਨ ਤੋਂ ਰੋਕਿਆ ਗਿਆ ਸੀ।

ਸਫ਼ਾ 522 ਕਹਿੰਦਾ ਹੈ, "ਕਦਰ ਦੇ ਨਿਯਮ 'ਤੇ ਸਾਡੇ ਹੱਕ ਦੇ ਕਾਰਨ ਪੂੰਜੀਵਾਦ 'ਚ ਜਿਸ ਤਰ੍ਹਾਂ ਦੀ ਅਰਾਜਕਤਾ ਇਹ ਨਿਯਮ ਪੈਦਾਵਾਰ 'ਚ ਪੈਦਾ ਕਰਦਾ ਹੈ ਜਾਂ ਸਮਾਜਕ ਕਿਰਤ ਸ਼ਕਤੀ ਦੀ ਬਰਬਾਦੀ ਕਰਦਾ ਹੈ ਉਸ ਤਰ੍ਹਾਂ ਕੁੱਝ ਵੀ ਇਹ ਸਮਾਜਵਾਦੀ ਆਰਥਿਕਤਾ 'ਚ ਨਹੀਂ ਕਰ ਪਾਉਂਦਾ।" ਇਹ ਕਥਨ ਕਦਰ ਦੇ ਨਿਯਮ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦਾ ਹੈ। ਸਮਾਜਵਾਦੀ ਸਮਾਜ 'ਚ ਸੰਕਟ ਮੁੱਖ ਤੌਰ 'ਤੇ ਮਾਲਕੀ ਦੇ ਢਾਂਚੇ, ਸਮਾਜਵਾਦ ਦੇ ਬੁਨਿਆਦੀ ਨਿਯਮਾਂ, ਪੈਦਾਵਾਰ ਤੇ ਵੰਡ ਦੀ ਕੌਮੀ ਯੋਜਨਾਬੰਦੀ, ਮੁਕਤ ਮੁਕਾਬਲੇਬਾਜ਼ੀ ਤੇ ਅਰਾਜਕਤਾ ਆਦਿ ਦੀ ਅਣਹੋਂਦ ਕਰਕੇ ਨਹੀਂ ਆਉਂਦੇ ਤੇ ਇਸ ਲਈ ਨਹੀਂ ਕਿ ਅਸੀਂ ਕਦਰ ਦੇ ਨਿਯਮ ਨੂੰ ਆਪਣੀ ਕਮਾਨ 'ਚ ਰੱਖਦੇ ਹਾਂ। ਇਹ ਦੱਸਣ ਦੀ ਲੋੜ ਹੀ ਨਹੀਂ ਸਮਝੀ ਗਈ ਕਿ ਪੂੰਜੀਵਾਦ ਦੇ ਆਰਥਿਕ ਸੰਕਟ ਮਾਲਕੀ ਢਾਂਚੇ ਦੁਆਰਾ ਵੀ ਤੈਅ ਹੁੰਦੇ ਹਨ।

## 46. ਉਜਰਤਾਂ ਦੇ ਰੂਪ

ਉਜਰਤਾਂ ਦੇ ਰੂਪਾਂ ਦੀ ਚਰਚਾ ਕਰਦੇ ਸਮੇਂ ਸਫ਼ਾ 530 ਪੀਸ-ਦਰ ਉਜਰਤਾਂ ਨੂੰ ਪ੍ਰਾਥਮਿਕ ਵਜੋਂ ਲੈਣ ਦੀ ਵਕਾਲਤ ਕਰਦਾ ਹੈ ਤੇ ਸਮਾਂ-ਦਰ ਨੂੰ ਪੂਰਕ ਵਜੋਂ। ਅਸੀਂ ਉਲਟਾ ਕਰਦੇ ਹਾਂ। ਪੀਸ-ਦਰਾਂ 'ਤੇ ਇੱਕ ਪਾਸੜ ਜ਼ੋਰ ਲਾਜ਼ਮੀ ਹੀ ਬੁੱਢੇ ਤੇ ਜਵਾਨ, ਤਕੜੇ ਤੇ ਕਮਜ਼ੋਰ ਮਜ਼ਦੂਰਾਂ ਵਿੱਚ ਵਿਰੋਧਤਾਈਆਂ ਪੈਦਾ ਕਰ ਦੇਵੇਗਾ ਅਤੇ ਮਜ਼ਦੂਰਾਂ ਵਿੱਚ "ਵੱਡਿਆਂ ਕੰਮਾਂ ਵੱਲ ਜਾਣ" ਦੀ ਮਾਨਸਿਕਤਾ ਨੂੰ ਅੱਗੇ ਵਧਾਏਗਾ। ਇਹ ਸਮੂਹਕ ਹਿੱਤਾਂ ਦੀ ਬਜਾਏ ਵਿਅਕਤੀਗਤ ਆਮਦਨ ਨੂੰ ਪ੍ਰਮੁੱਖ ਸਰੋਕਾਰ ਬਣਾ ਦੇਵੇਗਾ। ਇਸ ਦੇ ਖਾਸੇ ਸਬੂਤ ਮੌਜੂਦ ਹਨ ਕਿ ਪੀਸ-ਦਰ ਉਜਰਤੀ ਢਾਂਚਾ ਤਕਨੀਕੀ ਨਵੀਨੀਕਰਨ ਤੇ ਮਸ਼ੀਨੀਕਰਨ 'ਚ ਰੁਕਾਵਟ

ਪਾਉਂਦਾ ਹੈ।

ਕਿਤਾਬ ਮੰਨਦੀ ਹੈ ਕਿ ਸਵੈ-ਚਾਲਨ ਨਾਲ਼ ਪੀਸ-ਦਰ ਉਜਰਤਾਂ ਅਨੁਕੂਲ ਨਹੀਂ ਹਨ। ਇੱਕ ਪਾਸੇ ਉਹ ਕਹਿੰਦੇ ਹਨ ਕਿ ਉਹ ਸਵੈ-ਚਾਲਨ ਦਾ ਵਿਆਪਕ ਵਿਕਾਸ ਚਾਹੁੰਦੇ ਹਨ ਤੇ ਦੂਜੇ ਪਾਸੇ ਕਹਿੰਦੇ ਹਨ ਕਿ ਪੀਸ-ਦਰ ਉਜਰਤਾਂ ਦੀ ਵੀ ਵਿਆਪਕ ਵਰਤੋਂ ਚਾਹੁੰਦੇ ਹਨ। ਇਸ 'ਚ ਵਿਰੋਧਤਾਈ ਹੈ।

ਅਸੀਂ ਸਮਾਂ-ਦਰ ਢਾਂਚੇ ਦੇ ਨਾਲ਼ ਇਨਾਮਾਂ ਨੂੰ ਲਾਗੂ ਕੀਤਾ ਹੈ। ਪਿਛਲੇ ਦੋ ਸਾਲਾਂ 'ਚ ਸਾਲ ਦੇ ਅੰਤ 'ਚ "ਅੱਗੇ ਵੱਲ ਛਾਲ" ਲਈ ਦਿੱਤੇ ਗਏ ਬੋਨਸ ਇੱਕ ਉਦਾਹਰਣ ਹਨ। ਸਰਕਾਰੀ ਤੇ ਵਿੱਦਿਅਕ ਕਰਮਚਾਰੀਆਂ ਨੂੰ ਛੱਡ ਕੇ ਸਾਰੇ ਕਰਮਚਾਰੀਆਂ ਤੇ ਮਜ਼ਦੂਰਾਂ ਨੂੰ ਸਾਲ ਦੇ ਅੰਤ 'ਚ ਇਕਾਈ ਵਿਸ਼ੇਸ਼ ਦੇ ਕਰਮਚਾਰੀਆਂ ਤੇ ਮਜ਼ਦੂਰਾਂ ਦੁਆਰਾ ਖੁਦ ਤੈਅ ਵੱਖ-ਵੱਖ ਮਾਤਰਾਵਾਂ 'ਚ ਅੱਗੇ ਵੱਲ ਛਾਲ ਦੇ ਇਨਾਮ ਦਿੱਤੇ ਗਏ।

## 47. ਕੀਮਤਾਂ ਬਾਰੇ ਦੋ ਸਵਾਲ

ਦੋ ਸਵਾਲ ਅਜਿਹੇ ਹਨ ਜੋ ਧਿਆਨ ਯੋਗ ਹਨ।

ਪਹਿਲਾ ਉਪਭੋਗਤਾ ਵਸਤੂਆਂ ਦੀਆਂ ਕੀਮਤਾਂ ਤੈਅ ਕਰਨ ਬਾਰੇ ਹੈ। ਕਿਤਾਬ ਕਹਿੰਦੀ ਹੈ, "ਸਮਾਜਵਾਦ ਸ਼ੁਰੂ ਤੋਂ ਹੀ ਲੋਕਾਂ ਲਈ ਉਪਭੋਗਤਾ ਵਸਤੂਆਂ ਦੀਆਂ ਕੀਮਤਾਂ ਘੱਟ ਰੱਖਣ ਦੀ ਨੀਤੀ ਨੂੰ ਅਮਲ 'ਚ ਲਿਆ ਰਿਹਾ ਹੈ।" ਸਾਡੀ ਨੀਤੀ ਕੀਮਤਾਂ ਨੂੰ ਨਾ ਘੱਟ ਤੇ ਨਾ ਵੱਧ ਕਰਨ ਦੀ ਸਗੋਂ ਉਹਨਾਂ ਨੂੰ ਸਥਿਰ ਕਰਨ ਦੀ ਰਹੀ ਹੈ। ਭਾਵੇਂ ਕਿ ਸਾਡੇ ਉਜਰਤੀ ਪੱਧਰ ਮੁਕਾਬਲਤਨ ਨੀਵੇਂ ਹਨ ਪਰ ਸਰਵ-ਵਿਆਪੀ ਰੁਜ਼ਗਾਰ ਅਤੇ ਘੱਟ ਕੀਮਤਾਂ ਤੇ ਕਿਰਾਏ ਨੇ ਕਰਮਚਾਰੀਆਂ ਤੇ ਮਜ਼ਦੂਰਾਂ ਦੇ ਜੀਵਨ ਪੱਧਰ ਨੂੰ ਕਾਫੀ ਤਸੱਲੀਬਖਸ਼ ਰੱਖਿਆ ਹੈ। ਅੰਤਮ ਵਿਸ਼ਲੇਸ਼ਣ 'ਚ ਕੀਮਤਾਂ ਨੂੰ ਘੱਟ ਕਰਦੇ ਜਾਣਾ ਜਾਂ ਨਾ ਤਾਂ ਉਹਨਾਂ ਨੂੰ ਵਧਾਉਣਾ ਤੇ ਨਾ ਘਟਾਉਣਾ 'ਚੋਂ ਕਿਸੇ ਨੂੰ ਚੁਣਨ ਦੀ ਸਮੱਸਿਆ ਅਧਿਐਨ ਯੋਗ ਹੈ।

ਦੂਜੇ ਸਵਾਲ ਦਾ ਸਰੋਕਾਰ ਭਾਰੀ ਤੇ ਹਲਕੀ ਸਨਅਤ ਦੇ ਉਤਪਾਦਾਂ ਦੀਆਂ ਕੀਮਤਾਂ ਤੈਅ ਕਰਨ ਨਾਲ਼ ਹੈ। ਉਹ ਪਹਿਲੇ ਲਈ ਮੁਕਾਬਲਤਨ ਘੱਟ ਕੀਮਤ ਰੱਖਦੇ ਹਨ ਤੇ ਪਿਛਲੇਰੇ ਲਈ ਜ਼ਿਆਦਾ। ਅਸੀਂ ਇਸ ਤੋਂ ਉਲਟਾ ਕਰਦੇ ਹਾਂ। ਕਿਉਂ ? ਅੰਤਮ ਵਿਸ਼ਲੇਸ਼ਣ 'ਚ ਕਿਹੜਾ ਬਿਹਤਰ ਤਰੀਕਾ ਹੈ, ਇਹ ਇੱਕ ਹੋਰ ਸਮੱਸਿਆ ਹੈ ਜੋ ਅਧਿਐਨ ਯੋਗ ਹੈ।

## 48. ਵਿਦੇਸ਼ੀ ਤੇ ਦੇਸੀ, ਵੱਡੇ, ਦਰਮਿਆਨੇ ਤੇ ਛੋਟੇ ਦੀ ਨਾਲ਼-ਨਾਲ਼ ਉੱਨਤੀ

ਸਫ਼ਾ 547 ਉਸਾਰੀ ਫੰਡਾਂ ਨੂੰ ਖਲਾਰ ਦੇਣ ਪ੍ਰਤੀ ਵਿਰੋਧ ਦਾ ਪ੍ਰਗਟਾਵਾ ਕਰਦਾ ਹੈ। ਜੇ ਉਹਨਾਂ ਦਾ ਅਰਥ ਇਹ ਹੈ ਕਿ ਬਹੁਤ ਸਾਰੀਆਂ ਯੋਜਨਾਵਾਂ ਨੂੰ ਇੱਕੋ ਸਮੇਂ ਹੱਥ 'ਚ ਨਾ ਲਿਆ ਜਾਵੇ ਤਾਂ ਸਮਾਂ-ਸੂਚੀ ਅਨੁਸਾਰ ਕੋਈ ਵੀ ਪੂਰੀ ਨਾ ਹੋ ਸਕੇ ਤਾਂ ਅਸੀਂ ਨਿਸ਼ਚੇ ਹੀ ਸਹਿਮਤ ਹਾਂ। ਪਰ ਜੇ ਉਹ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਪ੍ਰਮੁੱਖ ਉਸਾਰੀ ਦੇ ਨਾਲ਼ ਛੋਟੇ ਤੇ ਦਰਮਿਆਨੇ ਪੱਧਰ ਦੇ ਪ੍ਰਾਜੈਕਟਾਂ ਦਾ ਵਿਰੋਧ ਕਰਨਾ ਚਾਹੀਦਾ ਹੈ ਤਾਂ ਅਸੀਂ ਇਸ ਨਾਲ਼ ਸਹਿਮਤ ਨਹੀਂ ਹਾਂ। ਚੀਨ ਵਿਚਲੇ ਬੁਨਿਆਦੀ ਨਵੇਂ ਸਨਅਤੀ ਕੇਂਦਰ ਦਰਮਿਆਨੇ ਤੇ ਛੋਟੇ-ਪੱਧਰ ਦੇ ਉੱਦਮਾਂ ਦੇ ਅਧਾਰ 'ਤੇ 1958 ਵਿੱਚ ਵੱਡੀ ਗਿਣਤੀ 'ਚ ਵਿਕਸਤ ਕੀਤੇ ਗਏ ਸਨ। ਸਟੀਲ ਤੇ ਲੋਹਾ ਸਨਅਤ 'ਚ ਸ਼ੁਰੂਆਤੀ ਵਿਵਸਥਾਵਾਂ ਦੇ ਅਨੁਸਾਰ ਅਗਲੇ ਅੱਠਾਂ ਸਾਲਾਂ 'ਚ ਉੱਨਤੀ ਵੱਡੇ, ਲਗਭਗ ਇੱਕ ਸੌ ਦਰਮਿਆਨੇ ਤੇ ਕਈ ਸੌ ਛੋਟੇ-ਪੱਧਰ ਦੇ ਕੇਂਦਰਾਂ ਦੀ ਉਸਾਰੀ ਦਾ ਕੰਮ ਪੂਰਾ ਹੋ ਜਾਵੇਗਾ। ਦਰਮਿਆਨੇ ਤੇ ਛੋਟੇ-ਪੱਧਰ ਦੇ ਕੇਂਦਰ ਪਹਿਲਾਂ ਹੀ ਸਟੀਲ ਤੇ ਲੋਹਾ ਸਨਅਤ 'ਤੇ ਵਧੇਰੇ ਪ੍ਰਭਾਵ ਪਾ ਚੁੱਕੇ ਹਨ। 1959 ਦੇ ਨਜ਼ਰੀਏ ਤੋਂ ਗੱਲ ਕਰੀਏ ਤਾਂ ਸਾਰੇ ਦੇਸ਼ 'ਚ ਕੱਚੇ ਲੋਹੇ ਦੀ ਪੈਦਾਵਾਰ ਦੋ ਕਰੋੜ ਟਨ ਤੋਂ ਜ਼ਿਆਦਾ ਵਧ ਗਈ ਸੀ ਜਿਹਨਾਂ ਵਿੱਚੋਂ ਅੱਧੀ ਪੈਦਾਵਾਰ ਦਰਮਿਆਨੇ ਤੇ ਛੋਟੇ ਪੱਧਰ ਦੇ ਉੱਦਮਾਂ ਨੇ ਕੀਤੀ ਸੀ। ਭਵਿੱਖ ਵਿੱਚ ਸਟੀਲ ਤੇ ਲੋਹਾ ਸਨਅਤ ਦੇ ਵਿਕਾਸ ਵਿੱਚ ਦਰਮਿਆਨੇ ਤੇ ਛੋਟੇ-ਪੱਧਰ ਦੇ ਉੱਦਮਾਂ ਦਾ ਪ੍ਰਧਾਨ ਮਹੱਤਵ ਬਣਿਆ ਰਹੇਗਾ। ਕਈ ਛੋਟੇ ਉੱਦਮ ਦਰਮਿਆਨੇ ਬਣ ਜਾਣਗੇ ਤੇ ਕਈ ਦਰਮਿਆਨੇ ਵੱਡੇ। ਪਿਛੜੇ ਉੱਦਮ ਵਿਕਸਤ ਬਣ ਜਾਣਗੇ, ਸਥਾਨਕ ਨਮੂਨੇ ਵਿਦੇਸ਼ੀਆਂ ਵਰਗੇ ਬਣ ਜਾਣਗੇ — ਇਹ ਵਿਕਾਸ ਦਾ ਬਾਹਰਮੁਖੀ ਨਿਯਮ ਹੈ।

ਅਸੀਂ ਵਿਕਸਤ ਤਕਨੀਕ ਨੂੰ ਅਪਣਾ ਲਵਾਂਗੇ ਪਰ ਇਸ ਨਾਲ਼ ਕੁੱਝ ਸਮੇਂ ਲਈ ਪਿਛੜੀ ਤਕਨੀਕ ਦੀ ਲੋੜ ਤੇ ਅਟੱਲਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਤਿਹਾਸ ਦੀ ਸ਼ੁਰੂਆਤ ਤੋਂ ਇਨਕਲਾਬੀ ਯੁੱਧ ਹਮੇਸ਼ਾ ਉਹਨਾਂ ਦੁਆਰਾ ਜਿੱਤੇ ਗਏ ਹਨ ਜਿਹਨਾਂ ਕੋਲ ਹਥਿਆਰਾਂ ਦੀ ਕਮੀ ਹੁੰਦੀ ਹੈ ਤੇ ਉਹਨਾਂ ਦੁਆਰਾ ਹਾਰੇ ਗਏ ਹਨ ਜੋ ਹਥਿਆਰਾਂ ਪੱਖੋਂ ਫਾਇਦੇ 'ਚ ਰਹੇ ਹਨ। ਸਾਡੀ ਘਰੇਲੂ ਜੰਗ ਸਮੇਂ, ਜਪਾਨ ਦੇ ਵਿਰੁੱਧ ਸਾਡੀ ਟਾਕਰਾ ਜੰਗ ਅਤੇ ਸਾਡੀ ਮੁਕਤੀ ਜੰਗ ਸਮੇਂ ਸਾਡੇ ਕੋਲ ਦੇਸ਼ ਵਿਆਪੀ ਰਾਜਨੀਤਕ ਤਾਕਤ ਤੇ ਆਧੁਨਿਕ ਹਥਿਆਰਾਂ ਦੀ ਕਮੀ ਸੀ। ਜੇ ਕੋਈ ਓਨਾ ਚਿਰ ਨਹੀਂ ਲੜ ਸਕਦਾ ਜਿੰਨਾ ਚਿਰ ਉਸ ਕੋਲ ਆਧੁਨਿਕ ਹਥਿਆਰ ਨਾ ਹੋਣ ਤਾਂ ਇਹ ਆਪਣੇ ਆਪ ਨੂੰ ਹਥਿਆਰ-ਰਹਿਤ ਕਰਨ ਵਾਂਗ ਹੀ ਹੈ।

ਚੌਤਰਫਾ ਮਸ਼ੀਨੀਕਰਨ ਦੀ ਸਾਡੀ ਇੱਛਾ ਜਿਵੇਂ ਕਿ ਕਿਤਾਬ ਇਸ ਨੂੰ ਸੰਭਵ ਦੱਸਦੀ ਹੈ (ਸਫਾ 420) ਸਾਡੇ ਦੂਜੇ ਦਹਾਕੇ 'ਚ ਪੂਰੀ ਹੋਣ ਤੋਂ ਪਿੱਛੇ ਨਜ਼ਰ ਆ ਰਹੀ ਹੈ ਸੰਭਵ ਹੈ ਕਿ ਇਹ ਸਾਡੇ ਤੀਜੇ ਦਹਾਕੇ 'ਚ ਪੂਰੀ ਹੋਵੇ। ਨਾਕਾਫੀ ਮਸ਼ੀਨਰੀ ਕਰਕੇ ਅਸੀਂ ਭਵਿੱਖ 'ਚ ਅੰਸ਼ਕ ਮਸ਼ੀਨੀਕਰਨ ਤੇ ਸਾਡੇ ਸੰਦਾਂ 'ਚ ਸੁਧਾਰ ਨੂੰ ਸੱਦਾ ਦੇਵਾਂਗੇ। ਫਿਲਹਾਲ ਅਸੀਂ ਆਮ ਸਵੈ-ਚਾਲਨ ਨੂੰ ਰੋਕ ਰੱਖਿਆ ਹੈ। ਮਸ਼ੀਨੀਕਰਨ ਦੀ ਚਰਚਾ ਕਰਨੀ ਚਾਹੀਦੀ ਹੈ ਪਰ ਅਨੁਪਾਤ ਦੇ ਬੋਧ ਸਹਿਤ। ਜੇ ਮਸ਼ੀਨੀਕਰਨ ਅਤੇ ਸਵੈ-ਚਾਲਨ ਨੂੰ ਬਹੁਤ ਜ਼ਿਆਦਾ ਮਹੱਤਵ ਦੇ ਦਿੱਤਾ ਜਾਵੇ ਤਾਂ ਇਹ ਲਾਜ਼ਮੀ ਹੀ ਲੋਕਾਂ ਨੂੰ ਅੰਸ਼ਕ ਮਸ਼ੀਨੀਕਰਨ ਤੇ ਦੇਸੀ ਢੰਗ ਨਾਲ਼ ਪੈਦਾਵਾਰ ਦਾ ਤਿਰਸਕਾਰ ਕਰਨ ਲਾ ਦੇਵੇਗਾ। ਅਤੀਤ 'ਚ ਸਾਡੇ ਵਿੱਚ ਇਹ ਥਿੜਕਣ ਮੌਜੂਦ ਸੀ ਜਦੋਂ ਹਰ ਕੋਈ ਨਵੀਂ ਤਕਨੀਕ, ਨਵੀਂ ਮਸ਼ੀਨਰੀ, ਵੱਡੇ ਪੈਮਾਨੇ, ਉੱਚੇ ਪੱਧਰ ਦੀ ਮੰਗ ਕਰ ਰਿਹਾ ਸੀ; ਦੇਸੀ, ਦਰਮਿਆਨੇ ਤੇ ਛੋਟੇ ਪੱਧਰ ਨੂੰ ਨਫਰਤਯੋਗ ਮੰਨਿਆ ਜਾਂਦਾ ਸੀ। ਅਸੀਂ ਇਸ ਪ੍ਰਵਿਰਤੀ ਨੂੰ ਓਨਾ ਚਿਰ ਨਹੀਂ ਸੀ ਜਿੱਤ ਸਕੇ ਜਿੰਨਾ ਚਿਰ ਅਸੀਂ ਦੇਸੀ ਤੇ ਵਿਦੇਸ਼ੀ, ਵੱਡੇ, ਦਰਮਿਆਨੇ ਤੇ ਛੋਟੇ ਨੂੰ ਨਾਲ਼-ਨਾਲ਼ ਪ੍ਰੋਤਸਾਹਨ ਨਹੀਂ ਕੀਤਾ।

ਮੌਜੂਦਾ ਸਮੇਂ 'ਚ ਸਾਡਾ ਖੇਤੀ ਦੇ ਰਸਾਇਣੀਕਰਨ ਦਾ ਕੋਈ ਇਰਾਦਾ ਨਹੀਂ। ਇੱਕ ਕਾਰਨ ਇਹ ਹੈ ਕਿ ਅਸੀਂ ਅਗਲੇ ਕਈ-ਕਈ ਸਾਲਾਂ ਤੱਕ ਕਾਫੀ ਮਾਤਰਾ 'ਚ ਖਾਦਾਂ ਪੈਦਾ ਕਰਨ ਦੀ ਉਮੀਦ ਨਹੀਂ ਰੱਖਦੇ (ਅਤੇ ਜੋ ਥੋੜ੍ਹੀ ਬਹੁਤ ਸਾਡੇ ਕੋਲ ਹੈ ਉਹ ਸਨਅਤੀ ਫਸਲਾਂ 'ਤੇ ਕੇਂਦਰਤ ਹੈ)। ਦੂਜਾ ਕਾਰਨ ਇਹ ਹੈ ਕਿ ਜੇ ਰਸਾਇਣਾਂ ਵੱਲ ਮੁੜਨ ਦਾ ਇਰਾਦਾ ਬਣ ਗਿਆ ਤਾਂ ਹਰ ਕੋਈ ਉਸ 'ਤੇ ਧਿਆਨ ਦੇਵੇਗਾ ਤੇ ਸੂਰ ਪਾਲਣ ਨੂੰ ਅਣਗੌਲਿਆ ਕਰ ਦੇਵੇਗਾ। ਰਸਾਇਣਕ ਖਾਦਾਂ ਵੀ ਚਾਹੀਦੀਆਂ ਹਨ ਪਰ ਉਹਨਾਂ ਨੂੰ ਜੈਵਿਕ ਖਾਦਾਂ ਨਾਲ਼ ਮਿਲਾਉਣਾ ਚਾਹੀਦਾ ਹੈ; ਇਕੱਲਿਆ ਉਹ ਜ਼ਮੀਨ ਨੂੰ ਸਖ਼ਤ ਕਰ ਦਿੰਦੀਆਂ ਹਨ।

ਕਿਤਾਬ ਹਰ ਵਿਭਾਗ 'ਚ ਨਵੀਆਂ ਤਕਨੀਕਾਂ ਅਪਣਾਉਣ ਦੀ ਗੱਲ ਕਰਦੀ ਹੈ। ਪਰ ਇਹ ਕਰਨਾ ਇੰਨਾ ਅਸਾਨ ਨਹੀਂ। ਕ੍ਰਮਵਾਰ ਵਿਕਾਸ ਦੀ ਇੱਕ ਪ੍ਰਕਿਰਿਆ ਹੋਣੀ ਚਾਹੀਦੀ ਹੈ। ਇਸ ਤੋਂ ਵੀ ਵਧ ਕੇ, ਕੁੱਝ ਨਵੀਆਂ ਮਸ਼ੀਨਾਂ ਅਪਣਾਉਣ ਦੇ ਨਾਲ਼ ਕਈ ਪੁਰਾਣੀਆਂ ਵੀ ਬਣੀਆਂ ਰਹਿੰਦੀਆਂ ਹਨ। ਕਿਤਾਬ ਸਹੀ ਹੈ ਜਦੋਂ ਕਹਿੰਦੀ ਹੈ ਕਿ ਜਦੋਂ ਤੁਸੀਂ ਨਵੇਂ ਉੱਦਮਾਂ ਨੂੰ ਬਣਾਉਂਦੇ ਹੋ ਤੇ ਮੌਜੂਦਾ ਕਾਰਖਾਨਿਆਂ 'ਚ ਸੰਦਾਂ ਦਾ ਨਵੀਨੀਕਰਨ ਕਰਦੇ ਹੋ ਤਾਂ ਤੁਹਾਨੂੰ ਮੌਜੂਦਾ ਮਸ਼ੀਨਰੀ ਤੇ ਮਸ਼ੀਨੀ ਸੰਦਾਂ ਦੀ ਸਿਆਣਪ ਨਾਲ਼ ਤੇ ਪੂਰੀ ਕਾਬਲੀਅਤ ਨਾਲ਼ ਵਰਤੋਂ ਕਰਨੀ ਚਾਹੀਦੀ ਹੈ। (ਸਫ਼ਾ 427) ਭਵਿੱਖ 'ਚ ਚੀਜ਼ਾਂ ਇਸ ਤੋਂ ਭਿੰਨ ਨਹੀਂ ਹੋਣਗੀਆਂ।

ਜਿੱਥੋਂ ਤੱਕ "ਵੱਡੇ" ਤੇ "ਵਿਦੇਸ਼ੀ" ਦਾ ਸਵਾਲ ਹੈ, ਸਾਨੂੰ ਇਹਨਾਂ 'ਤੇ "ਨਵੇਂ ਵਿਕਾਸ ਲਈ ਆਤਮ ਨਿਰਭਰ" ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ। 1958 'ਚ ਆਪਣੇ ਆਪ ਨੂੰ ਅੰਧ-ਵਿਸ਼ਵਾਸਾਂ 'ਚੋਂ ਕੱਢਣ ਲਈ ਤੇ ਆਪਣੇ ਹੱਥਾਂ ਨਾਲ਼ ਕੰਮ ਕਰਨ ਲਈ ਨਾਅਰੇ ਪੇਸ਼ ਕੀਤੇ। ਤੱਥ ਦਿਖਾਉਂਦੇ ਹਨ ਕਿ ਆਪੇ ਕੰਮ ਕਰਨਾ ਬਿਲਕੁੱਲ ਵਿਵਹਾਰਕ ਹੈ। ਅਤੀਤ 'ਚ ਪਿਛੜੇ ਹੋਏ ਪੂੰਜੀਵਾਦੀ ਦੇਸ਼ ਪੈਦਾਵਾਰ 'ਚ ਵਿਕਸਤ ਪੂੰਜੀਵਾਦੀ ਦੇਸ਼ਾਂ ਨੂੰ

ਫੜਨ ਲਈ ਨਵੀਆਂ ਤਕਨੀਕਾਂ ਦੀ ਵਰਤੋਂ 'ਤੇ ਭਰੋਸਾ ਕਰਦੇ ਸਨ। ਇਸੇ ਤਰ੍ਹਾਂ ਸੋਵੀਅਤ ਸੰਘ ਦੀ ਪੂੰਜੀਵਾਦੀ ਦੇਸ਼ਾਂ ਦੇ ਬਰਾਬਰ ਪਹੁੰਚਣ ਲਈ ਵਿਕਸਤ ਤਕਨੀਕ ਦੀ ਵਰਤੋਂ 'ਤੇ ਨਿਰਭਰ ਰਹਿ ਰਿਹਾ ਹੈ। ਸਾਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ ਤੇ ਅਸੀਂ ਅਜਿਹਾ ਕਰ ਸਕਦੇ ਹਾਂ।

## 49. ਪਹਿਲਾਂ ਕੀ ? ਟਰੈਕਟਰ ਜਾਂ ਸਹਿਕਾਰੀ ਸੰਸਥਾਵਾਂ ?

ਸਫ਼ਾ 563 ਕਹਿੰਦਾ ਹੈ, "1928 'ਚ ਵਿਆਪਕ ਸਮੂਹੀਕਰਨ ਦੇ ਮੌਕੇ 'ਤੇ ਬਸੰਤ ਦੀ ਫਸਲ ਦੇ 99 ਫੀਸਦੀ ਇਲਾਕੇ ਲੱਕੜ ਜਾਂ ਘੋੜੇ ਨਾਲ਼ ਖਿੱਚਣ ਵਾਲੇ ਹਲ ਨਾਲ਼ ਵਾਹੇ ਗਏ ਸੀ।" ਇਹ ਤੱਥ ਕਿਤਾਬ ਦੁਆਰਾ ਵਾਰ-ਵਾਰ ਕੀਤੇ ਗਏ ਇਸ ਦਾਅਵੇ ਦਾ ਖੰਡਨ ਕਰਦਾ ਹੈ ਕਿ "ਟਰੈਕਟਰ ਸਹਿਕਾਰੀ ਸੰਸਥਾਵਾਂ ਤੋਂ ਪਹਿਲਾਂ ਆਉਣੇ ਚਾਹੀਦੇ ਹਨ।" ਇਸੇ ਸਫ਼ੇ 'ਤੇ ਅਸੀਂ ਵੇਖਦੇ ਹਾਂ, "ਸਮਾਜਵਾਦੀ ਪੈਦਾਵਾਰੀ ਸਬੰਧਾਂ ਨੇ ਖੇਤੀ ਸਬੰਧੀ ਪੈਦਾਵਾਰੀ ਤਾਕਤਾਂ ਦੇ ਵਿਕਾਸ ਤੇ ਖੇਤੀ ਤਕਨੀਕ ਦੀ ਉੱਨਤੀ ਲਈ ਇੱਕ ਵਿਆਪਕ ਖੇਤਰ ਖੋਲ੍ਹ ਦਿੱਤਾ।" ਇਹ ਸੱਚ ਹੈ।

ਪਹਿਲਾਂ ਪੈਦਾਵਾਰੀ ਸਬੰਧ ਬਦਲਣੇ ਪੈਣਗੇ, ਫਿਰ ਅਤੇ ਸਿਰਫ਼ ਫਿਰ ਹੀ ਪੈਦਾਵਾਰੀ ਤਾਕਤਾਂ ਵਿਆਪਕ ਤੌਰ 'ਤੇ ਵਿਕਸਤ ਕੀਤੀਆਂ ਜਾ ਸਕਦੀਆਂ ਹਨ। ਇਹ ਸਰਵ-ਵਿਆਪੀ ਨਿਯਮ ਹੈ। ਪੂਰਬੀ ਯੂਰਪ ਦੇ ਕੁੱਝ ਦੇਸ਼ਾਂ 'ਚ ਸਹਿਕਾਰੀ ਸੰਸਥਾਵਾਂ ਨੂੰ ਊਰਜਾਵਾਨ ਤਰੀਕੇ ਨਾਲ਼ ਜਥੇਬੰਦ ਨਹੀਂ ਸੀ ਕੀਤਾ ਗਿਆ ਤੇ ਅੱਜ ਤੱਕ ਉਹ ਅਧੂਰੇ ਹਨ। ਇਸ ਦਾ ਮੁੱਖ ਕਾਰਨ ਇਹ ਨਹੀਂ ਕਿ ਉਹਨਾਂ ਕੋਲ ਟਰੈਕਟਰਾਂ ਦੀ ਘਾਟ ਸੀ (ਮੁਕਾਬਲਤਨ ਬੋਲਦਿਆਂ, ਉਹਨਾਂ ਕੋਲ ਸਾਡੇ ਨਾਲੋਂ ਕਿਤੇ ਜ਼ਿਆਦਾ ਹਨ) ਸਗੋਂ ਇਹ ਕਿ ਉਹਨਾਂ ਦੇ ਭੂਮੀ ਸੁਧਾਰ ਉੱਪਰੋਂ ਥੱਲੇ ਵੱਲ ਕੀਤੀ ਗਈ ਸ਼ਾਹੀ ਮਿਹਰ ਸੀ। ਭੂਮੀ ਨੂੰ ਕੋਟੇ ਮੁਤਾਬਕ ਜ਼ਬਤ ਕੀਤਾ ਗਿਆ ਸੀ, (ਕੁੱਝ ਦੇਸ਼ਾਂ 'ਚ ਤਾਂ 100 ਹੈਕਟੇਅਰ ਤੋਂ ਘੱਟ ਦੇ ਫਾਰਮਾਂ ਨੂੰ ਜ਼ਬਤ ਨਹੀਂ ਸੀ ਕੀਤਾ ਗਿਆ), ਜ਼ਬਤੀ ਦਾ ਕੰਮ ਕਾਨੂੰਨੀ ਹੁਕਮ ਦੁਆਰਾ ਚਲਾਇਆ ਗਿਆ ਸੀ ਤੇ ਭੂਮੀ ਸੁਧਾਰ ਤੋਂ ਬਾਅਦ ਜਦੋਂ ਲੋਹਾ ਗਰਮ ਸੀ ਤਾਂ ਸੱਟ ਮਾਰਨ ਦੀ ਬਜਾਏ ਉਹਨਾਂ ਨੇ ਪੂਰੇ ਪੰਜ-ਛੇ ਸਾਲ ਉਂਝ ਹੀ ਬਿਨਾਂ ਕੁੱਝ ਖਾਸ ਕੀਤਿਆਂ ਲੰਘ ਜਾਣ ਦਿੱਤੇ। ਅਸੀਂ ਠੀਕ ਉਲਟਾ ਕੀਤਾ। ਅਸੀਂ ਜਨਤਕ ਲੀਹ[24] ਲਾਗੂ ਕੀਤੀ, ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨਾਂ ਨੂੰ ਜਮਾਤੀ ਘੋਲ ਚਲਾਉਣ ਤੇ ਭੂਮੀਪਤੀਆਂ ਦੀ ਸਾਰੀ ਜ਼ਮੀਨ ਖੋਹ ਲੈਣ ਤੇ ਧਨੀ ਕਿਸਾਨਾਂ ਦੀ ਵਾਧੂ-ਜ਼ਮੀਨ ਵੰਡ ਦੇਣ ਤੇ ਪ੍ਰਤੀ ਵਿਅਕਤੀ ਦੇ ਅਧਾਰ 'ਤੇ ਜ਼ਮੀਨ ਵੰਡ ਦੇਣ ਲਈ ਜਗਾ ਦਿੱਤਾ। (ਇਹ ਪੇਂਡੂ ਇਲਾਕਿਆਂ 'ਚ ਜ਼ਬਰਦਸਤ ਇਨਕਲਾਬ ਸੀ)। ਇਸ ਦੇ ਫੌਰੀ ਬਾਅਦ ਅਸੀਂ ਪਰਸਪਰ ਸਹਾਇਤਾ ਤੇ ਸਹਿਕਾਰੀ ਮੁਹਿੰਮਾਂ ਚਲਾਈਆਂ ਅਤੇ ਉਸ ਨੁਕਤੇ ਤੋਂ ਕਦਮ-ਦਰ-ਕਦਮ ਨਿਰੰਤਰ ਵਿਕਾਸ ਕਰਦਿਆਂ ਅਸੀਂ ਕਿਸਾਨਾਂ ਨੂੰ ਸਮਾਜਵਾਦ ਦੇ ਰਸਤੇ 'ਤੇ ਲੈ ਗਏ। ਸਾਡੇ ਕੋਲ ਵਿਸ਼ਾਲ ਪਾਰਟੀ ਤੇ ਫੌਜ ਸੀ। ਜਦੋਂ ਸਾਡੀਆਂ ਫੌਜਾਂ ਦੱਖਣ ਗਈਆਂ ਤਾਂ ਕਾਰਕੁੰਨ ਟੀਮਾਂ ਹਰ ਸੂਬੇ 'ਚ ਸੂਬਾਈ, ਖੇਤਰੀ, ਕਾਊਂਟੀ ਤੇ ਜ਼ਿਲ੍ਹਾ ਪੱਧਰ 'ਤੇ ਕੰਮ ਕਰਨ ਲਈ ਛੱਡ ਦਿੱਤੀਆਂ ਗਈਆਂ ਸਨ। ਜਿਵੇਂ ਹੀ ਸਾਡੀਆਂ ਫੌਜਾਂ ਵਾਪਸ ਪਹੁੰਚਦੀਆਂ ਉਹ "ਗਰੀਬਾਂ

ਦੀਆਂ ਸ਼ਕਾਇਤਾਂ ਸੁਣਨ ਦੇ ਲਈ ਉਹਨਾਂ ਨੂੰ ਮਿਲਣ"; "ਜੜ੍ਹਾਂ 'ਤੇ ਹਮਲਾ ਕਰਨ ਤੇ ਕੰਮਾਂ ਨੂੰ ਸਿਰੇ ਚਾੜ੍ਹਨ" ਅਤੇ ਗਰੀਬ ਤੇ ਹੇਠਲੇ ਦਰਮਿਆਨੇ ਕਿਸਾਨਾਂ 'ਚੋਂ ਸਰਗਰਮ ਤੱਤਾਂ ਨੂੰ ਜਥੇਬੰਦ ਕਰਨ ਲਈ ਖੇਤੀਹਰ ਪਿੰਡਾਂ ਦੇ ਧੁਰ ਤੱਕ ਅੰਦਰ ਧਸ ਗਈਆਂ।

## 50. ਦੋ ਮਕਸਦ : ਵੱਡਾ ਤੇ ਜਨਤਕ

ਸੋਵੀਅਤ ਸੰਘ ਦੇ ਸਮੂਹਕ ਫਾਰਮ ਦੋ ਵਾਰੀ ਵਿਲੀਨ ਹੋ ਚੁੱਕੇ ਹਨ। 250,000 ਤੋਂ ਜ਼ਿਆਦਾ ਫਾਰਮ 93,000 ਤੋਂ ਜ਼ਿਆਦਾ ਫਾਰਮਾਂ 'ਚ ਵਿਲੀਨ ਕੀਤੇ ਗਏ ਸੀ ਜਿਹਨਾਂ ਨੂੰ ਫਿਰ ਲਗਭਗ 70,000 ਫਾਰਮਾਂ 'ਚ ਵਿਲੀਨ ਕਰ ਦਿੱਤਾ ਗਿਆ। ਭਵਿੱਖ ਵਿੱਚ ਇਹ ਨਿਸ਼ਚੇ ਹੀ ਹੋਰ ਵਿਸਥਾਰ ਕਰਨਗੇ। ਕਿਤਾਬ ਕਹਿੰਦੀ ਹੈ (ਸਫ਼ਾ 568), "ਸਾਨੂੰ ਵੱਖ-ਵੱਖ ਸਮੂਹਕ ਫਾਰਮਾਂ ਦੇ ਪੈਦਾਵਾਰੀ ਸਬੰਧ ਮਜ਼ਬੂਤ ਤੇ ਵਿਕਸਤ ਕਰਨੇ ਚਾਹੀਦੇ ਹਨ ਅਤੇ ਸਮੂਹਕ ਫਾਰਮਾਂ ਵਿੱਚ ਜਨਤਕ ਵਰਤੋਂ ਵਾਲੇ ਪੈਦਾਵਾਰੀ ਉੱਦਮਾਂ ਨੂੰ ਜਥੇਬੰਦ ਕਰਨਾ ਚਾਹੀਦਾ ਹੈ।" ਇੱਥੇ, ਅਸਲ 'ਚ ਸਾਡੇ ਢੰਗਾਂ ਨਾਲ਼ ਕਈ ਸਮਾਨਤਾਵਾਂ ਹਨ, ਬਸ ਉਹ ਚੀਜ਼ਾਂ ਨੂੰ ਵੱਖਰੇ ਢੰਗ ਨਾਲ਼ ਪ੍ਰਗਟਾਉਂਦੇ ਹਨ। ਭਵਿੱਖ 'ਚ ਜੇ ਉਹਨਾਂ ਦੀ ਪਹੁੰਚ-ਪੱਧਤੀ ਸਾਡੇ ਵਰਗੀ ਵੀ ਹੋਈ ਤਾਂ ਵੀ ਇਹ ਸ਼ੱਕ-ਯੋਗ ਹੈ ਕਿ ਉਹ ਕਮਿਊਨ ਸ਼ਬਦ ਦੀ ਵਰਤੋਂ ਕਰਨਗੇ। ਪ੍ਰਗਟਾਵੇ ਤੇ ਸ਼ਬਦਾਵਲੀ ਵਿਚਲੇ ਫਰਕ ਵਿੱਚ ਇੱਕ ਅਹਿਮ ਮੁੱਦਾ ਮੌਜੂਦ ਹੈ, ਭਾਵ ਇਹ ਕਿ ਜਨਤਕ ਲੀਹ ਲਾਗੂ ਕੀਤੀ ਜਾ ਰਹੀ ਹੈ ਜਾਂ ਨਹੀਂ।

ਇਹ ਨਿਸ਼ਚਿਤ ਹੈ ਕਿ ਪਰਿਵਾਰ ਤੇ ਅਬਾਦੀ ਦੇ ਪੱਖੋਂ ਸੋਵੀਅਤ ਸੰਘ ਦੇ ਸਮੂਹਕ ਫਾਰਮਾਂ ਦੇ ਵੱਡੇ ਪੱਧਰ ਕਦੇ ਵੀ ਸਾਡੇ ਸਮੂਹਕ ਫਾਰਮਾਂ ਤੱਕ ਨਹੀਂ ਪਹੁੰਚ ਸਕਣਗੇ ਕਿਉਂਕਿ ਉਹਨਾਂ ਦੀ ਅਬਾਦੀ ਵਿਰਲੀ ਹੈ ਤੇ ਭੂ-ਇਲਾਕੇ ਵੱਡੇ। ਪਰ ਕੌਣ ਕਹਿ ਸਕਦਾ ਹੈ ਕਿ ਇਸ ਕਾਰਨ ਕਰਕੇ ਉਹਨਾਂ ਦੇ ਸਮੂਹਕ ਫਾਰਮਾਂ ਨੂੰ ਹੋਰ ਵਿਸਥਾਰ ਦੀ ਹੁਣ ਕੋਈ ਲੋੜ ਨਹੀਂ? ਸਿਨਕਿਆਂਗ ਤੇ ਚਿੰਘਾਈ ਜਿਹੀਆਂ ਥਾਵਾਂ 'ਤੇ ਕਮਿਊਨਾਂ ਨੂੰ ਹਾਲੇ ਵੀ ਹੋਰ ਵਿਸਥਾਰ ਦੀ ਲੋੜ ਹੈ ਭਾਵੇਂ ਕਿ ਉੱਥੇ ਕਾਫੀ ਭੂਮੀ 'ਤੇ ਘੱਟ ਲੋਕ ਵਸਦੇ ਹਨ। ਸਾਡੇ ਦੱਖਣੀ ਸੂਬਿਆਂ (ਉਦਾਹਰਣ ਵਜੋਂ ਉੱਤਰੀ ਫੂਕੇਨ) ਦੀਆਂ ਕਈ ਕਾਊਂਟੀਆਂ ਨੇ ਸਮਾਨ ਹਾਲਤਾਂ 'ਚ ਵੱਡੇ ਕਮਿਊਨ ਇਕੱਠੇ ਕਰ ਲਏ।

ਕਮਿਊਨਾਂ ਦਾ ਵਿਸਥਾਰ ਇੱਕ ਅਹਿਮ ਮੁੱਦਾ ਹੈ। ਮਾਤਰਾ 'ਚ ਤਬਦੀਲੀ ਲਾਜ਼ਮੀ ਹੀ ਸਿਫਤ ਵਿੱਚ ਵੀ ਤਬਦੀਲੀ ਲਿਆਉਂਦੀ ਹੈ ਜੋ ਇਹਨਾਂ ਤਬਦੀਲੀਆਂ ਨੂੰ ਵੀ ਉਤਸ਼ਾਹਿਤ ਕਰਦੀ ਹੈ। ਸਾਡੇ ਲੋਕ ਕਮਿਊਨ ਇੱਕ ਚੰਗੀ ਮਿਸਾਲ ਹੈ... "ਵੱਡੇ! ਤੇ ਜਨਤਕ!" ਪਹਿਲਾਂ "ਵੱਡਾ!" ਆਉਂਦਾ ਹੈ... ਇਹ "ਜਨਤਕ" ਦਾ ਪੱਧਰ ਉੱਚਾ ਚੁੱਕੇਗਾ। ਇਸ ਦਾ ਮਤਲਬ ਹੈ ਕਿ ਮਾਤਰਕ ਤਬਦੀਲੀਆਂ ਅੰਸ਼ਕ ਸਿਫਤੀ ਤਬਦੀਲੀਆਂ ਲੈ ਕੇ ਆਉਂਦੀਆਂ ਹਨ।

## 51. ਭੌਤਿਕ ਹਿੱਤਾਂ 'ਤੇ ਵਿਸ਼ੇਸ਼ ਜ਼ੋਰ ਦੇਣ ਦਾ ਮੂਲ ਕਾਰਨ ਕੀ ਹੈ?

ਸਮੂਹਕ ਫਾਰਮ ਢਾਂਚੇ ਵਾਲੇ ਪਾਠ 'ਚ ਵਿਅਕਤੀਗਤ ਭੌਤਿਕ ਹਿੱਤਾਂ ਦੀ ਨਿਰੰਤਰ ਚਰਚਾ ਹੈ। (ਸਫ਼ਾ 565, 571 ਆਦਿ) ਭੌਤਿਕ ਹਿੱਤਾਂ 'ਤੇ ਮੌਜੂਦਾ ਵਿਸ਼ੇਸ਼ ਜ਼ੋਰ ਦਾ ਇੱਕ

ਕਾਰਨ ਹੈ। ਸਤਾਲਿਨ ਦੇ ਸਮੇਂ ਸਮੂਹਕ ਹਿੱਤਾਂ ’ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਤੇ ਵਿਅਕਤੀਗਤ ਲਾਭਾਂ ਨੂੰ ਅਣਗੌਲਿਆਂ ਕੀਤਾ ਗਿਆ। ਜਨਤਕ ਉੱਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਤੇ ਵਿਅਕਤੀਗਤ ’ਤੇ ਘੱਟ। ਹੁਣ ਉਹ ਦੂਜੇ ਸਿਰੇ ’ਤੇ ਪਹੁੰਚ ਗਏ ਹਨ, ਭੌਤਿਕ ਹਿੱਤਾਂ ’ਤੇ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ ਤੇ ਸਮੂਹਕ ਹਿੱਤਾਂ ਨੂੰ ਅਣਗੌਲਿਆਂ ਕਰ ਦਿੱਤਾ ਹੈ। ਜੇ ਉਹ ਇਸੇ ਰਾਹ ’ਤੇ ਚੱਲਦੇ ਰਹੇ ਤਾਂ ਉਹ ਲਾਜ਼ਮੀ ਹੀ ਫਿਰ ਉਲਟੇ ਰਸਤੇ ’ਤੇ ਚੱਲ ਪੈਣਗੇ।

“ਜਨਤਕ” ਦਾ “ਨਿੱਜੀ” ਨਾਲ਼ ਜੋ ਸਬੰਧ ਹੈ ਅਤੇ ਇਸ ਤੋਂ ਉਲਟ, ਵਿਰੋਧੀਆਂ ਦਾ ਏਕਾ ਹੈ। ਇੱਕ ਦੂਜੇ ਤੋਂ ਬਿਨਾਂ ਅਸੰਭਵ ਹੈ। ਅਸੀਂ ਹਮੇਸ਼ਾ ਜਨਤਕ ਤੇ ਨਿੱਜੀ ਦੀ ਸਾਂਝੀ ਚਰਚਾ ਕਰਨ ਦੀ ਗੱਲ ਕੀਤੀ ਹੈ ਅਤੇ ਬਹੁਤ ਪਹਿਲਾਂ ਇਹ ਨੁਕਤਾ ਚੁੱਕਿਆ ਸੀ ਕਿ ਪੂਰੀ ਤਰ੍ਹਾਂ ਇੱਕ ਜਾਂ ਦੂਜੀ ਵਰਗੀ ਕੋਈ ਚੀਜ਼ ਨਹੀਂ ਹੁੰਦੀ, ਪਰ ਜਨਤਕ, ਨਿੱਜੀ ’ਤੇ ਪ੍ਰਾਥਮਿਕਤਾ ਹਾਸਲ ਕਰਦਾ ਹੈ। ਵਿਅਕਤੀ ਸਮੂਹ ਦਾ ਹਿੱਸਾ ਹੁੰਦਾ ਹੈ। ਜੇ ਸਮੂਹਕ ਹਿੱਤ ਅੱਗੇ ਵਧਦੇ ਹਨ ਤਾਂ ਫਲਸਰੂਪ ਵਿਅਕਤੀ ਦੀ ਦਸ਼ਾ ਵੀ ਸੁਧਰੇਗੀ।

ਦਵੈਤਵਾਦ ਸਾਰੀਆਂ ਚੀਜ਼ਾਂ ਦਾ ਸਹਿਜ ਗੁਣ ਹੁੰਦਾ ਹੈ ਤੇ ਇਹ ਹਮੇਸ਼ਾ ਮੌਜੂਦ ਰਹਿੰਦਾ ਹੈ। ਨਿਸ਼ਚੇ ਹੀ ਦਵੈਤਵਾਦ ਦਾ ਪ੍ਰਗਟਾਵਾਂ ਕਈ ਠੋਸ ਰੂਪਾਂ ਰਾਹੀਂ ਹੁੰਦਾ ਹੈ ਤੇ ਇਸ ਲਈ ਚੀਜ਼ਾਂ ਦਾ ਚਰਿੱਤਰ ਬਦਲਦਾ ਰਹਿੰਦਾ ਹੈ। ਅਨੁਵੰਸ਼ਕਤਾ (Heredity) ਤੇ ਤਬਦੀਲੀ (Mutation) ਵਿਰੋਧੀਆਂ ਦੇ ਏਕੇ ਦਾ ਦਵੈਤਵਾਦ ਹੈ। ਜੇ ਪਹਿਲੇ ਤੋਂ ਬਿਨਾਂ ਸਿਰਫ਼ ਬਾਅਦ ਵਾਲਾ ਹੀ ਹੋਵੇ ਤਾਂ ਆਉਣ ਵਾਲੀਆਂ ਨਸਲਾਂ ਪਹਿਲੀਆਂ ਨਾਲ਼ੋਂ ਬਿਲਕੁੱਲ ਭਿੰਨ ਹੋਣਗੀਆਂ। ਝੋਨੇ ’ਚ ਉਹ ਚੀਜ਼ ਬਿਲਕੁੱਲ ਨਹੀਂ ਹੋਵੇਗੀ ਜੋ ਉਸ ਨੂੰ ਝੋਨਾ ਬਣਾਉਂਦੀ ਹੈ, ਨਾ ਹੀ ਕੁੱਤਿਆਂ ’ਚ ਤੇ ਨਾ ਹੀ ਲੋਕਾਂ ’ਚ ਉਹਨਾਂ ਦੇ ਗੁਣ ਹੋਣਗੇ। ਪੁਰਾਤਨਪੰਥ ਦਾ ਵੀ ਚੰਗਾ ਸਕਾਰਾਤਮਕ ਕਾਰਜ ਹੋ ਸਕਦਾ ਹੈ। ਇਹ ਜਿਉਂਦੇ ਜੀਵਾਂ ਨੂੰ ਹੋਣ ਵਾਲੇ ਬੇਰੋਕ-ਟੋਕ ਬਦਲਾਵਾਂ ਦੇ ਦੌਰਾਨ ਅੰਸ਼ਕ ਸਮਰੂਪਤਾ ਜਾਂ ਸਥਿਰਤਾ ਦੇ ਸਕਦਾ ਹੈ। ਇਸ ਲਈ ਵਿਕਸਤ ਝੋਨਾ ਹਾਲੇ ਵੀ ਝੋਨਾ ਹੀ ਹੁੰਦਾ ਹੈ। ਪਰ ਬਦਲਾਅ ਤੋਂ ਬਿਨਾਂ ਜੱਦੀ-ਪੁਸ਼ਤੀ ਦਾ ਅਰਥ ਹੈ ਕੋਈ ਵਿਕਾਸ ਨਹੀਂ ਤੇ ਇਸ ਨਾਲ਼ ਵਿਕਾਸ ਰੁਕ ਜਾਵੇਗਾ।

## 52. ਕਾਰਵਾਈ ਤਾਂ ਲੋਕਾਂ ਨੇ ਹੀ ਕਰਨੀ ਹੈ

ਸਫ਼ਾ 577 ਕਹਿੰਦਾ ਹੈ, “ਵਿਭੇਦੀ ਲਗਾਨ ਨਿਸ਼ਚਿਤ ਕਰਨ ਲਈ ਸਮੂਹਕ ਫਾਰਮ ਪ੍ਰਕਿਰਤਕ ਤੇ ਆਰਥਿਕ ਹਾਲਤਾਂ ਮੁਹੱਈਆ ਕਰਾਉਂਦੇ ਹਨ। ਵਿਭੇਦੀ ਲਗਾਨ ਪੂਰੀ ਤਰ੍ਹਾਂ ਬਾਹਰਮੁਖੀ ਹਾਲਤਾਂ ਤੋਂ ਤੈਅ ਨਹੀਂ ਹੁੰਦਾ। ਅਸਲ ’ਚ ਇਹ ਮੁੱਦਾ ਲੋਕਾਂ ਦੀ ਸਰਗਰਮੀ ’ਤੇ ਨਿਰਭਰ ਕਰਦਾ ਹੈ। ਮਿਸਾਲ ਵਜੋਂ ਹਪੇ ਸੂਬੇ ਦੀ ਪੀਕਿੰਗ-ਹਨਕਾਓ ਰੇਲਵੇ ਲਾਈਨ ’ਤੇ ਕਈ ਮਸ਼ੀਨੀ ਖੂਹ ਹਨ ਜਦੋਂ ਕਿ ਤਿਏਨਸਿਨ-ਪੁਕਾਓ ਰੇਲਵੇ ਲਾਈਨ ’ਤੇ ਇਹਨਾਂ ਦੀ ਗਿਣਤੀ ਕਾਫੀ ਘੱਟ ਹੈ। ਕੁਦਰਤੀ ਹਾਲਤਾਂ ਸਮਾਨ ਹਨ, ਸੰਚਾਰ-ਸਾਧਨ ਵੀ ਓਨੇ ਹੀ ਸੁਵਿਧਾਜਨਕ ਹਨ ਪਰ ਭੂਮੀ ਸੁਧਾਰ ਇੱਕ ਥਾਂ ਤੋਂ ਦੂਜੇ ਥਾਂ ਕਦੇ ਵੀ ਇੱਕੋ ਜਿਹੇ ਨਹੀਂ ਹੁੰਦੇ।

ਇਸ ਦੇ ਕੁੱਝ ਕਾਰਨ ਹੋ ਸਕਦੇ ਹਨ ਜਾਂ ਕੁੱਝ ਵੱਖ-ਵੱਖ ਇਤਿਹਾਸਕ ਕਾਰਨ ਹੋ ਸਕਦੇ ਹਨ ਕਿ ਸੁਧਾਰਾਂ ਦੇ ਪ੍ਰਤੀ ਕਿਉਂ ਕੋਈ ਥਾਂ ਗ੍ਰਹਿਣਸ਼ੀਲ (ਜਾਂ ਅ-ਗ੍ਰਹਿਣਸ਼ੀਲ) ਹੁੰਦੀ ਹੈ। ਪਰ ਆਖਰਕਾਰ, ਮੁੱਖ ਗੱਲ ਇਹ ਹੈ ਕਿ ਕਾਰਵਾਈ ਤਾਂ ਲੋਕਾਂ ਨੇ ਹੀ ਕਰਨੀ ਹੈ।

ਜਦੋਂ ਅਸੀਂ ਇਸ ਵਿਸ਼ੇ 'ਤੇ ਗੱਲ ਕਰ ਰਹੇ ਹਾਂ ਤਾਂ ਇਸ ਤੱਥ ਨੂੰ ਧਿਆਨ 'ਚ ਰੱਖਣਾ ਹੋਵੇਗਾ ਕਿ ਸ਼ੰਘਾਈ ਦੇ ਦੁਰੇਡੇ ਜ਼ਿਲ੍ਹਿਆਂ 'ਚੋਂ ਕੁੱਝ ਚੰਗੀ ਤਰ੍ਹਾਂ ਸੂਰ-ਪਾਲਣ ਕਰ ਰਹੇ ਹਨ ਤੇ ਕੁੱਝ ਨਹੀਂ। ਚੁੰਗ-ਸ਼ਿੰਗ ਕਾਊਂਟੀ 'ਚ ਸ਼ੁਰੂ 'ਚ ਇਹ ਧਾਰਨਾ ਪ੍ਰਚੱਲਤ ਸੀ ਕਿ ਕੁੱਝ ਵਿਸ਼ੇਸ਼ ਕੁਦਰਤੀ ਹਾਲਤਾਂ ਜਿਵੇਂ ਕਿ ਝੀਲਾਂ ਦੀ ਵੱਡੀ ਗਿਣਤੀ ਕਰਕੇ ਸੂਰ-ਪਾਲਣਾ ਅਨੁਕੂਲ ਨਹੀਂ ਹੋਵੇਗਾ। ਪਰ ਮੁਸ਼ਕਿਲਾਂ ਪ੍ਰਤੀ ਲੋਕਾਂ ਦੇ ਡਰ ਤੋਂ ਛੁਟਕਾਰਾ ਪਾਉਣ ਤੋਂ ਬਾਅਦ ਤੇ ਸੂਰ ਪਾਲਣ ਦੇ ਧੰਦੇ ਪ੍ਰਤੀ ਲੋਕਾਂ ਦੁਆਰਾ ਸਕਾਰਾਤਮਕ ਰਵੱਈਆ ਅਪਣਾਉਣ ਤੋਂ ਬਾਅਦ ਇਹ ਮਹਿਸੂਸ ਕੀਤਾ ਗਿਆ ਕਿ ਇਹ ਕੁਦਰਤੀ ਹਾਲਤਾਂ ਰੁਕਾਵਟ ਪਾਉਣ ਦੀ ਬਜਾਏ ਸਹੂਲਤਾਂ ਪ੍ਰਦਾਨ ਕਰ ਰਹੀਆਂ ਹਨ। ਅਸਲ 'ਚ ਭਾਵੇਂ ਇਹ ਡੂੰਘੀ ਵਾਹੀ ਦਾ ਮਾਮਲਾ ਹੋਵੇ, ਵਧੀਆ ਬਾਗਬਾਨੀ ਦਾ, ਮਸ਼ੀਨੀਕਰਨ ਦਾ ਜਾਂ ਸਮੂਹੀਕਰਨ ਦਾ, ਕਾਰਵਾਈ ਤਾਂ ਲੋਕਾਂ ਨੇ ਹੀ ਕਰਨੀ ਹੁੰਦੀ ਹੈ।

ਪੀਕਿੰਗ ਦੀ ਚਾਂਗ ਪਿੰਗ ਕਾਊਂਟੀ ਨੂੰ ਹੜ੍ਹ ਤੇ ਸੋਕੇ ਹਮੇਸ਼ਾ ਤੰਗ ਕਰਦੇ ਰਹਿੰਦੇ ਸਨ। ਪਰ ਮਿੰਗ ਮਕਬਰੇ ਕੋਲ ਸਰੋਵਰ ਦੇ ਉਸਾਰੀ ਦੇ ਬਾਅਦ ਤੋਂ ਚੀਜ਼ਾਂ ਬਦਲ ਗਈਆਂ। ਕੀ ਇਹ ਇੱਕ ਵਾਰ ਫਿਰ ਇਹੀ ਨਹੀਂ ਦਰਸਾਉਂਦਾ ਕਿ ਕਾਰਵਾਈ ਤਾਂ ਲੋਕਾਂ ਨੇ ਹੀ ਕਰਨੀ ਹੈ ? ਹੁਨਾਨ 'ਚ ਉਹ 1959 ਤੇ 1960 ਤੋਂ ਬਾਅਦ ਤਿੰਨ ਸਾਲਾਂ 'ਚ ਕਈ ਵੱਡ-ਅਕਾਰੀ ਨਾਲੇ ਬਣਾ ਕੇ ਪੀਲੇ ਦਰਿਆ ਨੂੰ ਵਸ਼ 'ਚ ਕਰਨ ਦੀ ਯੋਜਨਾ ਬਣਾ ਰਹੇ ਹਨ। ਇਹ ਸਭ ਕੁੱਝ ਫਿਰ ਦਿਖਾਉਂਦਾ ਹੈ ਕਿ ਕਾਰਵਾਈ ਤਾਂ ਲੋਕਾਂ ਨੇ ਹੀ ਕਰਨੀ ਹੈ।

## 53. ਟਰਾਂਸਪੋਰਟ ਤੇ ਵਪਾਰ

ਟਰਾਂਸਪੋਰਟ ਤੇ ਪੈਕੇਜਿੰਗ ਵਰਤੋਂ ਕਦਰ 'ਚ ਵਾਧਾ ਨਹੀਂ ਕਰਦੇ ਪਰ ਉਹ ਕਦਰ 'ਚ ਵਾਧਾ ਜ਼ਰੂਰ ਕਰਦੇ ਹਨ। ਉਹਨਾਂ ਵੱਲੋਂ ਵਰਤੀ ਕਿਰਤ ਸਮਾਜਕ ਰੂਪ 'ਚ ਜ਼ਰੂਰੀ ਕਿਰਤ ਦਾ ਹਿੱਸਾ ਹੈ। ਟਰਾਂਸਪੋਰਟ ਤੇ ਪੈਕੇਜਿੰਗ ਦੇ ਬਿਨਾਂ ਪੈਦਾਵਾਰ ਦੀ ਪ੍ਰਕਿਰਿਆ ਅਧੂਰੀ ਰਹਿ ਜਾਂਦੀ ਹੈ, ਉਪਭੋਗ ਦੇ ਪੜਾਅ 'ਚ ਦਾਖਲ ਨਹੀਂ ਹੁੰਦੀ ਅਤੇ ਪੈਦਾ ਕੀਤੀ ਵਰਤੋਂ ਕਦਰ ਦੀ ਵਸੂਲੀ ਨਹੀਂ ਹੋ ਸਕੇਗੀ। ਕੋਲੇ ਨੂੰ ਲਓ। ਕੱਚੀ ਧਾਤ ਨੂੰ ਖਾਣ 'ਚੋਂ ਕੱਢਣ ਤੋਂ ਬਾਅਦ ਜੇ ਇਸ ਨੂੰ ਖਾਣ 'ਤੇ ਹੀ ਛੱਡ ਦਿੱਤਾ ਜਾਵੇ ਤੇ ਇਸ ਨੂੰ ਰੇਲ, ਸਟੀਮਰ ਜਾਂ ਟਰੱਕ ਦੁਆਰਾ ਉਪਭੋਗਤਾ ਤੱਕ ਨਾ ਪਹੁੰਚਾਇਆ ਜਾਵੇ ਤਾਂ ਇਸ ਦੀ ਵਰਤੋਂ ਕਦਰ ਦੀ ਪੂਰੀ ਤਰ੍ਹਾਂ ਵਸੂਲੀ ਨਹੀਂ ਹੋ ਸਕੇਗੀ।

ਸਫ਼ਾ 585 ਕਹਿੰਦਾ ਹੈ ਕਿ ਉਹਨਾਂ ਕੋਲ ਵਪਾਰ ਦੇ ਦੋ ਢਾਂਚੇ ਹਨ, ਰਾਜ ਸੰਚਾਲਤ ਤੇ ਸਹਿਕਾਰੀ। ਇਸ ਦੇ ਨਾਲ਼ ਹੀ ਉਹਨਾਂ ਕੋਲ "ਗ਼ੈਰ-ਜਥੇਬੰਦ ਮੰਡੀ" ਭਾਵ ਸਮੂਹਕ ਫਾਰਮ ਮੰਡੀਆਂ ਵੀ ਹਨ। ਸਾਡੇ ਕੋਲ ਇੱਕ ਹੀ ਢਾਂਚਾ ਹੈ। ਅਸੀਂ ਸਹਿਕਾਰੀ ਵਪਾਰ ਨੂੰ

ਰਾਜ-ਸੰਚਾਲਤ ਵਪਾਰ 'ਚ ਵਿਲੀਨ ਕਰ ਦਿੱਤਾ ਤੇ ਢਾਂਚੇ ਨੂੰ ਚਲਾਉਣਾ ਹੁਣ ਕਾਫੀ ਅਸਾਨ ਜਾਪ ਰਿਹਾ ਹੈ। ਹੁਣ ਸਾਰੇ ਪਾਸਿਆਂ ਤੋਂ ਕਈ ਤਰ੍ਹਾਂ ਦੀਆਂ ਬੱਚਤਾਂ ਹੋ ਰਹੀਆਂ ਹਨ।

ਸਫ਼ਾ 587 ਵਪਾਰ ਦੀ ਜਨਤਕ ਨਿਗਰਾਨੀ ਦੀ ਸਲਾਹ ਦਿੰਦਾ ਹੈ। ਇਸ ਦੇ ਲਈ ਅਸੀਂ ਮੁੱਖ ਤੌਰ 'ਤੇ ਪਾਰਟੀ ਦੇ ਮਾਰਗ-ਦਰਸ਼ਨ 'ਤੇ ਨਿਰਭਰ ਕਰਦੇ ਹਾਂ ਤੇ ਰਾਜਨੀਤੀ ਨੂੰ ਕਮਾਨ 'ਚ ਰੱਖਦੇ ਹੋਏ ਲੋਕ ਇਸ ਦੀ ਨਿਗਰਾਨੀ ਕਰਦੇ ਹਨ। ਵਪਾਰਕ ਮਜ਼ਦੂਰਾਂ ਦੀ ਕਿਰਤ ਸਮਾਜਕ ਤੌਰ 'ਤੇ ਜ਼ਰੂਰੀ ਕਿਰਤ ਹੈ ਤੇ ਇਸ ਤੋਂ ਬਿਨਾਂ ਪੈਦਾਵਾਰ ਉਪਭੋਗ (ਉਤਪਾਦਕ ਉਪਭੋਗ ਤੇ ਨਿੱਜੀ ਉਪਭੋਗ ਸਹਿਤ) ਦੇ ਪੜਾਅ ਤੱਕ ਨਹੀਂ ਪਹੁੰਚ ਸਕੇਗੀ।

## 54. ਸਨਅਤ ਤੇ ਖੇਤੀ ਦੀ ਨਾਲ਼ ਨਾਲ਼ ਉੱਨਤੀ

ਸਫ਼ਾ 623 ਪੈਦਾਵਾਰ ਦੇ ਸਾਧਨਾਂ 'ਚ ਵਾਧੇ ਦੇ ਨਿਯਮ ਨੂੰ ਪ੍ਰਾਥਮਿਕਤਾ ਦੇਣ 'ਤੇ ਵਿਚਾਰ ਕਰਦਾ ਹੈ।ਅਣਸੋਧੀ ਤੀਜੀ ਛਾਪ ਇੱਥੇ ਖਾਸ ਤੌਰ 'ਤੇ ਜ਼ਿਕਰ ਕਰਦੀ ਹੈ, "ਪੈਦਾਵਾਰ ਦੇ ਸਾਧਨਾਂ 'ਚ ਵਾਧੇ ਨੂੰ ਪ੍ਰਾਥਮਿਕਤਾ ਦੇਣ ਦਾ ਅਰਥ ਹੈ ਕਿ ਸਨਅਤ ਖੇਤੀ ਨਾਲ਼ੋਂ ਤੇਜ਼ ਦਰ 'ਤੇ ਵਿਕਸਤ ਹੋਵੇਗੀ।"

"ਖੇਤੀ ਦੇ ਮੁਕਾਬਲੇ ਸਨਅਤ ਦੇ ਤੇਜ਼ ਵਿਕਾਸ" ਨੂੰ ਸਹੀ ਢੰਗ ਨਾਲ਼ ਪੇਸ਼ ਕਰਨਾ ਹੋਵੇਗਾ। ਸਨਅਤ 'ਤੇ ਇੱਕ ਅਣ-ਉੱਚਿਤ ਹੱਦ ਤੱਕ ਜ਼ੋਰ ਨਹੀਂ ਦਿੱਤਾ ਜਾ ਸਕਦਾ ਨਹੀਂ ਤਾਂ ਮੁਸ਼ਕਿਲਾਂ ਦਾ ਸਾਹਮਣੇ ਆਉਣਾ ਨਿਸ਼ਚਿਤ ਹੈ। ਸਾਡੇ ਲਿਆਓਨਿੰਗ ਨੂੰ ਲਓ : ਆਪਣੀਆਂ ਕਈ ਸਨਅਤਾਂ ਸਹਿਤ ਇਸ ਸੂਬੇ ਦੀ ਇੱਕ-ਤਿਹਾਈ ਅਬਾਦੀ ਸ਼ਹਿਰੀ ਹੈ। ਅਤੀਤ 'ਚ ਉਹਨਾਂ ਨੇ ਖੇਤੀ ਦੇ ਪ੍ਰਭਾਵਸ਼ਾਲੀ ਵਿਕਾਸ 'ਤੇ ਧਿਆਨ ਦਿੱਤੇ ਬਿਨਾਂ ਉਸੇ ਸਮੇਂ ਸਨਅਤ ਨੂੰ ਹਮੇਸ਼ਾ ਮੂਹਰੇ ਰੱਖਿਆ। ਸਿੱਟਾ ਇਹ ਨਿਕਲਿਆ ਕਿ ਸੂਬੇ ਦੀ ਖੇਤੀ ਸ਼ਹਿਰੀ ਮੰਡੀਆਂ ਲਈ ਅਨਾਜ, ਮੀਟ ਤੇ ਸ਼ਬਜ਼ੀਆਂ ਦੀ ਪੂਰਤੀ ਯਕੀਨੀ ਨਹੀਂ ਬਣਾ ਸਕੀ ਤੇ ਉਹਨਾਂ ਨੂੰ ਹਮੇਸ਼ਾ ਇਹ ਚੀਜ਼ਾਂ ਦੂਜੇ ਸੂਬਿਆਂ ਤੋਂ ਮੰਗਵਾਉਣੀਆਂ ਪੈਂਦੀਆਂ ਸਨ। ਮੁੱਖ ਮੁੱਦਾ ਇਹ ਹੈ ਕਿ ਖੇਤ ਮਜ਼ਦੂਰ ਕਾਫੀ ਦਬਾਅ 'ਚ ਹੁੰਦੇ ਤੇ ਉਹਨਾਂ ਨੂੰ ਲੋੜੀਂਦੀ ਮਸ਼ੀਨਰੀ ਦੀ ਹਮੇਸ਼ਾ ਘਾਟ ਰਹਿੰਦੀ। ਇਹ ਪੈਦਾਵਾਰ ਦੇ ਵਿਕਾਸ ਨੂੰ ਸੀਮਤ ਕਰ ਦਿੰਦੀ ਹੈ ਤੇ ਵਾਧਾ ਮੁਕਾਬਲਤਨ ਹੌਲ਼ੀ ਹੁੰਦਾ ਹੈ। ਅਸੀਂ ਜਿਸ ਚੀਜ਼ ਨੂੰ ਸਮਝਣ 'ਚ ਅਸਫ਼ਲ ਰਹੇ ਉਹ ਇਹ ਸੀ ਕਿ ਇਹ ਠੀਕ ਉੱਤਰ-ਪੂਰਬ ਜਿਹੀਆਂ ਥਾਵਾਂ ਖਾਸਕਰ ਲਿਆਓਨਿੰਗ ਹੀ ਸੀ ਜਿੱਥੇ ਸਾਨੂੰ ਖੇਤੀ 'ਤੇ ਸਖ਼ਤ ਪੱਕੜ ਬਣਾ ਲੈਣੀ ਚਾਹੀਦੀ ਸੀ। ਇਸ ਲਈ ਕੋਈ ਵੀ ਸਿਰਫ਼ ਸਨਅਤ 'ਤੇ ਸਖਤ ਪਕੜ ਬਣਾਉਣ 'ਤੇ ਜ਼ੋਰ ਨਹੀਂ ਦੇ ਸਕਦਾ।

ਸਾਡੀ ਪਹੁੰਚ ਇਹ ਹੈ ਕਿ ਸਨਅਤ ਤੇ ਖੇਤੀ ਦਾ ਇਕੱਠਿਆਂ ਵਿਕਾਸ ਕਰਨਾ ਚਾਹੀਦਾ ਹੈ ਤੇ ਭਾਰੀ ਸਨਅਤ ਨੂੰ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ। ਵਾਕੰਸ਼ "ਨਾਲ਼ ਨਾਲ਼ ਉੱਨਤੀ" ਕਿਸੇ ਵੀ ਤਰ੍ਹਾਂ ਸਨਅਤ ਦੇ ਖੇਤੀ ਨਾਲ਼ੋਂ ਪ੍ਰਾਥਮਿਕ ਵਾਧੇ ਜਾਂ ਤੇਜ਼ ਵਿਕਾਸ ਦਾ ਖੰਡਨ ਨਹੀਂ ਕਰਦਾ। ਨਾਲ਼ ਹੀ "ਨਾਲ਼ ਨਾਲ ਉੱਨਤੀ" ਤਾਕਤ ਦੀ ਬਰਾਬਰ ਵਰਤੋਂ ਵੀ

ਨਹੀਂ ਹੈ। ਮਿਸਾਲ ਵਜੋਂ, ਸਾਡਾ ਅੰਦਾਜ਼ਾ ਹੈ ਕਿ ਇਸ ਸਾਲ ਅਸੀਂ 1 ਕਰੋੜ 40 ਲੱਖ ਟਨ ਸਟੀਲ ਸਮੱਗਰੀ ਦੀ ਪੈਦਾਵਾਰ ਕਰਾਂਗੇ ਜਿਸ ਵਿੱਚੋਂ 10 ਪ੍ਰਤੀਸ਼ਤ ਖੇਤੀ ਤਕਨੀਕੀ ਕਾਇਆਪਲਟੀ ਤੇ ਜਲ ਰੱਖਿਆ ਉਸਾਰੀ 'ਤੇ ਵਰਤਿਆ ਜਾਵੇਗਾ। ਬਾਕੀ 90 ਪ੍ਰਤੀਸ਼ਤ ਮੁੱਖ ਤੌਰ 'ਤੇ ਭਾਰੀ ਸਨਅਤ ਅਤੇ ਸੰਚਾਰ ਤੇ ਟਰਾਂਸਪੋਰਟ ਉਸਾਰੀ 'ਤੇ ਵਰਤਿਆ ਜਾਵੇਗਾ। ਇਸ ਵਰ੍ਹੇ ਦੀਆਂ ਹਾਲਤਾਂ ਅਧੀਨ ਇਹ ਸਨਅਤ ਤੇ ਖੇਤੀ ਦੀ ਨਾਲ਼-ਨਾਲ਼ ਉੱਨਤੀ ਹੈ। ਇਹ ਭਾਰੀ ਸਨਅਤ ਦੇ ਪ੍ਰਾਥਮਿਕ ਵਾਧੇ ਜਾਂ ਸਨਅਤ ਦੇ ਵਿਕਾਸ ਦੀ ਗਤੀ ਲਈ ਨੁਕਸਾਨਦੇਹ ਨਹੀਂ ਹੋਣਾ ਚਾਹੀਦਾ।*

ਪੋਲੈਂਡ 'ਚ ਤਿੰਨ ਕਰੋੜ ਲੋਕ ਰਹਿੰਦੇ ਹਨ ਪਰ ਉਹਨਾਂ ਕੋਲ ਸਿਰਫ਼ 450,000 ਸੂਰ ਹਨ। ਉੱਥੇ ਮੀਟ ਦੀ ਪੂਰਤੀ ਹੁਣ ਬੁਰੀ ਤਰ੍ਹਾਂ ਦਬਾਅ 'ਚ ਆ ਗਈ ਹੈ। ਅੱਜ ਵੀ ਇਹੀ ਜਾਪੇਗਾ ਕਿ ਪੋਲੈਂਡ ਨੇ ਖੇਤੀ ਵਿਕਾਸ ਨੂੰ ਆਪਣੀ ਕਾਰਜ-ਸੂਚੀ 'ਚ ਦਰਜ ਨਹੀਂ ਕੀਤਾ ਹੈ।

ਸਫ਼ਾ 624 ਕਹਿੰਦਾ ਹੈ, "ਵੱਖ-ਵੱਖ ਸਮਿਆਂ 'ਚ ਪੱਛੜੀ ਖੇਤੀ, ਹਲਕੀ ਸਨਅਤ ਤੇ ਭੋਜਨ ਸਨਅਤ ਦੇ ਵਿਕਾਸ ਨੂੰ ਗਤੀ ਦੇਣਾ ਜ਼ਰੂਰੀ ਹੁੰਦਾ ਹੈ।" ਠੀਕ ਤੇ ਵਧੀਆ ਪਰ ਖੇਤੀ ਤੇ ਹਲਕੀ ਸਨਅਤ ਦੇ ਪੱਛੜੇਪਣ ਤੋਂ ਪੈਦਾ ਹੋਏ ਅਸੰਤੁਲਨ ਤੇ ਅਵਿਵਸਥਾ ਨੂੰ ਸਿਰਫ਼ "ਅੰਸ਼ਕ ਅਸੰਤੁਲਨ ਤੇ ਅਵਿਵਸਥਾ" ਹੀ ਨਹੀਂ ਕਿਹਾ ਜਾ ਸਕਦਾ। ਇਹ ਸਮੁੱਚਤਾ ਦੇ ਪ੍ਰਸ਼ਨ ਹਨ।

ਸਫ਼ਾ 625 ਕਹਿੰਦਾ ਹੈ, "ਕਿਸੇ ਵੀ ਸਮੇਂ 'ਤੇ ਭਾਰੀ ਤੇ ਹਲਕੀ ਸਨਅਤ ਵਿੱਚ ਪੂੰਜੀ ਦੀ ਵਿਵੇਕਪੂਰਨ ਵੰਡ ਨੂੰ ਕਾਇਮ ਰੱਖਣਾ ਜ਼ਰੂਰੀ ਹੈ।" ਇਸ ਪੈਰੇ 'ਚ ਸਨਅਤ ਤੇ ਖੇਤੀ ਦੀ ਗੱਲ ਨਹੀਂ ਸਗੋਂ ਸਿਰਫ਼ ਭਾਰੀ ਤੇ ਹਲਕੀ ਸਨਅਤ ਦੀ ਗੱਲ ਕੀਤੀ ਗਈ ਹੈ।

## 55. ਸੰਗ੍ਰਹਿ ਦੇ ਮਾਪਦੰਡ

ਇਹ ਪੋਲੈਂਡ ਦੇ ਵਿੱਚ ਇੱਕ ਮੁੱਖ ਮੁੱਦਾ ਬਣ ਗਿਆ ਹੈ। ਸ਼ੁਰੂ 'ਚ ਗੋਮੁਲਕਾ ਨੇ ਭੌਤਿਕ ਹਿੱਤ 'ਤੇ ਜ਼ੋਰ ਦਿੱਤਾ ਸੀ। ਉਸ ਨੇ ਮਜ਼ਦੂਰਾਂ ਦੀਆਂ ਉਜਰਤਾਂ ਵਧਾ ਦਿੱਤੀਆਂ ਪਰ ਉਹਨਾਂ ਦੀ ਚੇਤਨਾ ਵਧਾਉਣ ਦੀ ਅਣਦੇਖੀ ਕਰ ਦਿੱਤੀ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਜ਼ਦੂਰਾਂ ਨੇ ਸਿਰਫ ਜ਼ਿਆਦਾ ਪੈਸਾ ਬਣਾਉਣ ਬਾਰੇ ਸੋਚਿਆ ਪਰ ਆਪਣੇ ਕਾਰਜਾਂ ਨੂੰ ਸਹੀ ਭਾਵਨਾ ਨਾਲ ਨਹੀਂ ਲਿਆ। ਉਜਰਤਾਂ 'ਚ ਵਾਧੇ ਨੇ ਉਤਪਾਦਕਤਾ 'ਚ ਵਾਧੇ ਨੂੰ ਪਿੱਛੇ ਛੱਡ ਦਿੱਤਾ ਤੇ ਉਜਰਤਾਂ ਪੂੰਜੀ ਨੂੰ ਖਾਣ ਲੱਗ ਪਈਆ। ਇਸ ਦਬਾਅ ਨੇ ਹੁਣ ਉਹਨਾਂ ਨੂੰ ਭੌਤਿਕ ਪ੍ਰੋਤਸਾਹਨਾਂ ਦੇ ਵਿਰੋਧ ਤੇ ਆਤਮਕ ਪ੍ਰੇਰਣਾ ਨੂੰ ਹਮਾਇਤ ਦੇਣ ਲਈ ਮਜਬੂਰ ਕਰ ਦਿੱਤਾ। ਗੋਮੁਲਕਾ ਨੇ ਇੱਥੋਂ ਤੱਕ ਕਹਿ ਦਿੱਤਾ ਹੈ, "ਪੈਸਾ ਲੋਕਾਂ ਦੇ ਦਿਮਾਗ ਨੂੰ ਖਰੀਦ ਨਹੀਂ ਸਕਦਾ।"

ਭੌਤਿਕ ਪ੍ਰੋਤਸਾਹਨਾਂ 'ਤੇ ਜ਼ਿਆਦਾ ਜ਼ੋਰ ਹਮੇਸ਼ਾ ਉਲਟ ਵੱਲ ਲੈ ਜਾਂਦਾ ਜਾਪਦਾ

---

* 1967 ਦੀ ਛਾਪ 'ਚ ਖੇਤੀ

ਹੈ। ਢੇਰ ਸਾਰੇ ਚੈੱਕ ਲਿਖਣਾਂ ਕੁਦਰਤੀ ਹੀ ਉੱਚ-ਤਨਖਾਹ ਵਾਲੀਆਂ ਸਫ਼ਾਂ ਨੂੰ ਖੁਸ਼ ਰੱਖਦਾ ਹੈ, ਪਰ ਜਦੋਂ ਮਜ਼ਦੂਰਾਂ ਤੇ ਕਿਸਾਨਾਂ ਦੀ ਵਿਆਪਕ ਗਿਣਤੀ ਇਸ ਨੂੰ ਕੈਸ਼ ਕਰਨਾ ਚਾਹੁੰਦੀ ਹੈ ਤੇ ਉਹ ਕਰ ਨਹੀਂ ਪਾਉਂਦੀ ਤਾਂ "ਆਤਮਕ" ਵੱਲ ਮੁੜਨ ਦੇ ਦਬਾਅ ਤੋਂ ਕੋਈ ਹੈਰਾਨੀ ਨਹੀਂ ਹੁੰਦੀ।

ਸਫ਼ਾ 631 'ਤੇ ਜੋ ਵਰਣਨ ਕੀਤਾ ਗਿਆ ਹੈ ਉਸ ਦੇ ਅਨੁਸਾਰ ਸੋਵੀਅਤ ਸੰਘ ਨੇ ਕੌਮੀ ਆਮਦਨ ਦੀ ਇੱਕ ਚੌਥਾਈ ਪੂੰਜੀ ਸੰਗ੍ਰਹਿ ਕਰ ਲਈ ਸੀ। ਚੀਨ 'ਚ ਅੰਕੜੇ ਇਸ ਪ੍ਰਕਾਰ ਹਨ : 1957 'ਚ 27 ਪ੍ਰਤੀਸ਼ਤ, 1958 'ਚ 36 ਪ੍ਰਤੀਸ਼ਤ, 1959 'ਚ 42 ਪ੍ਰਤੀਸ਼ਤ ਤੇ ਇਹ ਜਾਪਦਾ ਹੈ ਕਿ ਭਵਿੱਖ 'ਚ 30 ਪ੍ਰਤੀਸ਼ਤ ਤੋਂ ਉੱਪਰ ਦੇ ਅੰਕੜੇ ਨੂੰ ਲਗਾਤਾਰ ਬਰਕਰਾਰ ਰੱਖਣਾ ਸੰਭਵ ਹੋਵੇਗਾ। ਮੁੱਖ ਸਮੱਸਿਆ ਪੈਦਾਵਾਰ ਦੇ ਵਿਆਪਕ ਵਿਕਾਸ 'ਚ ਮੌਜੂਦ ਹੈ। ਲੋਕਾਂ ਦਾ ਜੀਵਨ ਪੱਧਰ ਤਾਂ ਹੀ ਸੁਧਾਰਿਆ ਜਾ ਸਕਦਾ ਹੈ ਜੇ ਪੈਦਾਵਾਰ 'ਚ ਵਾਧਾ ਹੋਵੇ ਤੇ ਸੰਗ੍ਰਹਿ ਦੇ ਪ੍ਰਤੀਸ਼ਤ ਕੁੱਝ ਹੋਰ ਉੱਪਰ ਜਾਣ।

ਕਿਫਾਇਤਾਂ ਦਾ ਅਭਿਆਸ ਅਤੇ ਸਮੱਗਰੀ ਤੇ ਦੌਲਤ ਦੀਆਂ ਵੱਡੀਆਂ ਮਾਤਰਾਵਾਂ ਦਾ ਸੰਗ੍ਰਹਿ ਸਾਡੀ ਨਿਯਮਬੱਧ ਜ਼ਿੰਮੇਵਾਰੀ ਹੈ। ਇਹ ਸੋਚਣਾ ਗਲਤ ਹੈ ਕਿ ਇਹ ਸਿਰਫ਼ ਪ੍ਰਤੀਕੂਲ ਹਾਲਤਾਂ 'ਚ ਹੀ ਕਰਨਾ ਚਾਹੀਦਾ ਹੈ। ਇਹ ਮੰਨਣਾ ਮੁਸ਼ਕਲ ਹੈ ਕਿ ਜਦੋਂ ਮੁਸ਼ਕਿਲਾਂ ਘਟ ਜਾਂਦੀਆਂ ਹਨ ਓਦੋਂ ਕਿਫਾਇਤਾਂ ਤੇ ਸੰਗ੍ਰਹਿ ਦੀ ਲੋੜ ਨਹੀਂ ਹੁੰਦੀ।

# ਭਾਗ 4 : ਪਾਠ 35 ਤੋਂ ਸਮਾਪਤੀ ਤੱਕ

## 56. ਕਮਿਊਨਿਸਟ ਰਾਜ

ਸਫ਼ਾ 639 ਕਹਿੰਦਾ ਹੈ, "ਕਮਿਊਨਿਜ਼ਮ ਦੇ ਉੱਚ ਪੜਾਵਾਂ 'ਚ ਰਾਜ ਗ਼ੈਰ-ਜ਼ਰੂਰੀ ਹੋ ਜਾਂਦਾ ਹੈ ਤੇ ਇਹ ਹੌਲ਼ੀ-ਹੌਲ਼ੀ ਲੋਪ ਹੋ ਜਾਂਦਾ ਹੈ।" ਖੈਰ, ਇਸ ਦੇ ਲਈ ਕੁੱਝ ਨਿਸ਼ਚਿਤ ਕੌਮਾਂਤਰੀ ਹਾਲਤਾਂ ਦੀ ਲੋੜ ਹੋਵੇਗੀ। ਜੇ ਕਿਸੇ ਹੋਰ ਕੋਲ ਰਾਜ ਮਸ਼ੀਨਰੀ ਹੈ ਤੇ ਤੁਹਾਡੇ ਕੋਲ ਨਹੀਂ ਤਾਂ ਇਹ ਖਤਰਨਾਕ ਹੈ। ਸਫ਼ਾ 640 ਕਹਿੰਦਾ ਹੈ ਕਿ ਕਮਿਊਨਿਜ਼ਮ ਦੇ ਸਥਾਪਤ ਹੋਣ ਤੋਂ ਬਾਅਦ ਵੀ ਜਿੰਨਾ ਚਿਰ ਸਾਮਰਾਜੀ ਦੇਸ਼ਾਂ ਦੀ ਹੋਂਦ ਰਹਿੰਦੀ ਹੈ ਓਨਾ ਚਿਰ ਰਾਜ ਲਾਜ਼ਮੀ ਬਣਿਆ ਰਹੇਗਾ। ਇਹ ਪਹੁੰਚ ਸਹੀ ਹੈ। ਇਸ ਦੇ ਠੀਕ ਬਾਅਦ ਕਿਤਾਬ ਕਹਿੰਦੀ ਹੈ, "ਪਰ ਅਜਿਹੇ ਰਾਜ ਦੀ ਪ੍ਰਕਿਰਤੀ ਤੇ ਰੂਪ ਕਮਿਊਨਿਸਟ ਢਾਂਚੇ ਦੇ ਖਾਸ ਲੱਛਣਾਂ ਤੋਂ ਤੈਅ ਹੋਵੇਗਾ।" ਇਸ ਵਾਕ ਨੂੰ ਸਮਝਣਾ ਮੁਸ਼ਕਿਲ ਹੈ। ਰਾਜ ਦੀ ਪ੍ਰਕਿਰਤੀ ਇਹ ਹੈ ਕਿ ਇਹ ਵਿਰੋਧੀ ਤਾਕਤਾਂ ਨੂੰ ਦਬਾਉਣ ਦੀ ਮਸ਼ੀਨਰੀ ਹੈ। ਜੇ ਇਸ ਕਾਰਜ ਦੀ ਅੰਦਰੂਨੀ ਲੋੜ ਨਾ ਵੀ ਹੋਵੇ ਤਾਂ ਵੀ ਬਾਹਰੀ ਵਿਰੋਧੀ ਤਾਕਤਾਂ ਦੇ ਸੰਦਰਭ 'ਚ ਰਾਜ ਦੀ ਦਮਨਕਾਰੀ ਪ੍ਰਵਿਰਤੀ ਬਦਲੇਗੀ ਨਹੀਂ। ਰਾਜ ਦੇ ਅਖੌਤੀ ਰੂਪ ਦਾ ਹਥਿਆਰਬੰਦ ਸੇਨਾਵਾਂ, ਜੇਲ੍ਹਾਂ, ਗ੍ਰਿਫ਼ਤਾਰੀਆਂ ਤੇ ਪ੍ਰਾਣਦੰਡ ਆਦਿ ਤੋਂ ਬਿਨਾਂ ਹੋਰ ਕੁੱਝ ਨਹੀਂ। ਜਦੋਂ ਤੱਕ ਸਾਮਰਾਜ ਮੌਜੂਦ ਰਹਿੰਦਾ ਹੈ ਓਦੋਂ ਤੱਕ ਕਮਿਊਨਿਜ਼ਮ ਤੱਕ ਪਹੁੰਚਣ ਤੋਂ ਬਾਅਦ ਵੀ ਰੂਪ ਵਿੱਚ ਕਿਹੜਾ ਫਰਕ ਆਵੇਗਾ ?

## 57. ਕਮਿਊਨਿਜ਼ਮ 'ਚ ਸੰਕਰਮਣ

ਸਫ਼ਾ 641 ਕਹਿੰਦਾ ਹੈ, "ਸਮਾਜਵਾਦੀ ਸਮਾਜ 'ਚ ਵਿਰੋਧੀ ਜਮਾਤਾਂ ਨਹੀਂ ਹੁੰਦੀਆਂ" ਪਰ "ਵਿਰੋਧੀ ਜਮਾਤਾਂ ਦੀ ਰਹਿੰਦ-ਖੂੰਹਦ ਹਾਲੇ ਵੀ ਮੌਜੂਦ ਹੁੰਦੀ ਹੈ।" ਸਮਾਜਵਾਦ ਤੋਂ ਕਮਿਊਨਿਜ਼ਮ 'ਚ ਸੰਕਰਮਣ ਨੂੰ ਯਥਾਰਥ ਬਣਾਉਣ ਲਈ ਸਮਾਜਕ ਇਨਕਲਾਬ ਦੀ ਲੋੜ ਨਹੀਂ ਹੈ। ਜੋ ਕਿਹਾ ਜਾ ਸਕਦਾ ਉਹ ਸਿਰਫ਼ ਇਹ ਕਿ ਅਜਿਹੇ ਸਮਾਜਕ ਇਨਕਲਾਬ ਦੀ ਲੋੜ ਨਹੀਂ ਹੁੰਦੀ ਜਿਸ ਵਿੱਚ ਇੱਕ ਜਮਾਤ ਦੂਜੀ ਜਮਾਤ ਨੂੰ ਉਲਟਾ ਦਿੰਦੀ ਹੈ ਪਰ ਅਜਿਹਾ ਸਮਾਜਕ ਇਨਕਲਾਬ ਜ਼ਰੂਰ ਹੋਵੇਗਾ ਜਿਸ ਵਿੱਚ ਨਵੇਂ ਪੈਦਾਵਾਰੀ ਸਬੰਧ ਤੇ ਸਮਾਜਕ ਸੰਸਥਾਵਾਂ ਪੁਰਾਣਿਆਂ ਦੀ ਥਾਂ ਲੈ ਲੈਣਗੇ।

ਇੱਥੇ ਕਿਤਾਬ ਇਹ ਐਲਾਨ ਕਰਨ ਤੱਕ ਜਾਂਦੀ ਹੈ, "ਇਸ ਦਾ ਨਿਸ਼ਚੇ ਹੀ ਇਹ ਅਰਥ ਨਹੀਂ ਕਿ ਕਮਿਊਨਿਜ਼ਮ ਦੇ ਰਾਹ 'ਤੇ ਵਿਕਾਸ ਦੇ ਨਾਲ਼ ਨਾਲ਼ ਅੰਦਰੂਨੀ ਵਿਰੋਧਤਾਈ ਨੂੰ ਜਿੱਤਣ ਦੀ ਸਮਾਜ ਨੂੰ ਕੋਈ ਲੋੜ ਨਹੀਂ ਹੁੰਦੀ।" ਇਹ ਐਲਾਨ ਮਹਿਜ਼ ਇਤਫਾਕੀਆ ਹੈ। ਭਾਵੇਂ ਇਹ ਕਿਤਾਬ ਕਈ ਥਾਵਾਂ 'ਤੇ ਵਿਰੋਧਤਾਈਆਂ ਨੂੰ ਪਹਿਚਾਣਦੀ ਹੈ ਪਰ ਇਹ ਅਜਿਹਾ ਇਤਫਾਕੀਆ ਹੀ ਕਰਦੀ ਹੈ। ਇੱਕ ਚੀਜ਼ ਜੋ ਇਸ ਕਿਤਾਬ 'ਚੋਂ ਗੁੰਮ ਹੈ ਉਹ ਇਹ ਮੁੱਦਿਆਂ

ਦੀ ਵਿਆਖਿਆ ਕਰਨ ਵੇਲੇ ਵਿਰੋਧਤਾਈਆਂ ਦੇ ਵਿਸ਼ਲੇਸ਼ਣ ਤੋਂ ਅੱਗੇ ਨਹੀਂ ਵਧਦੀ। ਵਿਗਿਆਨ ਦੀ ਇੱਕ ਸ਼ਾਖ ਵਜੋਂ ਰਾਜਨੀਤਕ ਅਰਥਸ਼ਾਸਤਰ ਨੂੰ ਆਪਣੇ ਵਿਸ਼ਲੇਸ਼ਣ ਦੀ ਸ਼ੁਰੂਆਤ ਵਿਰੋਧਤਾਈਆਂ ਤੋਂ ਕਰਨੀ ਚਾਹੀਦੀ ਹੈ।

ਜਦੋਂ ਕਮਿਊਨਿਸਟ ਸਮਾਜ ਸਥਾਪਤ ਹੋ ਜਾਵੇਗਾ ਤਾਂ ਕਿਰਤ ਅਨੁਸ਼ਾਸਨ ਲਾਜ਼ਮੀ ਹੀ ਹੁਣ ਨਾਲ਼ੋਂ ਵਧੇਰੇ ਸਖਤ ਹੋਵੇਗਾ ਕਿਉਂਕਿ ਸਵੈ-ਚਾਲਨ ਦਾ ਉੱਚ-ਪੱਧਰ ਲੋਕਾਂ ਦੀ ਸਟੀਕ ਕਿਰਤ ਤੇ ਅਚਾਰ-ਵਿਹਾਰ ਦੀ ਮੰਗ ਕਰਦਾ ਹੈ।

ਹੁਣ ਤੱਕ ਅਸੀਂ ਜਿਸ ਕਮਿਊਨਿਸਟ ਸਮਾਜ ਦੀ ਗੱਲ ਕਰ ਰਹੇ ਹਾਂ ਉਹ ਦੋ ਪੜਾਵਾਂ 'ਚ ਵੰਡਿਆ ਹੋਇਆ ਹੈ, ਹੇਠਲਾ ਤੇ ਉੱਪਰਲਾ। ਇਹੀ ਉਹ ਚੀਜ਼ ਹੈ ਜਿਸ ਦਾ ਮਾਰਕਸ ਤੇ ਉਸ ਦੀ ਮੰਡਲੀ ਨੇ ਉਸ ਸਮੇਂ ਦੀਆਂ ਸਮਾਜਕ ਵਿਕਾਸ ਦੀਆਂ ਹਾਲਤਾਂ ਤੋਂ ਪੂਰਵ-ਅਨੁਮਾਨ ਲਾ ਲਿਆ ਸੀ। ਉੱਚ-ਪੜਾਅ 'ਚ ਵਿਕਸਤ ਹੋ ਜਾਵੇਗਾ ਅਤੇ ਓਦੋਂ ਨਵੇਂ ਮਕਸਦ ਤੇ ਕਾਰਜ ਨਿਸ਼ਚੇ ਹੀ ਸਾਹਮਣੇ ਆਉਣਗੇ।

## 58. ਸਮੂਹਕ ਮਾਲਕੀ ਦਾ ਭਵਿੱਖੀ ਵਿਕਾਸ

ਸਫ਼ਾ 650 ਕਹਿੰਦਾ ਹੈ, "ਸਮੂਹਕ ਫਾਰਮਾਂ ਤੇ ਸਹਿਕਾਰੀ ਸੰਸਥਾਵਾਂ ਦੇ ਪੈਦਾਵਾਰੀ ਸਬੰਧਾਂ ਦੇ ਅਜਿਹੇ ਰੂਪ ਹਨ ਜੋ ਪੇਂਡੂ ਇਲਾਕਿਆਂ ਦੇ ਮੌਜੂਦਾ ਪੱਧਰ ਤੇ ਉੱਥੋਂ ਦੀਆਂ ਪੈਦਾਵਾਰੀ ਤਾਕਤਾਂ ਦੀਆਂ ਮੌਜੂਦਾਂ ਲੋੜਾਂ ਦੇ ਪੂਰੀ ਤਰ੍ਹਾਂ ਅਨੁਸਾਰੀ ਹਨ।" ਮੈਨੂੰ ਅਸਲ 'ਚ ਇਸ 'ਤੇ ਸ਼ੱਕ ਹੈ।

ਰੈੱਡ ਅਕਤੂਬਰ ਦੀ ਜਾਣ-ਪਛਾਣ ਕਰਾਉਂਦੇ ਹੋਏ ਇੱਕ ਸੋਵੀਅਤ ਲੇਖ ਕਹਿੰਦਾ ਹੈ, "ਵਿਲੀਨ ਹੋਣ ਤੋਂ ਪਹਿਲਾਂ ਕਈ ਫਾਰਮਾਂ ਦਾ ਕਈ ਸਾਰੇ ਪੱਖਾਂ ਤੋਂ ਪ੍ਰਬੰਧਨ ਕਰਨਾ ਮੁਸ਼ਕਿਲ ਸੀ। ਉਸ ਤੋਂ ਬਾਅਦ ਸਮੱਸਿਆਵਾਂ ਦਾ ਸਫਾਇਆ ਹੋ ਗਿਆ।" ਲੇਖ ਕਹਿੰਦਾ ਹੈ ਕਿ ਫਾਰਮ ਦੀ ਦਸ ਹਜ਼ਾਰ ਦੀ ਅਬਾਦੀ ਹੈ ਜਦੋਂ ਕਿ ਤਿੰਨ ਹਜ਼ਾਰ ਨਿਵਾਸੀਆਂ ਲਈ ਰਿਹਾਇਸ਼ ਉਸਾਰੀ ਦੀ ਯੋਜਨਾ ਬਣਾਈ ਗਈ ਹੈ। ਇਹ ਦਰਸਾਉਂਦਾ ਹੈ ਕਿ ਫਾਰਮ ਦਾ ਮੌਜੂਦਾ ਰੂਪ ਕਿਸੇ ਵੀ ਤਰ੍ਹਾਂ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ਼ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ ਹੈ।

ਇਹੀ ਅਨੁਛੇਦ ਕਹਿੰਦਾ ਹੈ, "ਸਾਨੂੰ ਸਹਿਕਾਰੀ ਸੰਸਥਾਵਾਂ ਤੇ ਸਮੂਹਕ ਫਾਰਮਾਂ ਦੇ ਮਾਲੀ ਢਾਂਚੇ ਨੂੰ ਹੋਰ ਮਜ਼ਬੂਤ ਤੇ ਵਧੇਰੇ ਵਿਕਸਤ ਕਰਨ ਦੀ ਹਰ ਕੋਸ਼ਿਸ਼ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ।" ਜੇ ਵਿਕਾਸ ਦੀ ਲੋੜ ਹੈ ਤਾਂ ਇੱਕ ਪ੍ਰਕਿਰਿਆ 'ਚੋਂ ਲੰਘਣਾ ਪਵੇਗਾ, ਫਿਰ "ਮਜ਼ਬੂਤ ਕਰਨ ਦੀ ਹਰ ਕੋਸ਼ਿਸ਼ ਨੂੰ ਉਤਸ਼ਾਹਤ ਕਰਨ" ਦੀ ਕੀ ਲੋੜ ਹੈ ? ਸਮਾਜਵਾਦੀ ਪੈਦਾਵਾਰ ਸਬੰਧਾਂ ਤੇ ਸਮਾਜਕ ਢਾਂਚਿਆਂ ਨੂੰ ਪੱਕੇ-ਪੈਰੀਂ ਕਰਨ ਦੇ ਪੱਖ ਤੋਂ ਗੱਲ ਤਾਂ ਕੀਤੀ ਜਾ ਸਕਦੀ ਹੈ ਪਰ ਉਹਨਾਂ ਨੂੰ ਬਰਬਾਦ ਕਰਨ ਦੇ ਨੁਕਤੇ ਤੋਂ ਨਹੀਂ। ਕਿਤਾਬ ਅੱਗੇ ਜਾਣ ਵਾਲੇ ਰਸਤੇ ਦੀ ਅਸਪੱਸ਼ਟ ਗੱਲ ਤਾਂ ਕਰਦੀ ਹੈ ਪਰ ਜਦੋਂ ਠੋਸ ਕਦਮਾਂ ਦੀ ਗੱਲ ਕਰਦੀ ਹੈ ਤਾਂ ਹਰ ਸਪੱਸ਼ਟਤਾ ਗੁਆ ਦਿੰਦੀ ਹੈ। ਕਈ ਪੱਖਾਂ ਤੋਂ (ਖਾਸਕਰ ਪੈਦਾਵਾਰ ਤੋਂ) ਸੋਵੀਅਤ

ਤਰੱਕੀ ਕਰਦੇ ਜਾ ਰਹੇ ਹਨ ਪਰ ਪੈਦਾਵਾਰੀ ਸਬੰਧਾਂ ਦੇ ਪੱਖ ਤੋਂ ਉਹ ਬੁਨਿਆਦੀ ਤੌਰ 'ਤੇ ਵਿਕਸਤ ਹੋਣ ਤੋਂ ਰੁਕ ਚੁੱਕੇ ਹਨ।

ਕਿਤਾਬ ਕਹਿੰਦੀ ਹੈ ਕਿ ਸਮੂਹਕ ਮਾਲਕੀ ਤੋਂ ਸਾਰੇ ਲੋਕਾਂ ਦੀ ਅਣਵੰਡੀ ਮਾਲਕੀ 'ਚ ਸੰਕਰਮਣ ਲਾਜ਼ਮੀ ਹੈ। ਪਰ ਸਾਡੇ ਨਜ਼ਰੀਏ ਅਨੁਸਾਰ ਪਹਿਲਾਂ ਸਮੂਹਕ ਮਾਲਕੀ ਨੂੰ ਸਾਰੇ ਲੋਕਾਂ ਦੀ ਸਮਾਜਵਾਦੀ ਮਾਲਕੀ 'ਚ ਬਦਲਣਾ ਜ਼ਰੂਰੀ ਹੈ ਭਾਵ ਇਹ ਕਿ ਖੇਤੀ ਦੇ ਪੈਦਾਵਾਰੀ ਸਾਧਨਾਂ ਨੂੰ ਪੂਰੀ ਤਰ੍ਹਾਂ ਰਾਜ ਦੀ ਮਾਲਕੀ ਅਧੀਨ ਲਿਆਉਣਾ ਤੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਅਜਿਹੇ ਮਜ਼ਦੂਰਾਂ 'ਚ ਬਦਲਣਾ ਜੋ ਉਜਰਤਾਂ ਲਈ ਇੱਕ-ਸਾਰ ਸਮਝੌਤੇ ਤਹਿਤ ਰਾਜ ਦੇ ਅਧੀਨ ਹੋਣ। ਮੌਜੂਦਾ ਸਮੇਂ 'ਚ ਪੂਰੇ ਦੇਸ਼ 'ਚ ਹਰ ਚੀਨੀ ਕਿਸਾਨ ਦੀ ਔਸਤ ਸਾਲਾਨਾ ਆਮਦਨ 85* ਯੂਆਨ ਹੈ। ਭਵਿੱਖ ਵਿੱਚ ਜਦੋਂ ਇਹ ਰਕਮ 150 ਯੂਆਨ ਤੱਕ ਪਹੁੰਚ ਗਈ ਤੇ ਜ਼ਿਆਦਤਰ ਮਜ਼ਦੂਰ ਕਮਿਊਨ ਦੁਆਰਾ ਭੁਗਤਾਨ ਹਾਸਲ ਕਰਨਗੇ ਤਾਂ ਕਮਿਊਨ ਮਾਲਕੀ ਦਾ ਬੁਨਿਆਦੀ ਤੌਰ 'ਤੇ ਕੰਮ ਕਰਨਾ ਸੰਭਵ ਹੋ ਜਾਵੇਗਾ। ਇਸ ਤਰ੍ਹਾਂ ਰਾਜਕੀ ਮਾਲਕੀ ਦਾ ਅਗਲਾ ਕਦਮ ਚੁੱਕਣਾ ਅਸਾਨ ਹੋ ਜਾਵੇਗਾ।

## 59. ਸ਼ਹਿਰਾਂ ਤੇ ਪਿੰਡਾਂ ਵਿਚਲੇ ਫਰਕ ਨੂੰ ਖਤਮ ਕਰਨਾ

ਸਫ਼ਾ 651 ਦੇ ਆਖਰੀ ਪੈਰੇ ਦੀ ਪੇਂਡੂ ਉਸਾਰੀ 'ਤੇ ਪਹੁੰਚ ਚੰਗੀ ਹੈ। ਚੂੰਕਿ ਉਹ ਸ਼ਹਿਰ ਅਤੇ ਪਿੰਡ ਵਿਚਲੇ ਫਰਕ (ਕਿਤਾਬ ਇਸ ਨੂੰ "ਬੁਨਿਆਦੀ ਫਰਕ" ਕਹਿੰਦੀ ਹੈ) ਨੂੰ ਖਤਮ ਕਰਨਾ ਚਾਹੁੰਦੇ ਹਨ ਤਾਂ ਕਿਤਾਬ ਇਸ ਗੱਲ 'ਤੇ ਜ਼ੋਰ ਕਿਉਂ ਦਿੰਦੀ ਹੈ ਕਿ ਇਸ ਦਾ ਮਤਲਬ "ਵੱਡੇ ਸ਼ਹਿਰਾਂ ਦੇ ਕਾਰਜਾਂ ਨੂੰ ਘੱਟ ਕਰਨਾ ਨਹੀਂ ਹੈ ?" ਭਵਿੱਖ 'ਚ ਬਹੁਤ ਵੱਡੇ ਸ਼ਹਿਰਾਂ ਦੀ ਲੋੜ ਨਹੀਂ ਰਹਿ ਜਾਵੇਗੀ। ਵੱਡੇ ਸ਼ਹਿਰਾਂ ਦੇ ਨਿਵਾਸੀਆਂ ਨੂੰ ਪਿੰਡਾਂ 'ਚ ਫੈਲਾ ਦੇਣਾ ਚਾਹੀਦਾ ਹੈ। ਕਈ ਛੋਟੇ ਸ਼ਹਿਰਾਂ ਦੀ ਉਸਾਰੀ ਪ੍ਰਮਾਣੂ ਯੁੱਧ ਦੇ ਮਾਮਲੇ 'ਚ ਸਾਪੇਖਕ ਤੌਰ 'ਤੇ ਫਾਇਦੇਮੰਦ ਰਹੇਗੀ।

## 60. ਵੱਖ-ਵੱਖ ਸਮਾਜਵਾਦੀ ਦੇਸ਼ਾਂ ਦੁਆਰਾ ਇੱਕ ਆਰਥਿਕ ਢਾਂਚਾ ਖੜ੍ਹਾ ਕਰਨ ਦੀ ਸਮੱਸਿਆ

ਸਫ਼ਾ 659 ਕਹਿੰਦਾ ਹੈ, "ਆਪਣੀਆਂ ਸਭ ਤੋਂ ਵੱਧ ਲਾਭਦਾਇਕ ਕੁਦਰਤੀ ਤੇ ਆਰਥਿਕ ਹਾਲਤਾਂ ਅਤੇ ਪੈਦਾਵਾਰੀ ਤਜ਼ਰਬੇ ਤੇ ਕਾਰਕੁੰਨਾਂ ਵਾਲੇ ਵਿਭਾਗਾਂ ਦੇ ਵਿਕਾਸ ਦੇ ਲਈ ਹਰੇਕ ਦੇਸ਼ ਨੂੰ ਆਪਣੀ ਮਨੁੱਖੀ ਤਾਕਤ ਤੇ ਭੌਤਿਕ ਸਰੋਤਾਂ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਵੱਖ-ਵੱਖ ਦੇਸ਼ਾਂ ਨੂੰ ਉਹਨਾਂ ਵਸਤੂਆਂ ਨੂੰ ਪੈਦਾ ਕਰਨ ਦੀ ਲੋੜ ਨਹੀਂ ਜਿਹਨਾਂ ਦੀ ਪੂਰਤੀ ਦੂਜੇ ਦੇਸ਼ ਕਰ ਸਕਦੇ ਹਨ।"

ਇਹ ਇੱਕ ਚੰਗਾ ਵਿਚਾਰ ਨਹੀਂ ਹੈ। ਅਸੀਂ ਆਪਣੇ ਸੂਬਿਆਂ ਦੇ ਸੰਦਰਭ 'ਚ ਵੀ

* 1967 ਦੀ ਛਾਪ ਵਿੱਚ 65

ਇਸ ਦੀ ਸਲਾਹ ਨਹੀਂ ਦਿੰਦੇ। ਅਸੀਂ ਹਰਫਨ-ਮੌਲਾ ਵਿਕਾਸ ਨੂੰ ਤਰਜੀਹ ਦਿੰਦੇ ਹਾਂ ਤੇ ਇਹ ਨਹੀਂ ਸੋਚਦੇ ਕਿ ਹਰੇਕ ਸੂਬੇ ਨੂੰ ਉਹਨਾਂ ਵਸਤੂਆਂ ਨੂੰ ਪੈਦਾ ਕਰਨ ਦੀ ਲੋੜ ਨਹੀਂ ਜਿਹਨਾਂ ਦੀ ਪੂਰਤੀ ਦੂਜੇ ਸੂਬੇ ਕਰ ਸਕਦੇ ਹਨ। ਅਸੀਂ ਚਾਹੁੰਦੇ ਹਾਂ ਕਿ ਵੱਖ-ਵੱਖ ਸੂਬੇ ਪੂਰੀ ਕਾਬਲੀਅਤ ਨਾਲ਼ ਪੈਦਾਵਾਰ 'ਚ ਵਿਭਿੰਨਤਾ ਲੈ ਕੇ ਆਉਣ ਬਸ਼ਰਤੇ ਇਸ ਦਾ ਸਮੁੱਚਤਾ 'ਤੇ ਮਾੜਾ ਪ੍ਰਭਾਵ ਨਾ ਪਵੇ। ਯੂਰਪ ਵੱਖ-ਵੱਖ ਦੇਸ਼ਾਂ ਦੀ ਅਜ਼ਾਦੀ ਮਾਣਦਾ ਹੈ। ਹਰੇਕ ਦੇਸ਼ ਖਾਸ ਤਰ੍ਹਾਂ ਦੀਆਂ ਸਰਗਰਮੀਆਂ ਨੂੰ ਸਮਰਪਿਤ ਹੈ ਜਿਸ ਨਾਲ਼ ਯੂਰਪੀ ਆਰਥਿਕਤਾ ਮੁਕਾਬਲਤਨ ਤੇਜ਼ੀ ਨਾਲ਼ ਵਿਕਸਤ ਹੋ ਰਹੀ ਹੈ। ਚਿਨ ਦੇ ਸਮੇਂ ਤੋਂ ਚੀਨ ਨੇ ਪ੍ਰਮੁੱਖ ਤਾਕਤ ਦੀ ਸ਼ਕਲ ਅਖਤਿਆਰ ਕਰ ਲਈ ਹੈ ਤੇ ਆਪਣੀ ਏਕਤਾ ਨੂੰ ਲੰਬੇ ਸਮੇਂ ਤੋਂ ਬਚਾਇਆ ਹੋਇਆ ਹੈ। ਇਸ ਦੌਰ ਦਾ ਇੱਕ ਦੋਸ਼ ਨੌਕਰਸ਼ਾਹੀ ਸੀ ਜਿਸ ਦੇ ਗਲ-ਘੋਟੂ ਕੰਟਰੋਲ ਹੇਠ ਸਥਾਨਕ ਖੇਤਰ ਆਜ਼ਾਦਾਨਾ ਢੰਗ ਨਾਲ਼ ਵਿਕਸਤ ਨਹੀਂ ਹੋ ਸਕੇ ਤੇ ਹਰ ਕਿਸੇ ਦੀ ਟਾਲ-ਮਟੋਲ ਕਰਕੇ ਆਰਥਿਕ ਵਿਕਾਸ ਬਹੁਤ ਧੀਮਾ ਸੀ। ਹੁਣ ਹਾਲਤਾਂ ਬਿਲਕੁੱਲ ਵੱਖਰੀਆਂ ਹਨ। ਅਸੀਂ ਏਕੇ ਦੀ ਦਿਸ਼ਾ 'ਚ ਕੰਮ ਕਰਨਾ ਚਾਹੁੰਦੇ ਹਾਂ ਜਿਸ ਦੇ ਤਹਿਤ ਸੂਬਿਆਂ ਨੂੰ ਵੀ ਅਜ਼ਾਦੀ ਦਿੱਤੀ ਜਾਵੇਗੀ। ਇਹ ਸਾਪੇਖਕ ਏਕਾ ਹੈ ਤੇ ਸਾਪੇਖਕ ਅਜ਼ਾਦੀ।

ਕੇਂਦਰੀ ਅਥਾਰਿਟੀ ਦੇ ਮਤਿਆਂ ਅਤੇ ਕੰਟਰੋਲ ਨੂੰ ਮੰਨਦੇ ਹੋਏ ਸੂਬੇ ਆਪਣੀਆਂ ਸਮੱਸਿਆਵਾਂ ਨੂੰ ਅਜ਼ਾਦਾਨਾ ਢੰਗ ਨਾਲ਼ ਹੱਲ ਕਰਨਗੇ। ਦੂਜੇ ਪਾਸੇ ਪ੍ਰਮੁੱਖ ਮੁੱਦਿਆਂ 'ਤੇ ਕੇਂਦਰ ਦੇ ਮੱਤੇ ਕੇਂਦਰ ਤੇ ਸੂਬਿਆਂ ਵਿਚਲੇ ਸਲਾਹ-ਮਸ਼ਵਰੇ ਤੋਂ ਬਾਅਦ ਸਾਰਿਆਂ ਲਈ ਸਾਂਝੇ ਬਣਾ ਦਿੱਤੇ ਜਾਂਦੇ ਹਨ। ਮਿਸਾਲ ਵਜੋਂ, ਲੂਸਾਨ ਕਾਨਫਰੰਸ ਦੇ ਮੱਤੇ ਇਸੇ ਤਰ੍ਹਾਂ ਲਏ ਗਏ ਸਨ।[25] ਇਹ ਮਤੇ ਨਾ ਸਿਰਫ਼ ਸਾਰੇ ਦੇਸ਼ ਦੀਆਂ ਲੋੜਾਂ ਦੇ ਅਨੁਕੂਲ ਸਨ ਸਗੋਂ ਵੱਖ-ਵੱਖ ਸੂਬਿਆਂ ਦੀਆਂ ਲੋੜਾਂ ਦੇ ਵੀ ਅਨੁਕੂਲ ਸਨ। ਕੌਣ ਇਸ ਪਹੁੰਚ ਨੂੰ ਕਬੂਲੇਗਾ ਕਿ ਸੱਜੇ-ਪੱਖੀ ਮੌਕਾਪ੍ਰਸਤੀ ਦਾ ਵਿਰੋਧ ਕਰਨ ਦੀ ਲੋੜ ਸਿਰਫ਼ ਕੇਂਦਰ ਨੂੰ ਹੈ ਤੇ ਸਥਾਨਕ ਇਲਾਕਿਆਂ ਨੂੰ ਨਹੀਂ? ਅਸੀਂ ਸਾਡੇ ਦੇਸ਼ ਲਈ ਏਕੀਕ੍ਰਿਤ ਯੋਜਨਾ ਦੇ ਤਹਿਤ ਸੂਬਿਆਂ ਦਾ ਕੁੱਝ ਖਾਸ ਸਰਗਰਮੀਆਂ ਦੇ ਲਈ ਪੂਰੀ ਤਰ੍ਹਾਂ ਸਮਰਪਿਤ ਹੋ ਜਾਣ ਦਾ ਸਵਾਗਤ ਕਰਦੇ ਹਾਂ। ਬਸ਼ਰਤੇ ਕੱਚੇ ਮਾਲ ਤੇ ਮੰਡੀ ਹੋਣ, ਬਸ਼ਰਤੇ ਕੱਚੇ ਮਾਲ ਦੀ ਪ੍ਰਾਪਤੀ ਤੇ ਪੈਦਾਵਾਰ ਦੀ ਵਿਕਰੀ ਸਥਾਨਕ ਪੱਧਰ 'ਤੇ ਹੋ ਸਕੇ ਤਾਂ ਜੋ ਕੁੱਝ ਵੀ ਕੀਤਾ ਜਾ ਸਕਦਾ ਹੈ ਉਸ ਨੂੰ ਹਰ ਸੰਭਵ ਹੱਦ ਤੱਕ ਕਰਨਾ ਚਾਹੀਦਾ ਹੈ। ਪਹਿਲਾਂ ਸਾਡੀ ਚਿੰਤਾ ਇਹ ਸੀ ਕਿ ਜਦੋਂ ਸੂਬਿਆਂ ਨੇ ਵੱਖ-ਵੱਖ ਸਨਅਤਾਂ ਵਿਕਸਤ ਕਰ ਲਈਆਂ ਤਾਂ ਸਨਅਤੀ ਉਤਪਾਦਾਂ (ਸ਼ੰਘਾਈ ਜਿਹੀ ਥਾਂ ਤੋਂ) ਦੀ ਸੰਭਵ ਹੈ ਕੋਈ ਮੰਗ ਨਹੀਂ ਰਹਿ ਜਾਵੇਗੀ। ਹੁਣ ਮਾਮਲਾ ਇਸ ਤਰ੍ਹਾਂ ਨਹੀਂ ਜਾਪਦਾ ਹੈ। ਸ਼ੰਘਾਈ ਪਹਿਲਾਂ ਹੀ ਉੱਚੇ, ਵੱਡੇ ਪੈਮਾਨੇ, ਸੂਖਮ ਤੇ ਹੋਰ ਚੰਗੇਰੀ ਪੈਦਾਵਾਰ ਦੇ ਵਿਕਾਸ ਦੀ ਪੇਸ਼ਕਸ਼ ਕਰ ਚੁੱਕਿਆ ਹੈ। ਉਹਨਾਂ ਕੋਲ ਹਾਲੇ ਵੀ ਕਰਨ ਲਈ ਚੀਜ਼ਾਂ ਹਨ!

ਮੈਂ ਸੋਚਦਾ ਹਾਂ ਕਿ ਕਿਤਾਬ ਇਸ ਗੱਲ ਦੀ ਹਮਾਇਤ ਕਰਨ 'ਚ ਅਸਫ਼ਲ ਕਿਉਂ ਰਹਿੰਦੀ ਹੈ ਕਿ ਹਰੇਕ ਦੇਸ਼ ਨੂੰ ਆਪਣੇ ਲਈ ਹਰ ਸੰਭਵ ਕੰਮ ਕਰਨਾ ਚਾਹੀਦਾ ਹੈ ਬਜਾਏ ਇਸ ਦੇ ਉਹ ਉਹਨਾਂ ਵਸਤੂਆਂ ਨੂੰ ਪੈਦਾ ਨਾ ਕਰਨ ਜਿਹਨਾਂ ਦੀ ਪੂਰਤੀ ਦੂਜੇ ਦੇਸ਼ ਕਰ ਸਕਦੇ

ਹੋਣ ? ਸਹੀ ਤਰੀਕਾ ਇਹ ਹੈ ਕਿ ਹਰੇਕ ਦੇਸ਼ ਨੂੰ ਆਪਣੇ ਲਈ ਉਹ ਹਰ ਸੰਭਵ ਕੰਮ ਕਰਨਾ ਚਾਹੀਦਾ ਹੈ ਜਿਸ ਨਾਲ਼ ਉਹ ਨਵੇਂ ਵਿਕਾਸ 'ਚ ਨਿਰਭਰ ਹੋ ਸਕੇ, ਵੱਧ ਤੋਂ ਵੱਧ ਸੰਭਵ ਹੱਦ ਤੱਕ ਆਜ਼ਾਦਾਨਾ ਤੌਰ 'ਤੇ ਕੰਮ ਕਰ ਸਕੇ, ਕਿਸੇ 'ਤੇ ਨਿਰਭਰ ਨਾ ਹੋ ਸਕਣ ਦਾ ਸਿਧਾਂਤ ਬਣਾ ਸਕੇ ਸਿਰਫ਼ ਓਦੋਂ ਹੀ ਕੰਮ ਨਾ ਕਰਨਾ ਜਦੋਂ ਇਹ ਅਸਲ 'ਚ ਅਤੇ ਸਹੀ-ਸਹੀ ਕੀਤਾ ਨਾ ਜਾ ਸਕਦਾ ਹੋਵੇ। ਸਭ ਤੋਂ ਵੱਧ ਕੇ, ਖੇਤੀ ਨੂੰ ਜਿੰਨਾ ਸੰਭਵ ਹੋਵੇ ਵਧੀਆ ਢੰਗ ਨਾਲ਼ ਕਰਨਾ ਚਾਹੀਦਾ ਹੈ। ਦੂਜੇ ਦੇਸ਼ਾਂ ਜਾਂ ਸੂਬਿਆਂ 'ਤੇ ਭੋਜਨ ਲਈ ਨਿਰਭਰਤਾ ਸਭ ਤੋਂ ਜ਼ਿਆਦਾ ਖਤਰਨਾਕ ਹੈ।

ਕੁੱਝ ਦੇਸ਼ ਏਨੇ ਛੋਟੇ ਹਨ ਕਿ ਉਹਨਾਂ ਬਾਰੇ ਕਿਤਾਬ ਇਹੀ ਕਹਿੰਦੀ ਹੈ, "ਸਾਰੇ ਸਨਅਤੀ ਵਿਭਾਗਾਂ ਦਾ ਵਿਕਾਸ ਕਰਨਾ ਆਰਥਿਕ ਤੌਰ 'ਤੇ ਅਸੰਗਤ ਹੋਵੇਗਾ। ਇਹ ਇੱਕ ਅਜਿਹਾ ਕਾਰਜ ਹੈ ਜਿਸ ਦੇ ਲਈ ਉਹਨਾਂ ਕੋਲ ਤਾਕਤ ਹੀ ਨਹੀਂ ਹੈ।" ਅਜਿਹੇ ਮਾਮਲੇ ਵਿੱਚ ਕਿਸੇ ਦੇਸ਼ ਨੂੰ ਨਿਸ਼ਚੇ ਹੀ ਇਹ ਜ਼ਬਰਦਸਤੀ ਨਹੀਂ ਕਰਨੀ ਚਾਹੀਦੀ। ਖੁਦ ਸਾਡੇ ਘੱਟ ਅਬਾਦੀ ਵਾਲੇ ਸੂਬਿਆਂ — ਚਿੰਗਹਾਈ ਜਾਂ ਨਿੰਗਰਸਿਆ — ਲਈ ਵੀ ਵਿਆਪਕ ਵਿਕਾਸ ਕਰਨਾ ਬਹੁਤ ਮੁਸ਼ਕਿਲ ਹੋਵੇਗਾ।

## 61. ਕੀ ਵੱਖ-ਵੱਖ ਸਮਾਜਵਾਦੀ ਦੇਸ਼ਾਂ ਦੇ ਵਿਕਾਸ ਨੂੰ ਸਾਵਾਂ ਕੀਤਾ ਜਾ ਸਕਦਾ ਹੈ ?

ਸਫ਼ਾ 660 'ਤੇ ਪੈਰਾ 3 ਕਹਿੰਦਾ ਹੈ, "ਵੱਖ-ਵੱਖ ਸਮਾਜਵਾਦੀ ਦੇਸ਼ਾਂ ਦੇ ਆਰਥਿਕ ਤੇ ਸੱਭਿਆਚਾਰਕ ਵਿਕਾਸ ਦਾ ਇੱਕ ਅਜਿਹਾ ਵਿਆਪਕ ਪੱਧਰ ਹਾਸਲ ਕਰਨਾ ਜੋ ਕ੍ਰਮਵਾਰ ਸਮਰੂਪ ਹੁੰਦਾ ਜਾਵੇ।" ਇਹਨਾਂ ਦੇਸ਼ਾਂ ਦੀ ਅਬਾਦੀ, ਸਰੋਤਾਂ ਦੇ ਅਧਾਰ ਤੇ ਇਤਿਹਾਸਕ ਹਾਲਤਾਂ ਇੱਕੋ ਜਿਹੀਆਂ ਨਹੀਂ ਹਨ। ਇਹਨਾਂ 'ਚ ਕੁੱਝ ਵਿੱਚ ਹੋਏ ਇਨਕਲਾਬ ਜ਼ਿਆਦਾ ਪਿਛੜੇ ਹੋਏ ਸਨ ਜਦੋਂ ਕਿ ਦੂਜੇ ਜ਼ਿਆਦਾ ਵਿਕਸਤ ਸਨ। ਇਹਨਾਂ ਨੂੰ ਸਾਵਾਂ ਕਿਵੇਂ ਕੀਤਾ ਜਾ ਸਕਦਾ ਹੈ ? ਜੇ ਇੱਕ ਪਿਤਾ ਦੇ ਦਰਜਨ ਬੱਚੇ ਹਨ ਜਿਹਨਾਂ ਵਿੱਚੋਂ ਕੁੱਝ ਲੰਬੇ, ਕੁੱਝ ਨਿੱਕੇ, ਕੁੱਝ ਵੱਡੇ ਤੇ ਕੁੱਝ ਛੋਟੇ, ਕੁੱਝ ਤੇਜ਼ ਤੇ ਕੁੱਝ ਸੁਸਤ ਹਨ ਤਾਂ ਉਹਨਾਂ ਨੂੰ ਸਾਵਾਂ ਕਿਵੇਂ ਕੀਤਾ ਜਾ ਸਕਦਾ ਹੈ ? ਇਹ ਬੁਖਾਰਿਨ ਦਾ ਸੰਤੁਲਨ ਦਾ ਸਿਧਾਂਤ ਹੈ। ਵੱਖ-ਵੱਖ ਸਮਾਜਵਾਦੀ ਦੇਸ਼ਾਂ ਦੇ ਆਰਥਿਕ ਵਿਕਾਸ ਸੰਤੁਲਨ 'ਚ ਨਹੀਂ ਹੁੰਦੇ ਤੇ ਨਾ ਹੀ ਇੱਕ ਦੇਸ਼ ਵਿਚਲੇ ਸੂਬੇ ਤੇ ਨਾ ਹੀ ਇੱਕ ਸੂਬੇ ਵਿਚਲੀਆਂ ਕਾਊਂਟੀਆਂ ਦੇ ਆਰਥਿਕ ਵਿਕਾਸ ਸੰਤੁਲਨ 'ਚ ਹੁੰਦੇ ਹਨ। ਕਵਾਂਗਤੁੰਗ ਸੂਬੇ 'ਚ ਜਨਤਕ ਸਿਹਤ ਨੂੰ ਲਓ। ਫੋ ਸ਼ਾਨ ਸ਼ਹਿਰ ਤੇ ਚਿਹਲੋ ਕਮਿਊਨ ਨੇ ਚੰਗਾ ਕੰਮ ਕੀਤਾ ਹੈ। ਇਸੇ ਲਈ ਫੋ ਸ਼ਾਨ ਪੂਰੇ ਸੂਬੇ ਨਾਲ਼ ਸੰਤੁਲਨ 'ਚ ਨਹੀਂ ਹੈ। ਚਿਹਲੋ ਸ਼ਾਓ ਕੁਆਨ ਦੇ ਨਾਲ਼ ਸੰਤੁਲਨ 'ਚ ਨਹੀਂ ਹੈ। ਅਸੰਤੁਲਨਾਂ ਦਾ ਵਿਰੋਧ ਕਰਨਾ ਗਲਤ ਹੈ।

## 62. ਢਾਂਚੇ ਦਾ ਸਵਾਲ ਫੈਸਾਲਕੁੰਨ ਹੁੰਦਾ ਹੈ

ਸਫ਼ਾ 668 ਕਹਿੰਦਾ ਹੈ ਕਿ ਸਮਾਜਵਾਦੀ ਕਰਜ਼ੇ ਸਾਮਰਾਜਵਾਦੀ ਕਰਜ਼ਿਆਂ ਨਾਲ਼ੋਂ ਵੱਖਰੇ ਹੁੰਦੇ ਹਨ। ਇਹ ਤੱਥਾਂ ਨਾਲ਼ ਮੇਲ ਖਾਂਦਾ ਹੈ। ਸਮਾਜਵਾਦੀ ਦੇਸ਼ ਪੂੰਜੀਵਾਦੀ ਦੇਸ਼ਾਂ ਨਾਲ਼ੋਂ ਹਮੇਸ਼ਾ ਪ੍ਰਾਥਮਿਕਤਾ ਹਾਸਲ ਕਰਦੇ ਹਨ। ਅਸੀਂ ਇਸ ਸਿਧਾਂਤ ਨੂੰ ਸਮਝਦੇ ਹਾਂ।

ਢਾਂਚੇ ਤੇ ਸੰਸਥਾ ਦਾ ਸਵਾਲ ਫੈਸਲਾਕੁੰਨ ਹੁੰਦਾ ਹੈ। ਢਾਂਚੇ ਇਸ ਗੱਲ ਦਾ ਫੈਸਲਾ ਕਰਦੇ ਹਨ ਕਿ ਕੋਈ ਦੇਸ਼ ਕਿਸ ਦਿਸ਼ਾ 'ਚ ਜਾਵੇਗਾ। ਸਮਾਜਵਾਦੀ ਢਾਂਚੇ ਇਹ ਤੈਅ ਕਰਦੇ ਹਨ ਕਿ ਸਮਾਜਵਾਦੀ ਦੇਸ਼ ਹਮੇਸ਼ਾ ਸਾਮਰਾਜਵਾਦੀ ਦੇਸ਼ਾਂ ਦੇ ਵਿਰੋਧ 'ਚ ਖੜ੍ਹਨਗੇ ਤੇ ਉਹਨਾਂ ਦੇ ਸਮਝੌਤੇ ਹਮੇਸ਼ਾ ਆਰਜ਼ੀ ਹੋਣਗੇ।

## 63. ਸੰਸਾਰ ਦੇ ਦੋ ਆਰਥਿਕ ਢਾਂਚਿਆਂ 'ਚ ਸਬੰਧ

ਸਫ਼ਾ 658 "ਦੋ ਸੰਸਾਰ ਢਾਂਚਿਆਂ ਵਿੱਚ ਮੁਕਾਬਲੇਬਾਜ਼ੀ" ਦੀ ਗੱਲ ਕਰਦਾ ਹੈ, **"ਸੋਵੀਅਤ ਸੰਘ 'ਚ ਸਮਾਜਵਾਦ ਦੀਆਂ ਆਰਥਿਕ ਸਮੱਸਿਆਵਾਂ"** ਵਿੱਚ ਸਤਾਲਿਨ ਨੇ ਦੋ ਸੰਸਾਰ ਮੰਡੀਆਂ 'ਤੇ ਆਪਣੇ ਤਰਕ ਪੇਸ਼ ਕੀਤੇ ਹਨ। ਮੌਜੂਦਾ ਕਿਤਾਬ ਦੋ ਢਾਂਚਿਆਂ ਵਿੱਚ ਸ਼ਾਂਤੀਪੂਰਨ ਮੁਕਾਬਲੇਬਾਜ਼ੀ ਤੇ ਆਰਥਿਕ ਸਬੰਧਾਂ ਦੇ "ਸ਼ਾਂਤੀਪੂਰਨ ਵਿਕਾਸ" ਦੀ ਉਸਾਰੀ 'ਤੇ ਜ਼ੋਰ ਦਿੰਦੀ ਹੈ। ਇਹ ਅਸਲ 'ਚ ਮੌਜੂਦਾ ਦੋ ਸੰਸਾਰ ਮੰਡੀਆਂ ਨੂੰ ਇੱਕ ਏਕੀਕ੍ਰਿਤ ਸੰਸਾਰ ਮੰਡੀ ਵਿਚਲੇ ਦੋ ਆਰਥਿਕ ਢਾਂਚਿਆਂ 'ਚ ਬਦਲ ਦਿੰਦੀ ਹੈ — ਸਤਾਲਿਨ ਦੇ ਨਜ਼ਰੀਏ ਤੋਂ ਇੱਕ ਕਦਮ ਪਿੱਛੇ ਵੱਲ।

ਦੋ ਆਰਥਿਕ ਢਾਂਚਿਆਂ 'ਚ ਅਸਲ ਨਾ ਸਿਰਫ਼ ਮੁਕਾਬਲੇਬਾਜ਼ੀ ਹੀ ਹੈ ਸਗੋਂ ਭਿਆਨਕ ਤੇ ਵਿਆਪਕ ਸੰਘਰਸ਼ ਵੀ ਹੈ। ਕਿਤਾਬ ਨੇ ਇਸ ਸੰਘਰਸ਼ ਤੋਂ ਦੂਰੀ ਹੀ ਰੱਖੀ ਹੈ।

## 64. ਸਤਾਲਿਨ ਦੀ ਅਲੋਚਨਾ

ਸਤਾਲਿਨ ਦੀਆਂ ਦੂਜੀਆਂ ਕਿਰਤਾਂ ਦੀ ਤਰ੍ਹਾਂ ਉਹਨਾਂ ਦੀ ਸੋਵੀਅਤ ਸੰਘ ਵਿੱਚ ਆਰਥਿਕ ਸਮੱਸਿਆਵਾਂ ਵਿੱਚ ਕਈ ਤਰੁਟੀਪੂਰਨ ਤਰਕ ਹਨ। ਪਰ ਸਫ਼ਾ 681 'ਤੇ ਨਿਰਦੇਸ਼ਤ ਦੋ ਇਲਜ਼ਾਮ ਭਰੋਸੇਯੋਗ ਨਹੀਂ ਹਨ।

ਇੱਕ ਇਲਜ਼ਾਮ ਇਹ ਹੈ ਕਿ ਸਤਾਲਿਨ ਦਾ ਮਤ ਸੀ ਕਿ "ਜਿਣਸਾਂ ਦਾ ਪਰਿਚਲਨ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੇ ਰਾਹ ਵਿੱਚ ਪਹਿਲਾਂ ਹੀ ਰੁਕਾਵਟ ਬਣ ਗਿਆ ਲੱਗਦਾ ਹੈ। ਸਨਅਤ ਤੇ ਖੇਤੀ ਵਿੱਚ ਪੈਦਾਵਾਰ ਦੇ ਸਿੱਧੇ ਵਟਾਂਦਰੇ 'ਚ ਸੰਕਰਮਣ ਦੀ ਜ਼ਰੂਰਤ ਹੌਲ਼ੀ-ਹੌਲ਼ੀ ਪੂਰੀ ਤਰ੍ਹਾਂ ਉੱਭਰ ਚੁੱਕੀ ਹੈ।"

ਆਪਣੀ ਕਿਤਾਬ 'ਚ ਸਤਾਲਿਨ ਨੇ ਕਿਹਾ ਸੀ ਕਿ ਜਦੋਂ ਦੋ ਤਰ੍ਹਾਂ ਦੇ ਮਾਲਕੀ ਢਾਂਚੇ ਹੁੰਦੇ ਹਨ ਤਾਂ ਓਦੋਂ ਜਿਣਸ ਉਤਪਾਦਨ ਹੁੰਦਾ ਹੈ। ਉਹਨਾਂ ਕਿਹਾ ਸੀ ਕਿ ਸਮੂਹਕ ਫਾਰਮਾਂ ਦੇ ਉੱਦਮਾਂ 'ਚ ਪੈਦਾਵਾਰ ਦੇ ਸਾਧਨਾਂ (ਭੂਮੀ, ਸੰਦ ਆਦਿ) ਦੇ ਰਾਜ ਦੇ ਅਧੀਨ ਹੋਣ ਦੇ ਬਾਵਜੂਦ ਉਤਪਾਦਤ ਵਸਤੂਆਂ ਪੂਰੀ ਤਰ੍ਹਾਂ ਵੱਖ-ਵੱਖ ਸਮੂਹਾਂ ਦੀ ਜਾਇਦਾਦ ਹੁੰਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਸਮੂਹਕ ਫਾਰਮਾਂ 'ਤੇ ਕਿਰਤ (ਜਿਵੇਂ ਬੀਜ਼) 'ਤੇ ਸਮੂਹਾਂ ਦੀ ਮਾਲਕੀ ਹੁੰਦੀ ਹੈ ਜਦੋਂ ਕਿ ਸਰਕਾਰ ਦੁਆਰਾ ਸਥਾਈ ਵਰਤੋਂ ਲਈ ਦਿੱਤੀ ਗਈ ਜ਼ਮੀਨ 'ਤੇ ਸਮੂਹਾਂ ਦੁਆਰਾ ਅਸਲ ਵਿੱਚ ਇਸ ਤਰ੍ਹਾਂ ਕੰਟਰੋਲ ਰੱਖਿਆ ਜਾਂਦਾ ਹੈ ਜਿਵੇਂ ਇਹ ਉਹਨਾਂ ਦੀ ਜਾਇਦਾਦ ਹੋਣ। ਅਜਿਹੀਆਂ ਹਾਲਤਾਂ 'ਚ "ਲੋੜੀਂਦੀਆਂ ਜਿਣਸਾਂ ਨੂੰ ਵਟਾਂਦਰੇ 'ਚ ਹਾਸਲ

ਕਰਨ ਦੀ ਉਮੀਦ 'ਚ ਸਮੂਹਕ ਫਾਰਮ ਆਪਣੀ ਪੈਦਾਵਾਰ ਨੂੰ ਪਰਿਚਾਲਨ 'ਚ ਸਿਰਫ਼ ਜਿਣਸ ਰੂਪ 'ਚ ਹੀ ਛੱਡਣਾ ਚਾਹੁੰਦੇ ਹਨ। ਮੌਜੂਦਾ ਸਮੇਂ 'ਚ ਸਮੂਹਕ ਫਾਰਮ ਵਟਾਂਦਰੇ ਦੁਆਰਾ ਖਰੀਦਣ ਤੇ ਵੇਚਣ ਤੋਂ ਬਿਨਾਂ ਹੋਰ ਕਿਸੇ ਵੀ ਆਰਥਿਕ ਸਬੰਧ 'ਚ ਦਾਖਲ ਨਹੀਂ ਹੋਣਗੇ।''

ਸਤਾਲਿਨ ਨੇ ਸੋਵੀਅਤ ਸੰਘ 'ਚ ਪ੍ਰਚੱਲਤ ਉਸ ਨਜ਼ਰੀਏ ਦੀ ਅਲੋਚਨਾ ਕੀਤੀ ਸੀ ਜੋ ਜਿਣਸ ਪੈਦਾਵਾਰ ਨੂੰ ਖਤਮ ਕਰਨ ਦੀ ਵਕਾਲਤ ਕਰਦਾ ਸੀ। ਉਸ ਦਾ ਮੰਨਣਾ ਸੀ ਕਿ ਤੀਹ ਸਾਲ ਪਹਿਲਾਂ ਲੈਨਿਨ ਦੁਆਰਾ ਜਿਣਸ ਪਰਿਚਲਨ ਦੇ ਵਿਕਾਸ ਲਈ ਹਰ ਕੋਸ਼ਿਸ਼ ਨੂੰ ਪ੍ਰੋਤਸਾਹਨ ਕਰਨ ਦੀ ਲੋੜ 'ਤੇ ਜ਼ੋਰ ਦੇਣ ਦੀ ਤੁਲਨਾ 'ਚ ਜਿਣਸ-ਉਤਪਾਦਨ ਦੀ ਲੋੜ ਘੱਟ ਨਹੀਂ ਹੋਈ ਹੈ।

ਕਿਤਾਬ ਕਹਿੰਦੀ ਹੈ ਕਿ ਸਤਾਲਿਨ ਜਿਣਸਾਂ ਦੇ ਫੌਰੀ ਖਾਤਮੇ ਦੀ ਵਕਾਲਤ ਕਰਦੇ ਜਾਪਦੇ ਸਨ। ਇਸ ਇਲਜ਼ਾਮ ਨੂੰ ਸਹੀ ਸਿੱਧ ਕਰਨਾ ਔਖਾ ਹੈ। ਜਿੱਥੋਂ ਤੱਕ ਜਿਣਸ ਵਟਾਂਦਰੇ ਦਾ ਸਵਾਲ ਹੈ, ਸਤਾਲਿਨ ਲਈ ਇਹ ਮਹਿਜ਼ ਇੱਕ ਅਨੁਮਾਨ ਸੀ ਕਿਉਂਕਿ ਉਹਨਾਂ ਨੇ ਇਹ ਵੀ ਕਿਹਾ ਸੀ, ''ਇਸ ਢਾਂਚੇ ਨੂੰ ਜਲਦਬਾਜ਼ੀ 'ਚ ਪ੍ਰੋਤਸਾਹਤ ਕਰਨ ਦੀ ਲੋੜ ਨਹੀਂ, ਇਹ ਸ਼ਹਿਰਾਂ ਵਿੱਚ ਪੈਦਾ ਕੀਤੀਆਂ ਵਸਤੂਆਂ ਦੇ ਸੰਗ੍ਰਹਿ ਤੋਂ ਤੈਅ ਹੋਣਾ ਚਾਹੀਦਾ ਹੈ।''

ਇੱਕ ਹੋਰ ਇਲਜ਼ਾਮ ਇਹ ਹੈ ਕਿ ਸਤਾਲਿਨ ਨੇ ਪੈਦਾਵਾਰ ਦੇ ਖੇਤਰ 'ਚ ਤੇ ਖਾਸ ਕਰ ਪੈਦਾਵਾਰ ਦੇ ਸਾਧਨਾਂ ਦੇ ਸੰਦਰਭ 'ਚ ਕਦਰ ਦੇ ਨਿਯਮ ਦੀ ਕਾਰਜਸ਼ੀਲਤਾ ਨੂੰ ਘੱਟ ਕਰਕੇ ਦੇਖਿਆ। ''ਸਮਾਜਵਾਦੀ ਪੈਦਾਵਾਰ ਦੇ ਖੇਤਰ 'ਚ ਕਦਰ ਦਾ ਨਿਯਮ ਕੋਈ ਵੀ ਨਿਯਮਨਕਾਰੀ (Regulating) ਭੂਮਿਕਾ ਨਹੀਂ ਨਿਭਾਉਂਦਾ। ਇਹ ਭੂਮਿਕਾ ਯੋਜਨਾਬੱਧ ਸਮ-ਅਨੁਪਾਤਕ ਵਿਕਾਸ ਤੇ ਰਾਜਕੀ ਯੋਜਨਾਬੱਧ ਆਰਥਿਕਤਾ ਦੇ ਨਿਯਮ ਦੁਆਰਾ ਨਿਭਾਈ ਜਾਂਦੀ ਹੈ।'' ਕਿਤਾਬ 'ਚ ਪੇਸ਼ ਕੀਤੀ ਗਈ ਇਹ ਦਲੀਲ ਅਸਲ 'ਚ ਸਤਾਲਿਨ ਦੀ ਹੀ ਦਲੀਲ ਹੈ। ਭਾਵੇਂ ਕਿ ਕਿਤਾਬ ਇਹ ਕਹਿੰਦੀ ਹੈ ਕਿ ਪੈਦਾਵਾਰ ਦੇ ਸਾਧਨ ਵੀ ਜਿਣਸ ਹੁੰਦੇ ਹਨ ਫਿਰ ਵੀ ਉਸ ਨੂੰ ਪਹਿਲਾਂ ਇਹ ਕਹਿਣਾ ਚਾਹੀਦਾ ਸੀ ਕਿ ਇਹ ਸਾਰੇ ਲੋਕਾਂ ਦੀ ਮਾਲਕੀ ਵਾਲੀ ਸ਼੍ਰੇਣੀ 'ਚ ਆਉਂਦੇ ਹਨ। ਪੈਦਾਵਾਰ ਦੇ ਸਾਧਨਾਂ ਦੀ ਖਰੀਦ-ਫਰੋਖਤ ਮਾਲਕੀ 'ਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨਹੀਂ ਲਿਆਉਂਦੀ। ਇਸ ਤੋਂ ਬਾਅਦ ਕਿਤਾਬ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਕਦਰ ਦਾ ਨਿਯਮ ਪੈਦਾਵਾਰ ਦੇ ਖੇਤਰ 'ਚ ਤੇ ਪਰਿਚਲਨ ਦੀ ਪ੍ਰਕਿਰਿਆ 'ਚ ਵੱਖੋ-ਵੱਖਰੇ ਢੰਗ ਨਾਲ਼ ਕੰਮ ਕਰਦਾ ਹੈ। ਇਹ ਸਾਰੀਆਂ ਦਲੀਲਾਂ ਸਤਾਲਿਨ ਨਾਲ ਮੇਲ ਖਾਂਦੀਆਂ ਹਨ। ਸਤਾਲਿਨ ਤੇ ਖਰੁਸ਼ਚੇਵ 'ਚ ਅਸਲ ਫਰਕ ਇਹ ਹੈ ਕਿ ਸਤਾਲਿਨ ਸਮੂਹਕ ਫਾਰਮਾਂ ਨੂੰ ਟਰੈਕਟਰਾਂ ਜਿਹੇ ਪੈਦਾਵਾਰ ਦੇ ਸਾਧਨਾਂ ਨੂੰ ਵੇਚਣ ਦੇ ਵਿਰੁੱਧ ਸਨ ਜਦੋਂ ਕਿ ਖਰੁਸ਼ੇਚਵ ਨੇ ਉਹਨਾਂ ਨੂੰ ਵੇਚ ਦਿੱਤਾ ਸੀ।

## 65. ਕਿਤਾਬ ਦਾ ਆਮ ਨਜ਼ਰੀਆ

ਇਹ ਨਾ ਸੋਚੋ ਕਿ ਕਿਤਾਬ 'ਚ ਮਾਰਕਸਵਾਦ-ਲੈਨਿਨਵਾਦ ਨਹੀਂ ਹੈ ਕਿਉਂਕਿ ਇਸ ਵਿੱਚ ਅਜਿਹੇ ਕਈ ਵਿਚਾਰ ਹਨ ਜੋ ਮਾਰਕਸਵਾਦੀ-ਲੈਨਿਨਵਾਦੀ ਹਨ। ਦੂਜੇ ਪਾਸੇ ਇਹ ਨਾ ਸੋਚੋ ਕਿ ਇਹ ਪੂਰੀ ਤਰ੍ਹਾਂ ਮਾਰਕਸਵਾਦੀ-ਲੈਨਿਨਵਾਦੀ ਹੈ ਕਿਉਂਕਿ ਇਸ 'ਚ ਅਜਿਹੇ ਕਈ ਵਿਚਾਰ ਹਨ ਜੋ ਮਾਰਕਸਵਾਦ-ਲੈਨਿਨਵਾਦ ਤੋਂ ਭਟਕ ਗਏ ਹਨ। ਫਿਰ ਵੀ ਅਸੀਂ ਇਹ ਸਿੱਟਾ ਕੱਢਣ ਲਈ ਤਿਆਰ ਨਹੀਂ ਹਾਂ ਕਿ ਇਹ ਬੁਨਿਆਦੀ ਤੌਰ 'ਤੇ ਨਾਕਰਾਤਮਕ ਹੈ।

ਕਿਤਾਬ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਇੱਕ ਸਮਾਜਵਾਦੀ ਆਰਥਿਕਤਾ ਘੱਟ ਗਿਣਤੀ ਲੋਟੂਆਂ ਦੇ ਮੁਨਾਫਿਆਂ ਦੀ ਗਿਣਤੀ ਦੀ ਨਹੀਂ ਸਗੋਂ ਇਹ ਸਮੁੱਚੇ ਲੋਕਾਂ ਦੇ ਹਿੱਤਾਂ ਦੀ ਸੇਵਾ ਕਰਦੀ ਹੈ। ਇਸ ਕਿਤਾਬ 'ਚ ਵਿਚਾਰੇ ਗਏ ਸਮਾਜਵਾਦ ਦੇ ਬੁਨਿਆਦੀ ਆਰਥਿਕ ਨਿਯਮਾਂ ਨੂੰ ਪੂਰੀ ਤਰ੍ਹਾਂ ਗਲਤ ਨਹੀਂ ਮੰਨਿਆ ਜਾ ਸਕਦਾ ਅਤੇ ਇਹੀ ਨਿਯਮ ਕਿਤਾਬ ਦਾ ਬੁਨਿਆਦੀ ਵਿਸ਼ਾ ਹੈ। ਕਿਤਾਬ 'ਚ ਯੋਜਨਾਬੰਦੀ ਸਮ-ਅਨੁਪਾਤਕਤਾ, ਵਿਕਾਸ ਦੀ ਉੱਚੀ-ਦਰ ਆਦਿ ਦੀ ਵਿਆਖਿਆ ਕੀਤੀ ਗਈ ਹੈ ਅਤੇ ਇਹਨਾਂ ਸੰਦਰਭਾਂ ਤੱਕ ਕਿਤਾਬ ਹਾਲੇ ਵੀ ਸਮਾਜਵਾਦੀ ਤੇ ਮਾਰਕਸਵਾਦੀ ਹੈ। ਪਰ ਇੱਕ ਵਾਰੀ ਜਦੋਂ ਯੋਜਨਾਬੰਦੀ ਤੇ ਸਮ-ਅਨੁਪਾਤਕਤਾ ਨੂੰ ਪ੍ਰਵਾਨ ਕਰ ਲਿਆ ਗਿਆ ਹੈ ਤਾਂ ਇਹਨਾਂ ਨੂੰ ਹਾਸਲ ਕਿਵੇਂ ਕੀਤਾ ਜਾਵੇ, ਇਹ ਇੱਕ ਵੱਖਰਾ ਮਸਲਾ ਹੈ। ਇਸ ਮਾਮਲੇ 'ਚ ਸਾਡੇ 'ਚੋਂ ਹਰ ਇੱਕ ਦੀ ਵੱਖਰੀ ਪਹੁੰਚ ਹੈ।

ਇਸ ਦੇ ਬਾਵਜੂਦ ਇਸ ਕਿਤਾਬ 'ਚ ਕੁੱਝ ਅਜਿਹੀਆਂ ਬੁਨਿਆਦੀ ਦਲੀਲਾਂ ਹਨ ਜੋ ਗਲਤ ਹਨ। "ਰਾਜਨੀਤੀ ਨੂੰ ਕਮਾਨ 'ਚ ਰੱਖਣ" ਤੇ "ਜਨਤਕ ਲੀਹ" 'ਤੇ ਜ਼ੋਰ ਨਹੀਂ ਦਿੱਤਾ ਗਿਆ ਹੈ। "ਦੋ ਲੱਤਾਂ 'ਤੇ ਚੱਲਣ" 'ਤੇ ਕੋਈ ਵਿਚਾਰ ਨਹੀਂ ਕੀਤਾ ਗਿਆ ਹੈ ਅਤੇ ਵਿਅਕਤੀਗਤ ਭੌਤਿਕ ਹਿੱਤਾਂ 'ਤੇ ਇੱਕ-ਪਾਸੜ ਜ਼ੋਰ ਦਿੱਤਾ ਗਿਆ ਹੈ। ਭੌਤਿਕ ਪ੍ਰੋਤਸਾਹਨਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਵਿਅਕਤੀਵਾਦ ਨੂੰ ਬਹੁਤ ਜ਼ਿਆਦਾ ਉਭਾਰਿਆ ਗਿਆ ਹੈ।

ਕਿਤਾਬ ਸਮਾਜਵਾਦੀ ਆਰਥਿਕਤਾ ਦੇ ਅਧਿਐਨ ਦੀ ਸ਼ੁਰੂਆਤ ਵਿਰੋਧਤਾਈਆਂ ਤੋਂ ਨਹੀਂ ਕਰਦੀ। ਅਸਲ 'ਚ ਉਹ ਨਾ ਤਾਂ ਵਿਰੋਧਤਾਈਆਂ ਦੀ ਸਰਵ-ਵਿਆਪਕਤਾ ਨੂੰ ਮੰਨਦੀ ਹੈ ਤੇ ਨਾ ਹੀ ਇਹ ਕਿ ਵਿਰੋਧਤਾਈਆਂ ਸਮਾਜਕ ਵਿਕਾਸ ਦੀਆਂ ਚਾਲਕ ਤਾਕਤਾਂ ਹਨ। ਸੱਚ ਇਹ ਹੈ ਕਿ ਖੁਦ ਉਹਨਾਂ ਦੇ ਸਮਾਜ* 'ਚ ਜਮਾਤੀ ਘੋਲ ਮੌਜੂਦ ਹੈ, ਭਾਵ ਸਮਾਜਵਾਦ ਤੇ ਪੂੰਜੀਵਾਦੀ ਰਹਿੰਦ-ਖੂੰਹਦ 'ਚ ਘੋਲ ਮੌਜੂਦ ਹੈ। ਪਰ ਉਹ ਇਸ ਨੂੰ ਮੰਨਦੇ ਨਹੀਂ ਹਨ। ਉਹਨਾਂ ਦੇ ਸਮਾਜ* ਵਿੱਚ ਤਿੰਨ ਤਰ੍ਹਾਂ ਦੀ ਮਾਲਕੀ : ਸਾਰੇ ਲੋਕਾਂ ਦੀ ਮਾਲਕੀ, ਸਮੂਹਕ ਮਾਲਕੀ ਤੇ ਨਿੱਜੀ ਮਾਲਕੀ ਮੌਜੂਦ ਹੈ। ਨਿਸ਼ਚੇ ਹੀ ਇਹ ਨਿੱਜੀ ਮਾਲਕੀ ਸਮੂਹੀਕਰਨ ਤੋਂ ਪਹਿਲਾਂ ਵਾਲੀ ਨਿੱਜੀ ਮਾਲਕੀ ਤੋਂ ਵੱਖਰੀ ਹੈ ਜਿਸ 'ਚ ਕਿਸਾਨਾਂ ਦੀ ਜੀਵਿਕਾ ਪੂਰੀ ਤਰ੍ਹਾਂ

---

* 1967 ਦੀ ਛਾਪ ਵਿੱਚ ਸਮਾਜਵਾਦੀ ਸਮਾਜ

ਨਿੱਜੀ ਮਾਲਕੀ ’ਤੇ ਅਧਾਰਤ ਸੀ। ਮੁੱਖ ਤੌਰ ’ਤੇ ਸਮੂਹਕ ਪਰ ਨਾਲ਼ ਹੀ ਨਿੱਜੀ ਮਾਲਕੀ ’ਤੇ ਵੀ ਨਿਰਭਰ ਹੋਣ ਕਰਕੇ ਉਹਨਾਂ ਦਾ ਇੱਕ ਪੈਰ ਕਿਸ਼ਤੀ ’ਚ ਹੈ ਤੇ ਦੂਜਾ ਹਾਲੇ ਵੀ ਕੰਢੇ ’ਤੇ ਹੈ। ਜੇ ਤਿੰਨ ਤਰ੍ਹਾਂ ਦੀ ਮਾਲਕੀ ਮੌਜੂਦ ਹੈ ਤਾਂ ਵਿਰੋਧਤਾਈਆਂ ਤੇ ਘੋਲ ਤਾਂ ਮੌਜੂਦ ਰਹਿਣਗੇ ਹੀ। ਪਰ ਕਿਤਾਬ ਵਿੱਚ ਇਸ ਦੀ ਚਰਚਾ ਨਹੀਂ ਹੈ। ਇਸ ’ਚ ਲੋਕ ਲਹਿਰ ਨੂੰ ਕੋਈ ਪ੍ਰੋਤਸਾਹਨ ਨਹੀਂ ਦਿੱਤਾ ਗਿਆ ਹੈ। ਸਮਾਜਵਾਦੀ ਸਮੂਹਕ ਮਾਲਕੀ ਦੇ ਸਮਾਜਵਾਦੀ ਜਨਤਕ ਮਾਲਕੀ ’ਚ ਸੰਕਰਮਣ ਤੇ ਸਾਰੇ ਸਮਾਜ ਦੇ ਸਾਰੇ ਲੋਕਾਂ ਦੀ ਅਵੰਡ ਮਾਲਕੀ ’ਚ ਤਬਦੀਲੀ ਨੂੰ ਕਮਿਊਨਿਜ਼ਮ ਵੱਲ ਸੰਕਰਮਣ ਦੀ ਪੂਰਵ-ਸ਼ਰਤ ਨਹੀਂ ਮੰਨਿਆ ਗਿਆ ਹੈ। ਮਾਲਕੀ ਦਾ ਇੱਕ ਢਾਂਚਾ ਦੂਜੇ ’ਚ ਬਦਲ ਜਾਂਦਾ ਹੈ, ਇੱਕ ਕਿਸਮ ਦੇ ਪੈਦਾਵਾਰੀ ਸਬੰਧ ਦੂਜੇ ’ਚ ਬਦਲ ਜਾਂਦੇ ਹਨ ਵਰਗੀ ਧਾਰਨਾ ਦੀ ਥਾਂ ’ਤੇ ਕਿਤਾਬ ‘ਸੁਲਹ-ਸਫ਼ਾਈ’ ਤੇ ‘ਮੇਲ-ਮਿਲਾਪ’ ਜਿਹੇ ਅਸਪੱਸ਼ਟ ਸ਼ਬਦਾਂ ਦੀ ਵਰਤੋਂ ਕਰਦੀ ਹੈ। ਇਹਨਾਂ ਸੰਦਰਭਾਂ ’ਚ ਕਿਤਾਬ ’ਚ ਗੰਭੀਰ ਗਲਤੀਆਂ ਤੇ ਗੰਭੀਰ ਤਰੁਟੀਆਂ ਮੌਜੂਦ ਹਨ ਤੇ ਇਹ ਅੰਸ਼ਕ ਤੌਰ ’ਤੇ ਮਾਰਕਸਵਾਦ-ਲੈਨਿਨਵਾਦ ਤੋਂ ਭਟਕ ਗਈ ਹੈ।

ਕਿਤਾਬ ਬਹੁਤ ਭੱਦੇ ਢੰਗ ਨਾਲ਼ ਲਿਖੀ ਗਈ ਹੈ ਤੇ ਇਸ ਨੂੰ ਪੜ੍ਹਨਾ ਨਾ ਤਾਂ ਰੌਚਕ ਹੈ ਤੇ ਨਾ ਹੀ ਪ੍ਰੇਰਨਾਮਈ। ਇਹ ਪੈਦਾਵਾਰੀ ਤਾਕਤਾਂ ਤੇ ਪੈਦਾਵਾਰੀ ਸਬੰਧਾਂ ਵਿਚਲੀਆਂ ਵਿਰੋਧਤਾਈਆਂ ਜਾਂ ਆਰਥਿਕ ਅਧਾਰ ਤੇ ਉੱਚ-ਉਸਾਰ ਵਿਚਲੀਆਂ ਵਿਰੋਧਤਾਈਆਂ ਦੀ ਠੋਸ ਪੜਤਾਲ ਤੋਂ ਨਹੀਂ ਤੁਰਦੀ। ਸਵਾਲ ਚੁੱਕਣ ਦੇ ਮਾਮਲੇ ’ਚ ਇਹ ਹਮੇਸ਼ਾ ਆਮ ਧਾਰਨਾਵਾਂ ਜਾਂ ਪਰਿਭਾਸ਼ਾਵਾਂ ਤੋਂ ਅੱਗੇ ਵਧਦੀ ਹੈ। ਇਹ ਤਰਕ ਅਧਾਰਤ ਵਿਆਖਿਆਵਾਂ ਬਣਾਏ ਬਿਨਾਂ ਪਰਿਭਾਸ਼ਾਵਾਂ ਦਿੰਦੀ ਹੈ। ਅਸਲ ’ਚ, ਪਰਿਭਾਸ਼ਾ ਕਿਸੇ ਜਾਂਚ-ਪੜਤਾਲ ਦਾ ਨਤੀਜਾ ਹੋਣੀ ਚਾਹੀਦੀ ਹੈ ਨਾ ਕਿ ਉਸ ਦਾ ਸ਼ੁਰੂਆਤੀ ਬਿੰਦੂ। ਬਿਨਾਂ ਕਿਸੇ ਅਧਾਰ ਦੇ ਕਿਤਾਬ ਨਿਯਮਾਂ ਦੀ ਲੜੀ ਪੇਸ਼ ਕਰਦੀ ਹੈ, ਅਜਿਹੇ ਨਿਯਮ ਜੋ ਠੋਸ ਇਤਿਹਾਸਕ ਵਿਕਾਸ ਦੇ ਵਿਸ਼ਲੇਸ਼ਣ ਦੁਆਰਾ ਲੱਭੇ ਜਾਂ ਤਸਦੀਕ ਨਹੀਂ ਕੀਤੇ ਗਏ। ਨਿਯਮ ਸਵੈ-ਸਪੱਸ਼ਟ ਨਹੀਂ ਹੁੰਦੇ। ਜੇ ਠੋਸ ਪ੍ਰਕਿਰਿਆਵਾਂ, ਠੋਸ ਇਤਿਹਾਸਕ ਵਿਕਾਸ ’ਤੇ ਕੰਮ ਨਾ ਕੀਤਾ ਜਾਵੇ ਤਾਂ ਨਿਯਮਾਂ ਦੀ ਸਪੱਸ਼ਟ ਵਿਆਖਿਆ ਨਹੀਂ ਹੋ ਸਕੇਗੀ।

ਕਿਤਾਬ ਆਪਣੇ ਵਿਸ਼ੇ ’ਤੇ ਸਮੁੱਚਾ ਕੰਟਰੋਲ ਰੱਖਦੇ ਹੋਏ ਸਮੱਸਿਆਵਾਂ ਨਾਲ਼ ਵਿਦਵਤਾਪੂਰਨ ਢੰਗ ਨਾਲ਼ ਪੇਸ਼ ਨਹੀਂ ਆਉਂਦੀ। ਮੁੱਦੇ ਸਪੱਸ਼ਟਤਾ ਨਾਲ ਨਹੀਂ ਉੱਭਰਦੇ। ਰਚਨਾ ਪ੍ਰਭਾਵੀ ਨਹੀਂ ਸਗੋਂ ਨੀਰਸ ਤੇ ਤਰਕਹੀਣ ਹੈ, ਇੱਥੋਂ ਤੱਕ ਕਿ ਰਸਮੀ ਤਰਕ ਦੀ ਵੀ ਘਾਟ ਹੈ। ਅਜਿਹਾ ਲੱਗਦਾ ਹੈ ਕਿ ਇਸ ਨੂੰ ਵੱਖ-ਵੱਖ ਲੇਖਕਾਂ ਨੇ ਲਿਖਿਆ ਹੈ। ਇਹ ਇੱਕ ਅਜਿਹੀ ਕਿਰਤ ਵੰਡ ਹੈ ਜਿਸ ’ਚ ਏਕਾ ਨਹੀਂ ਹੈ। ਇਸ ’ਚ ਇੱਕ ਕਿਤਾਬ ਵਿਚਲੇ ਵਿਵਸਥਿਤ ਕ੍ਰਮ ਦੀ ਕਮੀ ਹੈ। ਇਸ ਤੋਂ ਵੀ ਅੱਗੇ, ਇਸ ਨੇ ਪਰਿਭਾਸ਼ਾਵਾਂ ਤੋਂ ਚੱਲਣ ਦਾ ਢੰਗ ਵਰਤਿਆ ਹੈ ਤੇ ਇਹ ਇੱਕ ਅਰਥਸ਼ਾਸਤਰ ਦੇ ਸ਼ਬਦਕੋਸ਼ ਵਰਗੀ ਲੱਗਦੀ ਹੈ। ਇਸ ਦੇ ਲੇਖਕ ਉਦਾਸ ਹਨ ਜੋ ਇੱਕ-ਦੂਜੇ ਨੂੰ ਕਈ ਥਾਵਾਂ ’ਤੇ ਕੱਟਦੇ ਹਨ। ਪਿਛਲੇ ਪਾਠ ਪਹਿਲਿਆ ਦੇ ਵਿਰੁੱਧ ਲੱਗਦੇ ਹਨ। ਕਿਰਤ ਦੀ ਸਹਿਕਾਰੀ ਵੰਡ ਤੇ ਸਮੂਹਕ ਲੇਖਣ ਦਾ ਇੱਕ ਤਰੀਕਾ ਹੈ। ਪਰ ਸਭ

ਤੋਂ ਵਧੀਆ ਤਰੀਕਾ ਇਹ ਹੈ ਕਿ ਇੱਕ ਅਗਵਾਨੂੰ ਲੇਖਕ ਹੋਵੇ ਜੋ ਕਈ ਸਹਾਇਕ ਲੇਖਕਾਂ ਨਾਲ਼ ਮਿਲ ਕੇ ਲਿਖੇ। ਮਾਰਕਸ ਤੇ ਉਹਨਾਂ ਦੀ ਮੰਡਲੀ ਇਸੇ ਤਰ੍ਹਾਂ ਲਿਖਦੀ ਸੀ ਤੇ ਉਹਨਾਂ ਦੀਆਂ ਕਿਰਤਾਂ ਅਟੁੱਟ ਤੇ ਸਖਤੀ ਨਾਲ਼ ਵਿਵਸਥਿਤ ਤੇ ਵਿਗਿਆਨਕ ਸਨ।

ਲਿਖਣ ਵੇਲੇ ਕੋਈ ਵੀ ਰਚਨਾ ਤਾਂ ਹੀ ਉਤੇਜਕ ਹੋਵੇਗੀ ਜੇ ਉਸ ਵਿੱਚ ਅਲੋਚਨਾ ਦਾ ਮਕਸਦ ਹੋਵੇ। ਭਾਵੇਂ ਕਿ ਇਸ ਕਿਤਾਬ 'ਚ ਕੁੱਝ ਸਹੀ ਗੱਲਾਂ ਵੀ ਹਨ ਪਰ ਇਸ 'ਚ ਗਲਤ ਮੰਨੇ ਗਏ ਵਿਚਾਰਾਂ ਦੀ ਅਲੋਚਨਾ ਨਹੀਂ ਕੀਤੀ ਗਈ ਹੈ। ਇਹ ਇਸ ਦੇ ਅਧਿਐਨ ਨੂੰ ਉਕਤਾਊ ਬਣਾ ਦਿੰਦੀ ਹੈ।

ਕਈ ਥਾਵਾਂ 'ਤੇ ਇੰਝ ਲੱਗਦਾ ਹੈ ਜਿਵੇਂ ਕੋਈ ਇਨਕਲਾਬੀ ਨਹੀਂ ਸਗੋਂ ਕੋਈ ਵਿਦਵਾਨ ਬੋਲ ਰਿਹਾ ਹੈ। ਉਹ ਅਰਥਸ਼ਾਸਤਰੀ ਸੱਚਾ ਮਾਹਿਰ ਨਹੀਂ ਹੁੰਦਾ ਜੋ ਆਰਥਿਕ ਵਿਵਹਾਰ ਨੂੰ ਨਹੀਂ ਸਮਝਦਾ। ਕਿਤਾਬ ਕੁੱਝ ਇਸ ਤਰ੍ਹਾਂ ਦੀ ਸਥਿਤੀ ਪ੍ਰਤੀਬਿੰਬਤ ਕਰਦੀ ਜਾਪਦੀ ਹੈ; ਕੁੱਝ ਲੋਕ ਅਜਿਹੇ ਹੁੰਦੇ ਹਨ ਜੋ ਵਿਵਹਾਰਕ ਕੰਮ 'ਚ ਲੱਗੇ ਹੁੰਦੇ ਹਨ ਪਰ ਉਹਨਾਂ 'ਚ ਵਿਆਪੀਕਰਨ ਦੀ ਕਾਬਲੀਅਤ ਨਹੀਂ ਹੁੰਦੀ ਕਿਉਂਕਿ ਉਹਨਾਂ 'ਚ ਧਾਰਨਾਂ ਤੇ ਨਿਯਮਾਂ ਦੀ ਕਮੀ ਹੁੰਦੀ ਹੈ; ਦੂਜੇ ਪਾਸੇ ਉਹ ਲੋਕ ਜੋ ਸਿਧਾਂਤਕ ਕੰਮ ਕਰਦੇ ਹਨ ਪਰ ਜਿਹਨਾਂ ਕੋਲ ਵਿਵਹਾਰਕ ਤਜ਼ਰਬਾ ਨਹੀਂ ਹੁੰਦਾ। ਇਹਨਾਂ ਦੋਵਾਂ ਕਿਸਮਾਂ ਦਾ ਏਕੀਕਰਨ ਨਹੀਂ ਕੀਤਾ ਗਿਆ ਹੈ ਭਾਵ ਇਹ ਕਿ ਸਿਧਾਂਤ ਤੇ ਵਿਵਹਾਰ ਦਾ ਏਕੀਕਰਨ ਨਹੀਂ ਕੀਤਾ ਗਿਆ ਹੈ।

ਕਿਤਾਬ ਦਿਖਾਉਂਦੀ ਹੈ ਕਿ ਇਸ ਦੇ ਲੇਖਕਾਂ ਕੋਲ ਦਵੰਦਵਾਦੀ ਪੱਧਤੀ ਨਹੀਂ ਹੈ। ਅਰਥਸ਼ਾਸਤਰ 'ਤੇ ਕਿਤਾਬ ਲਿਖਣ ਲਈ ਦਾਰਸ਼ਨਿਕ ਢੰਗ ਨਾਲ਼ ਸੋਚਣਾ ਜ਼ਰੂਰੀ ਹੈ। ਦਾਰਸ਼ਨਿਕਾਂ ਨੂੰ ਲਿਖਣ ਦੇ ਕੰਮ 'ਚ ਹਿੱਸਾ ਲੈਣਾ ਚਾਹੀਦਾ ਹੈ ਨਹੀਂ ਤਾਂ ਇੱਕ ਸੰਤੋਸ਼ਜਨਕ ਕਿਤਾਬ ਦੀ ਰਚਨਾ ਕਰਨਾ ਸੰਭਵ ਨਹੀਂ ਹੋਵੇਗਾ।

ਇਸ ਕਿਤਾਬ ਦੀ ਪਹਿਲੀ ਛਾਪ 1955 ਦੇ ਸ਼ੁਰੂ 'ਚ ਸਾਹਮਣੇ ਆਈ, ਪਰ ਇਸ ਦੀ ਬੁਨਿਆਦੀ ਰੂਪ-ਰੇਖਾ ਪਹਿਲਾਂ ਹੀ ਤਿਆਰ ਕਰ ਗਈ ਲੱਗਦੀ ਜਾਪਦੀ ਹੈ ਅਤੇ ਅਜਿਹਾ ਲੱਗਦਾ ਹੈ ਕਿ ਉਸ ਸਮੇਂ ਸਤਾਲਿਨ ਨੇ ਜੋ ਮਾਡਲ ਤਿਆਰ ਕੀਤਾ ਸੀ ਉਹ ਬਹੁਤਾ ਪ੍ਰਬੋਧਕ ਨਹੀਂ ਸੀ।

ਸੋਵੀਅਤ ਸੰਘ 'ਚ ਇਸ ਸਮੇਂ ਕੁੱਝ ਲੋਕ ਅਜਿਹੇ ਹਨ ਜੋ ਕਿਤਾਬ ਤਿਆਰ ਕੀਤੇ ਜਾਣ ਦੇ ਢੰਗ ਨਾਲ਼ ਸਹਿਮਤ ਨਹੀਂ ਹਨ। ਜੀ. ਕੋਜ਼ਲੋਵ ਨੇ "ਸਮਾਜਵਾਦੀ ਰਾਜਨੀਤਕ ਅਰਥਸ਼ਾਸਤਰ ਦੇ ਵਿਗਿਆਨਕ ਅਧਿਐਨ ਦੀ ਇੱਕ ਦਿਸ਼ਾ" ਸਿਰਲੇਖ ਵਾਲਾ ਇੱਕ ਲੇਖ ਲਿਖਿਆ ਸੀ ਜਿਸ 'ਚ ਇਸ ਕਿਤਾਬ ਦੀ ਅਲੋਚਨਾ ਕੀਤੀ ਸੀ। ਉਸ ਦੇ ਵਿਚਾਰ ਮਾਮਲੇ ਦੀ ਜੜ੍ਹ ਤੱਕ ਜਾਂਦੇ ਹਨ। ਉਸ ਨੇ ਕਿਤਾਬ ਵਿਚਲੀਆਂ ਪੱਧਤੀ ਸਬੰਧੀ ਤਰੁਟੀਆਂ ਦੀ ਨਿਸ਼ਾਨਦੇਹੀ ਕੀਤੀ ਅਤੇ ਸਮਾਜਵਾਦੀ ਪੈਦਾਵਾਰੀ ਪ੍ਰਕਿਰਿਆ ਦੇ ਵਿਸ਼ਲੇਸ਼ਣ ਤੋਂ ਨਿਕਲੇ ਨਿਯਮਾਂ ਦੀ ਵਿਆਖਿਆ ਦੀ ਮੰਗ ਕੀਤੀ। ਉਸ ਨੇ ਇਸ ਦੀ ਸੰਰਚਨਾ ਦੇ ਸਬੰਧ 'ਚ ਸੁਝਾਅ ਵੀ ਦਿੱਤੇ।

ਕੋਜ਼ਲੋਵ ਤੇ ਹੋਰਾਂ ਦੀਆਂ ਅਲੋਚਨਾਵਾਂ ਦੇ ਮੱਦੇਨਜ਼ਰ ਸੋਵੀਅਤ ਸੰਘ 'ਚ ਵਿਰੋਧੀ

ਨਜ਼ਰੀਏ ਤੋਂ ਇੱਕ ਹੋਰ ਪਾਠ ਪੁਸਤਕ ਦੀ ਰਚਨਾ ਦੀ ਸੰਭਾਵਨਾ ਹੈ। ਵਿਰੋਧ ਹਮੇਸ਼ਾ ਉਪਯੋਗੀ ਹੁੰਦਾ ਹੈ।

ਇਸ ਕਿਤਾਬ ਨੂੰ ਇੱਕ ਵਾਰੀ ਪੜ੍ਹ ਲੈਣ ਨਾਲ਼ ਇਸ ਦੀ ਪੱਧਤੀ ਤੇ ਨਜ਼ਰੀਏ ਬਾਰੇ ਪਤਾ ਲੱਗ ਜਾਂਦਾ ਹੈ। ਪਰ ਇਸ ਦੀ ਹਾਲੇ ਤੱਕ ਪੂਰਨ ਪੜਤਾਲ ਨਹੀਂ ਕੀਤੀ ਗਈ ਹੈ। ਭਵਿੱਖ 'ਚ ਸਭ ਤੋਂ ਬਿਹਤਰ ਇਹੀ ਹੋਵੇਗਾ ਕਿ ਮੁੱਦਿਆਂ ਤੇ ਦਲੀਲਾਂ ਨੂੰ ਕੇਂਦਰ ਵਜੋਂ ਲਿਆ ਜਾਵੇ, ਕੁੱਝ ਚੌਕਸ ਪੜਤਾਲ ਕੀਤੀ ਜਾਵੇ, ਕੁੱਝ ਸਮੱਗਰੀ ਨੂੰ ਇਕੱਠਾ ਕੀਤਾ ਜਾਵੇ ਅਤੇ ਉਹਨਾਂ ਉਪਲਬਧ ਲੇਖਾਂ, ਕਿਤਾਬਾਂ, ਰਿਪੋਰਟਾਂ ਆਦਿ ਦੀ ਪੜਤਾਲ ਕੀਤੀ ਜਾਵੇ ਜਿਹਨਾਂ ਦੇ ਵਿਚਾਰ ਕਿਤਾਬ ਵਿਚਲੇ ਵਿਚਾਰਾਂ ਨਾਲ਼ੋਂ ਵੱਖਰੇ ਹਨ। ਵਿਵਾਦਪੂਰਨ ਮੁੱਦਿਆਂ 'ਤੇ ਵੱਖੋ-ਵੱਖਰੇ ਵਿਚਾਰਾਂ ਬਾਰੇ ਜਾਣਨਾ ਜ਼ਰੂਰੀ ਹੈ। ਮੁੱਦਿਆਂ ਦੀ ਸਪੱਸ਼ਟਤਾ ਲਈ ਘੱਟੋ-ਘੱਟ ਦੋ ਪੱਖਾਂ ਨੂੰ ਸਮਝਣਾ ਜ਼ਰੂਰੀ ਹੈ।

ਸਾਨੂੰ ਗਲਤ ਵਿਚਾਰਾਂ ਦੀ ਅਲੋਚਨਾ ਤੇ ਵਿਰੋਧ ਕਰਨਾ ਚਾਹੀਦਾ ਹੈ ਪਰ ਸਾਨੂੰ ਸਾਰੀਆਂ ਸਹੀ ਚੀਜ਼ਾਂ ਦੀ ਹਿਫਾਜ਼ਤ ਵੀ ਕਰਨੀ ਚਾਹੀਦੀ ਹੈ। ਹਿੰਮਤ ਤੇ ਚੌਕਸੀ ਦੋਵੇਂ ਚੀਜ਼ਾਂ ਦੀ ਲੋੜ ਹੈ।

ਕੁੱਝ ਵੀ ਹੋਵੇ, ਸਮਾਜਵਾਦੀ ਰਾਜਨੀਤਕ ਅਰਥਸ਼ਾਸਤਰ 'ਤੇ ਕਿਤਾਬ ਲਿਖ ਕੇ ਉਹਨਾਂ ਨੇ ਕੁੱਲ ਮਿਲਾ ਕੇ ਇੱਕ ਵੱਡੇ ਕੰਮ ਨੂੰ ਅੰਜਾਮ ਦਿੱਤਾ ਹੈ। ਬਾਵਜੂਦ ਇਸ ਦੇ ਕਿ ਇਸ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਮੌਜੂਦ ਹਨ, ਇਹ ਕਿਤਾਬ ਬਹਿਸ ਲਈ ਘੱਟੋ-ਘੱਟ ਸਮੱਗਰੀ ਤਾਂ ਉਪਲੱਬਧ ਕਰਾਉਂਦੀ ਹੈ ਤੇ ਇਸ ਤਰ੍ਹਾਂ ਹੋਰ ਵਧੇਰੇ ਅਧਿਐਨ ਵੱਲ ਵਧਾਉਂਦੀ ਹੈ।

## 66. ਰਾਜਨੀਤਕ ਅਰਥਸ਼ਾਸਤਰ 'ਤੇ ਕਿਤਾਬ ਕਿਵੇਂ ਲਿਖੀ ਜਾਵੇ ?

ਸਿਧਾਂਤਕ ਤੌਰ 'ਤੇ ਕਿਤਾਬ ਦੀ ਸ਼ੁਰੂਆਤ ਮਾਲਕੀ ਢਾਂਚੇ ਤੋਂ ਕਰਨਾ ਠੀਕ ਕਰਨਾ ਲੱਗਦਾ ਹੈ। ਪਰ ਇਸ ਤੋਂ ਇੱਕ ਹੋਰ ਵੀ ਬਿਹਤਰ ਤਰੀਕਾ ਹੈ। ਪੂੰਜੀਵਾਦੀ ਅਰਥਸ਼ਾਸਤਰ 'ਤੇ ਖੋਜ ਕਰਦੇ ਸਮੇਂ ਮਾਰਕਸ ਨੇ ਵੀ ਮੁੱਖ ਤੌਰ 'ਤੇ ਪੂੰਜੀਵਾਦ ਦੇ ਅਧੀਨ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦਾ ਅਧਿਐਨ ਕੀਤਾ। ਉਹਨਾਂ ਨੇ ਇਸ ਗੱਲ ਦਾ ਅਧਿਐਨ ਕੀਤਾ ਕਿ ਕਿਵੇਂ ਪੈਦਾਵਾਰ ਦੇ ਸਾਧਨਾਂ ਦੀ ਵੰਡ ਜਿਣਸਾਂ ਦੀ ਵੰਡ ਨੂੰ ਤੈਅ ਕਰਦੀ ਹੈ। ਪੂੰਜੀਵਾਦੀ ਸਮਾਜ ਵਿੱਚ ਕਿਰਤ ਦੇ ਸਮਾਜਕ ਖਾਸੇ ਤੇ ਮਾਲਕੀ ਦੇ ਨਿੱਜੀ ਖਾਸੇ ਵਿੱਚ ਬੁਨਿਆਦੀ ਵਿਰੋਧਤਾਈ ਹੈ। ਮਾਰਕਸ ਨੇ ਜਿਣਸ ਨਾਲ਼ ਸ਼ੁਰੂਆਤ ਕੀਤੀ ਅਤੇ ਜਿਣਸਾਂ ਦੇ ਪਿੱਛੇ ਲੁਕੇ ਲੋਕਾਂ ਵਿਚਲੇ ਸਬੰਧਾਂ (ਚੀਜ਼ਾਂ ਵਿਚਲੇ ਸਬੰਧਾਂ) ਨੂੰ ਸਾਹਮਣੇ ਲਿਆਂਦਾ। ਸਮਾਜਵਾਦੀ ਸਮਾਜਾਂ ਦੇ ਵਿੱਚ ਵੀ ਜਿਣਸਾਂ ਦਾ ਦੋਹਰਾ ਖਾਸਾ ਮੌਜੂਦ ਹੁੰਦਾ ਹੈ, ਤਾਂ ਵੀ, ਪੈਦਾਵਾਰ ਦੇ ਸਾਧਨਾਂ ਦੀ ਸਰਵਜਨਕ ਮਾਲਕੀ ਦੀ ਸਥਾਪਤੀ ਦੇ ਕਾਰਨ ਤੇ ਇਸ ਤੱਥ ਦੇ ਕਾਰਨ ਕਿ ਕਿਰਤ ਸ਼ਕਤੀ ਵੀ ਜਿਣਸ ਨਹੀਂ ਰਹਿ ਜਾਂਦੀ ਸਮਾਜਵਾਦ ਅੰਦਰ ਮਾਲਾਂ ਦਾ ਦੋਹਰਾ ਖਾਸਾ ਉਹ ਨਹੀਂ ਰਹਿ ਜਾਂਦਾ ਜੋ ਪੂੰਜੀਵਾਦ ਅਧੀਨ ਹੁੰਦਾ ਹੈ। ਲੋਕਾਂ ਵਿਚਲੇ ਸਬੰਧ ਹੁਣ ਬਿਲਕੁੱਲ ਵੀ ਚੀਜ਼ਾਂ ਪਿੱਛੇ ਲੁਕੇ

ਸਬੰਧ ਨਹੀਂ ਹੁੰਦੇ। ਜੇ ਜੇ ਮਾਰਕਸ ਦੀ ਪੱਧਤੀ ਦੀ ਨਕਲ ਕਰਦੇ ਹੋਏ ਸਮਾਜਵਾਦੀ ਅਰਥਸ਼ਾਸਤਰ ਦੇ ਅਧਿਐਨ ਦੀ ਸ਼ੁਰੂਆਤ ਜਿਣਸਾਂ ਦੇ ਦੋਹਰੇ ਖਾਸੇ ਤੋਂ ਕੀਤੀ ਜਾਵੇ ਤਾਂ ਇਸ ਦਾ ਅਸਰ ਠੀਕ ਉਲਟਾ ਹੋਵੇਗਾ : ਮੁੱਦੇ ਉਲਝ ਜਾਣਗੇ ਜਿਸ ਨਾਲ ਲੋਕਾਂ ਨੂੰ ਚੀਜ਼ਾਂ ਸਮਝਣ 'ਚ ਮੁਸ਼ਕਿਲ ਆਵੇਗੀ।

ਰਾਜਨੀਤਕ ਅਰਥਸ਼ਾਸਤਰ ਦਾ ਮਕਸਦ ਪੈਦਾਵਾਰੀ ਸਬੰਧਾਂ ਦਾ ਅਧਿਐਨ ਕਰਨਾ ਹੈ। ਜਿਵੇਂ ਸਤਾਲਿਨ ਨੇ ਦੇਖਿਆ ਸੀ, ਪੈਦਾਵਾਰੀ ਸਬੰਧਾਂ 'ਚ ਤਿੰਨ ਚੀਜ਼ਾਂ ਸ਼ਾਮਿਲ ਹਨ : ਮਾਲਕੀ, ਕਿਰਤ ਸਮੇਂ ਲੋਕਾਂ ਦੇ ਆਪਸੀ ਸਬੰਧ ਤੇ ਜਿਣਸਾਂ ਦਾ ਵਟਾਂਦਰਾ। ਆਪਣਾ ਰਾਜਨੀਤਕ ਅਰਥਸ਼ਾਸਤਰ ਲਿਖਦੇ ਸਮੇਂ ਅਸੀਂ ਵੀ ਮਾਲਕੀ ਢਾਂਚੇ ਤੋਂ ਸ਼ੁਰੂਆਤ ਕਰ ਸਕਦੇ ਹਾਂ। ਪਹਿਲਾਂ ਅਸੀਂ ਪੈਦਾਵਾਰੀ ਸਬੰਧਾਂ ਦੇ ਨਿੱਜੀ ਤੋਂ ਜਨਤਕ 'ਚ ਸੰਕਰਮਣ ਦਾ ਵੇਰਵਾ ਦੇਵਾਂਗੇ ਕਿ ਕਿਵੇਂ ਅਸੀਂ ਨੌਕਰਸ਼ਾਹਾ ਪੂੰਜੀ ਦੀ ਨਿੱਜੀ ਮਾਲਕੀ ਤੇ ਨਿੱਜੀ ਮਾਲਕੀ ਦੇ ਢਾਂਚੇ ਨੂੰ ਸਾਰੇ ਲੋਕਾਂ ਦੀ ਮਾਲਕੀ 'ਚ ਬਦਲਿਆ; ਕਿ ਕਿਵੇਂ ਜ਼ਮੀਨ 'ਤੇ ਭੂਮੀਪਤੀਆਂ ਦੀ ਨਿੱਜੀ ਮਾਲਕੀ ਨੂੰ ਪਹਿਲਾਂ ਵਿਅਕਤੀਗਤ ਕਿਸਾਨਾਂ ਦੀ ਨਿੱਜੀ ਮਾਲਕੀ 'ਚ ਤੇ ਸਮਾਜਵਾਦ ਅਧੀਨ ਸਮੂਹਕ ਮਾਲਕੀ 'ਚ ਬਦਲਿਆ ਗਿਆ; ਸਿਰਫ਼ ਤਾਂ ਹੀ ਅਸੀਂ ਸਮਾਜਵਾਦ ਅਧੀਨ ਦੋ ਤਰ੍ਹਾਂ ਦੇ ਜਨਤਕ ਮਾਲਕੀ ਦੇ ਢਾਂਚਿਆਂ 'ਚ ਵਿਰੋਧਤਾਈਆਂ ਦਾ ਵੇਰਵਾ ਦੇ ਸਕਾਂਗੇ ਤੇ ਫੇਰ ਹੀ ਅਸੀਂ ਇਸ ਦਾ ਵੇਰਵਾ ਦੇ ਸਕਾਂਗੇ ਕਿ ਸਮਾਜਵਾਦ ਅਧੀਨ ਸਮੂਹਕ ਮਾਲਕੀ ਕਿਵੇਂ ਕਮਿਊਨਿਜ਼ਮ ਅਧੀਨ ਜਨਤਕ ਮਾਲਕੀ 'ਚ ਸੰਕਰਮਣ ਕਰ ਸਕਦੀ ਹੈ। ਇਸ ਦੇ ਨਾਲ਼ ਹੀ ਸਾਨੂੰ ਇਸ ਦਾ ਵੇਰਵਾ ਵੀ ਦੇਣਾ ਚਾਹੀਦਾ ਹੈ ਕਿ ਲੋਕਾਂ ਦੀ ਮਾਲਕੀ 'ਚ ਕਿਵੇਂ ਤਬਦੀਲੀ ਹੁੰਦੀ ਹੈ ਜਿਵੇਂ ਕਿ ਹੇਠਲੇ ਪੱਧਰਾਂ ਵੱਲ ਕਾਰਕੁੰਨਾਂ ਦੇ ਤਬਾਦਲੇ ਦਾ ਢਾਂਚਾ, ਵੱਖ-ਵੱਖ ਪੱਧਰਾਂ ਦੁਆਰਾ ਸੰਚਾਲਨ ਤੇ ਉੱਦਮਾਂ ਦੇ ਸਵੈ-ਸ਼ਾਸਨ ਦਾ ਹੱਕ ਆਦਿ। ਭਾਵੇਂ ਲੋਕਾਂ ਦੀ ਮਾਲਕੀ ਹੋਣ ਦੇ ਮਾਮਲੇ 'ਚ ਸਾਡੇ ਉੱਦਮ ਇੱਕ-ਰੂਪ ਹਨ ਫਿਰ ਵੀ ਉਹਨਾਂ ਦੇ ਸੰਚਾਲਨ ਦੇ ਰੂਪ ਵੱਖ-ਵੱਖ ਹਨ; ਕੁੱਝ ਨੂੰ ਕੇਂਦਰ ਦੇ ਵਿਭਾਗਾਂ ਦੁਆਰਾ, ਦੂਜਿਆਂ ਨੂੰ ਸੂਬਿਆਂ, ਨਗਰਪਾਲਿਕਾਵਾਂ ਜਾਂ ਹੋਰ ਸਵੈ-ਸ਼ਾਸਤ ਖੇਤਰਾਂ ਦੁਆਰਾ ਤੇ ਕੁੱਝ ਹੋਰਾਂ ਨੂੰ ਸਥਾਨਕ ਖਾਸ ਜ਼ਿਲ੍ਹਿਆ ਜਾਂ ਪ੍ਰਾਂਤਾਂ ਰਾਹੀਂ ਸੰਚਾਲਤ ਕੀਤਾ ਜਾਂਦਾ ਹੈ। ਕਮਿਊਨ ਦੁਆਰਾ ਚਲਾਏ ਜਾ ਰਹੇ ਕੁੱਝ ਉੱਦਮਾਂ 'ਤੇ ਅੰਸ਼ਕ ਤੌਰ 'ਤੇ ਸਾਰੇ ਲੋਕਾਂ ਦੀ ਤੇ ਅੰਸ਼ਕ ਤੌਰ 'ਤੇ ਸਮੂਹਾਂ ਦੀ ਮਾਲਕੀ ਹੈ। ਪਰ ਚਾਹੇ ਉਹ ਕੇਂਦਰੀ ਪੱਧਰ 'ਤੇ ਜਾਂ ਸਥਾਨਕ ਪੱਧਰ 'ਤੇ ਸੰਚਾਲਤ ਹੋਣ ਸਾਰੇ ਉੱਦਮ ਏਕੀਕ੍ਰਿਤ ਅਗਵਾਈ ਦੇ ਅਧੀਨ ਹਨ ਤੇ ਉਹ ਕੁੱਝ ਖਾਸ ਸਵੈ-ਸ਼ਾਸਨ ਦੇ ਹੱਕ ਹਨ।

ਪੈਦਾਵਾਰੀ ਕਿਰਤ ਸਮੇਂ ਲੋਕਾਂ ਵਿਚਲੇ ਸਬੰਧਾਂ ਵੱਲ ਮੁੜੀਏ ਤਾਂ "ਦੋਸਤਾਨਾ ਤਾਲਮੇਲ ਤੇ ਪਰਸਪਰ ਸਹਿਯੋਗ" ਜਿਹੀਆਂ ਗੱਲਾਂ ਤੋਂ ਬਿਨਾਂ ਕਿਤਾਬ ਅਸਲ ਮੁੱਦਿਆਂ ਨੂੰ ਫੜਨ 'ਚ ਪੂਰੀ ਤਰ੍ਹਾਂ ਅਸਫਲ ਰਹੀ ਹੈ ਤੇ ਉਸ ਨੇ ਇਸ ਖੇਤਰ 'ਚ ਕੋਈ ਖੋਜ ਜਾਂ ਵਿਸ਼ਲੇਸ਼ਣ ਨਹੀਂ ਕੀਤਾ ਹੈ। ਮਾਲਕੀ ਢਾਂਚੇ ਦੇ ਸਵਾਲ ਦੇ ਹੱਲ ਹੋ ਜਾਣ ਤੋਂ ਬਾਅਦ ਪ੍ਰਸ਼ਾਸਨ ਦਾ ਸਵਾਲ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ — ਕਿ ਸਾਰੇ ਲੋਕਾਂ ਦੁਆਰਾ ਸਮੂਹਾਂ ਦੀ ਮਾਲਕੀ ਵਾਲੇ ਉੱਦਮਾਂ ਦਾ ਪ੍ਰਸ਼ਾਸਨ ਕਿਵੇਂ ਚਲਾਇਆ ਜਾਵੇ। ਇਹ ਦਿੱਤੇ ਮਾਲਕੀ ਢਾਂਚੇ ਅਧੀਨ ਲੋਕਾਂ

ਵਿਚਲੇ ਸਬੰਧਾਂ ਦੇ ਸਵਾਲ ਦੀ ਤਰ੍ਹਾਂ ਹੀ ਹੈ ਜਿਸ ’ਤੇ ਕਈ ਲੇਖ ਲਿਖੇ ਜਾ ਸਕਦੇ ਹਨ। ਇੱਕ ਦਿੱਤੇ ਹੋਏ ਸਮੇਂ ਵਿੱਚ ਮਾਲਕੀ ਢਾਂਚੇ ਵਿੱਚ ਤਬਦੀਲੀਆਂ ਦੀ ਹਮੇਸ਼ਾ ਇੱਕ ਹੱਦ ਹੁੰਦੀ ਹੈ ਪਰ ਇਸ ਦੇ ਉਲਟ ਪੈਦਾਵਾਰੀ ਕਿਰਤ ਵਿੱਚ ਲੋਕਾਂ ਵਿਚਲੇ ਸਬੰਧ ਇੱਕ ਨਾ ਖਤਮ ਹੋਣ ਵਾਲੀ ਤਬਦੀਲੀ ਹੁੰਦੇ ਹਨ। ਸਾਰੇ ਲੋਕਾਂ ਦੀ ਮਾਲਕੀ ਵਾਲੇ ਉੱਦਮਾਂ ਦੇ ਸੰਚਾਲਨ ਦੇ ਸਬੰਧ ’ਚ ਅਸੀਂ ਤਰੀਕਿਆਂ ਦਾ ਇੱਕ ਸਮੁੱਚ ਅਪਣਾ ਲਿਆ ਹੈ : ਸੰਘਣੀ ਅਗਵਾਈ ਤੇ ਲੋਕ ਲਹਿਰ ਦਾ ਸੰਯੋਜਨ; ਪਾਰਟੀ ਆਗੂਆਂ, ਕਿਰਤੀ ਲੋਕਾਂ ਤੇ ਤਕਨੀਕੀ ਕਰਮਚਾਰੀਆਂ ਦਾ ਸੰਯੋਜਨ; ਕਾਰਕੁੰਨਾਂ ਦਾ ਪੈਦਾਵਾਰ ’ਚ ਹਿਸਾ ਲੈਣਾ, ਮਜ਼ਦੂਰਾਂ ਦਾ ਸੰਚਾਲਨ ’ਚ ਹਿਸਾ ਲੈਣਾ, ਤਰਕਹੀਣ ਵਿਨਿਯਮਨ (Regulations) ਤੇ ਸੰਸਥਾਗਤ ਕੰਮਾਂ-ਕਾਰਾਂ ’ਚ ਦ੍ਰਿੜਤਾਪੂਰਵਕ ਤਬਦੀਲੀ ਕਰਦੇ ਰਹਿਣਾ।

ਜਿੱਥੋਂ ਤੱਕ ਜਿਣਸਾਂ ਦੀ ਵੰਡ ਦਾ ਸਵਾਲ ਹੈ ਕਿਤਾਬ ਦੀ ਮੌਜੂਦਾ ਪਹੁੰਚ ਨੂੰ ਪੂਰੀ ਤਰ੍ਹਾਂ ਬਦਲਦੇ ਹੋਏ ਕਿਤਾਬ ਨੂੰ ਦੁਬਾਰਾ ਲਿਖਣਾ ਪਵੇਗਾ। ਸਖਤ, ਤਿੱਖੇ ਘੋਲ, ਵਿਸਥਾਰਤ ਮੁੜ ਉਤਪਾਦਨ, ਕਮਿਊਨਿਜ਼ਮ ਦੀਆਂ ਭਾਵੀ ਸੰਭਾਵਨਾਵਾਂ ਆਦਿ ’ਤੇ ਜ਼ੋਰ ਦੇਣਾ ਚਾਹੀਦਾ ਹੈ ਨਾ ਕਿ ਨਿੱਜੀ ਭੌਤਿਕ ਹਿੱਤਾਂ ’ਤੇ। ਲੋਕਾਂ ਨੂੰ “ਇੱਕ ਜੀਵਨਸਾਥੀ, ਇੱਕ ਪੇਂਡੂ ਘਰ, ਇੱਕ ਮੋਟਰ ਕਾਰ, ਇੱਕ ਪਿਆਨੋ, ਇੱਕ ਟੀ. ਵੀ.” ਦੇ ਮਕਸਦ ਵੱਲ ਨਹੀਂ ਲੈ ਕੇ ਜਾਣਾ ਚਾਹੀਦਾ। ਇਹ ਨਿੱਜ ਦੀ ਸੇਵਾ ਦਾ ਰਾਹ ਹੈ, ਸਮਾਜ ਸੇਵਾ ਦਾ ਨਹੀਂ। “ਦਸ ਹਜ਼ਾਰ ਮੀਲ ਦੀ ਯਾਤਰਾ ਉੱਥੋਂ ਹੀ ਸ਼ੁਰੂ ਹੁੰਦੀ ਹੈ ਜਿੱਥੇ ਅਸੀਂ ਖੜ੍ਹੇ ਹਾਂ।” ਪਰ ਜੇ ਭਵਿੱਖ ’ਤੇ ਵਿਚਾਰ ਕੀਤੇ ਬਿਨਾਂ ਕੋਈ ਸਿਰਫ਼ ਆਪਣੇ ਪੈਰਾਂ ਵੱਲ ਹੀ ਵੇਖੇ ਤਾਂ ਇਹ ਸਵਾਲ ਉੱਠਦਾ ਹੈ ਕਿ ਤੁਹਾਡੇ ਵਿੱਚ ਕਿੰਨਾ ਕੁ ਇਨਕਲਾਬੀ ਜੋਸ਼ ਤੇ ਲਗਨ ਬਚੀ ਹੈ ?*

## 67. ਤੱਤ ਤੱਕ ਪਹੁੰਚਣ ਲਈ ਰੂਪ ਦਾ ਅਧਿਐਨ ਕਿਵੇਂ ਕੀਤਾ ਜਾਵੇ

ਕਿਸੇ ਸਮੱਸਿਆ ਦਾ ਅਧਿਐਨ ਕਰਨ ਦੀ ਸ਼ੁਰੂਆਤ ਉਹਨਾਂ ਰੂਪਾਂ ਤੋਂ ਕਰਨੀ ਚਾਹੀਦੀ ਹੈ ਜਿਹਨਾਂ ਨੂੰ ਲੋਕ ਦੇਖ ਤੇ ਮਹਿਸੂਸ ਕਰ ਸਕਦੇ ਹਨ ਤਾਂ ਕਿ ਰੂਪ ਪਿੱਛੇ ਲੁਕੇ ਤੱਤ ਤੱਕ ਪਹੁੰਚਿਆ ਜਾ ਸਕੇ ਅਤੇ ਉਸ ਤੋਂ ਬਾਅਦ ਬਾਹਰਮੁਖੀ ਚੀਜ਼ਾਂ ਤੇ ਵਰਤਾਰਿਆਂ ਦੇ ਅਸਲ ਅਰਥ ਤੇ ਵਿਰੋਧਤਾਈ ਨੂੰ ਉਜਾਗਰ ਕੀਤਾ ਜਾ ਸਕੇ।

ਗ੍ਰਹਿਯੁੱਧ ਤੇ ਜਪਾਨ ਦੇ ਵਿਰੁੱਧ ਟਾਕਰਾ ਯੁੱਧ ਦੇ ਸਮੇਂ ਅਸੀਂ ਯੁੱਧ ਦੀਆਂ ਸਮੱਸਿਆਵਾਂ ਦੇ ਅਧਿਐਨ ਦੀ ਸ਼ੁਰੂਆਤ ਰੂਪ ਤੋਂ ਕੀਤੀ ਸੀ। ਦੁਸ਼ਮਣ ਵੱਡਾ ਤੇ ਤਕੜਾ ਸੀ ਜਦੋਂ ਕਿ ਅਸੀਂ ਛੋਟੇ ਤੇ ਕਮਜ਼ੋਰ ਸੀ। ਉਸ ਸਮੇਂ ਇਹੀ ਸੁਭਾਵਕ ਮੁਹਾਂਦਰਾ ਸੀ ਜਿਸ ਨੂੰ ਸਾਰੇ ਵੇਖ ਸਕਦੇ ਸੀ। ਅਸੀਂ ਹੀ ਉਹ ਲੋਕ ਸੀ ਜਿਹਨਾਂ ਨੇ ਸਮੱਸਿਆਵਾਂ ਨੂੰ ਪੜ੍ਹਿਆ ਤੇ ਉਹਨਾਂ ਨੂੰ ਹੱਲ ਕੀਤਾ, ਰੂਪ ਤੋਂ ਸ਼ੁਰੂਆਤ ਕਰਦੇ ਹੋਏ ਅਸੀਂ ਅਧਿਐਨ ਕੀਤਾ ਕਿ ਕਿਵੇਂ ਛੋਟੀ ਤੇ ਕਮਜ਼ੋਰ ਤਾਕਤ ਆਪਣੇ ਵੱਡੇ ਤੇ ਤਾਕਤਵਰ ਦੁਸ਼ਮਣ ਨੂੰ ਹਰਾ ਸਕਦੀ ਹੈ। ਅਸੀਂ ਇਹ

* 1967 ਦੀ ਛਾਪ ਵਿੱਚ “ਯਾਤਰਾ ਦੇ ਲਈ ਕਿੰਨੀ ਊਰਜਾ ਬਚੀ ਹੈ ?”

ਨੁਕਤਾ ਉਠਾਇਆ ਕਿ ਭਾਵੇਂ ਅਸੀਂ ਛੋਟੇ ਤੇ ਕਮਜ਼ੋਰ ਸੀ ਪਰ ਸਾਡੇ ਕੋਲ ਲੋਕਾਂ ਦਾ ਸਮਰਥਨ ਸੀ ਜਦੋਂ ਕਿ ਦੁਸ਼ਮਣ ਵੱਡਾ ਤੇ ਤਕੜਾ ਹੋਣ ਦੇ ਬਾਵਜੂਦ ਕੁੱਝ ਖੇਤਰਾਂ 'ਚ ਹਮਲੇ ਦੀ ਮਾਰ ਹੇਠ ਸੀ। ਗ੍ਰਹਿਯੁੱਧ ਦੇ ਸਮੇਂ ਨੂੰ ਹੀ ਲਓ ਜਦੋਂ ਦੁਸ਼ਮਣ ਦੇ ਕੋਲ ਕਈ ਲੱਖ ਸੈਨਿਕ ਸੀ ਜਦੋਂ ਕਿ ਸਾਡੇ ਕੋਲ ਕੁੱਝ ਹਜ਼ਾਰ ਸੈਨਿਕ ਹੀ ਸਨ। ਯੁੱਧ ਨੀਤੀ ਦੇ ਪੱਖ ਤੋਂ ਦੁਸ਼ਮਣ ਤਕੜਾ ਤੇ ਹਮਲਾਵਰ ਸੀ ਜਦੋਂ ਕਿ ਅਸੀਂ ਕਮਜ਼ੋਰ ਤੇ ਰੱਖਿਆਤਮਕ ਸੀ। ਪਰ ਸਾਡੇ 'ਤੇ ਹਮਲਾ ਕਰਨ ਲਈ ਉਹਨਾਂ ਨੂੰ ਆਪਣੀਆਂ ਫੌਜਾਂ ਨੂੰ ਦਸਤਿਆਂ 'ਚ ਤੇ ਫੇਰ ਦਸਤਿਆਂ ਨੂੰ ਟੁਕੜਿਆਂ 'ਚ ਵੰਡਣਾ ਪੈਂਦਾ ਸੀ। ਆਮ ਤੌਰ 'ਤੇ ਇੱਕ ਕੰਪਨੀ ਇੱਕ ਮਜ਼ਬੂਤ ਜਗ੍ਹਾ 'ਤੇ ਹਮਲਾ ਕਰਦੀ ਸੀ ਜਦੋਂ ਕਿ ਬਾਕੀ ਫੌਜ ਪੈਂਤਰੇ ਬਦਲਦੀ ਰਹਿੰਦੀ ਸੀ। ਫਿਰ ਅਸੀਂ ਦੁਸ਼ਮਣ ਦੇ ਇੱਕ ਦਸਤੇ 'ਤੇ ਹਮਲਾ ਕਰਨ ਦੇ ਲਈ ਆਪਣੀਆਂ ਹਜ਼ਾਰਾਂ ਦੀ ਫੌਜ ਨੂੰ ਕੇਂਦਰਤ ਕਰਦੇ ਸੀ ਜਦੋਂ ਕਿ ਦੂਜਾ ਸਮੂਹ ਪੈਂਤਰਾ ਬਦਲ ਰਹੀ ਦੁਸ਼ਮਣ ਦੀ ਫੌਜ ਨੂੰ ਦੂਜੀ ਦਿਸ਼ਾ 'ਚ ਲੈ ਜਾਂਦਾ ਸੀ। ਇਸ ਤਰ੍ਹਾਂ ਉਸ ਨੁਕਤੇ 'ਤੇ ਅਸੀਂ ਆਪਣੀ ਸ਼੍ਰੇਸ਼ਠਤਾ ਸਥਾਪਤ ਕਰ ਲੈਂਦੇ ਸੀ। ਦੁਸ਼ਮਣ ਛੋਟਾ ਤੇ ਕਮਜ਼ੋਰ ਬਣ ਜਾਂਦਾ ਸੀ ਜਦੋਂ ਕਿ ਅਸੀਂ ਵੱਡੇ ਤੇ ਤਕੜੇ ਬਣ ਜਾਂਦੇ ਸੀ। ਦੂਸਰੀ ਚੀਜ਼ ਇਹ ਹੈ ਕਿ ਉਹ ਲੋਕ ਉਹਨਾਂ ਥਾਵਾਂ 'ਤੇ ਪਹੁੰਚ ਜਾਂਦੇ ਸੀ ਜਿਹਨਾਂ ਦੀਆਂ ਹਾਲਤਾਂ ਤੋਂ ਉਹ ਅਣਜਾਣ ਹੁੰਦੇ ਸੀ ਤੇ ਲੋਕ ਉਹਨਾਂ ਦੀ ਹਮਾਇਤ ਨਹੀਂ ਕਰਦੇ ਸੀ ਤੇ ਇਸ ਤਰ੍ਹਾਂ ਅਸੀਂ ਦੁਸ਼ਮਣ ਦੀ ਟੋਲੀ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਦੇ ਕਾਬਲ ਹੋ ਜਾਂਦੇ ਸੀ।

ਆਮ ਤੌਰ 'ਤੇ ਵਰਤਾਰਿਆਂ ਦੀ ਹਲਚਲ ਨਾਲ਼ ਵਿਚਾਰਧਾਰਾ ਵਿਵਸਥਤ ਹੋ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਚਿੰਤਨ ਤੇ ਸਮਝ ਭੌਤਿਕ ਵਰਤਾਰਿਆ ਦੇ ਪ੍ਰਤੀਬਿੰਬ ਹੁੰਦੇ ਹਨ। ਵਰਤਾਰਿਆ ਦੀ ਹਲਚਲ 'ਚ ਜਦੋਂ ਕੋਈ ਚੀਜ਼ ਇਤਫਾਕਨ ਨਹੀਂ ਸਗੋਂ ਵਾਰ-ਵਾਰ ਪ੍ਰਗਟ ਹੁੰਦੀ ਹੈ ਤਾਂ ਉਹ ਨਿਯਮ ਬਣ ਜਾਂਦੀ ਹੈ। ਸਿਰਫ਼ ਵਾਰ-ਵਾਰ ਪ੍ਰਗਟ ਹੋਣ ਨਾਲ਼ ਹੀ ਕੋਈ ਚੀਜ਼ ਨਿਯਮ ਬਣਦੀ ਹੈ ਤੇ ਉਹ ਸਮਝੀ ਜਾ ਸਕਣ ਵਾਲੀ ਚੀਜ਼ ਬਣਦੀ ਹੈ। ਮਿਸਾਲ ਵਜੋਂ ਪੂੰਜੀਵਾਦ ਦਾ ਸੰਕਟ ਤਕਰੀਬਨ ਹਰ ਦਸ ਸਾਲਾਂ ਬਾਅਦ ਆਇਆ। ਜਦੋਂ ਇਹ ਵਾਰ-ਵਾਰ ਆਇਆ ਤਾਂ ਸਾਡੇ ਲਈ ਪੂੰਜੀਵਾਦੀ ਸਮਾਜ ਵਿੱਚ ਆਰਥਿਕ ਸੰਕਟ ਦੇ ਨਿਯਮ ਨੂੰ ਜਾਣਨਾ ਸੰਭਵ ਹੋ ਗਿਆ। ਜ਼ਰਈ ਸੁਧਾਰ ਵਿੱਚ ਸਾਨੂੰ ਕਿਰਤ ਸ਼ਕਤੀ ਦੀ ਬਜਾਏ ਅਬਾਦੀ ਦੇ ਅਨੁਸਾਰ ਜ਼ਮੀਨ ਵੰਡਣੀ ਪਈ। ਪਰ ਅਸੀਂ ਇਸ ਨੂੰ ਸਪੱਸ਼ਟਤਾ ਨਾਲ਼ ਓਦੋਂ ਤੱਕ ਨਹੀਂ ਸਮਝ ਸਕੇ ਜਦੋਂ ਤੱਕ ਅਸੀਂ ਇਸ ਨੂੰ ਕਈ ਵਾਰ ਕਰ ਨਹੀਂ ਸੀ ਲਿਆ। ਦੂਸਰੇ ਗ੍ਰਹਿਯੁੱਧ ਦੇ ਮਗਰਲੇ ਦੌਰ 'ਚ "ਖੱਬੂ" ਮਾਅਰਕੇਬਾਜ਼ ਸਾਥੀਆਂ ਨੇ ਕਿਰਤ ਸ਼ਕਤੀ ਅਨੁਸਾਰ ਜ਼ਮੀਨ ਦੀ ਮੰਗ ਕੀਤੀ ਅਤੇ ਉਹ ਪ੍ਰਤੀ ਵਿਅਕਤੀ ਜ਼ਮੀਨ ਦੀ ਵੰਡ ਨਾਲ਼ ਅਸਹਿਮਤ ਸਨ। ਉਹਨਾਂ ਦੇ ਮਤ ਅਨੁਸਾਰ ਅਬਾਦੀ ਮੁਤਾਬਿਕ ਜ਼ਮੀਨ ਦੀ ਬਰਾਬਰ ਵੰਡ ਜਮਾਤੀ ਨਜ਼ਰੀਏ ਤੋਂ ਏਨੀ ਸਹੀ ਨਹੀਂ ਸੀ ਤੇ ਨਾ ਹੀ ਇਹ ਲੋਕਾਂ ਦੇ ਨਜ਼ਰੀਏ ਤੋਂ ਕਾਫੀ ਸੀ। ਉਹਨਾਂ ਦਾ ਨਾਅਰਾ ਸੀ : ਭੂਮੀਪਤੀਆਂ ਨੂੰ ਕੋਈ ਜ਼ਮੀਨ ਨਹੀਂ, ਧਨੀ ਕਿਸਾਨਾਂ ਨੂੰ ਮਾੜੀ ਜ਼ਮੀਨ; ਬਾਕੀ ਸਾਰਿਆਂ ਨੂੰ ਕਿਰਤ ਸ਼ਕਤੀ ਦੇ ਅਨੁਸਾਰ ਜ਼ਮੀਨ। ਤੱਥਾਂ ਨੇ ਇਸ ਪਹੁੰਚ ਨੂੰ ਗਲਤ ਸਿੱਧ ਕੀਤਾ। ਤਜ਼ਰਬਿਆਂ ਦੇ ਵਾਰ-ਵਾਰ ਦੁਹਰਾਉ 'ਚੋਂ ਲੰਘਣ ਤੋਂ ਬਾਅਦ ਹੀ ਸਾਨੂੰ ਇਹ

ਸਪੱਸ਼ਟ ਹੋ ਸਕਿਆ ਕਿ ਜ਼ਮੀਨ ਦੀ ਵੰਡ ਕਿਵੇਂ ਕਰਨੀ ਚਾਹੀਦੀ ਹੈ।

ਮਾਰਕਸਵਾਦ ਦੇ ਲਈ ਜ਼ਰੂਰੀ ਹੈ ਕਿ ਤਰਕ ਇਤਿਹਾਸ ਦਾ ਅਨੁਸਾਰੀ ਹੋਵੇ। ਵਿਚਾਰ ਬਾਹਰਮੁਖੀ ਯਥਾਰਥ ਦਾ ਪ੍ਰਤੀਬਿੰਬ ਹੈ। ਤਰਕ ਇਤਿਹਾਸ 'ਚੋਂ ਆਉਂਦਾ ਹੈ। ਭਾਵੇਂ ਕਿ ਇਸ ਕਿਤਾਬ 'ਚ ਸਮੱਗਰੀ ਦੀ ਭਰਮਾਰ ਹੈ ਤਾਂ ਵੀ ਕੋਈ ਵਿਸ਼ਲੇਸ਼ਣ ਨਹੀਂ ਹੈ, ਕੋਈ ਤਰਕ ਨਹੀਂ ਹੈ, ਨਿਯਮ ਦ੍ਰਿਸ਼ਟੀ ਗੋਚਰ ਨਹੀਂ ਹਨ ਤੇ ਇਹ ਸਾਰਾ ਕੁੱਝ ਤਸੱਲੀਬਖਸ਼ ਨਹੀਂ ਹੈ। ਪਰ ਸਮੱਗਰੀ ਦੀ ਕਮੀ ਵੀ ਗ਼ੈਰ-ਤਸੱਲੀਬਖਸ਼ ਹੈ। ਫਿਰ ਲੋਕ ਸਿਰਫ਼ ਤਰਕ ਵੇਖਣਗੇ ਤੇ ਇਤਿਹਾਸ ਨਹੀਂ। ਹੋਰ ਤਾਂ ਹੋਰ ਇਹ ਸਿਰਫ਼ ਅੰਤਰਮੁਖੀ ਤਰਕ ਹੋਵੇਗਾ। ਇਹੀ ਕਿਤਾਬ ਦੇ ਦੋਸ਼ ਹਨ।

ਚੀਨੀ ਪੂੰਜੀਵਾਦ ਦੇ ਵਿਕਾਸ ਦਾ ਇਤਿਹਾਸ ਸਾਹਮਣੇ ਲਿਆਉਣਾ ਬੇਹੱਦ ਜ਼ਰੂਰੀ ਹੈ। ਜੋ ਲੋਕ ਇਤਿਹਾਸ ਦਾ ਅਧਿਐਨ ਕਰਦੇ ਹਨ ਜੇ ਉਹ ਵੱਖ-ਵੱਖ ਸਮਾਜਾਂ ਤੇ ਵੱਖ-ਵੱਖ ਇਤਿਹਾਸਕ ਯੁੱਗਾਂ ਦਾ ਅਧਿਐਨ ਨਹੀਂ ਕਰਦੇ ਤਾਂ ਉਹ ਚੰਗੀ ਤਰ੍ਹਾਂ ਜਾਣਨ ਯੋਗ ਇਤਿਹਾਸ ਦੀ ਰਚਨਾ ਕਰਨ ਦੇ ਕਾਬਲ ਨਿਸ਼ਚੇ ਹੀ ਨਹੀਂ ਹੋ ਸਕਣਗੇ। ਵੱਖ-ਵੱਖ ਸਮਾਜਾਂ ਦੇ ਅਧਿਐਨ ਦਾ ਅਰਥ ਹੈ ਇਹਨਾਂ ਸਮਾਜਾਂ ਨੂੰ ਸੰਚਾਲਤ ਕਰਨ ਵਾਲੇ ਖਾਸ ਨਿਯਮਾਂ ਨੂੰ ਲੱਭਣਾ। ਖਾਸ ਨਿਯਮਾਂ ਦਾ ਅਧਿਐਨ ਕਰਨ ਤੇ ਉਹਨਾਂ ਨੂੰ ਸਪੱਸ਼ਟ ਕਰ ਲੈਣ ਤੋਂ ਬਾਅਦ ਸਮਾਜ ਦੇ ਆਮ ਨਿਯਮਾਂ ਨੂੰ ਜਾਣਨਾ ਅਸਾਨ ਹੋ ਜਾਵੇਗਾ। ਕਈ ਵਿਸ਼ੇਸ਼ਾਂ ਦੇ ਅਧਿਐਨ ਤੋਂ ਬਾਅਦ ਆਮ ਨੂੰ ਜਾਣਨਾ ਜ਼ਰੂਰੀ ਹੈ। ਜੇ ਖਾਸ ਨਿਯਮਾਂ ਨੂੰ ਸਪੱਸ਼ਟਤਾ ਨਾਲ ਨਾ ਸਮਝਿਆ ਜਾਵੇ ਤਾਂ ਆਮ ਨੂੰ ਵੀ ਨਹੀਂ ਸਮਝਿਆ ਜਾ ਸਕਦਾ। ਮਿਸਾਲ ਵਜੋਂ ਜਾਨਵਰਾਂ ਨੂੰ ਸੰਚਾਲਤ ਕਰਨ ਵਾਲੇ ਆਮ ਨਿਯਮਾਂ ਨੂੰ ਜਾਣਨ ਲਈ ਜ਼ਰੂਰੀ ਹੈ ਕਿ ਰੀੜ ਵਾਲੇ ਤੇ ਬਿਨਾਂ ਰੀੜ ਵਾਲੇ ਜਾਨਵਰਾਂ ਆਦਿ ਨੂੰ ਸੰਚਾਲਤ ਕਰਨ ਵਾਲੇ ਨਿਯਮਾਂ ਦਾ ਵੱਖ-ਵੱਖ ਅਧਿਐਨ ਕੀਤਾ ਜਾਵੇ।

## 68. ਫਲਸਫੇ ਨੂੰ ਸਾਡੇ ਸਾਹਮਣੇ ਮੌਜੂਦ ਰਾਜਨੀਤਕ ਕਾਰਜਾਂ ਦੀ ਸੇਵਾ ਕਰਨੀ ਚਾਹੀਦੀ ਹੈ

ਕੋਈ ਵੀ ਫਲਸਫਾ ਸਮਕਾਲੀਨ ਕਾਰਜਾਂ ਦੀ ਸੇਵਾ ਕਰਦਾ ਹੈ।

ਪੂੰਜੀਵਾਦੀ ਫਲਸਫਾ ਇਹੀ ਕੰਮ ਕਰਦਾ ਹੈ ਅਤੇ ਹਰੇਕ ਦੇਸ਼, ਹਰੇਕ ਯੁੱਗ 'ਚ ਨਵੇਂ ਸਿਧਾਂਤਕਾਰ ਹੁੰਦੇ ਹਨ ਜੋ ਤਤਕਾਲੀਨ ਕਾਰਜਾਂ ਨੂੰ ਪੂਰਾ ਕਰਨ ਦੇ ਲਈ ਨਵੇਂ ਸਿਧਾਤਾਂ ਦੀ ਰਚਨਾ ਕਰਦੇ ਹਨ। ਇੰਗਲੈਂਡ 'ਚ ਬੇਕਨ ਤੇ ਹਾਬਸ ਜਿਹੇ ਬੁਰਜੂਆ ਪਦਾਰਥਵਾਦੀ ਸਾਹਮਣੇ ਆਏ ਉਸ ਤੋਂ ਬਾਅਦ 18ਵੀਂ ਸਦੀ ਦੇ ਫ਼ਰਾਂਸ 'ਚ ਵਿਸ਼ਵਕੋਸ਼ਵਾਦੀਆਂ ਜਿਹੇ ਪਦਾਰਥਵਾਦੀ ਸਾਹਮਣੇ ਆਏ, ਜਰਮਨ ਤੇ ਰੂਸੀ ਬੁਰਜੂਆਜ਼ੀ ਨੇ ਵੀ ਆਪੋ-ਆਪਣੇ ਪਦਾਰਥਵਾਦੀ ਪੈਦਾ ਕੀਤੇ। ਇਹ ਸਾਰੇ ਬੁਰਜੂਆ ਪਦਾਰਥਵਾਦੀ ਸਨ ਤੇ ਇਹਨਾਂ ਸਾਰਿਆਂ ਨੇ ਬੁਰਜੂਆਜ਼ੀ ਦੇ ਰਾਜਨੀਤਕ ਕਾਰਜਾਂ ਦੀ ਸੇਵਾ ਕੀਤੀ। ਇਸ ਤਰ੍ਹਾਂ ਅੰਗਰੇਜ਼ ਜਾਂ ਬੁਰਜੂਆ ਪਦਾਰਥਵਾਦ ਦੀ ਮੌਜੂਦਗੀ ਫ਼ਰਾਂਸੀਸੀ ਬੁਰਜੂਆ ਪਦਾਰਥਵਾਦ ਨੂੰ ਗ਼ੈਰ-ਜ਼ਰੂਰੀ ਨਹੀਂ ਬਣਾਉਂਦੀ ਹੈ ਤੇ ਨਾ ਹੀ ਅੰਗਰੇਜ਼ ਤੇ ਫ਼ਰਾਂਸੀਸੀ ਬੁਰਜੂਆ ਪਦਾਰਥਵਾਦ ਦੀ ਮੌਜੂਦਗੀ

ਜਰਮਨ ਜਾਂ ਰੂਸੀ ਪਦਾਰਥਵਾਦ ਨੂੰ ਗ਼ੈਰ-ਜ਼ਰੂਰੀ ਬਣਾਉਂਦੀ ਹੈ।

ਮਜ਼ਦੂਰ ਜਮਾਤ ਦਾ ਮਾਰਕਸਵਾਦੀ ਫਲਸਫਾ ਸਮਕਾਲੀਨ ਰਾਜਨੀਤਕ ਕਾਰਜਾਂ ਦੀ ਸੇਵਾ ਕਰਨ 'ਚ ਹੋਰ ਵੀ ਡੂੰਘੀ ਦਿਲਚਸਪੀ ਲੈਂਦਾ ਹੈ। ਚੀਨ ਲਈ ਮਾਰਕਸ, ਲੈਨਿਨ ਤੇ ਸਤਾਲਿਨ* ਦੀਆਂ ਲਿਖਤਾਂ ਲਾਜ਼ਮੀ ਹਨ। ਇਹ ਸਭ ਤੋਂ ਪਹਿਲਾ ਕੰਮ ਹੈ। ਪਰ ਆਪਣੇ ਸਾਹਮਣੇ ਮੌਜੂਦ ਰਾਜਨੀਤਕ ਕਾਰਜਾਂ ਨੂੰ ਪੂਰਾ ਕਰਨ ਲਈ ਕਿਸੇ ਦੇਸ਼ ਦੇ ਕਮਿਊਨਿਸਟਾਂ ਤੇ ਪ੍ਰੋਲੇਤਾਰੀ ਦਾਰਸ਼ਨਿਕ ਮੰਡਲੀਆਂ ਨੂੰ ਲਾਜ਼ਮੀ ਹੀ ਨਵੇਂ ਸਿਧਾਂਤ ਘੜਨੇ ਚਾਹੀਦੇ ਹਨ, ਨਵੀਆਂ ਕਿਰਤਾਂ ਦੀ ਰਚਨਾ ਕਰਨੀ ਚਾਹੀਦੀ ਹੈ ਤੇ ਆਪਣੇ ਸਿਧਾਂਤਕਾਰ ਪੈਦਾ ਕਰਨੇ ਚਾਹੀਦੇ ਹਨ।

ਕੋਈ ਵੀ ਦੇਸ਼ ਕਿਸੇ ਵੀ ਸਮੇਂ ਸਿਰਫ਼ ਪੁਰਾਣੇ 'ਤੇ ਨਿਰਭਰ ਨਹੀਂ ਰਹਿ ਸਕਦਾ। ਮਾਰਕਸ ਤੇ ਏਂਗਲਜ਼ ਦੀਆਂ ਰਚਨਾਵਾਂ ਦੇ ਬਾਵਜੂਦ ਲੈਨਿਨ ਦੀ 'ਦੋ ਦਾਅ-ਪੇਚ' ਤੇ ਹੋਰ ਰਚਨਾਵਾਂ ਦੇ ਬਿਨਾਂ 1905 ਤੇ ਉਸ ਤੋਂ ਬਾਅਦ ਦੀਆਂ ਨਵੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਸੀ ਕੀਤਾ ਜਾ ਸਕਦਾ। ਅਕਤੂਬਰ ਇਨਕਲਾਬ ਤੋਂ ਪਹਿਲਾਂ ਤੇ ਬਾਅਦ 'ਚ ਉੱਠਣ ਵਾਲੀਆਂ ਨਵੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ 1907 'ਚ ਲਿਖੀ ਗਈ "ਪਦਾਰਥਵਾਦ ਤੇ ਅਨੁਭਵ-ਸਿੱਧ ਅਲੋਚਨਾ" ਕਾਫੀ ਨਹੀਂ ਸੀ। ਉਸ ਸਮੇਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੈਨਿਨ ਨੇ 'ਸਾਮਰਾਜਵਾਦ', 'ਰਾਜ ਤੇ ਇਨਕਲਾਬ' ਅਤੇ ਹੋਰ ਕਿਤਾਬਾਂ ਲਿਖੀਆਂ। ਲੈਨਿਨ ਤੋਂ ਬਾਅਦ ਪਿਛਾਖੜੀਆਂ ਨਾਲ਼ ਨਜਿੱਠਣ ਦੇ ਲਈ ਤੇ ਲੈਨਿਨਵਾਦ ਦੀ ਹਿਫਾਜ਼ਤ ਲਈ ਲੈਨਿਨਵਾਦ ਦੇ ਮੂਲ ਸਿਧਾਂਤ ਤੇ ਲੈਨਿਨਵਾਦ ਦੀਆਂ ਸਮੱਸਿਆਵਾਂ ਜਿਹੀਆਂ ਰਚਨਾਵਾਂ ਦੇ ਲਈ ਸਤਾਲਿਨ ਦੀ ਲੋੜ ਸੀ। ਸਾਡੇ ਦੂਜੇ ਗ੍ਰਹਿਯੁੱਧ ਤੋਂ ਬਾਅਦ ਤੇ ਜਪਾਨ ਦੇ ਵਿਰੁੱਧ ਟਾਕਰਾ ਯੁੱਧ ਦੀ ਸ਼ੁਰੂਆਤ 'ਚ ਅਸੀਂ "ਅਭਿਆਸ ਬਾਰੇ" ਤੇ "ਵਿਰੋਧਤਾਈ ਬਾਰੇ" ਰਚਨਾਵਾਂ ਲਿਖੀਆਂ ਸਨ। ਉਸ ਸਮੇਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਇਹਨਾਂ ਦੀ ਲੋੜ ਸੀ।

ਹੁਣ ਜਦੋਂ ਕਿ ਅਸੀਂ ਸਮਾਜਵਾਦ ਦੇ ਯੁੱਗ 'ਚ ਦਾਖਲ ਹੋ ਗਏ ਹਾਂ ਤਾਂ ਸਮੱਸਿਆਵਾਂ ਦੀ ਇੱਕ ਪੂਰੀ ਨਵੀਂ ਲੜੀ ਸਾਹਮਣੇ ਆ ਗਈ ਹੈ। ਜੇ ਅਸੀਂ ਨਵੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੇ, ਨਵੀਆਂ ਕਿਰਤਾਂ ਨਹੀਂ ਲਿਖਦੇ, ਨਵੇਂ ਸਿਧਾਂਤ ਨਹੀਂ ਘੜਦੇ ਤਾਂ ਕੰਮ ਨਹੀਂ ਚੱਲੇਗਾ।

* 1967 ਦੀ ਛਾਪ ਵਿੱਚ ਇਸ ਨੂੰ ਛੱਡ ਦਿੱਤਾ ਗਿਆ ਹੈ।

# ਪੂਰਕ

## 1. ਚੀਨ ਦੇ ਸਨਅਤੀਕਰਨ ਦੀਆਂ ਸਮੱਸਿਆਵਾਂ

ਸੋਵੀਅਤ ਸੰਘ ਦੀ ਪਹਿਲੀ ਪੰਜ-ਸਾਲਾਂ ਯੋਜਨਾ ਦੇ ਪੂਰਾ ਹੋਣ ਤੋਂ ਬਾਅਦ ਜਦੋਂ ਸਾਰੀਆਂ ਵੱਡੀਆਂ ਸਨਅਤੀ ਇਕਾਈਆਂ ਦੀ ਪੈਦਾਵਾਰ ਦੀ ਕਦਰ ਕੁੱਝ ਸਨਅਤੀ ਤੇ ਖੇਤੀ ਪੈਦਾਵਾਰ ਦੀ ਕਦਰ ਦੇ 70 ਫੀਸਦੀ ਤੱਕ ਪਹੁੰਚ ਗਈ ਤਾਂ ਉਹਨਾਂ ਨੇ ਫੌਰਨ ਇਹ ਐਲਾਨ ਕਰ ਦਿੱਤਾ ਕਿ ਸਨਅਤੀਕਰਨ ਇੱਕ ਯਥਾਰਥ ਬਣ ਗਿਆ ਹੈ। ਅਸੀਂ ਵੀ ਜਲਦੀ ਹੀ ਇਸ ਪੱਧਰ ਤੱਕ ਪਹੁੰਚ ਸਕਦੇ ਹਾਂ ਪਰ ਜੇ ਅਸੀਂ ਇਹ ਪੱਧਰ ਹਾਸਲ ਕਰ ਵੀ ਲਈਏ ਤਾਂ ਵੀ ਅਸੀਂ ਇਹ ਦਾਅਵਾ ਨਹੀਂ ਕਰ ਸਕਦੇ ਕਿ ਸਨਅਤੀਕਰਨ ਇੱਕ ਹਕੀਕਤ ਬਣ ਗਿਆ ਹੈ ਕਿਉਂਕਿ ਹਾਲੇ ਵੀ ਸਾਡੇ 50 ਕਰੋੜ ਕਿਸਾਨ ਖੇਤੀ 'ਚ ਲੱਗੇ ਹੋਏ ਹਨ। ਸਨਅਤੀ ਪੈਦਾਵਾਰ ਦੇ 70 ਫੀਸਦੀ ਤੱਕ ਪਹੁੰਚ ਜਾਣ ਤੋਂ ਹੀ ਜੇ ਸਨਅਤੀਕਰਨ ਦਾ ਦਾਅਵਾ ਕਰ ਦਿੱਤਾ ਜਾਵੇ ਤਾਂ ਅਸੀਂ ਨਾ ਸਿਰਫ਼ ਕੌਮੀ ਆਰਥਿਕਤਾ ਦੀ ਅਸਲ ਹਾਲਤ ਨੂੰ ਪ੍ਰਤੀਬਿੰਬਤ ਕਰ ਸਕਣ 'ਚ ਅਸਮਰਥ ਰਹਾਂਗੇ ਸਗੋਂ ਅਸੀਂ ਲਾਪਰਵਾਹੀ ਦੀ ਮਨੋ-ਸਥਿਤੀ ਵੀ ਪੈਦਾ ਕਰ ਦੇਵਾਂਗੇ।

ਅੱਠਵੀਂ ਕੌਮੀ ਲੋਕ ਕਾਂਗਰਸ ਦੇ ਪਹਿਲੇ ਪੂਰਨ ਇਜਲਾਸ 'ਚ ਅਸੀਂ ਦੂਜੀ ਪੰਜ ਸਾਲਾ ਯੋਜਨਾ 'ਚ ਸਮਾਜਵਾਦੀ ਸਨਅਤੀਕਰਨ ਦੀ ਮਜ਼ਬੂਤ ਨੀਂਹ ਸਥਾਪਤ ਕਰਨ ਦੀ ਲੋੜ 'ਤੇ ਚਰਚਾ ਕੀਤੀ ਸੀ। ਅਸੀਂ ਇਹ ਵੀ ਕਿਹਾ ਸੀ ਕਿ ਲਗਭਗ ਪੰਦਰਾਂ ਸਾਲਾਂ 'ਚ ਅਸੀਂ ਇੱਕ ਅਟੁੱਟ ਸਨਅਤੀ ਢਾਂਚਾ ਬਣਾ ਲਵਾਂਗੇ। ਇਹ ਦੋਵੇਂ ਕਥਨ ਕੁੱਝ ਵਿਰੋਧਾਭਾਸੀ ਹਨ ਕਿਉਂਕਿ ਪੂਰੀ ਤਰ੍ਹਾਂ ਲੈਸ ਸਨਅਤੀ ਢਾਂਚੇ ਦੇ ਬਿਨਾਂ ਸਮਾਜਵਾਦੀ ਸਨਅਤੀਕਰਨ ਦੀ "ਮਜ਼ਬੂਤ ਨੀਂਹ" ਸਥਾਪਤ ਕਰਨ ਦੀ ਚਰਚਾ ਕਿਵੇਂ ਕੀਤੀ ਜਾ ਸਕਦੀ ਹੈ? ਜਿਵੇਂ ਅੱਜ ਦੀਆਂ ਹਾਲਤਾਂ ਹਨ, ਅਗਲੇ ਤਿੰਨ ਸਾਲਾਂ 'ਚ ਅਸੀਂ ਇੰਗਲੈਂਡ 'ਚ ਪ੍ਰਾਥਮਿਕ ਸਨਅਤੀ ਉਤਪਾਦਾਂ ਦੀ ਪੈਦਾਵਾਰ ਦੇ ਪੱਧਰ ਨੂੰ ਪਾਰ ਕਰ ਜਾਵਾਂਗੇ। ਸਨਅਤੀ ਢਾਂਚੇ ਨੂੰ ਸਥਾਪਤ ਕਰਨ ਨੂੰ ਅਸੀਂ ਅਗਲੇ ਪੰਜ ਸਾਲਾਂ 'ਚ ਵਿਵਹਾਰਕ ਯਥਾਰਥ ਬਣਾ ਸਕਦੇ ਹਾਂ।

ਲੰਬੇ ਦਾਅ ਤੋਂ ਅਸੀਂ ਸਨਅਤੀਕ੍ਰਿਤ ਖੇਤੀ ਦੇਸ਼ ਵਜੋਂ ਜਾਣੇ ਜਾਣ ਦੀ ਉਮੀਦ ਕਰਦੇ ਹਾਂ।* ਜੇ ਅਸੀਂ 10 ਕਰੋੜ ਟਨ ਤੋਂ ਵੀ ਜ਼ਿਆਦਾ ਸਟੀਲ ਦੀ ਪੈਦਾਵਾਰ ਕਰ ਲਈਏ ਤਾਂ ਵੀ ਇਹੀ ਨਾਮ ਦਿੱਤਾ ਜਾਵੇਗਾ। ਜੇ ਅਸੀਂ ਗ੍ਰੇਟ ਬ੍ਰਿਟੇਨ ਦੇ ਪ੍ਰਤੀ ਵਿਅਕਤੀ ਪੈਦਾਵਾਰ ਦੇ ਪੱਧਰ ਨੂੰ ਪਾਰ ਕਰਨਾ ਚਾਹੁੰਦੇ ਹਾਂ ਸਾਨੂੰ ਘੱਟੋ-ਘੱਟ 35 ਕਰੋੜ ਟਨ ਸਟੀਲ ਦੀ ਪੈਦਾਵਾਰ ਕਰਨ ਦੀ ਲੋੜ ਹੈ।

ਕਿਸੇ ਦੇਸ਼ ਨੂੰ ਚੁਣ ਲੈਣ ਤੇ ਉਸ ਨਾਲ਼ ਮੁਕਾਬਲਾ ਕਰਨ ਦਾ ਵਿਸ਼ੇਸ਼ ਮਹੱਤਵ ਹੈ। ਅਸੀਂ ਹਮੇਸ਼ਾ ਇੰਗਲੈਂਡ ਦੇ ਬਰਾਬਰ ਪਹੁੰਚਣ ਦੀ ਗੱਲ ਕਰਦੇ ਰਹਿੰਦੇ ਹਾਂ। ਸਾਡਾ ਪਹਿਲਾ

---

* 1967 ਦੀ ਕਿਤਾਬ ਵਿੱਚ "...ਅਸੀਂ ਸਨਅਤੀ ਦੇਸ਼ ਦੇ ਰੂਪ ਵਿੱਚ ਨਹੀਂ ਜਾਣੇ ਜਾਵਾਂਗੇ।"

ਕਦਮ ਪ੍ਰਾਥਮਿਕ ਉਤਪਾਦਾਂ ਦੀ ਪੈਦਾਵਾਰ ਦੇ ਪੱਧਰ ਨੂੰ ਹਾਸਲ ਕਰਨਾ ਹੈ ਤੇ ਅਗਲਾ ਪ੍ਰਤੀ ਵਿਅਕਤੀ ਪੈਦਾਵਾਰ ਦੇ ਪੱਧਰ ਨੂੰ ਹਾਸਲ ਕਰਨਾ ਹੋਵੇਗਾ। ਸਮੁੰਦਰੀ ਜਹਾਜ਼ ਨਿਰਮਾਣ ਤੇ ਮੋਟਰ ਵਾਹਨ ਨਿਰਮਾਣ 'ਚ ਸਾਡਾ ਦੇਸ਼ ਉਸ ਦੇਸ਼ ਤੋਂ ਬਹੁਤ ਪਿੱਛੇ ਹੈ। ਸਾਨੂੰ ਸਾਰੇ ਪੱਖਾਂ ਤੋਂ ਉਹਨਾਂ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਪਾਨ ਜਿਹੇ ਛੋਟੇ ਜਿਹੇ ਦੇਸ਼ ਦੀ ਵਪਾਰਕ ਜਹਾਜ਼ਰਾਣੀ ਦੀ ਸਮੱਰਥਾ 40 ਲੱਖ ਟਨ ਹੈ। ਆਪਣੇ ਮਾਲਾਂ ਦੀ ਜਹਾਜਰਾਣੀ 'ਚ ਪਿੱਛੇ ਰਹਿਣ ਸਾਡੇ ਲਈ ਨਾ-ਮਾਫੀ ਯੋਗ ਹੈ।

1949 'ਚ ਸਾਡੇ ਕੋਲ 90,000 ਜਾਂ ਉਸ ਤੋਂ ਕੁੱਝ ਜ਼ਿਆਦਾ ਮਸ਼ੀਨੀ ਸੰਦ ਸਨ। 1959 ਤੱਕ ਇਹ ਗਿਣਤੀ 490,000 ਤੱਕ ਵਧ ਗਈ ਸੀ। 1957 'ਚ ਜਾਪਾਨ ਕੋਲ 600,000 ਸੈੱਟ ਸਨ। ਮਸ਼ੀਨੀ ਸੰਦਾਂ ਦੀ ਗਿਣਤੀ ਸਨਅਤੀ ਵਿਕਾਸ ਦੇ ਪੱਧਰ ਦਾ ਮਹੱਤਵਪੂਰਨ ਸੂਚਕ ਹੈ। ਮਸ਼ੀਨੀਕਰਨ ਦਾ ਸਾਡਾ ਪੱਧਰ ਹਾਲੇ ਵੀ ਕਾਫੀ ਨੀਵਾਂ ਹੈ ਜਿਵੇਂ ਕਿ ਸਿਰਫ਼ ਸ਼ੰਘਾਈ ਦੀ ਹਾਲਤ ਤੋਂ ਹੀ ਸਮਝਿਆ ਜਾ ਸਕਦਾ ਹੈ ਜਿੱਥੇ ਹੁਣੇ ਹੀ ਹੋਏ ਸਰਵੇ ਦੇ ਮੁਤਾਬਕ ਮਸ਼ੀਨੀ ਕਿਰਤ, ਅਰਧ-ਮਸ਼ੀਨੀ ਕਿਰਤ ਤੇ ਸਰੀਰਕ ਕਿਰਤ 'ਚੋਂ ਹਰੇਕ ਦਾ ਹਿੱਸਾ ਕੁੱਲ ਕਿਰਤ ਦਾ ਇੱਕ-ਤਿਹਾਈ ਹੈ।

ਸੋਵੀਅਤ ਸਨਅਤ 'ਚ ਕਿਰਤ ਉਤਪਾਦਕਤਾ ਦਾ ਪੱਧਰ ਹਾਲੇ ਵੀ ਸੰਯੁਕਤ ਰਾਜ ਦੇ ਪੱਧਰ ਨੂੰ ਪਾਰ ਨਹੀਂ ਕਰ ਸਕਿਆ ਹੈ। ਅਸੀਂ ਤਾਂ ਹੋਰ ਵੀ ਪਿੱਛੇ ਹਾਂ। ਭਾਵੇਂ ਕਿ ਸਾਡੀ ਅਬਾਦੀ ਬਹੁਤ ਜ਼ਿਆਦਾ ਹੈ ਪਰ ਦੂਜਿਆਂ ਦੇ ਮੁਕਾਬਲੇ ਸਾਡੀ ਕਿਰਤ ਉਤਪਾਦਕਤਾ ਬਹੁਤ ਪਿੱਛੇ ਹੈ। 1960 ਤੋਂ ਬਾਅਦ ਦੇ 13 ਸਾਲਾਂ ਤੱਕ ਸਾਨੂੰ ਬਹੁਤ ਤੀਬਰਤਾ ਨਾਲ਼ ਕੰਮ ਕਰਨਾ ਪਵੇਗਾ।

## 2. ਸਮਾਜਕ ਹੈਸੀਅਤ ਤੇ ਵਿਅਕਤੀਗਤ ਸਮਰੱਥਾ

ਸਫ਼ਾ 488 'ਤੇ ਇਹ ਕਹਿੰਦੀ ਹੈ ਕਿ ਸਮਾਜਵਾਦੀ ਸਮਾਜ 'ਚ ਕਿਸੇ ਵਿਅਕਤੀ ਦੀ ਹੈਸੀਅਤ ਸਿਰਫ਼ ਉਸ ਦੀ ਕਿਰਤ ਤੇ ਨਿੱਜੀ ਸਮਰੱਥਾ ਦੁਆਰਾ ਤੈਅ ਹੁੰਦੀ ਹੈ। ਅਜਿਹਾ ਹੋਣਾ ਜ਼ਰੂਰੀ ਨਹੀਂ ਹੈ। ਤੀਬਰ ਬੁੱਧੀ ਦੇ ਲੋਕ ਹਮੇਸ਼ਾ ਉਸ ਜਮਾਤ 'ਚੋਂ ਆਉਂਦੇ ਰਹਿੰਦੇ ਹਨ ਜਿਹਨਾਂ ਦੀ ਸਮਾਜਕ ਹੈਸੀਅਤ ਨੀਵੀਂ ਹੁੰਦੀ ਹੈ। ਦੂਜੇ ਲੋਕ ਉਹਨਾਂ ਨੂੰ ਨੀਵੀਂ ਨਜ਼ਰ ਨਾਲ਼ ਦੇਖਦੇ ਹਨ, ਉਹਨਾਂ ਨੂੰ ਤਿਰਸਕਾਰ ਸਹਿਣਾ ਪੈਂਦਾ ਹੈ ਤੇ ਉਹ ਤਜ਼ਰਬੇ ਤੋਂ ਵਾਂਝੇ ਹੁੰਦੇ ਹਨ। ਸਮਾਜਵਾਦੀ ਸਮਾਜ ਕੋਈ ਅਪਵਾਦ ਨਹੀਂ ਹੈ। ਪੁਰਾਣੇ ਸਮਾਜ 'ਚ ਹਮੇਸ਼ਾ ਇੰਝ ਹੁੰਦਾ ਸੀ ਕਿ ਦੱਬੇ-ਕੁਚਲੇ ਲੋਕਾਂ ਦਾ ਸੱਭਿਆਚਾਰਕ ਪੱਧਰ ਨੀਵਾਂ ਹੁੰਦਾ ਸੀ ਪਰ ਉਹ ਜ਼ਿਆਦਾ ਜੋਸ਼ੀਲੇ ਹੁੰਦੇ ਸੀ; ਜਾਬਰਾਂ ਦਾ ਸੱਭਿਆਚਾਰਕ ਪੱਧਰ ਉੱਚਾ ਹੁੰਦਾ ਸੀ ਪਰ ਉਹ ਘੱਟ ਜੋਸ਼ੀਲੇ ਹੁੰਦੇ ਸੀ। ਇਸ ਦਾ ਕੁੱਝ ਖਤਰਾ ਅੱਜ ਵੀ ਮੌਜੂਦ ਹੈ। ਸਮਾਜਵਾਦੀ ਸਮਾਜ 'ਚ ਉੱਚੀ ਤਨਖਾਹ ਲੈਣ ਵਾਲੀਆਂ ਸਫਾਂ ਦਾ ਸੱਭਿਆਚਾਰਕ ਗਿਆਨ ਕੁੱਝ ਜ਼ਿਆਦਾ ਹੁੰਦਾ ਹੈ ਪਰ ਨਿਚਲੀਆਂ ਸਫਾਂ ਦੇ ਮੁਕਾਬਲੇ ਉਹਨਾਂ ਦੀ ਪ੍ਰਵਿਰਤੀ ਨਿਗੂਣੀ ਹੁੰਦੀ ਹੈ। ਇਸੇ ਤਰ੍ਹਾਂ ਸਾਡੇ ਕਾਰਕੁੰਨਾਂ ਦੇ ਮੁੰਡੇ-ਕੁੜੀਆਂ ਗ਼ੈਰ-ਕਾਰਕੁੰਨਾਂ ਦੇ ਬੱਚਿਆਂ ਦੀ ਬਰਾਬਰੀ ਨਹੀਂ ਕਰ ਪਾਉਂਦੇ ਹਨ।

ਛੋਟੇ ਕਾਰਖਾਨਿਆਂ 'ਚੋਂ ਕਈ ਨਿਰਮਾਣ ਤੇ ਖੋਜਾਂ ਸਾਹਮਣੇ ਆਈਆਂ ਹਨ। ਵੱਡੀਆਂ ਫੈਕਟਰੀਆਂ ਕੋਲ ਬਿਹਤਰ ਸੁਵਿਧਾਵਾਂ ਤੇ ਨਵੀਨਤਮ ਤਕਨੀਕਾਂ ਹੋ ਸਕਦੀਆਂ ਹਨ ਤੇ ਇਸੇ ਕਾਰਨ ਉੱਥੋਂ ਦਾ ਸਟਾਫ ਆਪਣੇ ਆਪ ਨੂੰ ਜ਼ਿਆਦਾ ਮਹੱਤਵਪੂਰਨ ਸਮਝ ਬੈਠਦਾ ਹੈ ਤੇ ਉਹ ਚੀਜ਼ਾਂ ਜਿਵੇਂ ਹੁੰਦੀਆਂ ਹਨ ਉਸ ਨਾਲ਼ ਸੰਤੁਸ਼ਟ ਹੁੰਦੇ ਹਨ ਤੇ ਉਹ ਅੱਗੇ ਵਧਣ ਤੇ ਉੱਚੇ ਟੀਚਿਆਂ ਤੱਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕਰਦੇ। ਅਕਸਰ ਹੀ ਉਹਨਾਂ ਦੀ ਸਿਰਜਣਾਤਮਕਤਾ ਛੋਟੇ ਕਰਮਚਾਰੀਆਂ ਦੀ ਸਿਰਜਣਾਤਮਕਤਾ ਦੇ ਬਰਾਬਰ ਦੀ ਨਹੀਂ ਹੁੰਦੀ। ਪਿੱਛੇ ਜਿਹੇ ਹੀ ਚਿੰਗ ਚਾਊ ਦੀ ਇੱਕ ਕੱਪੜਾ ਮਿੱਲ ਦੇ ਮਜ਼ਦੂਰਾਂ ਨੇ ਅਜਿਹੇ ਸੰਦ ਘੜੇ ਜਿਹਨਾਂ ਨਾਲ਼ ਖੱਡੀਆਂ ਦੀ ਕਾਬਲੀਅਤ ਵਧ ਗਈ। ਇਸ ਨਾਲ਼ ਸੂਤ ਕਤਾਈ, ਕੱਪੜਾ ਬੁਣਾਈ, ਛਪਾਈ ਤੇ ਰੰਗਾਈ ਨੂੰ ਸੰਤੁਲਤ ਸਮਰੱਥਾ ਹਾਸਲ ਕਰਨ 'ਚ ਮਦਦ ਮਿਲੇਗੀ। ਇਹ ਨਵੀਂ ਤਕਨੀਕ ਸ਼ੰਘਾਈ ਜਾਂ ਤੀਨਤਸਿਨ 'ਚੋਂ ਨਹੀਂ ਸਗੋਂ ਚਿੰਗ ਚਾਊ ਜਿਹੇ ਛੋਟੇ ਜਿਹੇ ਇਲਾਕੇ 'ਚੋਂ ਆਈ।

ਮੁਸੀਬਤਾਂ 'ਚੋਂ ਲੰਘ ਕੇ ਗਿਆਨ ਹਾਸਲ ਹੁੰਦਾ ਹੈ। ਜੇ ਚੂ ਯੁਆਨ ਦਫ਼ਤਰ 'ਚ ਬੈਠਾ ਰਹਿੰਦਾ ਤਾਂ ਉਸ ਦੀਆਂ ਲਿਖਤਾਂ ਦੀ ਹੋਂਦ ਨਹੀਂ ਸੀ ਹੋਣੀ।[1] ਸਿਰਫ਼ ਆਪਣਾ ਅਹੁਦਾ ਗਵਾ ਲੈਣ ਤੋਂ ਬਾਅਦ ਤੇ ਉਸ ਦਾ "ਕਿਰਤ ਕਰਨ ਲਈ ਥੱਲੇ ਤਬਾਦਲਾ" ਕਰ ਦੇਣ ਤੋਂ ਬਾਅਦ ਹੀ ਉਸ ਦੇ ਲਈ ਸਮਾਜਕ ਜ਼ਿੰਦਗੀ ਦੇ ਨੇੜੇ ਹੋਣਾ ਸੰਭਵ ਹੋ ਸਕਿਆ ਤੇ ਉਹ ਲੀ ਸਾਉ ਜਿਹੀ ਵਧੀਆ ਸਾਹਿਤਕ ਰਚਨਾ ਪੈਦਾ ਕਰ ਸਕਣ ਦੇ ਕਾਬਲ ਹੋ ਸਕਿਆ। ਕਈ ਰਾਜਾਂ ਦੁਆਰਾ ਕੋਰਾ ਜਵਾਬ ਮਿਲਣ ਤੋਂ ਬਾਅਦ ਹੀ ਕਨਫਿਊਸ਼ਿਅਸ 'ਚ ਬਦਲਾਅ ਆਇਆ ਤੇ ਉਸ ਨੇ ਆਪਣੇ ਆਪ ਨੂੰ ਅਧਿਐਨ ਪ੍ਰਤੀ ਸਮਰਪਤ ਕਰ ਦਿੱਤਾ। ਉਸ ਨੇ ਬੇਰੁਜ਼ਗਾਰਾਂ ਦੇ ਇੱਕ ਸਮੂਹ ਨੂੰ ਇਕੱਠਾ ਕੀਤਾ ਜਿਹਨਾਂ ਨੂੰ ਕਿਰਤ ਸ਼ਕਤੀ ਵੇਚਣ ਲਈ ਇੱਕ ਥਾਂ ਤੋਂ ਦੂਜੀ ਥਾਂ ਜਾਣ ਦੀ ਉਮੀਦ ਸੀ। ਪਰ ਉਹਨਾਂ ਨੂੰ ਕਿਸੇ ਨੇ ਵੀ ਕੰਮ ਨਾ ਦਿੱਤਾ। ਹਰ ਪਾਸੇ ਤੋਂ ਨਿਰਾਸ਼ ਹੋ ਜਾਣ ਤੋਂ ਬਾਅਦ ਉਹਨਾਂ ਕੋਲ ਗੀਤ-ਕਾਵਿ ਦੀ ਕਿਤਾਬ ਨਾਮ ਨਾਲ਼ ਜਾਣੇ ਜਾਂਦੇ ਲੋਕ-ਗੀਤਾਂ ਦਾ ਸੰਗ੍ਰਹਿ ਕਰਨ ਅਤੇ ਬਸੰਤ ਤੇ ਪਤਝੜ ਜਿਹੀ ਇਤਿਹਾਸਕ ਸਮੱਗਰੀ ਨੂੰ ਵਿਵਸਥਤ ਕਰਨ ਤੋਂ ਸਿਵਾ ਉਹਨਾਂ ਕੋਲ ਕੋਈ ਚਾਰਾ ਨਹੀਂ ਸੀ।

ਇਤਿਹਾਸਕ ਤੌਰ 'ਤੇ ਕਈ ਵਿਕਸਤ ਚੀਜ਼ਾਂ ਵੀ ਵਿਕਸਤ ਦੇਸ਼ਾਂ 'ਚੋਂ ਨਹੀਂ ਸਗੋਂ ਪਿਛੜੇ ਦੇਸ਼ਾਂ 'ਚੋਂ ਆਈਆਂ ਹਨ। ਮਾਰਕਸਵਾਦ ਉਸ ਸਮੇਂ ਦੇ ਮੁਕਾਬਲਤਨ ਵਿਕਸਤ ਦੇਸ਼ਾਂ ਜਿਵੇਂ ਇੰਗਲੈਂਡ ਤੇ ਫ਼ਰਾਂਸ 'ਚੋਂ ਨਹੀਂ ਸਗੋਂ ਜਰਮਨੀ 'ਚੋਂ ਆਇਆ ਸੀ ਜਿਸ ਦਾ ਪੂੰਜੀਵਾਦੀ ਵਿਕਾਸ ਵਿੱਚ ਵਿਚਾਲੇ ਸੀ। ਇਸ ਦਾ ਇੱਕ ਕਾਰਨ ਹੈ।

ਇਸੇ ਤਰ੍ਹਾਂ ਵਿਗਿਆਨਕ ਖੋਜਾਂ ਲਾਜ਼ਮੀ ਤੌਰ 'ਤੇ ਉਹਨਾਂ ਦੇਸ਼ਾਂ 'ਚੋਂ ਨਹੀਂ ਆਉਂਦੀਆਂ ਜਿਹਨਾਂ ਦਾ ਸੱਭਿਆਚਾਰਕ ਤੇ ਵਿੱਦਿਅਕ ਪੱਧਰ ਉੱਚਾ ਹੁੰਦਾ ਹੈ। ਮੌਜੂਦਾ ਸਮੇਂ ਕਈ ਯੂਨੀਵਰਸਿਟੀ ਪ੍ਰੋਫ਼ੈਸਰ ਅਜਿਹੇ ਹਨ ਜਿਹਨਾਂ ਨੇ ਕੋਈ ਖੋਜ ਨਹੀਂ ਕੀਤੀ ਹੈ। ਨਿਸ਼ਚੇ ਹੀ ਇਸ ਦਾ ਇਹ ਅਰਥ ਨਹੀਂ ਕਿ ਇੰਜੀਨਿਅਰ ਤੇ ਮਜ਼ਦੂਰ ਵਿਚਲੇ ਫਰਕ ਨੂੰ ਨਕਾਰਿਆ ਜਾ ਰਿਹਾ ਹੈ। ਇਸ ਦਾ ਅਰਥ ਇਹ ਨਹੀਂ ਕਿ ਸਾਨੂੰ ਇੰਜੀਨੀਅਰਾਂ ਦੀ ਲੋੜ ਨਹੀਂ। ਪਰ ਇੱਥੇ

ਇੱਕ ਅਸਲ ਸਵਾਲ ਉੱਠ ਖੜ੍ਹਾ ਹੋਇਆ ਹੈ। ਇਤਿਹਾਸ 'ਚ ਆਮ ਤੌਰ 'ਤੇ ਸੱਭਿਆਚਾਰਕ ਤੌਰ 'ਤੇ ਹੀਣੇ ਲੋਕਾਂ ਦੁਆਰਾ ਸੱਭਿਆਚਾਰਕ ਤੌਰ 'ਤੇ ਸ੍ਰੇਸ਼ਠ ਲੋਕਾਂ ਨੂੰ ਹਰਾਇਆ ਹੈ। ਸਾਡੇ ਗ੍ਰਹਿ ਯੁੱਧ 'ਚ ਘਰੇਲੂ ਤੇ ਵਿਦੇਸ਼ੀ ਮਿਲਟਰੀ ਅਕੈਡਮੀਆਂ 'ਚੋਂ ਆਏ ਕੌਮਿਨਤਾਂਗੀ ਅਫ਼ਸਰਾਂ ਨਾਲ਼ੋਂ ਸਾਡੇ ਕਮਾਂਡਰ ਵੱਖ-ਵੱਖ ਪੱਖਾਂ ਤੋਂ ਸੱਭਿਆਚਾਰਕ ਤੌਰ 'ਤੇ ਹੀਣੇ ਸਨ। ਪਰ ਅਸੀਂ ਉਹਨਾਂ ਨੂੰ ਹਰਾ ਦਿੱਤਾ।

ਇਨਸਾਨ ਨਾਮਕ ਜੀਵ ਦਾ ਇਹ ਦੋਸ਼ ਹੁੰਦਾ ਹੈ ਕਿ ਉਹ ਦੂਜਿਆਂ ਨੂੰ ਨੀਵੀਂ ਨਿਗਾਹ ਨਾਲ਼ ਦੇਖਦਾ ਹੈ। ਉਹ ਲੋਕ ਜੋ ਕੋਈ ਛੋਟੀ ਜਿਹੀ ਉਪਲਬਧੀ ਹਾਸਲ ਕਰ ਲੈਂਦੇ ਹਨ ਉਹਨਾਂ ਨੂੰ ਨੀਵੀਂ ਨਿਗਾਹ ਨਾਲ਼ ਦੇਖਦੇ ਹਨ ਜਿਹਨਾਂ ਨੇ ਹਾਲੇ ਕੁੱਝ ਹਾਸਲ ਕਰਨਾ ਹੁੰਦਾ ਹੈ। ਵੱਡੀਆਂ ਤਾਕਤਾਂ, ਧਨੀ ਦੇਸ਼ਾਂ, ਕਮਜ਼ੋਰ ਤੇ ਛੋਟੇ ਦੇਸ਼ਾਂ ਨੂੰ ਨੀਵੀਂ ਨਿਗਾਹ ਨਾਲ਼ ਦੇਖਦੇ ਹਨ। ਇਹ ਇਤਿਹਾਸਕ ਤੱਥ ਹੈ ਕਿ ਪੱਛਮੀ ਦੇਸ਼ ਰੂਸ ਨੂੰ ਨੀਵੀਂ ਨਿਗਾਹ ਨਾਲ਼ ਦੇਖਦੇ ਸੀ। ਚੀਨ ਵੀ ਅਜੇ ਅਜਿਹੀ ਹੀ ਹਾਲਤ 'ਚ ਹੈ। ਇਸ ਦਾ ਵੀ ਇੱਕ ਕਾਰਨ ਹੈ, ਅਸੀਂ ਹਾਲੇ ਬਹੁਤ ਕੁੱਝ ਹਾਸਲ ਨਹੀਂ ਕੀਤਾ ਹੈ; ਏਨਾ ਵੱਡਾ ਦੇਸ਼ ਤੇ ਏਨਾ ਘੱਟ ਸਟੀਲ। ਏਨੀ ਜ਼ਿਆਦਾ ਅਨਪੜ੍ਹਤਾ। ਦੂਜੇ ਲੋਕਾਂ ਦੁਆਰਾ ਸਾਡੇ ਵੱਲ ਨੀਵੀਂ ਨਿਗਾਹ ਨਾਲ਼ ਦੇਖਣਾ ਵੀ ਸਾਡਾ ਭਲਾ ਹੀ ਕਰੇਗਾ! ਇਹ ਸਾਨੂੰ ਕੋਸ਼ਿਸ਼ਾਂ ਕਰਨ ਤੇ ਅੱਗੇ ਵਧਣ ਲਈ ਪ੍ਰੇਰਤ ਕਰੇਗਾ।

### 3. ਲੋਕਾਂ 'ਤੇ ਭਰੋਸਾ ਕਰਨਾ

ਲੈਨਿਨ ਨੇ ਇਹ ਪ੍ਰਗਟਾਵਾ ਚੰਗੀ ਤਰ੍ਹਾਂ ਕੀਤਾ ਸੀ ਜਦੋਂ ਉਸ ਨੇ ਕਿਹਾ ਸੀ, "ਸਮਾਜਵਾਦ ਤਾਕਤਵਰ, ਊਰਜਾਵਾਨ ਤੇ ਸਿਰਜਣਸ਼ੀਲ ਹੁੰਦਾ ਹੈ... ਇਹ ਖੁਦ ਲੋਕਾਂ ਦੁਆਰਾ ਨਿਰਮਿਤ ਹੁੰਦਾ ਹੈ।" ਸਾਡੀ ਜਨਤਕ ਲੀਹ ਇਸ ਦੇ ਅਨੁਸਾਰ ਹੀ ਹੈ। ਕੀ ਇਹ ਲੈਨਿਨਵਾਦ ਨਾਲ਼ ਸਹਿਮਤ ਨਹੀਂ ਹੈ? ਇਸ ਕਥਨ ਦਾ ਹਵਾਲਾ ਦੇਣ ਤੋਂ ਬਾਅਦ ਕਿਤਾਬ ਕਹਿੰਦੀ ਹੈ, "ਪੈਦਾਵਾਰ ਦੇ ਪ੍ਰਬੰਧਨ 'ਚ ਰਾਜਕੀ ਇਕਾਈਆਂ ਦੇ ਕੰਮ-ਕਾਜਾਂ 'ਚ, ਦੇਸ਼ ਦੇ ਸਮਾਜਕ ਜੀਵਨ ਦੇ ਸਾਰੇ ਖੇਤਰਾਂ 'ਚ ਅਗਵਾਈ ਦੇਣ ਲਈ ਵਿਆਪਕ ਕਿਰਤੀ ਵਸੋਂ ਦੀ ਸਿੱਧੀ ਸ਼ਮੂਲੀਅਤ ਵਧਦੀ ਜਾ ਰਹੀ ਹੈ।" (ਸਫ਼ਾ 332) ਇਸ ਨੂੰ ਵੀ ਬਹੁਤ ਚੰਗੀ ਤਰ੍ਹਾਂ ਪ੍ਰਗਟਾਇਆ ਗਿਆ ਹੈ। ਪਰ ਕਹਿਣਾ ਇੱਕ ਚੀਜ਼ ਹੈ ਤੇ ਕਰਨਾ ਦੂਜੀ ਅਤੇ ਇਸ ਨੂੰ ਕਰਨਾ ਕਿਸੇ ਵੀ ਤਰ੍ਹਾਂ ਸੌਖਾ ਨਹੀਂ ਹੈ।

1928 'ਚ ਸੋਵੀਅਤ ਸੰਘ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਨੇ ਇੱਕ ਮਤਾ ਪਾਸ ਕੀਤਾ ਜਿਸ 'ਚ ਕਿਹਾ ਗਿਆ ਸੀ, "ਤਕਨੀਕੀ ਤੇ ਆਰਥਿਕ ਨਜ਼ਰੀਏ ਤੋਂ ਪੂੰਜੀਵਾਦੀ ਦੇਸ਼ਾਂ ਦੇ ਬਰਾਬਰ ਪਹੁੰਚਣ ਤੇ ਉਹਨਾਂ ਤੋਂ ਅੱਗੇ ਨਿਕਲਣ ਦੇ ਕਾਰਜ ਨੂੰ ਪੂਰਾ ਕਰਨ 'ਚ ਅਸੀਂ ਤਾਂ ਹੀ ਕਾਬਲ ਹੋ ਸਕਾਂਗੇ ਜੇ ਪਾਰਟੀ, ਮਜ਼ਦੂਰ ਤੇ ਕਿਸਾਨ ਵਸੋਂ ਨੂੰ ਵੱਧ ਤੋਂ ਵੱਧ ਹੱਦ ਤੱਕ ਲਾਮਬੰਦ ਕੀਤਾ ਜਾਵੇ।" (ਸਫ਼ਾ 337) ਇਸ ਨੂੰ ਬਹੁਤ ਚੰਗੀ ਤਰ੍ਹਾਂ ਪ੍ਰਗਟਾਇਆ ਗਿਆ ਹੈ ਤੇ ਇਹੀ ਚੀਜ਼ ਹੁਣ ਅਸੀਂ ਕਰ ਰਹੇ ਹਾਂ। ਉਸ ਸਮੇਂ ਸਤਾਲਿਨ ਕੋਲ ਲੋਕਾਂ 'ਤੇ ਭਰੋਸਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ ਇਸ ਲਈ ਉਸ ਨੇ ਪਾਰਟੀ ਤੇ

ਲੋਕਾਂ ਦੀ ਪੂਰਨ ਲਾਮਬੰਦੀ ਦਾ ਸੱਦਾ ਦਿੱਤਾ ਸੀ। ਬਾਅਦ 'ਚ ਜਦੋਂ ਉਹਨਾਂ ਲੋਕਾਂ ਨੇ ਇਸ ਨਾਲ਼ ਕੁੱਝ ਉਪਲਬਧੀਆਂ ਹਾਸਲ ਕਰ ਲਈਆਂ ਤਾਂ ਉਹਨਾਂ ਨੇ ਲੋਕਾਂ 'ਤੇ ਆਪਣੀ ਨਿਰਭਰਤਾ ਘਟਾ ਦਿੱਤੀ।

ਲੈਨਿਨ ਨੇ ਕਿਹਾ ਸੀ, "ਸੱਚੇ ਜਮਹੂਰੀ ਕੇਂਦਰਵਾਦ ਦੇ ਲਈ ਇਹ ਜ਼ਰੂਰੀ ਹੈ ਕਿ ਉਹਨਾਂ ਬਹੁ-ਪੱਖੀ ਰਾਹਾਂ, ਰੂਪਾਂ ਤੇ ਤਰੀਕਿਆਂ ਦਾ ਲੋੜੀਂਦਾ ਬਿਨਾਂ ਕਿਸੇ ਰੁਕਾਵਟ ਦੇ ਵਿਕਾਸ ਹੁੰਦਾ ਰਹੇ ਜਿਹਨਾਂ ਦੁਆਰਾ ਸਥਾਨਕ ਸਿਰਜਣਾਤਮਕਤਾ ਤੇ ਪਹਿਲਕਦਮੀ ਦੀ ਮਨੋਬਿਰਤੀ ਆਮ ਟੀਚਿਆਂ ਨੂੰ ਹਾਸਲ ਕਰਦੀ ਹੈ।" ਇਹ ਸਹੀ ਕਿਹਾ ਗਿਆ ਹੈ। ਲੋਕ ਰਸਤਾ ਬਣਾ ਸਕਦੇ ਹਨ। ਲੋਕਾਂ ਨੇ ਸੋਵੀਅਤ ਰੂਸ ਦੀ ਰਚਨਾ ਕੀਤੀ ਤੇ ਉਹਨਾਂ ਨੇ ਹੀ ਸਾਡੇ ਲੋਕ ਕਮਿਊਨਾਂ ਦੀ ਰਚਨਾ ਵੀ ਕੀਤੀ ਹੈ।

## 4. ਸੋਵੀਅਤ ਸੰਘ ਅਤੇ ਚੀਨ 'ਚ ਵਿਕਾਸ ਪ੍ਰਕਿਰਿਆ ਦੇ ਕੁੱਝ ਨੁਕਤਿਆਂ ਦੀ ਤੁਲਨਾ

ਸਫ਼ਾ 422 'ਤੇ ਲੈਨਿਨ ਦਾ ਹਵਾਲਾ ਦਿੱਤਾ ਗਿਆ ਹੈ, "ਜੇ ਰਾਜ ਸੱਤਾ ਮਜ਼ਦੂਰ ਜਮਾਤ ਦੇ ਹੱਥਾਂ 'ਚ ਰਹਿੰਦੀ ਹੈ ਤਾਂ ਰਾਜਸੀ ਪੂੰਜੀਵਾਦ ਤੋਂ ਕਮਿਊਨਿਜ਼ਮ 'ਚ ਸੰਕਰਮਣ ਸੰਭਵ ਹੈ।" ਤੇ ਆਦਿ-ਆਦਿ। ਇਹ ਸਹੀ ਢੰਗ ਨਾਲ਼ ਪ੍ਰਗਟਾਇਆ ਗਿਆ ਹੈ। ਲੈਨਿਨ ਇੱਕ ਮਜ਼ਬੂਤ ਕਾਰਕੁੰਨ ਸਨ। ਚੂੰਕਿ ਉਹ ਸਮਝਦੇ ਸਨ ਕਿ ਅਕਤੂਬਰ ਇਨਕਲਾਬ ਤੋਂ ਬਾਅਦ ਆਰਥਿਕਤਾ ਦੇ ਪ੍ਰਬੰਧਨ 'ਚ ਪ੍ਰੋਲੇਤਾਰੀ ਨੂੰ ਕੋਈ ਤਜ਼ਰਬਾ ਨਹੀਂ ਸੀ, ਇਸ ਲਈ ਉਹਨਾਂ ਨੇ ਰਾਜਸੀ ਪੂੰਜੀਵਾਦ ਦੇ ਤਰੀਕਿਆਂ ਤੇ ਸਾਧਨਾਂ ਦੀ ਵਰਤੋਂ ਕਰਦੇ ਹੋਏ ਇਸ ਖੇਤਰ 'ਚ ਮਜ਼ਦੂਰ ਜਮਾਤ ਦੀ ਕਾਬਲੀਅਤ ਵਧਾਉਣ ਦੀ ਕੋਸ਼ਿਸ਼ ਕੀਤੀ। ਉਸ ਸਮੇਂ ਰੂਸੀ ਬੁਰਜੂਆਜ਼ੀ ਨੇ ਮਜ਼ਦੂਰ ਜਮਾਤ ਦੀ ਤਾਕਤ ਨੂੰ ਘੱਟ ਮਹੱਤਵ ਦਿੱਤਾ ਸੀ। ਲੈਨਿਨ ਦੀਆਂ ਸ਼ਰਤਾਂ ਨੂੰ ਨਾ ਮੰਨ ਕੇ ਉਹਨਾਂ ਨੇ ਪੈਦਾਵਾਰ ਨੂੰ ਹੌਲ਼ੀ ਕੀਤਾ ਤੇ ਭੰਨ੍ਹ-ਤੋੜ ਦੀਆਂ ਕਾਰਵਾਈਆਂ ਕੀਤੀਆਂ ਜਿਸ ਨੇ ਮਜ਼ਦੂਰਾਂ ਨੂੰ ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਲਈ ਮਜਬੂਰ ਕੀਤਾ। ਇਹੀ ਵਜ੍ਹਾ ਸੀ ਕਿ ਰਾਜਸੀ ਪੂੰਜੀਵਾਦ ਵਿਕਸਤ ਨਹੀਂ ਹੋ ਸਕਿਆ। ਘਰੇਲੂ ਜੰਗ ਸਮੇਂ ਰੂਸ ਦੀਆਂ ਸਮੱਸਿਆਵਾਂ ਅਸਲ 'ਚ ਬਹੁਤ ਜ਼ਿਆਦਾ ਸਨ। ਖੇਤੀ ਤਬਾਹ ਹੋ ਚੁੱਕੀ ਸੀ। ਵਪਾਰਕ ਸੰਪਰਕ ਟੁੱਟ ਚੁੱਕੇ ਸਨ। ਸੰਚਾਰ ਤੇ ਟਰਾਂਸਪੋਰਟ ਢਾਂਚੇ ਕੰਮ ਨਾ ਕਰਨ ਦੇ ਬਰਾਬਰ ਸਨ। ਕੱਚਾ ਮਾਲ ਹਾਸਲ ਨਹੀਂ ਸੀ ਹੋ ਰਿਹਾ ਅਤੇ ਜ਼ਬਤ ਕੀਤੇ ਕਈ ਕਾਰਖਾਨੇ ਪੈਦਾਵਾਰ ਸ਼ੁਰੂ ਨਹੀਂ ਕਰ ਸਕੇ ਸੀ। ਕਿਉਂਕਿ ਉਹਨਾਂ ਕੋਲ ਇਸ ਮੁਸ਼ਕਲ ਦਾ ਕੋਈ ਹੱਲ ਨਹੀਂ ਸੀ ਇਸ ਲਈ ਕਿਸਾਨਾਂ ਦੇ ਵਾਧੂ ਅਨਾਜ ਦੇ ਢਾਂਚੇ ਵੱਲ ਮੁੜਨ ਤੋਂ ਸਿਵਾ ਉਹਨਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ। ਅਸਲ 'ਚ ਇਹ ਕਿਸਾਨਾਂ ਦੀ ਕਿਰਤ ਨੂੰ ਬਿਨਾਂ ਕਿਸੇ ਮੁਆਵਜ਼ੇ ਤੋਂ ਖੋਹ ਲੈਣ ਦਾ ਤਰੀਕਾ ਸੀ। ਇਹ ਇੱਕ ਅਜਿਹਾ ਤਰੀਕਾ ਸੀ ਜੋ ਕਿਸਾਨਾਂ ਦੇ ਮਰਤਬਾਨ ਤੇ ਡੱਬੇ ਵੀ ਖਾਲੀ ਕਰ ਦਿੰਦਾ ਸੀ ਤੇ ਇਹ ਬਿਲਕੁੱਲ ਵਿਵੇਕਪੂਰਨ ਕਾਰਵਾਈ ਨਹੀਂ ਸੀ। ਸਿਰਫ਼ ਘਰੇਲੂ ਜੰਗ ਦੇ ਖਤਮ ਹੋਣ ਤੋਂ ਬਾਅਦ ਹੀ ਅਨਾਜ ਕਰ ਇਸ ਢਾਂਚੇ ਦੀ ਥਾਂ ਲੈ ਸਕਿਆ ਸੀ।

ਸਾਡੀ ਘਰੇਲੂ ਜੰਗ ਉਹਨਾਂ ਦੀ ਘਰੇਲੂ ਜੰਗ ਨਾਲ਼ੋਂ ਕਿਤੇ ਜ਼ਿਆਦਾ ਲੰਮੀ ਚੱਲੀ। ਬਾਈ ਸਾਲਾਂ ਤੱਕ ਅਸੀਂ ਅਧਾਰ ਇਲਾਕਿਆਂ 'ਚ ਸਰਵਜਨਕ ਅਨਾਜ ਇਕੱਠਾ ਕਰਨ ਤੇ ਵਾਧੂ ਅਨਾਜ ਖਰੀਦਣ ਦੇ ਅਮਲ 'ਤੇ ਕੰਮ ਕੀਤਾ। ਕਿਸਾਨੀ ਦੇ ਪ੍ਰਤੀ ਸਾਡੀ ਰਣਨੀਤੀ ਸਹੀ ਸੀ ਤੇ ਜੰਗ ਸਮੇਂ ਅਸੀਂ ਕਿਸਾਨਾਂ 'ਤੇ ਬਹੁਤ ਜ਼ਿਆਦਾ ਨਿਰਭਰ ਨਹੀਂ ਰਹੇ ਸੀ।

ਬਾਈ ਸਾਲਾਂ ਤੱਕ ਅਸੀਂ ਅਧਾਰ ਇਲਾਕਿਆਂ 'ਚ ਆਪਣੀ ਰਾਜਨੀਤਕ ਸੱਤਾ ਵਿਕਸਤ ਕੀਤੀ ਸੀ ਤੇ ਅਧਾਰ ਇਲਾਕਿਆਂ ਦੀ ਆਰਥਿਕਤਾ ਦੇ ਪ੍ਰਬੰਧਨ 'ਚ ਤਜ਼ਰਬਾ ਇਕੱਠਾ ਕੀਤਾ ਸੀ। ਅਸੀਂ ਕਾਰਕੁੰਨਾਂ ਨੂੰ ਆਰਥਿਕਤਾ ਦੇ ਪ੍ਰਬੰਧਨ ਤੇ ਕਿਸਾਨਾਂ ਨਾਲ਼ ਗਠਜੋੜ ਬਣਾਉਣ ਦੀ ਸਿਖਲਾਈ ਦਿੱਤੀ ਤਾਂ ਕਿ ਸਾਰੇ ਦੇਸ਼ ਦੀ ਮੁਕਤੀ ਤੋਂ ਬਾਅਦ ਅਸੀਂ ਉਸ ਦੀ ਆਰਥਿਕ ਪ੍ਰਤੀ-ਪੂਰਤੀ (Recovery) ਨੂੰ ਤੇਜ਼ੀ ਨਾਲ਼ ਅੱਗੇ ਵਧਾ ਸਕੀਏ। ਇਸ ਦੇ ਫੌਰੀ ਬਾਅਦ ਅਸੀਂ ਸੰਕਰਮਣ ਦੌਰ ਦੀ ਆਮ ਲੀਹ ਪੇਸ਼ ਕਰ ਦਿੱਤੀ ਭਾਵ ਪਹਿਲੀ ਪੰਜ ਸਾਲਾਂ ਯੋਜਨਾ ਦੇ ਅਧੀਨ ਉਸਾਰੀ ਨੂੰ ਸ਼ੁਰੂਆਤ ਕਰਦੇ ਹੋਏ ਅਸੀਂ ਆਪਣੀ ਪ੍ਰਾਥਮਿਕ ਤਾਕਤ ਸਮਾਜਵਾਦੀ ਇਨਕਲਾਬ 'ਚ ਲਗਾ ਦਿੱਤੀ। ਸਮਾਜਵਾਦੀ ਸੰਕਰਮਣ ਦੌਰਾਨ ਪੂੰਜੀਪਤੀਆਂ ਨਾਲ਼ ਨਜਿੱਠਣ ਲਈ ਅਸੀਂ ਕਿਸਾਨਾਂ ਨਾਲ਼ ਰਲ ਕੇ ਕੰਮ ਕੀਤਾ। ਪਰ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਲੈਨਿਨ ਨੇ ਕਿਹਾ ਸੀ ਕਿ ਉਹ ਪੂੰਜੀਵਾਦ ਦੀ ਰਾਜਕੀ ਪੂੰਜੀਵਾਦ 'ਚ ਕਾਇਆਪਲਟੀ ਕਰਨ ਦੀ ਉਮੀਦ 'ਚ ਪੂੰਜੀਪਤੀਆਂ ਨਾਲ਼ ਸਮਝੌਤਾ ਕਰਨਾ ਵੀ ਬਰਦਾਸ਼ਤ ਕਰ ਸਕਦੇ ਹਨ ਤਾਂ ਕਿ ਪੈਟੀ ਬੁਰਜੂਆਜ਼ੀ ਦੀ ਆਪਮੁਹਾਰਤਾ ਨਾਲ਼ ਨਜਿੱਠਿਆ ਜਾ ਸਕੇ। ਵੱਖਰੀਆਂ ਇਤਿਹਾਸਕ ਹਾਲਤਾਂ 'ਚ ਵੱਖਰੀਆਂ ਨੀਤੀਆਂ ਜਨਮ ਲੈਂਦੀਆਂ ਹਨ।

ਨਵੀਂ ਆਰਥਿਕ ਨੀਤੀ (ਐਨ. ਈ. ਪੀ.) ਦੇ ਦੌਰ 'ਚ ਅਨਾਜ ਦੀ ਲੋੜ ਕਰਕੇ ਸੋਵੀਅਤ ਸੰਘ ਨੇ ਧਨੀ ਕਿਸਾਨਾਂ ਪ੍ਰਤੀ ਸੰਜਮ ਦੀ ਨੀਤੀ ਅਪਣਾਈ। ਮੁਕਤੀ ਤੋਂ ਬਾਅਦ ਦੇ ਮੁੱਢਲੇ ਪੜਾਅ 'ਚ ਕੌਮੀ ਬੁਰਜੂਆਜ਼ੀ ਪ੍ਰਤੀ ਸਾਡੀ ਨੀਤੀ ਵੀ ਇਹੀ ਸੀ। ਜਦੋਂ ਸਮੂਹਕ ਫਾਰਮਾਂ ਤੇ ਰਾਜਕੀ ਫਾਰਮਾਂ ਦੀ ਕੁੱਲ ਉਪਜ 40 ਕਰੋੜ ਪੂਡ ਤੱਕ ਪਹੁੰਚ ਗਈ ਸੀ ਓਦੋਂ ਉਹਨਾਂ ਨੇ ਧਨੀ ਕਿਸਾਨਾਂ ਵਿਰੁੱਧ ਕਾਰਵਾਈ ਕੀਤੀ ਸੀ ਤੇ ਓਦੋਂ ਹੀ ਉਹਨਾਂ ਨੇ ਧਨੀ ਕਿਸਾਨਾਂ ਦੇ ਖਾਤਮੇ ਤੇ ਵਿਆਪਕ ਸਮੂਹੀਕਰਨ ਨੂੰ ਸੱਚ ਬਣਾਉਣ ਦੇ ਨਾਅਰੇ ਦਿੱਤੇ ਸੀ।*

---

* "ਸੋਵੀਅਤ ਜ਼ਰਈ ਨੀਤੀ ਸਬੰਧੀ ਕਈ ਸਵਾਲ" (ਦਸੰਬਰ 1929) ਵਿੱਚ ਸਤਾਲਿਨ ਨੇ ਕਿਹਾ ਸੀ, "1927 ਵਿੱਚ ਧਨੀ ਕਿਸਾਨਾਂ ਨੇ 60 ਕਰੋੜ ਪੂਡ ਅਨਾਜ ਦੀ ਪੈਦਾਵਾਰ ਕੀਤੀ ਸੀ ਜਿਸ ਵਿੱਚੋਂ 13 ਕਰੋੜ ਪੂਡ ਅਨਾਜ ਪੇਂਡੂ ਵਟਾਂਦਰੇ ਦੇ ਮਾਧਿਅਮ ਰਾਹੀਂ ਵੇਚਿਆ ਗਿਆ ਸੀ। ਇਹ ਇੱਕ ਮਹੱਤਵਪੂਰਨ ਤਾਕਤ ਹੈ ਜਿਸ ਦਾ ਅਸੀਂ ਨਿਰਾਦਰ ਨਹੀਂ ਕਰ ਸਕਦੇ। ਮੈਨੂੰ ਇਹ ਦੱਸੋ ਕਿ ਉਸ ਸਮੇਂ ਸਾਡੇ ਸਮੂਹਕ ਤੇ ਰਾਜਕੀ ਫਾਰਮਾਂ ਨੇ ਕਿੰਨੀ ਪੈਦਾਵਾਰ ਕੀਤੀ ਸੀ ? ਲਗਭਗ 8 ਕਰੋੜ ਪੂਡ ਜਿਸ ਵਿੱਚੋਂ 3 ਕਰੋੜ ਪੂਡ ਅਨਾਜ ਜਿਣਸ ਦੇ ਰੂਪ ਵਿੱਚ ਸੀ।" ਸੋ ਸਤਾਲਿਨ ਨੇ ਫੈਸਲਾ ਕੀਤਾ, "ਇਹਨਾਂ ਹਾਲਤਾਂ ਵਿੱਚ ਅਸੀਂ ਧਨੀ ਕਿਸਾਨਾਂ 'ਤੇ ਦ੍ਰਿੜਤਾ ਨਾਲ਼ ਹਮਲਾ ਨਹੀਂ ਕਰ ਸਕਦੇ।" ਤੇ ਸਤਾਲਿਨ ਨੇ ਅੱਗੇ ਕਿਹਾ, "ਹੁਣ ਉਹਨਾਂ 'ਤੇ ਹਮਲਾ ਕਰਨ ਲਈ ਸਾਡੇ ਕੋਲ ਕਾਫੀ ਭੌਤਿਕ ਅਧਾਰ ਹੈ।" ਅਜਿਹਾ ਇਸ ਲਈ ਸੀ ਕਿ 1929 ਵਿੱਚ ਸਮੂਹਕ ਤੇ ਰਾਜਕੀ ਫਾਰਮਾਂ ਨੇ 40 ਕਰੋੜ ⇨

ਅਸੀਂ ਕੀ ਕੀਤਾ ਸੀ ? ਅਸੀਂ ਵੱਖਰੇ ਤਰੀਕੇ ਨਾਲ਼ ਕੰਮ ਕੀਤਾ। ਅਸੀਂ ਜ਼ਰਈ ਸੁਧਾਰ ਦੇ ਸ਼ੁਰੂ 'ਚ ਹੀ ਧਨੀ ਕਿਸਾਨ ਆਰਥਿਕਤਾ ਦਾ ਖਾਤਮਾ ਕਰ ਦਿੱਤਾ ਸੀ।

ਸੋਵੀਅਤ ਸੰਘ ਦੀ ਸਹਿਕਾਰਤਾ ਲਹਿਰ ਦੇ "ਸ਼ੁਰੂ 'ਚ ਖੇਤੀ ਨੇ ਬਹੁਤ ਵੱਡੀ ਕੀਮਤ ਚੁਕਾਈ ਸੀ।" (ਸਫ਼ਾ 397) ਇਹੀ ਵਜ੍ਹਾ ਸੀ ਕਿ ਸਹਿਕਾਰਤਾ ਦੇ ਸਵਾਲ 'ਤੇ ਕਈ ਪੂਰਬੀ ਯੂਰਪੀ ਦੇਸ਼ ਡੂੰਘੀ ਚਿੰਤਾ 'ਚ ਗ੍ਰਸਤ ਹੋ ਗਏ ਸੀ ਤੇ ਵੱਡੇ ਪੱਧਰ 'ਤੇ ਇਸ ਨੂੰ ਜਥੇਬੰਦ ਕਰਨ ਤੋਂ ਡਰ ਗਏ। ਜਦੋਂ ਉਹਨਾਂ ਨੇ ਸ਼ੁਰੂਆਤ ਕੀਤੀ ਤਾਂ ਉਹ ਬਹੁਤ ਹੌਲ਼ੀ-ਹੌਲ਼ੀ ਅੱਗੇ ਵਧੇ। ਸਹਿਕਾਰਤਾਂ ਨੇ ਸਾਡੀ ਪੈਦਾਵਾਰ ਨੂੰ ਘੱਟ ਨਹੀਂ ਕੀਤਾ ਸੀ। ਇਸ ਦੇ ਉਲਟ ਇਹ ਬਹੁਤ ਜ਼ਿਆਦਾ ਵਧ ਗਈ ਸੀ। ਸ਼ੁਰੂ 'ਚ ਕਈ ਲੋਕਾਂ ਨੂੰ ਸ਼ੱਕ ਸੀ। ਹੁਣ ਬਦਲ ਚੁੱਕੇ ਲੋਕਾਂ ਦੀ ਗਿਣਤੀ ਹੌਲ਼ੀ-ਹੌਲ਼ੀ ਵਧ ਰਹੀ ਹੈ।

## 5. ਆਮ ਲੀਹ ਨੂੰ ਬਣਾਉਣ ਤੇ ਪੱਕੇ ਪੈਰੀਂ ਕਰਨ ਦੀ ਪ੍ਰਕਿਰਿਆ

ਪਿਛਲੇ ਦੋ ਸਾਲਾਂ ਤੋਂ ਅਸੀਂ ਇੱਕ ਮਹਾਨ ਪ੍ਰਯੋਗ ਕਰ ਰਹੇ ਹਾਂ। ਮੁਕਤੀ ਦੇ ਸ਼ੁਰੂਆਤੀ ਪੜਾਵਾਂ 'ਚ ਸਾਨੂੰ ਸਮੁੱਚੇ ਦੇਸ਼ ਦੀ ਆਰਥਿਕਤਾ ਦੇ ਪ੍ਰਬੰਧਨ ਦਾ ਕੋਈ ਤਜਰਬਾ ਨਹੀਂ ਸੀ। ਇਸ ਕਰਕੇ ਪਹਿਲੀ ਪੰਜ ਸਾਲਾ ਯੋਜਨਾ ਦੇ ਦੌਰ 'ਚ ਅਸੀਂ ਸੋਵੀਅਤ ਸੰਘ ਦੇ ਤਰੀਕਿਆਂ ਦੀ ਨਕਲ ਕਰਨ ਤੋਂ ਵੱਧ ਨਹੀਂ ਸੀ ਕਰ ਸਕੇ, ਭਾਵੇਂ ਕਿ ਅਸੀਂ ਇਹਨਾਂ ਨਾਲ਼ ਕਦੇ ਵੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੋਏ ਸੀ। 1955 'ਚ ਜਦੋਂ ਅਸੀਂ "ਤਿੰਨ ਕਾਇਆਪਲਟੀਆਂ"[2] ਨੂੰ ਬੁਨਿਆਦੀ ਤੌਰ 'ਤੇ ਪੂਰਾ ਕਰ ਲਿਆ ਸੀ (ਸਾਲ ਦੇ ਅੰਤ ਤੇ ਉਸ ਤੋਂ ਅਗਲੇ ਸਾਲ ਦੀ ਬਸੰਤ 'ਚ), ਤਾਂ ਅਸੀਂ ਵਿਚਾਰ ਵਟਾਂਦਰੇ ਲਈ ਤੀਹ ਤੋਂ ਜ਼ਿਆਦਾ ਕਾਰਕੁੰਨਾਂ ਨੂੰ ਬੁਲਾਇਆ ਸੀ। ਇਸ ਵਿਚਾਰ-ਵਟਾਂਦਰੇ ਦੇ ਸਿੱਟੇ ਵਜੋਂ ਅਸੀਂ "ਦਸ ਮਹਾਨ ਸਬੰਧਾਂ" ਅਤੇ "ਹੋਰ ਜ਼ਿਆਦਾ! ਹੋਰ ਤੇਜ਼! ਹੋਰ ਵਧੀਆ! ਹੋਰ ਕਿਫਾਇਤੀ!" ਦੀ ਪੇਸ਼ਕਸ਼ ਰੱਖੀ। ਉਸ ਸਮੇਂ ਅਸੀਂ ਸਤਾਲਿਨ ਦਾ 1949 ਦਾ ਚੋਣ ਭਾਸ਼ਣ ਪੜ੍ਹ ਚੁੱਕੇ ਸੀ ਜਿਸ 'ਚ ਕਿਹਾ ਗਿਆ ਸੀ ਕਿ ਜ਼ਾਰਸ਼ਾਹੀ ਰੂਸ ਸਾਲਾਨਾ 40 ਲੱਖ ਟਨ ਸਟੀਲ ਦੀ ਪੈਦਾਵਾਰ ਕਰ ਰਿਹਾ ਸੀ। 1940 ਤੱਕ ਇਹ ਅੰਕੜਾ 1 ਕਰੋੜ 40 ਲੱਖ ਟਨ ਤੱਕ ਵੱਧ ਗਿਆ ਸੀ। ਜੇ ਕੋਈ 1921 ਤੋਂ ਹਿਸਾਬ ਲਾਏ ਤਾਂ ਵੀਹ ਸਾਲਾਂ 'ਚ ਸਿਰਫ਼ 1 ਕਰੋੜ 40 ਲੱਖ ਟਨ ਦਾ ਵਾਧਾ ਹੋਇਆ ਹੈ। ਤੇ ਇਹ ਸੋਚੋ ਕਿ ਉਹ ਇਸ ਪੂਰੇ ਦੌਰ 'ਚ ਸਮਾਜਵਾਦੀ ਬਣੇ ਰਹੇ। ਕੀ ਅਸੀਂ ਇਸ ਤੋਂ ਕੁੱਝ ਬਿਹਤਰ ਤੇ ਤੇਜ਼ ਨਹੀਂ ਕਰ ਸਕਦੇ ? ਇਸ ਤੋਂ ਬਾਅਦ ਅਸੀਂ "ਦੋ ਪੱਧਤੀਆਂ" ਦਾ ਸਵਾਲ ਅੱਗੇ ਲਿਆਂਦਾ ਤੇ ਉਸੇ ਸਮੇਂ ਖੇਤੀਬਾੜੀ ਦੇ ਵਿਕਾਸ ਲਈ ਚਾਲੀ ਸੂਤਰੀ ਪ੍ਰੋਗਰਾਮ ਘੜਿਆ।[3] ਉਸ ਸਮੇਂ ਹੋਰ ਕੋਈ ਤਰੀਕਾ ਪੇਸ਼ ਨਹੀਂ ਕੀਤਾ ਗਿਆ ਸੀ।

1956 ਦੀ ਅੱਗੇ ਵੱਲ ਛਾਲ ਤੋਂ ਬਾਅਦ ਹੌਸਲੇ ਭਰੀ ਪ੍ਰਗਤੀ ਦਾ ਵਿਰੋਧ*

---

⇨ਪੂਡ ਅਨਾਜ ਤੋਂ ਘੱਟ ਪੈਦਾਵਾਰ ਨਹੀਂ ਸੀ ਕੀਤੀ ਜਿਸ ਵਿੱਚੋਂ 13 ਕਰੋੜ ਪੂਡ ਅਨਾਜ ਜਿਣਸ ਦੇ ਰੂਪ ਵਿੱਚ ਸੀ। (ਜੋਸੇਫ ਸਤਾਲਿਨ, ਸੰਪੂਰਨ ਕਿਰਤਾਂ, ਭਾਗ-12, ਸਫਾ-142)

* ਸਿਰਫ 1967 ਦੀ ਛਾਪ ਵਿੱਚ

ਸਾਹਮਣੇ ਆਇਆ। ਬੁਰਜੂਆ ਸੱਜੇ-ਪੱਖੀਆਂ ਨੇ ਸਾਨੂੰ ਗੁੱਤ ਤੋਂ ਫੜ ਲਿਆ ਤੇ ਸਮਾਜਵਾਦੀ ਉਸਾਰੀ ਦੀਆਂ ਉਪਲੱਭਦੀਆਂ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਹੋਏ ਭਿਅੰਕਰ ਹਮਲਾ ਕੀਤਾ। ਜੂਨ 1957 ਦੀ ਨੈਸ਼ਨਲ ਪੀਪਲਜ਼ ਕਾਂਗਰਸ 'ਚ ਪ੍ਰਧਾਨ ਮੰਤਰੀ ਚਾਓ-ਏਨ ਲਾਈ ਦੀ ਰਿਪੋਰਟ ਨੇ ਸੱਜੇ ਪੱਖੀਆਂ 'ਤੇ ਪਲਟਵਾਂ ਵਾਰ ਕੀਤਾ। ਉਸੇ ਸਾਲ ਸਤੰਬਰ 'ਚ ਪਾਰਟੀ ਦੀ ਕੇਂਦਰੀ ਕਮੇਟੀ ਦੇ ਤੀਜੇ ਪੂਰਨ ਅਜਲਾਸ ਨੇ "ਹੋਰ ਜ਼ਿਆਦਾ! ਹੋਰ ਤੇਜ਼! ਹੋਰ ਬਿਹਤਰ! ਜ਼ਿਆਦਾ ਕਿਫਾਇਤੀ!" ਜਿਹੇ ਨਾਅਰੇ, ਚਾਲੀ ਸੂਤਰੀ ਆਮ ਪ੍ਰੋਗਰਾਮ, ਵਿਕਾਸ ਨੂੰ ਉਤਸ਼ਾਹਤ ਕਰਨ ਵਾਲੀ ਸੋਸਾਇਟੀ* ਆਦਿ ਨੂੰ ਮੁੜ ਜੀਵਤ ਕੀਤਾ। ਨਵੰਬਰ 'ਚ ਮਾਸਕੋ 'ਚ ਅਸੀਂ "ਹੋਰ ਜ਼ਿਆਦਾ! ਹੋਰ ਤੇਜ਼! ਹੋਰ ਬਿਹਤਰ! ਜ਼ਿਆਦਾ ਕਿਫਾਇਤੀ!" 'ਤੇ ਪੀਪਲਜ਼ ਡੇਲੀ ਦੇ ਸੰਪਾਦਕੀ ਨੂੰ ਸੋਧਿਆ। ਇਸ ਤਰ੍ਹਾਂ ਸਰਦੀਆਂ 'ਚ ਅਸੀਂ ਵੱਡੇ ਪੱਧਰ 'ਤੇ ਜਲ ਰੱਖਿਆ ਲਈ ਕੌਮੀ ਵਿਆਪੀ ਲੋਕ ਮੁਹਿੰਮ ਛੇੜ ਦਿੱਤੀ।

1958 'ਚ ਪਹਿਲਾਂ ਨਾਨਿੰਗ ਤੇ ਫਿਰ ਚੇਂਗਤੂ 'ਚ ਬੈਠਕਾਂ ਹੋਈਆਂ। ਹੌਸਲੇ ਭਰੇ ਕਦਮਾਂ ਦਾ ਵਿਰੋਧ ਕਰਨ ਵਾਲਿਆਂ ਦੀ ਅਲੋਚਨਾ ਕਰਦੇ ਹੋਏ ਅਸੀਂ ਆਪਣੀਆਂ ਸਮੱਸਿਆਵਾਂ ਦੀ ਚੀਰ-ਫਾੜ ਕੀਤੀ। ਅਸੀਂ ਫੈਸਲਾ ਕੀਤਾ ਕਿ ਹੌਸਲੇ ਭਰੇ ਕਦਮਾਂ ਦਾ ਹੋਰ ਵਿਰੋਧ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਸੀਂ ਸਮਾਜਵਾਦੀ ਉਸਾਰੀ ਲਈ ਆਮ ਲੀਹ ਪੇਸ਼ ਕੀਤੀ। ਜੇ ਨਾਨਿੰਗ 'ਚ ਬੈਠਕ ਨਾ ਹੁੰਦੀ ਤਾਂ ਅਸੀਂ ਆਮ ਲੀਹ ਨਾਲ਼ ਸਾਹਮਣੇ ਨਹੀਂ ਆ ਸਕਣਾ ਸੀ। ਮਈ 'ਚ ਕੇਂਦਰੀ ਕਮੇਟੀ ਦੇ ਇੱਕ ਨੁਮਾਇੰਦੇ** ਨੇ ਅੱਠਵੀਂ ਨੈਸ਼ਨਲ ਪੀਪਲਜ਼ ਕਾਂਗਰਸ ਦੇ ਦੂਜੇ ਅਜਲਾਸ 'ਚ ਰਿਪੋਰਟ ਪੇਸ਼ ਕੀਤੀ ਤੇ ਅਸੈਂਬਲੀ ਨੇ ਆਮ ਲੀਹ ਨੂੰ ਰਸਮੀ ਤੌਰ 'ਤੇ ਪਾਸ ਕਰ ਦਿੱਤਾ। ਪਰ ਲੀਹ ਨੂੰ ਮਜ਼ਬੂਤ ਨਹੀਂ ਕੀਤਾ ਗਿਆ ਸੀ ਇਸ ਲਈ ਅਸੀਂ ਠੋਸ ਤਰੀਕਿਆਂ ਦਾ ਸਹਾਰਾ ਲਿਆ ਜਿਹਨਾਂ 'ਚ ਖਾਸਕਰ ਕੇਂਦਰ ਤੇ ਸਥਾਨਕ ਖੇਤਰਾਂ 'ਚ ਸੱਤਾ ਦੀ ਵੰਡ ਪ੍ਰਮੁੱਖ ਸੀ। ਪੇਈਤਾਈ 'ਚ ਅਸੀਂ ਸਟੀਲ ਪੈਦਾਵਾਰ ਨੂੰ ਦੁੱਗਣਾ ਕਰਨ ਦੀ ਪੇਸ਼ਕਸ਼ ਰੱਖੀ ਤੇ ਸਟੀਲ ਅਤੇ ਲੋਹਾ ਮੁਹਿੰਮ ਖੜ੍ਹੀ ਕਰ ਦਿੱਤੀ ਜਿਸ ਨੂੰ ਪੱਛਮੀ ਅਖ਼ਬਾਰਾਂ ਨੇ ਪਿਛਵਾੜੇ ਦੇ ਸਟੀਲ ਦਾ ਨਾਮ ਦਿੱਤਾ। ਇਸ ਦੇ ਨਾਲ਼ ਹੀ ਅਸੀਂ ਲੋਕ ਕਮਿਊਨ ਸ਼ੁਰੂ ਕਰ ਦਿੱਤੇ। ਇਸ ਤੋਂ ਠੀਕ ਬਾਅਦ ਕਵੇਮੋਏ 'ਤੇ ਗੋਲੀਬਾਰੀ ਸ਼ੁਰੂ ਹੋ ਗਈ। ਇਸ ਤੋਂ ਕੁੱਝ ਲੋਕ ਘਬਰਾ ਗਏ ਤੇ ਕੁੱਝ ਨਰਾਜ਼ ਹੋ ਗਏ। ਸਾਡੇ ਕੰਮ 'ਚ ਗਲਤੀਆਂ ਨਜ਼ਰ ਆਉਣ ਲੱਗੀਆਂ। ਖੁਰਾਕ ਲਈ ਭੁਗਤਾਨ ਨਾ ਕਰਕੇ ਅਸੀਂ ਅਨਾਜ ਤੇ ਗੈਰ ਵਪਾਰਕ ਭੋਜਨ ਦੇ ਸੰਕਟ 'ਚ ਫਸ ਗਏ। ਅੱਤਵਾਦੀ ਕਮਿਊਨਿਸਟ ਹਵਾ ਵਹਿ ਰਹੀ ਸੀ। ਰੋਜ਼ਾਨਾ ਜ਼ਰੂਰਤਾਂ ਦੇ ਕੁੱਝ ਖਾਸ ਪ੍ਰਤੀਸ਼ਤ*** ਦੀ ਪੂਰਤੀ ਨਹੀਂ ਹੋ ਰਹੀ ਸੀ। 1959 'ਚ ਪੇਈਤਾਈਹੋ 'ਚ ਸਟੀਲ ਪੈਦਾਵਾਰ ਦਾ ਟੀਚਾ 3 ਕਰੋੜ ਟਨ ਤੈਅ ਕੀਤਾ ਗਿਆ ਸੀ। ਵੂਚਾਂਗ ਬੈਠਕ ਨੇ ਇਸ ਨੂੰ 2 ਕਰੋੜ ਤੱਕ ਘਟਾ ਦਿੱਤਾ। ਸ਼ੰਘਾਈ ਬੈਠਕ ਨੇ ਇਸ ਨੂੰ 1.65 ਕਰੋੜ ਟਨ ਤੱਕ ਘਟਾ ਦਿੱਤਾ।

* 1967 ਦੀ ਛਾਪ ਵਿੱਚ ਮਹਾਨ ਅੱਗੇ ਵੱਲ ਛਾਲ।

** 1967 ਦੀ ਛਾਪ ਵਿੱਚ ਲਿਓ ਸ਼ਾਓ ਚੀ

*** 1967 ਦੀ ਛਾਪ ਵਿੱਚ 12 ਫੀਸਦੀ

ਜੂਨ 1959 'ਚ ਕਿਸੇ ਸਮੇਂ ਇਸ ਨੂੰ ਫਿਰ 1.30 ਕਰੋੜ ਤੱਕ ਘਟਾ ਦਿੱਤਾ ਗਿਆ। ਇਸ ਸਾਰੇ ਦਾ ਫਾਇਦਾ ਉਹਨਾਂ ਲੋਕਾਂ ਨੇ ਲਿਆ ਜੋ ਸਾਡੇ ਨਾਲ਼ ਅਸਹਿਮਤ ਸਨ। ਜਦੋਂ ਕੇਂਦਰੀ ਕਮੇਟੀ "ਖੱਬੇ ਪੱਖ" ਦਾ ਵਿਰੋਧ ਕਰ ਰਹੀ ਸੀ ਤਾਂ ਉਹਨਾਂ ਨੇ ਕੋਈ ਇਤਰਾਜ਼ ਨਹੀਂ ਕੀਤਾ ਸੀ, ਨਾ ਹੀ ਉਹਨਾਂ ਨੇ ਚੇਂਗਚਾਊ ਦੇ ਦੋ ਇਜਲਾਸਾਂ, ਵੂਚਾਂਗ ਦੇ ਇਜਲਾਸ, ਪੀਕਿੰਗ ਇਜਲਾਸ ਜਾਂ ਸ਼ੰਘਾਈ ਇਜਲਾਸ 'ਚ ਅਜਿਹਾ ਕੀਤਾ ਸੀ। ਉਹਨਾਂ ਨੇ ਓਦੋਂ ਤੱਕ ਇੰਤਜ਼ਾਰ ਕੀਤਾ ਜਦੋਂ ਤੱਕ "ਖੱਬੇ ਪੱਖ" ਦਾ ਵਿਰੋਧ ਕਰਕੇ ਉਸ ਨੂੰ ਪਰ੍ਹੇ ਨਹੀਂ ਧੱਕ ਦਿੱਤਾ ਗਿਆ ਤੇ ਟੀਚਿਆਂ ਦੀ ਪੁਸ਼ਟੀ ਨਹੀਂ ਕਰ ਦਿੱਤੀ ਗਈ ਸੀ। "ਖੱਬੇ ਪੱਖ" ਦੇ ਹੋਰ ਜ਼ਿਆਦਾ ਵਿਰੋਧ ਨੇ ਸੱਜੇ-ਪੱਖ ਦੇ ਵਿਰੋਧ ਨੂੰ ਲਾਜ਼ਮੀ ਬਣਾ ਦਿੱਤਾ। ਲੂਸ਼ਾਨ ਇਜਲਾਸ 'ਚ ਜਦੋਂ ਸਾਨੂੰ ਸੱਜੇ-ਪੱਖ ਦਾ ਵਿਰੋਧ ਕਰਨ ਦੀ ਲੋੜ ਸੀ ਤਾਂ ਉਹ "ਖੱਬੇ ਪੱਖ" ਦੇ ਵਿਰੋਧ 'ਚ ਸਾਹਮਣੇ ਆਏ।[4]

ਇਹ ਸਾਰਾ ਕੁੱਝ ਇਹ ਦਿਖਾਉਂਦਾ ਹੈ ਕਿ ਸਾਡੇ ਸੰਸਾਰ 'ਚ ਚੀਜ਼ਾਂ ਸ਼ਾਂਤਮਈ ਹੋਣ ਤੋਂ ਦੂਰ ਸਨ ਤੇ ਆਮ ਲੀਹ ਨਿਸ਼ਚੇ ਹੀ ਮਜ਼ਬੂਤ ਨਹੀਂ ਕੀਤੀ ਗਈ ਸੀ। ਹੁਣ ਜਦੋਂ ਕਿ ਅਸੀਂ ਮੁਸ਼ਕਿਲ ਤੇ ਟੇਢੇ-ਮੇਢੇ ਰਾਹਾਂ 'ਤੇ ਲੂਸ਼ਾਨ ਇਜਲਾਸ ਤੋਂ ਬਾਹਰ ਆ ਗਏ ਹਾਂ ਤਾਂ ਆਮ ਲੀਹ ਮੁਕਾਬਲਤਨ ਮਜ਼ਬੂਤ ਹੋ ਗਈ ਹੈ। ਪਰ "ਚੀਜ਼ਾਂ ਤਿੰਨ-ਤਿੰਨ ਦੇ ਸਮੂਹ 'ਚ ਆਉਂਦੀਆਂ ਹਨ", ਇਸ ਲਈ ਸਾਨੂੰ ਸ਼ਾਇਦ ਟੇਢੇ-ਮੇਢੇ ਰਾਹਾਂ ਦੇ ਤੀਜੇ ਦੌਰ ਲਈ ਤਿਆਰੀ ਕਰਨੀ ਪਵੇਗੀ। ਜੇ ਅਜਿਹਾ ਹੋਇਆ ਤਾਂ ਅਸੀਂ ਉਮੀਦ ਕਰ ਸਕਦੇ ਹਾਂ ਕਿ ਲੀਹ ਹੋਰ ਵੀ ਮਜ਼ਬੂਤ ਹੋਵੇਗੀ। ਚੇਕਿਆਂਗ ਸੂਬਾਈ ਕਮੇਟੀ ਦੀ ਸੂਚਨਾ ਦੇ ਅਨੁਸਾਰ ਅਜੇ ਹੁਣੇ ਹੀ "ਬਰਾਬਰੀਕਰਨ" ਤੇ "ਜਾਇਦਾਦ ਦੀ ਅੰਨ੍ਹੇਵਾਹ ਤਬਦੀਲੀ" ਕਈ ਕਮਿਊਨਾਂ 'ਚ ਫਿਰ ਤੋਂ ਸਾਹਮਣੇ ਆਈ ਹੈ। ਅੱਤਵਾਦੀ ਕਮਿਊਨਿਸਟ ਹਵਾ ਫਿਰ ਤੋਂ ਵਹਿ ਸਕਦੀ ਹੈ।

ਪੋਲੈਂਡ ਤੇ ਹੰਗਰੀ 'ਚ 1956 'ਚ ਘਟਨਾਵਾਂ ਘਟੀਆਂ ਸਨ। ਇਹ ਉਹ ਸਮਾਂ ਸੀ ਜਦੋਂ "ਹੌਸਲੇਭਰੀ ਤਰੱਕੀ" ਦੇ ਖਿਲਾਫ ਲਹਿਰ 'ਚ ਉਤਰਾਅ-ਚੜ੍ਹਾਅ ਆ ਰਹੇ ਸਨ। ਫਿਰ ਸੰਸਾਰ ਸੋਵੀਅਤ ਸੰਘ ਦੇ ਵਿਰੁੱਧ ਹੋ ਗਿਆ। 1959 ਦੇ ਉਤਰਾਅ-ਚੜ੍ਹਾਅ ਸਮੇਂ ਦੁਨੀਆ ਸਾਡੇ ਵਿਰੁੱਧ ਹੋ ਗਈ।

ਦੋ ਸ਼ੁੱਧੀਕਰਨ ਤੇ ਸੱਜੇ ਪੱਖ ਵਿਰੋਧੀ ਲਹਿਰਾਂ — ਇੱਕ 1957 'ਚ, ਇੱਕ ਲੂਸ਼ਾਨ 'ਚ — ਨੇ ਬੁਰਜੂਆ ਇਨਕਲਾਬ ਦੇ ਪ੍ਰਭਾਵਾਂ ਤੇ ਬਚੇ-ਖੁਚੇ ਬੁਰਜੂਆ ਪ੍ਰਭਾਵਾਂ ਨੂੰ ਮੁਕਾਬਲਤਨ ਵਿਆਪਕ ਅਲੋਚਨਾ ਦਾ ਵਿਸ਼ਾ ਬਣਾ ਦਿੱਤਾ ਸੀ ਜਿਸ ਨਾਲ਼ ਲੋਕ ਇਸ ਖਤਰੇ ਤੋਂ ਮੁਕਤ ਹੋਣ ਦੇ ਯੋਗ ਹੋ ਗਏ ਸੀ। ਉਸ ਸਮੇਂ ਅਸੀਂ ਵੀ ਮਾ ਆਨਸ਼ਾਨ ਲੋਹਾ ਤੇ ਸਟੀਲ ਸੰਵਿਧਾਨ*[5] ਸਮੇਤ ਕਈ ਅੰਧਵਿਸ਼ਵਾਸਾਂ ਨੂੰ ਖਤਮ ਕਰ ਦਿੱਤਾ ਸੀ।

ਅਤੀਤ 'ਚ ਸਾਨੂੰ ਇਹ ਨਹੀਂ ਪਤਾ ਸੀ ਕਿ ਸਮਾਜਵਾਦੀ ਇਨਕਲਾਬ ਨੂੰ ਅੱਗੇ ਕਿਵੇਂ ਵਧਾਇਆ ਜਾਵੇ। ਅਸੀਂ ਸੋਚਦੇ ਸੀ ਕਿ ਸਹਿਕਾਰੀ ਸੰਸਥਾਵਾਂ, ਸੰਯੁਕਤ ਰਾਜਕੀ ਨਿੱਜੀ ਪ੍ਰਬੰਧਨ ਤੋਂ ਬਾਅਦ ਸਮੱਸਿਆ ਹੱਲ ਹੋ ਜਾਵੇਗੀ। ਬੁਰਜੂਆ ਸੱਜੇ ਪੱਖੀਆਂ ਦੇ ਬਰਬਰ

---

* 1967 ਦੀ ਛਾਪ ਵਿੱਚ ਟਿੱਪਣੀ — "ਇੱਕ ਪ੍ਰਮੁੱਖ ਸੋਵੀਅਤ ਮਿੱਲ ਵਿੱਚ ਤਾਨਾਸ਼ਾਹ ਸੋਧਕ ਢੰਗ"

ਹਮਲਿਆਂ ਕਾਰਨ ਅਸੀਂ ਸਮਾਜਵਾਦੀ ਇਨਕਲਾਬ ਨੂੰ ਰਾਜਨੀਤਕ ਤੇ ਵਿਚਾਰਧਾਰਕ ਲੀਹ ਦੇ ਤੌਰ ’ਤੇ ਪੇਸ਼ ਕੀਤਾ। ਅਸਲ ’ਚ ਲੂਸ਼ਾਨ ਕਾਨਫਰੰਸ ਨੇ ਇਸ ਇਨਕਲਾਬ ਨੂੰ ਅੱਗੇ ਵਧਾਇਆ ਤੇ ਇਹ ਇੱਕ ਤਿੱਖਾ ਇਨਕਲਾਬ ਸੀ। ਜੇ ਅਸੀਂ ਲੂਸ਼ਾਨ ਕਾਨਫਰੰਸ ’ਚ ਸੱਜੀ ਮੌਕਾਪ੍ਰਸਤ ਲੀਹ ਨੂੰ ਮਾਤ ਨਾ ਦਿੱਤੀ ਹੁੰਦੀ ਤਾਂ ਇਹ ਬਹੁਤ ਬੁਰਾ ਹੋਣਾ ਸੀ।

## 6. ਸਾਮਰਾਜਵਾਦੀ ਦੇਸ਼ਾਂ ’ਚ ਵਿਰੋਧਤਾਈਆਂ ਤੇ ਹੋਰ ਮਾਮਲੇ

ਵੱਖ-ਵੱਖ ਸਾਮਰਾਜਵਾਦੀਆਂ ਵਿੱਚ ਘੋਲ ਨੂੰ ਇੱਕ ਮਹੱਤਵਪੂਰਨ ਚੀਜ਼ ਵਜੋਂ ਦੇਖਣਾ ਚਾਹੀਦਾ ਹੈ। ਲੈਨਿਨ ਇਸੇ ਨਜ਼ਰੀਏ ਨਾਲ਼ ਉਹਨਾਂ ਨੂੰ ਦੇਖਦੇ ਸੀ ਤੇ ਸਤਾਲਿਨ ਵੀ ਅਜਿਹਾ ਹੀ ਕਰਦੇ ਸੀ। ਇਸ ਨੂੰ ਉਹ ਇਨਕਲਾਬ ਦੀ ਅਸਿੱਧੀ ਰਾਖਵੀਂ ਫੌਜ ਕਹਿੰਦੇ ਸੀ। ਇਨਕਲਾਬੀ ਅਧਾਰ ਇਲਾਕਿਆਂ ਨੂੰ ਬਣਾਈ ਰੱਖਣ ’ਚ ਚੀਨ ਨੇ ਇਹਨਾਂ ਲਾਭਦਾਇਕ ਹਾਲਤਾਂ ਦੀ ਵਰਤੋਂ ਕੀਤੀ। ਅਤੀਤ ’ਚ ਸਾਡੇ ਦੇਸ਼ ਦੇ ਭੂਮੀਪਤੀਆਂ ਤੇ ਦਲਾਲ ਜਮਾਤਾਂ ਦੇ ਵੱਖ-ਵੱਖ ਧੜਿਆਂ ’ਚ ਵਿਰੋਧਤਾਈਆਂ ਮੌਜੂਦ ਸਨ। ਇਹਨਾਂ ਘਰੇਲੂ ਵਿਰੋਧਤਾਈਆਂ ਦੇ ਪਿੱਛੇ ਸਾਮਰਾਜਵਾਦੀਆਂ ਵਿਚਲੀਆਂ ਵਿਰੋਧਤਾਈਆਂ ਲੁਕੀਆਂ ਹੋਈਆਂ ਸਨ। ਸਾਮਰਾਜਵਾਦੀਆਂ ਵਿਚਲੀਆਂ ਇਹਨਾਂ ਵਿਰੋਧਤਾਈਆਂ ਕਾਰਨ ਜਦੋਂ ਤੱਕ ਅਸੀਂ ਇਹਨਾਂ ਵਿਰੋਧਤਾਈਆਂ ਦੀ ਸਹੀ ਢੰਗ ਨਾਲ਼ ਵਰਤੋਂ ਕੀਤੀ, ਓਦੋਂ ਤੱਕ ਕਿਸੇ ਵੀ ਸਮੇਂ ਸਾਰੇ ਦੁਸ਼ਮਣਾਂ ਨੇ ਇਕੱਠੇ ਮਿਲ ਕੇ ਨਹੀਂ ਸਗੋਂ ਉਸ ਦੇ ਇੱਕ ਹਿੱਸੇ ਨੇ ਸਾਡੇ ਨਾਲ਼ ਸਿੱਧਾ ਘੋਲ ਕੀਤਾ। ਇਸ ਦੇ ਨਾਲ਼ ਹੀ ਸਾਨੂੰ ਅਰਾਮ ਕਰਨ ਤੇ ਮੁੜ ਜਥੇਬੰਦ ਹੋਣ ਦਾ ਮੌਕਾ ਮਿਲ ਜਾਂਦਾ ਸੀ, ਅਕਤੂਬਰ ਇਨਕਲਾਬ ਦੇ ਪੱਕੇ ਪੈਰੀਂ ਹੋਣ ਪਿੱਛੇ ਇੱਕ ਮਹੱਤਵਪੂਰਨ ਕਾਰਨ ਸਾਮਰਾਜਵਾਦੀਆਂ ਵਿਚਲੀਆਂ ਵਿਰੋਧਤਾਈਆਂ ਸੀ। ਉਸ ਸਮੇਂ ਚੌਦਾਂ ਦੇਸ਼ਾਂ ਨੇ ਦਖਲਅੰਦਾਜ਼ੀ ਕਰਨ ਲਈ ਫੌਜਾਂ ਭੇਜੀਆਂ ਸਨ। ਪਰ ਕਿਸੇ ਨੇ ਵੀ ਵੱਡੀ ਫੌਜ ਨਹੀਂ ਭੇਜੀ ਸੀ। ਇਸ ਤੋਂ ਬਿਨਾਂ ਉਹਨਾਂ ਨੇ ਟੀਚਿਆਂ ਵਿੱਚ ਤਾਲਮੇਲ ਨਹੀਂ ਸੀ। ਉਹ ਸਾਜ਼ਿਸ਼ਾਂ ’ਚ ਉਲਝੇ ਹੋਏ ਸੀ। ਕੋਰੀਆਈ ਜੰਗ ਸਮੇਂ ਅਮਰੀਕੀ ਟੀਚਿਆਂ ਦਾ ਉਸ ਦੇ ਸਹਿਯੋਗੀਆਂ ਦੇ ਟੀਚਿਆਂ ਨਾਲ਼ ਤਾਲਮੇਲ ਨਹੀਂ ਸੀ। ਉਹ ਯੁੱਧ ਬਹੁਤ ਵੱਡੇ ਪੱਧਰ ’ਤੇ ਨਹੀਂ ਲੜਿਆ ਗਿਆ ਸੀ। ਨਾ ਸਿਰਫ਼ ਅਮਰੀਕਾ ਹੀ ਆਪਣਾ ਰਸਤਾ ਤੈਅ ਨਹੀਂ ਸੀ ਕਰ ਸਕਿਆ ਸਗੋਂ ਫ਼ਰਾਂਸ ਤੇ ਇੰਗਲੈਂਡ ਵੀ ਇਸ ਦੇ ਜ਼ਿਆਦਾ ਇਛੁੱਕ ਨਹੀਂ ਸਨ।

ਕੌਮਾਂਤਰੀ ਨਜ਼ਰੀਏ ਤੋਂ ਹੁਣ ਬੁਰਜੂਆਜ਼ੀ ਬੇਹੱਦ ਬੇਚੈਨ ਹੈ, ਘਾਹ ਨੂੰ ਹਿਲਾਉਣ ਵਾਲੀ ਹਵਾ ਤੋਂ ਵੀ ਉਹ ਡਰੇ ਹੋਏ ਹਨ। ਉਹਨਾਂ ਦੀ ਚੌਕਸੀ ਦਾ ਪੱਧਰ ਉੱਚਾ ਹੈ ਪਰ ਉਹ ਤਰਤੀਬਸਾਰ ਨਹੀਂ ਹਨ।

ਦੂਜੀ ਸੰਸਾਰ ਜੰਗ ਦੇ ਬਾਅਦ ਦੇ ਪੂੰਜੀਵਾਦੀ ਸਮਾਜ ਦੇ ਆਰਥਿਕ ਸੰਕਟ ਮਾਰਕਸ ਦੇ ਸਮੇਂ ਦੇ ਆਰਥਿਕ ਸੰਕਟਾਂ ਨਾਲ਼ੋਂ ਵੱਖਰੇ ਹਨ। ਪਹਿਲਾਂ ਆਮ ਤੌਰ ’ਤੇ ਉਹ ਹਰ ਸੱਤ, ਅੱਠ ਜਾਂ ਦਸ ਸਾਲਾਂ ਬਾਅਦ ਆਉਂਦੇ ਸੀ। ਦੂਜੀ ਸੰਸਾਰ ਜੰਗ ਤੇ 1959 ਵਿਚਲੇ ਚੌਦਾਂ ਸਾਲਾਂ ਦੇ ਦੌਰ ’ਚ ਤਿੰਨ ਸੰਕਟ ਆ ਚੁੱਕੇ ਹਨ।

ਪਹਿਲੀ ਸੰਸਾਰ ਜੰਗ ਤੋਂ ਬਾਅਦ ਜਦੋਂ ਪੂੰਜੀਵਾਦ ਕੋਲ ਹਾਲੇ ਵੀ ਸਾਪੇਖਕ ਸਥਿਰਤਾ ਦਾ ਦੌਰ ਮੌਜੂਦ ਸੀ ਤੇ ਰੂਸ ਨੂੰ ਛੱਡ ਕੇ ਇਨਕਲਾਬ ਹਰ ਜਗ੍ਹਾ ਅਸਫ਼ਲ ਹੋ ਗਿਆ ਸੀ, ਦੀ ਤੁਲਨਾ 'ਚ ਮੌਜੂਦਾ ਸਮੇਂ 'ਚ ਕੌਮਾਂਤਰੀ ਦ੍ਰਿਸ਼ ਕਿਤੇ ਜ਼ਿਆਦਾ ਤਣਾਅਪੂਰਨ ਹੈ। ਓਦੋਂ ਇੰਗਲੈਂਡ ਤੇ ਫ਼ਰਾਂਸ ਜੋਸ਼ ਨਾਲ਼ ਭਰੇ ਹੋਏ ਸਨ ਤੇ ਵੱਖ-ਵੱਖ ਕੌਮਾਂ ਦੀ ਬੁਰਜੂਆਜ਼ੀ ਸੋਵੀਅਤ ਸੰਘ ਤੋਂ ਬਿਲਕੁੱਲ ਨਹੀਂ ਡਰਦੀ ਸੀ, ਜਰਮਨੀ ਦੀਆਂ ਬਸਤੀਆਂ ਨੂੰ ਖੋਹ ਲਏ ਜਾਣ ਨੂੰ ਛੱਡ ਕੇ ਸੰਪੂਰਨ ਸਾਮਰਾਜਵਾਦੀ ਬਸਤੀਵਾਦੀ ਢਾਂਚਾ ਸੁਰੱਖਿਅਤ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਤਿੰਨ ਹਾਰੇ ਹੋਏ ਸਾਮਰਾਜਵਾਦ ਢਹਿ ਗਏ। ਇੰਗਲੈਂਡ ਤੇ ਫ਼ਰਾਂਸ ਕਮਜ਼ੋਰ ਹੋ ਗਏ ਸਨ ਤੇ ਉਹਨਾਂ ਦਾ ਪਤਣ ਹੋ ਰਿਹਾ ਸੀ। ਦਸ ਤੋਂ ਜ਼ਿਆਦਾ ਦੇਸ਼ਾਂ 'ਚ ਸਮਾਜਵਾਦੀ ਇਨਕਲਾਬ ਜਿੱਤ ਗਿਆ ਸੀ। ਬਸਤੀਵਾਦੀ ਢਾਂਚਾ ਟੁੱਟ ਕੇ ਖਿੰਡ ਰਿਹਾ ਸੀ। ਪੂੰਜੀਵਾਦੀ ਸੰਸਾਰ ਨੂੰ ਉਹ ਸਾਪੇਖਕ ਸਥਿਰਤਾ ਕਦੇ ਵੀ ਹਾਸਲ ਨਹੀਂ ਹੋ ਸਕੇਗੀ ਜੋ ਉਸ ਨੂੰ ਪਹਿਲੀ ਸੰਸਾਰ ਜੰਗ ਤੋਂ ਬਾਅਦ ਹੋਈ ਸੀ।

## 7. ਚੀਨ ਦਾ ਸਨਅਤੀ ਇਨਕਲਾਬ ਬਹੁਤ ਤੇਜ਼ ਕਿਵੇਂ ਹੋ ਸਕਦਾ ਹੈ?

ਪੱਛਮੀ ਬੁਰਜੂਆ ਸਨਅਤ 'ਚ ਅਜਿਹੇ ਲੋਕ ਹਨ ਜੋ ਇਹ ਮੰਨਦੇ ਹਨ ਕਿ "ਚੀਨ ਉਹਨਾਂ ਦੇਸ਼ਾਂ 'ਚੋਂ ਇੱਕ ਹੈ ਜਿੱਥੇ ਸਨਅਤੀ ਵਿਕਾਸ ਸਭ ਤੋਂ ਤੇਜ਼ ਹੈ।" (ਸੰਯੁਕਤ ਰਾਜ ਦੀ ਕੂਟਨੀਤਕ ਨੀਤੀ ਬਾਰੇ ਯੂ. ਐੱਸ. ਕਾਨਲਨ ਦੀ ਰਿਪੋਰਟ ਇਸ ਦਾ ਜ਼ਿਕਰ ਹੈ।)

ਬਹੁਤ ਸਾਰੇ ਦੇਸ਼ਾਂ ਨੇ ਸਨਅਤੀ ਇਨਕਲਾਬ ਪੂਰਾ ਕੀਤਾ ਹੈ। ਸਾਰੇ ਪਿਛਲੇ ਸਨਅਤੀ ਇਨਕਲਾਬਾਂ ਦੇ ਮੁਕਾਬਲੇ ਚੀਨ 'ਚ ਸਭ ਤੋਂ ਤੇਜ਼ ਸਨਅਤੀ ਇਨਕਲਾਬ ਦੀਆਂ ਸੰਭਾਵਨਾਵਾਂ ਮੌਜੂਦ ਹਨ।

ਸਵਾਲ ਉੱਠਦਾ ਹੈ ਕਿ ਕਿਉਂ? ਮੁੱਖ ਕਾਰਨਾਂ 'ਚੋਂ ਇੱਕ ਇਹ ਹੈ ਕਿ ਸਾਡਾ ਸਮਾਜਵਾਦੀ ਇਨਕਲਾਬ ਬਹੁਤ ਚੰਗੀ ਤਰ੍ਹਾਂ ਪੂਰਾ ਹੋਇਆ ਹੈ। ਸੰਪੂਰਨ ਬੁਰਜੂਆ ਪ੍ਰਭਾਵਾਂ ਦੇ ਖਾਤਮੇ ਦੀ ਕੋਸ਼ਿਸ਼ ਕਰਦੇ ਹੋਏ ਅਸੀਂ ਬੁਰਜੂਆਜ਼ੀ ਦੇ ਵਿਰੁੱਧ ਇਸ ਇਨਕਲਾਬ ਨੂੰ ਚੰਗੀ ਤਰ੍ਹਾਂ ਅੱਗੇ ਵਧਾਇਆ ਹੈ। ਅਸੀਂ ਅੰਧ-ਵਿਸ਼ਵਾਸਾਂ ਨੂੰ ਖਤਮ ਕੀਤਾ ਹੈ ਤੇ ਲੋਕਾਂ ਨੂੰ ਸਾਰੇ ਖੇਤਰਾਂ 'ਚ ਮੁਕੰਮਲ ਅਜ਼ਾਦੀ ਹਾਸਲ ਕਰਨ ਦੇ ਕਾਬਲ ਬਣਾਉਣ ਦੀ ਸਰਗਰਮ ਕੋਸ਼ਿਸ਼ ਕੀਤੀ ਹੈ।

## 8. ਅਬਾਦੀ*

ਵਾਧੂ ਅਬਾਦੀ ਦੀ ਸਮੱਸਿਆ ਨੂੰ ਹੱਲ ਕਰਨ 'ਚ ਪੇਂਡੂ ਅਬਾਦੀ ਦੀ ਸਮੱਸਿਆ ਮੁੱਖ ਬਣ ਗਈ ਹੈ ਜੋ ਪੈਦਾਵਾਰ ਦੇ ਵਿਆਪਕ ਵਿਕਾਸ ਦੀ ਮੰਗ ਕਰਦੀ। ਚੀਨ 'ਚ 50 ਕਰੋੜ ਤੋਂ ਜ਼ਿਆਦਾ ਲੋਕ ਖੇਤੀ 'ਚ ਲੱਗੇ ਹੋਏ ਹਨ। ਪਰ ਉਹਨਾਂ ਨੂੰ ਭਰ-ਪੇਟ ਭੋਜਨ ਨਹੀਂ

* ਇਹ ਹਿੱਸਾ ਸਿਰਫ 1969 ਦੀ ਛਾਪ ਵਿੱਚ ਮਿਲਦਾ ਹੈ

ਮਿਲਦਾ ਭਾਵੇਂ ਕਿ ਉਹ ਸਾਲ ਦਰ ਸਾਲ ਹੱਡ-ਭੰਨ੍ਵੀਂ ਮਿਹਨਤ ਕਰਦੇ ਹਨ। ਇਹ ਸਭ ਤੋਂ ਵੱਧ ਅਨੁਚਿਤ ਹੈ। ਅਮਰੀਕਾ 'ਚ ਕਿਸਾਨ ਅਬਾਦੀ ਸਿਰਫ਼ 13 ਪ੍ਰਤੀਸ਼ਤ ਹੈ ਫਿਰ ਵੀ ਪ੍ਰਤੀ ਵਿਅਕਤੀ ਅਨਾਜ ਦੀ ਔਸਤ 2000 ਕੈਟੀ[6] ਹੈ। ਸਾਡੇ ਕੋਲ ਇੰਨਾ ਜ਼ਿਆਦਾ ਨਹੀਂ ਹੈ। ਪੇਂਡੂ ਅਬਾਦੀ ਨੂੰ ਘੱਟ ਕਰਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ? ਜੇ ਅਸੀਂ ਉਹਨਾਂ ਨੂੰ ਸ਼ਹਿਰਾਂ ਦੀ ਭੀੜ 'ਚ ਸ਼ਾਮਲ ਨਹੀਂ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਪੇਂਡੂ ਇਲਾਕਿਆਂ 'ਚ ਕਾਫੀ ਸਨਅਤ ਲਾਉਣੀ ਪਵੇਗੀ ਤਾਂ ਕਿ ਕਿਸਾਨ ਉਸੇ ਜਗ੍ਹਾ 'ਤੇ ਮਜ਼ਦੂਰ ਬਣ ਸਕਣ ਜਿੱਥੇ ਉਹ ਰਹਿੰਦੇ ਹਨ। ਇਹ ਸਾਨੂੰ ਇੱਕ ਪ੍ਰਮੁੱਖ ਨੀਤੀਗਤ ਮੁੱਦੇ 'ਤੇ ਲੈ ਆਉਂਦਾ ਹੈ ਕਿ ਕੀ ਅਸੀਂ ਪਿੰਡਾਂ 'ਚ ਜੀਵਨ ਹਾਲਤਾਂ ਦਾ ਪੱਧਰ ਸ਼ਹਿਰਾਂ ਦੀ ਤੁਲਨਾ 'ਚ ਥੱਲੇ ਡਿੱਗਦਾ ਦੇਖਣਾ ਚਾਹੁੰਦੇ ਹਾਂ ਜਾਂ ਦੋਵੇਂ ਥਾਵਾਂ 'ਤੇ ਇੱਕੋ ਜਿਹਾ ਰੱਖਣਾ ਚਾਹੁੰਦੇ ਹਾਂ ਜਾਂ ਪਿੰਡਾਂ 'ਚ ਇਸ ਨੂੰ ਥੋੜ੍ਹਾ ਉੱਪਰ ਚੁੱਕਣਾ ਚਾਹੁੰਦੇ ਹਾਂ ? ਹਰੇਕ ਕਮਿਊਨ ਨੂੰ ਆਪਣਾ ਆਰਥਿਕ ਕੇਂਦਰ ਬਣਾਉਣਾ ਪਵੇਗਾ। ਬੁੱਧੀਜੀਵੀਆਂ ਦੀ ਸਿਖਲਾਈ ਲਈ ਉੱਚ-ਪੱਧਰੀ ਸਕੂਲ ਖੋਲ੍ਹਣੇ ਪੈਣਗੇ। ਵਾਧੂ ਪੇਂਡੂ ਅਬਾਦੀ ਦੀ ਸਮੱਸਿਆ ਨੂੰ ਅਸਲ 'ਚ ਸਹੀ ਢੰਗ ਨਾਲ਼ ਹੱਲ ਕਰਨ ਦੇ ਲਈ ਇਸ ਤੋਂ ਬਿਨਾਂ ਕੋਈ ਦੂਜਾ ਚਾਰਾ ਨਹੀਂ ਹੈ।

# ਟਿੱਪਣੀਆਂ

## ਪੜ੍ਹਦੇ ਸਮੇਂ ਲਏ ਨੋਟਸ

1. ਚੀਨੀ ਪੇਂਡੂ ਖੇਤਰ 'ਚ ਸਮੂਹਕ ਮਾਲਕੀ ਦੇ ਤਿੰਨ ਪੱਧਰ ਹੁੰਦੇ ਹਨ। ਪੈਦਾਵਾਰ ਟੀਮ ਸਭ ਤੋਂ ਛੋਟੀ ਇਕਾਈ ਹੁੰਦੀ ਹੈ ਜਿਸ 'ਚ ਪੰਦਰਾਂ ਤੋਂ ਲੈ ਕੇ ਪੈਂਤੀ ਪਰਿਵਾਰ ਹੁੰਦੇ ਹਨ। ਟੀਮ ਬੁਨਿਆਦੀ ਮਾਲਕੀ ਤੇ ਪੈਦਾਵਾਰ ਟੀਮ ਹੁੰਦੀ ਹੈ, ਜਿਸ ਦੀ ਉਸ ਜ਼ਮੀਨ 'ਤੇ ਮਾਲਕੀ ਹੁੰਦੀ ਹੈ ਜਿਸ 'ਤੇ ਕੰਮ ਕਰਦੀ ਹੈ ਤੇ ਉਸ ਦੇ ਕੋਲ ਕੁੱਝ ਖਿਚਾਈ ਦਾ ਕੰਮ ਕਰਨ ਵਾਲੇ ਪਸ਼ੂ ਹੁੰਦੇ ਹਨ ਤੇ ਥਰੈਸ਼ਰ ਅਤੇ ਕ੍ਰਸ਼ਰ ਜਿਹੇ ਖੇਤੀ ਦੇ ਛੋਟੇ ਸੰਦ ਹੁੰਦੇ ਹਨ। ਅਗਲੀ ਇਕਾਈ ਪੈਦਾਵਾਰ ਬ੍ਰਿਗੇਡ ਦੀ ਹੁੰਦੀ ਹੈ ਜੋ ਪੰਜ ਤੋਂ ਪੰਦਰਾਂ ਟੀਮਾਂ ਤੋਂ ਮਿਲ ਕੇ ਬਣੀ ਹੁੰਦੀ ਹੈ। ਬ੍ਰਿਗੇਡ ਕੋਲ਼ ਟਰੈਕਟਰ ਤੇ ਸਿੰਚਾਈ ਸੰਦ ਹੁੰਦੇ ਹਨ ਜੋ ਇੰਨੇ ਮਹਿੰਗੇ ਹੁੰਦੇ ਹਨ ਕਿ ਇੱਕ ਟੀਮ ਉਹਨਾਂ ਨੂੰ ਖਰੀਦ ਨਹੀਂ ਸਕਦੀ ਤੇ ਇੰਨੇ ਵੱਡੇ ਹੁੰਦੇ ਹਨ ਕਿ ਇੱਕ ਟੀਮ ਉਹਨਾਂ ਦੀ ਕਾਰਗਰ ਵਰਤੋਂ ਨਹੀਂ ਕਰ ਸਕਦੀ। ਬ੍ਰਿਗੇਡ ਪਹਾੜ 'ਤੇ ਪੌੜੀਦਾਰ ਖੇਤ ਬਣਾਉਣ ਜਿਹੇ ਕੰਮਾਂ ਨੂੰ ਹੱਥ 'ਚ ਲੈਂਦੀ ਹੈ ਜਿਹਨਾਂ ਵਾਸਤੇ ਟੀਮ ਬਹੁਤ ਛੋਟੀ ਹੁੰਦੀ ਹੈ। ਕਮਿਊਨ, ਜਿਸ ਦੀ ਅਬਾਦੀ ਕੁੱਝ ਹਜ਼ਾਰ ਤੋਂ ਪੰਜਾਹ ਹਜ਼ਾਰ ਤੱਕ ਹੁੰਦੀ ਹੈ, ਦਸ ਤੋਂ ਤੀਹ ਬ੍ਰਿਗੇਡਾਂ ਨਾਲ਼ ਮਿਲ ਕੇ ਬਣਦਾ ਹੈ। ਬ੍ਰਿਗੇਡਾਂ ਦੇ ਵਿੱਚ ਵਿਆਪਕ ਤਾਲਮੇਲ ਬਿਠਾਉਣ ਤੋਂ ਇਲਾਵਾ ਕਮਿਊਨ ਦੇ ਕੋਲ ਵੱਡੇ ਸਨਅਤੀ ਉੱਦਮ ਹੁੰਦੇ ਹਨ ਜਿਹਨਾਂ ਨੂੰ ਉਹ ਚਲਾਉਂਦਾ ਹੈ ਤੇ ਜਲ ਰੱਖਿਆ ਯੋਜਨਾ ਜਿਹੀਆਂ ਯੋਜਨਾਵਾਂ ਹੁੰਦੀਆਂ ਹਨ ਜੋ ਇੰਨੀਆਂ ਵੱਡੀਆਂ ਹੁੰਦੀਆਂ ਹਨ ਕਿ ਬ੍ਰਿਗੇਡ ਉਹਨਾਂ ਨੂੰ ਸੰਭਾਲ ਨਹੀਂ ਪਾਉਂਦੀ ਹੈ।

2. ਸਮੂਹਕ ਮਾਲਕੀ ਦੇ ਵੱਖ-ਵੱਖ ਰੂਪ, ਸਮੁੱਚਤਾ 'ਚ, ਸਾਰੇ ਲੋਕਾਂ ਦੀ ਮਾਲਕੀ ਤੋਂ ਵੱਖਰੇ ਹੁੰਦੇ ਹਨ। ਸਮੂਹਕ ਮਾਲਕੀ ਦਾ ਅਰਥ ਹੈ ਕਿ ਸਾਰੀ ਅਬਾਦੀ ਦਾ ਇੱਕ ਹਿੱਸਾ ਪੈਦਾਵਾਰ ਦੇ ਸਾਧਨਾਂ ਦਾ ਮਾਲਕ ਹੈ। ਇਹ ਹਿੱਸਾ, ਚਾਹੇ ਉਹ ਟੀਮ , ਬ੍ਰਿਗੇਡ ਜਾਂ ਕਮਿਊਨ ਹੋਵੇ, ਪੈਦਾਵਾਰ ਨੂੰ ਜਥੇਬੰਦ ਕਰਦਾ ਤੇ ਚਲਾਉਂਦਾ ਹੈ। ਸਮੂਹਕ ਮਾਲਕੀ ਵਾਲੀ ਇਕਾਈ ਦੀ ਪੈਦਾਵਾਰ ਰਾਜਕੀ ਕਰਾਂ ਨੂੰ ਕੱਢੇ ਜਾਣ ਤੋਂ ਬਾਅਦ ਉਹਨਾਂ ਇਕਾਈਆਂ ਦੀ ਜਾਇਦਾਦ ਹੁੰਦੀ ਹੈ ਜਿਹਨਾਂ ਨੇ ਉਸ ਨੂੰ ਪੈਦਾ ਕੀਤਾ ਹੁੰਦਾ ਹੈ। ਉਹ ਇਕਾਈ ਪੈਦਾਵਾਰ ਦੇ ਇੱਕ ਹਿੱਸੇ ਨੂੰ ਮੁੜ-ਪੈਦਾਵਾਰ ਤੇ ਨਿਵੇਸ਼ ਲਈ ਕਰਦੀ ਹੈ ਤੇ ਬਾਕੀ ਦੇ ਹਿੱਸੇ ਨੂੰ ਮਜ਼ਦੂਰਾਂ ਦੀ ਆਮਦਨ ਦੇ ਤੌਰ 'ਤੇ ਵਰਤਦੀ ਹੈ।

ਦੂਜੇ ਪਾਸੇ ਸਾਰੇ ਲੋਕਾਂ ਦੀ ਮਾਲਕੀ ਦਾ ਅਰਥ ਹੁੰਦਾ ਹੈ ਸਾਰੇ ਸਮਾਜ ਦੇ ਇੱਕ ਹਿੱਸੇ ਦੀ ਨਹੀਂ ਸਗੋਂ ਸਾਰੇ ਸਮਾਜ ਦੀ ਮਾਲਕੀ। ਅਜਿਹੇ ਉੱਦਮ ਦੀ ਪੈਦਾਵਾਰ 'ਤੇ ਸਾਰੇ ਸਮਾਜ ਦੀ ਮਲਕੀਅਤ ਹੁੰਦੀ ਹੈ ਜਿਸ ਨੂੰ ਸਾਰੇ ਸਮਾਜ ਦੀ ਮਾਲਕੀ ਦੇ ਅਧੀਨ ਇਕਾਈਆਂ ਦੇ

ਸਮੁੱਚੇ ਢਾਂਚੇ ਅਧੀਨ ਲੋੜ ਅਨੁਸਾਰ ਵੰਡਿਆ ਜਾ ਸਕਦਾ ਹੈ। ਕਿਉਂਕਿ ਇਹਨਾਂ ਵੱਖ-ਵੱਖ ਪੈਦਾਵਾਰੀ ਇਕਾਈਆਂ ਨੂੰ ਏਕੀਕ੍ਰਿਤ ਲੇਖਾ ਇਕਾਈ ਮੰਨਿਆ ਜਾਂਦਾ ਹੈ ਇਸ ਲਈ ਪੈਦਾਵਾਰੀ ਇਕਾਈ ਵਿਸ਼ੇਸ਼ ਦਾ ਲਾਭ ਜਾਂ ਨੁਕਸਾਨ ਨਾ ਤਾਂ ਇਕਾਈ 'ਚ ਨਿਵੇਸ਼ 'ਤੇ ਤੇ ਨਾ ਹੀ ਮਜ਼ਦੂਰਾਂ ਦੀ ਆਮਦਨ 'ਤੇ ਅਸਰ ਪਾਉਂਦਾ ਹੈ।

1973 'ਚ ਸਾਰੇ ਲੋਕਾਂ ਦੀ ਮਾਲਕੀ ਅਧੀਨ ਸਨਅਤ ਕੋਲ ਕੁੱਲ ਅਚੱਲ ਜਾਇਦਾਦ ਦਾ 97 ਫੀਸਦੀ ਸੀ, ਸਨਅਤ 'ਚ ਲੱਗੇ ਲੋਕਾਂ ਦਾ 63 ਫੀਸਦੀ ਤੇ ਕੁੱਲ ਸਨਅਤੀ ਪੈਦਾਵਾਰ ਦਾ 86 ਫੀਸਦੀ ਸੀ। ਸਮੂਹਕ ਮਾਲਕੀ ਦੇ ਅਧੀਨ ਸਨਅਤ ਕੁੱਲ ਅਚੱਲ ਜਾਇਦਾਦ ਦਾ ਤਿੰਨ ਫੀਸਦੀ, ਸਨਅਤੀ ਕਿਰਤ ਸ਼ਕਤੀ ਦਾ 36.2 ਫੀਸਦੀ ਤੇ ਕੁੱਲ ਪੈਦਾਵਾਰ ਦਾ 14 ਫੀਸਦੀ ਆਪਣੇ 'ਚ ਸਮਾਉਂਦੀ ਸੀ। ਵਿਅਕਤੀਗਤ ਦਸਤਕਾਰੀ ਨਾਲ਼ 8 ਫੀਸਦੀ ਪੈਦਾਵਾਰ ਹੁੰਦੀ ਸੀ। ਵਪਾਰ 'ਚ ਸਮੁੱਚੀ ਪਰਚੂਨ ਵਿਕਰੀ ਦਾ 92.5 ਫੀਸਦੀ ਸਾਰੇ ਲੋਕਾਂ ਦੀ ਮਾਲਕੀ ਅਧੀਨ ਸੀ ਜਦੋਂ ਕਿ ਸਮੂਹਕ ਮਾਲਕੀ ਵਾਲੀਆਂ ਇਕਾਈਆਂ ਦਾ ਹਿੱਸਾ 7.3 ਫੀਸਦੀ ਸੀ। ਦੂਜੇ ਪਾਸੇ ਖੇਤੀ 'ਚ 80 ਤੋਂ 90 ਫੀਸਦੀ ਪੈਦਾਵਾਰ ਦੇ ਸਾਧਨ ਅਜੇ ਵੀ ਸਮੂਹਕ ਮਾਲਕੀ ਦੇ ਅਧੀਨ ਸਨ।

3. ਜ਼ਰਈ ਸੁਧਾਰ ਲਹਿਰ ਵਿਸ਼ੇਸ਼ ਰੂਪ 'ਚ 1949-52 'ਚ ਮੁਕਤੀ ਤੋਂ ਬਾਅਦ ਦੀ ਜ਼ਰਈ ਸੁਧਾਰ ਮੁਹਿੰਮ ਵੱਲ ਇਸ਼ਾਰਾ ਕਰਦੀ ਹੈ। ਖੇਤੀ ਉਤਪਾਦਕ ਸਹਿਕਾਰੀ ਸੰਸਥਾਵਾਂ 'ਚੋਂ ਜ਼ਿਆਦਾਤਰ ਦੀ ਸਥਾਪਨਾ 1955 ਤੇ 1956 ਦੇ ਸ਼ੁਰੂ 'ਚ ਸਮੂਹੀਕਰਨ ਦੇ ਜ਼ਵਾਰ ਸਮੇਂ ਕੀਤੀ ਗਈ ਸੀ। 1958 ਦੇ ਅੰਤ 'ਚ ਮਹਾਨ ਅੱਗੇ ਵੱਲ ਛਾਲ ਦੇ ਸ਼ੁਰੂਆਤੀ ਪੜਾਵਾਂ 'ਚ ਪੂਰੇ ਚੀਨ 'ਚ ਲੋਕ ਕਮਿਊਨ ਜਥੇਬੰਦ ਕੀਤੇ ਗਏ ਸੀ।

4. ਦਲਾਲ ਪੂੰਜੀਵਾਦ ਚੀਨ 'ਚ ਉਹਨਾਂ ਵਿਦੇਸ਼ੀ ਵਪਾਰਕ ਸੰਸਥਾਵਾਂ ਵੱਲ ਸੰਕੇਤ ਕਰਦਾ ਹੈ ਜਿਹਨਾਂ ਦੇ ਕਰਮਚਾਰੀ ਚੀਨੀ ਹੁੰਦੇ ਸੀ ਤੇ ਵਿਦੇਸ਼ੀ ਹਿੱਤਾਂ ਦੀ ਸੇਵਾ ਕਰਦੇ ਸੀ।

5. ਨੌਕਰਸ਼ਾਹਾਨਾ ਪੂੰਜੀ ਤੇ ਉਸ ਸਮੇਂ ਉਸ ਦੇ ਪ੍ਰਤੀ ਅਪਣਾਈ ਨੀਤੀ ਦੀ ਮਹੱਤਤਾ ਬਾਰੇ ਮਾਓ ਦੀ ਚਰਚਾ ਲਈ ਦੇਖੋ, 'ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ', ਭਾਗ-4 (ਪੀਕਿੰਗ : ਵਿਦੇਸ਼ੀ ਭਾਸ਼ਾ ਪ੍ਰੈੱਸ, 1961) "ਮੌਜੂਦਾ ਹਾਲਤ ਤੇ ਸਾਡੇ ਕਾਰਜ", ਦਸੰਬਰ 25, 1947 ਤੇ "ਸੱਤਵੀਂ ਕੇਂਦਰੀ ਕਮੇਟੀ ਦੂਜੇ ਇਜਲਾਸ 'ਚ ਪੇਸ਼ ਰਿਪੋਰਟ", ਮਾਰਚ 5, 1949

6. ਇੱਥੇ ਮਾਓ ਚਾਂਗ-ਪੋ-ਚੁਨ (ਜ਼ਾਂਗ ਪੋਜੁਨ) ਤੇ ਲੋ-ਲੁੰਗ-ਚੀ (ਲੁਓ ਲਾਂਗ ਜੀ) ਦੀਆਂ ਕਾਰਵਾਈਆਂ ਵੱਲ ਸੰਕੇਤ ਕਰ ਰਹੇ ਹਨ। 1957 ਦੀਆਂ ਗਰਮੀਆਂ 'ਚ ਚਾਂਗ ਨੇ ਚੀਨੀ ਲੋਕ ਰਾਜਨੀਤਕ ਸਲਾਹਕਾਰ ਸੰਮੇਲਨ ਨੂੰ ਜ਼ਿਆਦਾ ਹੱਕ ਦਿੱਤੇ ਜਾਣ ਦਾ ਸੁਝਾਅ ਦਿੱਤਾ ਸੀ ਜਿਸ ਦੇ ਜ਼ਿਆਦਾਤਰ ਮੈਂਬਰ ਵੱਖ-ਵੱਖ ਜਮਹੂਰੀ ਪਾਰਟੀਆਂ 'ਚੋਂ ਆਏ ਸੀ। ਇਹ ਇਕਾਈ "ਉੱਚ ਸਦਨ" ਦਾ ਕੰਮ ਕਰੇਗੀ ਤੇ ਇਸ ਨੂੰ ਸੀ.ਪੀ.ਸੀ. ਦੇ ਕੰਟਰੋਲ ਵਾਲੀ ਕੌਮੀ ਲੋਕ ਕਾਂਗਰਸ ਨੂੰ ਵੀਟੋ ਕਰਨ ਦਾ ਹੱਕ ਹੋਵੇਗਾ। ਲੋ ਨੇ "ਮੁੜ-ਵਸੇਬਾ ਕਮੇਟੀਆਂ" ਦੇ ਸਮੂਹ

ਗਠਤ ਕਰਨ ਦੀ ਪੇਸ਼ਕਸ਼ ਕੀਤੀ ਸੀ ਜੋ ਜਮਹੂਰੀ ਵਿਅਕਤੀਆਂ ਨਾਲ਼ ਕੀਤੇ ਸਲੂਕ ਦੀ ਜਾਂਚ ਕਰੇਗੀ। ਉਸ ਦਾ ਤਰਕ ਸੀ ਕਿ 1950 ਦੇ ਦਹਾਕੇ 'ਚ ਸ਼ੁਰੂ ਵਿੱਚ ਚਲਾਈਆਂ ਗਈਆਂ ਉਲਟ-ਇਨਕਲਾਬੀ ਲਹਿਰਾਂ 'ਚ ਅਜਿਹੇ ਲੋਕਾਂ ਨਾਲ਼ ਅਨੁਚਿਤ ਸਲੂਕ ਕੀਤਾ ਗਿਆ ਸੀ।

7. ਕੌਮੀ ਬੁਰਜੂਆਜ਼ੀ ਨੂੰ ਨਿਸ਼ਚਿਤ ਵਿਆਜ਼ ਅਦਾ ਕਰਕੇ "ਖਰੀਦ ਲੈਣਾ" ਸੀ. ਪੀ. ਸੀ. ਦੀ ਨੀਤੀ ਦਾ ਖਾਸ ਹਿੱਸਾ ਸੀ। ਮੁਕਤੀ ਤੋਂ ਬਾਅਦ ਉਹਨਾਂ ਪ੍ਰਤੀ ਅਪਣਾਈ ਨੀਤੀ ਕਈ ਪੜਾਵਾਂ 'ਚੋਂ ਹੋ ਕੇ ਲੰਘੀ। ਨਿੱਜੀ ਉੱਦਮਾਂ 'ਚ ਬਣਨ ਵਾਲੇ ਉਤਪਾਦਾਂ ਦੀ ਪੈਦਾਵਾਰ ਤੇ ਪ੍ਰਸੰਸਕਰਣ (Processing) ਅਤੇ ਏਕੀਕ੍ਰਿਤ ਖਰੀਦ ਤੇ ਵਟਾਂਦਰੇ ਲਈ ਰਾਜ ਦੁਆਰਾ ਹੁਕਮ ਦਿੱਤੇ ਜਾਣਾ ਇਸ ਦਾ ਪਹਿਲਾ ਪੜਾਅ ਸੀ। 1952 'ਚ ਨਿੱਜੀ ਸਨਅਤ 'ਚ ਸੁਧਾਈ (Rectification) ਮੁਹਿੰਮ ਚਲਾਏ ਜਾਣ ਤੋਂ ਬਾਅਦ "ਮੁਨਾਫਿਆਂ ਨੂੰ ਚਾਰ ਹਿੱਸਿਆ 'ਚ ਵੰਡੇ ਜਾਣ" ਦੇ ਦੂਜੇ ਪੜਾਅ ਨੂੰ ਲਾਗੂ ਕੀਤਾ ਗਿਆ। ਚਾਰ ਲਗਭਗ ਬਰਾਬਰ ਭਾਗ ਸਨ : (1) ਰਾਜ ਨੂੰ ਦਿੱਤੇ ਜਾਣ ਵਾਲੇ ਕਰ (2) ਮਜ਼ਦੂਰ ਕਲਿਆਣ ਕੋਸ਼ 'ਚ ਦਿੱਤਾ ਜਾਣ ਵਾਲਾ ਹਿੱਸਾ (3) ਉੱਦਮ ਵਿਕਾਸ ਕੋਸ਼ (4) ਪੂੰਜੀਪਤੀਆਂ ਦਾ ਮੁਨਾਫਾ।

ਸੰਯੁਕਤ ਰਾਜ - ਨਿੱਜੀ ਮਾਲਕੀ ਨੂੰ ਪਹਿਲਾਂ ਨਿੱਜੀ ਉੱਦਮਾਂ 'ਚ ਤੇ ਫੇਰ ਸਾਰੇ ਕਿੱਤਿਆਂ ਵਿੱਚ ਲਾਗੂ ਕਰਨਾ ਤੀਜਾ ਪੜਾਅ ਸੀ। "ਰਾਜਕੀ ਪੂੰਜੀਵਾਦ ਦੇ ਇਸ ਸਰਵਉੱਚ ਪੜਾਅ" ਵਿੱਚ ਪੂੰਜੀਪਤੀਆਂ ਦੀ ਆਮਦਨ ਦਾ ਸਰੋਤ ਉਹਨਾਂ ਦੁਆਰਾ ਇਕਾਈਆਂ 'ਚ ਕੰਮ ਕਰਕੇ ਹੋਈ ਆਮਦਨ ਤੇ "ਨਿਸ਼ਚਿਤ ਵਿਆਜ" ਸਨ। ਨਿੱਜੀ ਫਰਮਾਂ ਦੇ ਸਾਲਾਨਾ ਲਾਭ ਤੇ ਹਾਨੀ ਦਾ ਧਿਆਨ ਦਿੱਤੇ ਬਿਨਾਂ ਉੱਦਮਾਂ ਦੀ ਸੰਪੱਤੀ ਦੇ ਮੁੱਲ ਦੀ 5 ਫੀਸਦੀ ਸਾਲਾਨਾ ਦਰ ਨਾਲ਼ ਤੈਅ ਵਿਆਜ ਦਾ ਭੁਗਤਾਨ ਵੀਹ ਸਾਲਾਂ ਤੱਕ ਕੀਤਾ ਜਾਣਾ ਸੀ। ਸੱਭਿਆਚਾਰਕ ਇਨਕਲਾਬ ਦੇ ਸਮੇਂ ਨਿਸ਼ਚਿਤ ਵਿਆਜ ਦਾ ਭੁਗਤਾਨ ਬੰਦ ਕਰ ਦਿੱਤਾ ਗਿਆ ਸੀ।

8. ਏਕੀਕ੍ਰਿਤ ਖਰੀਦ ਤੇ ਪੂਰਤੀ ਦੀ ਨੀਤੀ ਦਾ ਅਰਥ ਸੀ ਕਿ ਸਰਕਾਰ ਕੁੱਝ ਉਤਪਾਦਾਂ ਨੂੰ ਤੈਅ ਕੀਮਤ 'ਤੇ ਖਰੀਦੇਗੀ ਤੇ ਇਸ ਤਰ੍ਹਾਂ ਇਹਨਾਂ ਉਤਪਾਦਾਂ ਵਿੱਚ ਨਿੱਜੀ ਬਜ਼ਾਰ ਤੇ ਸੱਟੇਬਾਜ਼ੀ ਦਾ ਖਾਤਮਾ ਕਰ ਦੇਵੇਗੀ। ਮਾਰਚ 1954 'ਚ ਅਨਾਜ, ਖੁਰਾਕੀ ਤੇਲਾਂ ਤੇ ਤੇਲ ਬੀਜ਼ਾਂ ਦੀ ਏਕੀਕ੍ਰਿਤ ਖਰੀਦ ਤੇ ਪੂਰਤੀ ਸ਼ੁਰੂ ਕੀਤੀ ਗਈ ਸੀ ਤੇ ਸਤੰਬਰ 1954 'ਚ ਇਹ ਨੀਤੀ ਕਪਾਹ ਤੇ ਸੂਤੀ ਕੱਪੜਿਆਂ ਦੇ ਲਈ ਲਾਗੂ ਕੀਤੀ ਗਈ।

ਏਕੀਕ੍ਰਿਤ ਖਰੀਦ ਤੇ ਪੂਰਤੀ ਦੇ ਅਧੀਨ ਵਸਤੂਆਂ ਦੀਆਂ ਤਿੰਨ ਸ਼੍ਰੇਣੀਆਂ ਹਨ। ਪ੍ਰਥਮ ਸ਼੍ਰੇਣੀ ਦੀਆਂ ਵਸਤੂਆਂ (ਜਿਸ ਵਿੱਚ ਅਪ੍ਰੈਲ 1959 ਵਿੱਚ 38 ਉਤਪਾਦ ਸ਼ਾਮਲ ਸਨ) ਰਾਜਕੀ ਕੰਪਨੀਆਂ ਨੂੰ ਤੈਅ ਕੀਮਤ 'ਤੇ ਵੇਚੀਆਂ ਜਾਂਦੀਆਂ ਹਨ। ਦੂਜੀ ਸ਼੍ਰੇਣੀ ਦੀਆਂ ਵਸਤੂਆਂ (ਅਪ੍ਰੈਲ 1959 'ਚ ਜਿਸ ਵਿੱਚ 293 ਉਤਪਾਦ ਸ਼ਾਮਲ ਸਨ) ਇਕਰਾਰਨਾਮੇ ਦੇ ਅਧਾਰ 'ਤੇ ਤੈਅ ਕੋਟੇ ਅਨੁਸਾਰ ਰਾਜ ਨੂੰ ਵੇਚੀਆਂ ਜਾਂਦੀਆਂ ਹਨ। ਤੈਅ ਕੋਟੇ ਤੋਂ ਉੱਪਰ ਪੈਦਾਵਾਰ ਰਾਜ ਨੂੰ ਵੇਚੀ ਜਾ ਸਕਦੀ ਹੈ ਪਰ ਇਹ ਜ਼ਰੂਰੀ ਨਹੀਂ। ਤੀਜੀ ਸ਼੍ਰੇਣੀ ਦੀਆਂ

ਵਸਤੂਆਂ (ਜੋ ਪਹਿਲੀ ਤੇ ਦੂਜੀ ਸ਼੍ਰੇਣੀ 'ਚ ਸ਼ਾਮਲ ਨਹੀਂ) ਨੂੰ ਹਾਲੇ ਵੀ ਮੰਡੀ 'ਚ ਵੇਚਿਆ ਜਾ ਸਕਦਾ ਹੈ।

9. ਸਮਾਜਵਾਦੀ ਸਮਾਜ ਦੀ ਉਸਾਰੀ 'ਚ "ਲਾਲ ਤੇ ਮਾਹਿਰ" ਵਿਰੋਧੀਆਂ ਦੇ ਏਕੇ ਦਾ ਵਰਣਨ ਕਰਦਾ ਹੈ। ਲਾਲ ਕੰਮ ਦੇ ਰਾਜਨੀਤਕ ਤੇ ਵਿਚਾਰਧਾਰਕ ਪੱਖ ਅਤੇ ਮੁਹਾਰਤ ਇਸ ਦੇ ਤਕਨੀਕੀ ਪੱਖ ਵੱਲ ਇਸ਼ਾਰਾ ਕਰਦੀ ਹੈ। ਦੋਨੋਂ ਕੰਮ ਦੇ ਜ਼ਰੂਰੀ ਪੱਖ ਹਨ। ਪਰ ਉਹਨਾਂ ਦੀ ਤਰਕ ਪੱਧਤੀ ਦੇ ਅਨੁਸਾਰ ਹਰੇਕ ਵਿਰੋਧਤਾਈ ਦਾ ਇੱਕ ਪ੍ਰਧਾਨ ਪੱਖ ਜ਼ਰੂਰੀ ਹੁੰਦਾ ਹੈ। ਮਾਓ ਦਾ ਬਹੁਤ ਪਹਿਲਾਂ ਤੋਂ ਹੀ ਇਹ ਮੱਤ ਹੈ ਕਿ "ਵਿਚਾਰਧਾਰਕ ਤੇ ਰਾਜਨੀਤਕ ਕਾਰਜ ਆਰਥਿਕ ਤੇ ਤਕਨੀਕੀ ਕਾਰਜ ਦੀ ਗਰੰਟੀ, ਉਸ ਦੀ "ਆਤਮਾ" ਹੁੰਦਾ ਹੈ। ਦੂਜੇ ਪਾਸੇ ਜੇ ਮੁਹਾਰਤ ਨੂੰ ਪਾਸੇ ਕਰ ਕੇ ਲਾਲ ਨੂੰ ਮਹੱਤਵ ਦਿੱਤਾ ਜਾਵੇ ਤਾਂ ਵਿਰੋਧੀਆਂ ਦਾ ਏਕਾ ਖਤਮ ਹੋ ਜਾਵੇਗਾ ਤੇ ਸਮਾਜਵਾਦੀ ਉਸਾਰੀ ਦਾ ਕੰਮ ਅਸੰਭਵ ਹੋ ਜਾਵੇਗਾ।

10. ਮਾਰਚ 1949 'ਚ ਸੀ. ਪੀ. ਸੀ. ਨੇ 23 ਪਾਰਟੀਆਂ ਤੇ ਗਰੁੱਪਾਂ ਦੀ ਨੁਮਾਇੰਦਗੀ ਕਰਨ ਵਾਲੇ ਲੋਕ ਰਾਜਨੀਤਕ ਸਲਾਹਕਾਰ ਸੰਮੇਲਨ ਨੂੰ ਜਥੇਬੰਦ ਕਰਨਾ ਸ਼ੁਰੂ ਕੀਤਾ। ਸਤੰਬਰ 1949 'ਚ ਲੋਕ ਰਾਜਨੀਤਕ ਸਲਾਹਕਾਰ ਸੰਮੇਲਨ ਦੀ ਤਿਆਰੀ ਕਮੇਟੀ ਦੀ ਬੈਠਕ ਹੋਈ ਜਿਸ ਨੇ ਸਾਂਝੇ ਪ੍ਰੋਗਰਾਮ ਨੂੰ ਪਾਸ ਕੀਤਾ ਜੋ ਕਿ ਨਵੀਂ ਸਰਕਾਰ ਦੇ ਟੀਚਿਆਂ ਤੇ ਕੇਂਦਰੀ ਲੋਕ ਗਣਰਾਜ ਦੇ ਜਥੇਬੰਦ ਕਾਨੂੰਨ ਦਾ ਆਮ ਕਥਨ ਸੀ ਜਿਸ ਨੇ ਮਜ਼ਦੂਰ ਜਮਾਤ ਨੂੰ ਗਣਰਾਜ ਦਾ ਆਗੂ ਬਣਾ ਦਿੱਤਾ ਸੀ। ਬਾਅਦ 'ਚ 1954 ਵਿੱਚ ਪਹਿਲੀ ਵਾਰੀ ਬੁਲਾਈ ਗਈ ਕੌਮੀ ਲੋਕ ਕਾਂਗਰਸ ਨੂੰ ਚੀਨ ਦੀ ਪ੍ਰਧਾਨ ਦੂਰਰਸ ਕੌਮੀ ਵਿਧਾਨਕ ਸਭਾ ਦੇ ਰੂਪ 'ਚ ਸਥਾਪਤ ਕਰ ਦਿੱਤਾ ਗਿਆ।

11. ਇੱਕ ਚੀਨੀ ਡਾਲਰ (ਯੁਆਨ) ਦੀ ਕੀਮਤ 00.53 ਅਮਰੀਕੀ ਡਾਲਰ ਦੇ ਬਰਾਬਰ ਹੁੰਦੀ ਹੈ (ਅਪ੍ਰੈਲ 1977)। ਵੀਹ ਸਾਲਾਂ ਤੋਂ ਜ਼ਿਆਦਾ ਸਮੇਂ ਤੱਕ ਯੁਆਨ ਦੀ ਕੀਮਤ ਲਗਭਗ 00.50 ਡਾਲਰ 'ਤੇ ਸਥਿਰ ਰਹੀ ਹੈ। ਕੀਮਤਾਂ 'ਚ ਆਈਆਂ ਭਿੰਨਤਾਵਾਂ ਮੁੱਖ ਤੌਰ 'ਤੇ ਅਮਰੀਕੀ ਡਾਲਰ ਦੇ ਵਿਮੂਲਨ (Devoluations) ਕਰਕੇ ਆਈਆਂ ਹਨ।

12. ਇੱਥੇ ਸੰਭਵ ਹੈ ਕਿ ਮਾਓ ਮਹਾਨ ਅੱਗੇ ਵੱਲ ਛਾਲ ਦੌਰਾਨ ਖੁਦ ਆਪਣੇ ਤਜ਼ਰਬੇ ਵੱਲ ਇਸ਼ਾਰਾ ਕਰ ਰਹੇ ਹਨ। ਨਵੰਬਰ 1958 'ਚ ਵੂਚਾਂਗ (ਵੂਜ਼ਾਂਗ) 'ਚ ਮਾਓ ਨੇ ਮੰਨਿਆ ਸੀ ਕਿ ਮਹਾਨ ਛਾਲ ਦੇ ਸਿਖਰ ਵੇਲੇ ਪੈਦੀਤਾਈ 'ਚ ਸਿਰਫ ਲੋੜ ਨੂੰ ਧਿਆਨ 'ਚ ਰੱਖ ਕੇ ਤੇ ਸਮੱਰਥਾ ਨੂੰ ਧਿਆਨ 'ਚ ਨਾ ਰੱਖ ਕੇ ਉਹਨਾਂ ਨੇ ਠੀਕ ਇਹੀ ਗਲਤੀ ਕੀਤੀ ਸੀ।

13. ਇਹਨਾਂ ਫੈਸਲਾਕੁੰਨ ਵਿਰੋਧਤਾਈਆਂ ਦਾ ਸੂਤਰੀਕਰਨ ਅਪ੍ਰੈਲ 1956 ਵਿੱਚ "ਦਸ ਮੁੱਖ ਸਬੰਧਾਂ ਬਾਰੇ" ਵਿਸ਼ੇ 'ਤੇ ਦਿੱਤੇ ਮਾਓ ਦੇ ਭਾਸ਼ਨ 'ਚ ਮਿਲਦਾ ਹੈ।

14. ਪਰਸਪਰ ਸਹਾਇਤਾ ਟੀਮਾਂ ਸਮੂਹਕ ਖੇਤੀ ਜਥੇਬੰਦੀਆਂ ਦਾ ਸ਼ੁਰੂਆਤੀ ਰੂਪ ਸਨ। ਚੀਨ ਦੇ ਕੁੱਝ ਭਾਗਾਂ 'ਚ ਪ੍ਰਚੱਲਤ ਰਵਾਇਤੀ ਕਿਸਾਨੀ ਮੌਸਮੀ ਖੇਤੀ-ਸਾਂਝੇਦਾਰੀ ਰਿਵਾਜ਼ਾਂ 'ਤੇ ਅਧਾਰਤ ਇਹਨਾਂ ਟੀਮਾਂ ਨੂੰ 1950 ਦੇ ਸ਼ੁਰੂ 'ਚ ਵਿਆਪਕ ਰੂਪ 'ਚ ਲਾਗੂ ਕੀਤਾ ਗਿਆ ਸੀ। 1955 'ਚ ਚੀਨ ਦੇ ਕਿਸਾਨ ਪਰਿਵਾਰਾਂ ਦੇ ਲਗਭਗ 60 ਫੀਸਦੀ

ਪਰਸਪਰਕ ਸਹਾਇਤਾ ਟੀਮਾਂ 'ਚ ਸ਼ਾਮਲ ਸਨ।

1955 'ਚ ਇਹਨਾਂ ਟੀਮਾਂ ਦੀ ਥਾਂ ਸ਼ੁਰੂਆਤੀ ਖੇਤੀ ਉਤਪਾਦਕ ਸਹਿਕਾਰੀ ਕਮੇਟੀਆਂ (ਏ. ਪੀ. ਸੀ. ਜ਼) ਨੇ ਲੈ ਲਈ ਸੀ। ਹਰੇਕ ਈ. ਪੀ. ਸੀ. 'ਚ ਕੀ ਪਰਸਪਰਕ ਸਹਿਕਾਰੀ ਟੀਮਾਂ ਹੁੰਦੀਆਂ ਹਨ ਜਿਸ 'ਚ ਜ਼ਮੀਨ ਤੇ ਹੋਰ ਪੂੰਜੀਗਤ ਵਸਤੂਆਂ ਨਿੱਜੀ ਮਾਲਕੀ ਦੇ ਅਧੀਨ ਬਣੀਆਂ ਰਹਿੰਦੀਆਂ ਸਨ ਪਰ ਬਾਕੀ ਸਰੋਤਾਂ ਨੂੰ ਮਿਲਾ ਦਿੱਤਾ ਜਾਂਦਾ ਸੀ ਤੇ ਉਹਨਾਂ ਨੂੰ ਸਹਿਕਾਰੀ ਕਮੇਟੀ 'ਚ ਲਏ ਗਏ ਫੈਸਲੇ ਅਨੁਸਾਰ ਬਣਾਈਆਂ ਗਈਆਂ ਸਾਲਾਨਾ ਯੋਜਨਾਵਾਂ ਅਨੁਸਾਰ ਵਰਤਿਆ ਜਾਂਦਾ ਸੀ।

ਜੂਨ 1956 ਤੱਕ 63 ਫੀਸਦੀ ਕਿਸਾਨ ਪਰਿਵਾਰ ਤਰੱਕੀ ਕਰਕੇ ਵੱਡੀਆਂ ਉੱਨਤ ਖੇਤੀ ਉਤਪਾਦਕ ਸਹਿਕਾਰੀ ਕਮੇਟੀਆਂ 'ਚ ਸ਼ਾਮਲ ਹੋ ਗਏ ਸੀ, ਜਿਹਨਾਂ 'ਚ ਜ਼ਮੀਨ, ਕਿਰਤ ਤੇ ਪੈਦਾਵਾਰ ਦੇ ਸਾਧਨਾਂ ਨੂੰ ਮਿਲਾ ਦਿੱਤਾ ਗਿਆ ਸੀ।

15. ਚਾਂਗ ਤਿਏਨ-ਪੇਈ (ਜ਼ੁੰਗ ਦਿਏਨ-ਪੇਈ) 1950 ਦੇ ਮੱਧ ਦਾ ਇੱਕ ਫਿਲਮ ਅਲੋਚਕ ਸੀ ਜਿਸ ਨੇ ਬਾਅਦ 'ਚ 1957 ਦੀ ਪਾਰਟੀ ਵਿਰੋਧੀ, ਸਮਾਜਵਾਦ ਵਿਰੋਧੀ ਧਾਰਾ 'ਚ ਹਿੱਸਾ ਲਿਆ ਸੀ।

16. "ਤਿੰਨ ਵਿਰੋਧੀ" (ਸਾਨਫਾਨ) ਮੁਹਿੰਮ ਅਗਸਤ 1951 'ਚ ਉੱਤਰ-ਪੂਰਬ 'ਚ ਤੇ ਕੌਮੀ ਪੱਧਰ 'ਤੇ ਜਨਵਰੀ 1952 ਵਿੱਚ ਸ਼ੁਰੂ ਕੀਤੀ ਗਈ ਸੀ ਜੋ ਸਰਕਾਰੀ ਕਰਮਚਾਰੀਆਂ 'ਚ ਮੌਜੂਦ ਭ੍ਰਿਸ਼ਟਾਚਾਰ, ਬਰਬਾਦੀ ਤੇ ਲਾਲ-ਫੀਤਾਸ਼ਾਹੀ ਦੇ ਵਿਰੁੱਧ ਸੇਧਤ ਸੀ ਜਿਹਨਾਂ ਵਿੱਚੋਂ ਜ਼ਿਆਦਾਤਰ ਕੌਮੀ ਸ਼ਾਸਨ ਦੀ ਰਹਿੰਦ-ਖੂੰਹਦ ਸਨ। "ਪੰਜ ਵਿਰੋਧੀ" (ਵੂਫਾਨ) ਮੁਹਿੰਮ ਕੌਮੀ ਬੁਰਜੂਆਜ਼ੀ ਦੇ ਵਿਰੁੱਧ ਸੇਧਤ ਸੀ। ਰਿਸ਼ਵਤਖੋਰੀ, ਰਾਜਕੀ ਜਾਇਦਾਦ ਦੀ ਚੋਰੀ, ਟੈਕਸ ਚੋਰੀ, ਰਾਜਕੀ ਆਰਥਿਕ ਗੁਪਤ ਸੂਚਨਾਵਾਂ ਦੀ ਚੋਰੀ ਤੇ ਸਰਕਾਰੀ ਠੇਕਿਆਂ ਨੂੰ ਪੂਰਾ ਕਰਨ ਵਿੱਚ ਕੀਤੇ ਗਏ ਗਬਨ ਦਾ ਖਾਤਮਾ ਇਸ ਦੇ ਵਿਸ਼ੇਸ਼ ਨਿਸ਼ਾਨੇ 'ਤੇ ਸੀ।

17. ਇੱਥੇ ਮਾਓ 1957 ਦੀ ਬਸੰਤ ਰੁੱਤ 'ਚ "ਫੁਟਾਰਾ ਅਤੇ ਭੇੜ (Blooming and contending)" ਦੇ ਦੌਰ 'ਚ ਸੀ. ਪੀ. ਸੀ. ਦੀ ਸੱਜੇ ਪੱਖੀ ਅਲੋਚਨਾ ਵੱਲ ਇਸ਼ਾਰਾ ਕਰ ਰਹੇ ਹਨ ਜੋ ਕਿ ਫਰਵਰੀ 1957 'ਚ "ਲੋਕਾਂ ਦਰਮਿਆਨ ਵਿਰੋਧਤਾਈਆਂ ਨੂੰ ਸਹੀ ਢੰਗ ਨਾਲ਼ ਹੱਲ ਕਰਨ ਬਾਰੇ" ਦਿੱਤੇ ਗਏ ਭਾਸ਼ਨ ਤੋਂ ਥੋੜ੍ਹੇ ਸਮੇਂ ਬਾਅਦ ਹੀ ਕੀਤੀ ਗਈ ਸੀ।

18. ਜੁਲਾਈ 1959 'ਚ ਲੂਸ਼ਾਨ ਸੰਮੇਲਨ 'ਚ ਤਤਕਾਲੀ ਰੱਖਿਆ ਮੰਤਰੀ ਪੇਂਗ-ਤੇ-ਹੂਆਈ (ਪੇਂਗ-ਦੇ ਹੂਆਈ) ਦੀ ਅਗਵਾਈ 'ਚ ਪਾਰਟੀ ਆਗੂਆਂ ਦੇ ਇੱਕ ਸਮੂਹ ਨੇ ਮਹਾਨ ਅੱਗੇ ਵੱਲ ਛਾਲ ਤੇ ਇਸ ਦੇ ਆਗੂਆਂ ਦੀ "ਪੈਟੀ ਬੁਰਜੂਆ ਉਨਮਾਦ" ਕਹਿ ਕੇ ਅਲੋਚਨਾ ਕੀਤੀ ਸੀ। ਉਹਨਾਂ ਦਾ ਤਰਕ ਸੀ ਕਿ ਇਸ ਦੇ ਨਾਲ਼ ਫਾਇਦੇ ਨਾਲ਼ੋਂ ਨੁਕਸਾਨ ਕਿਤੇ ਜ਼ਿਆਦਾ ਹੋਇਆ ਹੈ। ਸੰਪੂਰਨ ਸੰਮੇਲਨ 'ਚ ਇੱਕ ਵੱਡੇ ਘੋਲ ਤੋਂ ਬਾਅਦ ਪੇਂਗ ਤੇ ਹੋਰ ਸੱਜੇ-ਪੱਖੀਆਂ ਨੂੰ ਪਾਰਟੀ ਤੇ ਸਰਕਾਰ 'ਚੋਂ ਜ਼ਿੰਮੇਵਾਰ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਸੀ।

19. ਇਸ ਕਿਤਾਬ 'ਚ ਪੇਸ਼ ਕੀਤਾ ਗਿਆ ਇਹ ਤਰਕ ਕਿ ਵਿਚਾਰਧਾਰਕ ਤੇ

ਰਾਜਨੀਤਕ ਮੋਰਚੇ ਉੱਤੇ ਸਮਾਜਵਾਦੀ ਇਨਕਲਾਬ 1957 ਤੱਕ ਪੂਰਾ ਹੋ ਗਿਆ ਸੀ, 1956 'ਚ ਅੱਠਵੀਂ ਪਾਰਟੀ ਕਾਂਗਰਸ ਦੇ ਮਤੇ 'ਚ ਪੇਸ਼ ਤਰਕ ਨਾਲ਼ ਮਿਲਦਾ-ਜੁਲਦਾ ਸੀ। ਕਹਿਣ ਦਾ ਭਾਵ ਹੈ ਕਿ ਚੀਨ 'ਚ ਬੁਰਜੂਆਜ਼ੀ ਤੇ ਮਜ਼ਦੂਰ ਜਮਾਤ ਵਿੱਚ ਵਿਰੋਧਤਾਈ ਮੁੱਖ ਨਹੀਂ ਰਹਿ ਗਈ ਹੈ ਸਗੋਂ ਉੱਨਤ ਪੈਦਾਵਾਰੀ ਸਬੰਧਾਂ (ਜਿਹਨਾਂ ਵਿਚਾਰਧਾਰਕ ਤੇ ਰਾਜਨੀਤਕ ਮੋਰਚੇ 'ਤੇ ਇਨਕਲਾਬ "ਪੂਰਾ" ਹੋ ਚੁੱਕਿਆ ਹੈ) ਤੇ ਪਿਛੜੀਆਂ ਪੈਦਾਵਾਰੀ ਤਾਕਤਾਂ ਦਰਮਿਆਨ ਹੈ।

20. ਮਾਓ ਦੁਆਰਾ ਇੱਥੇ ਦੱਸੀ ਗਈ 45 ਫੀਸਦੀ ਸੰਗ੍ਰਹਿ ਦਰ ਅਸਧਾਰਨ ਰੂਪ ਨਾਲ਼ ਬਹੁਤ ਉੱਚੀ ਹੈ ਜਿਸ ਨੂੰ ਨਮੂਨੇ ਦੀ ਉੱਨਤ ਸਥਿਤੀ ਦਰਸਾਉਣ ਲਈ ਵਰਤਿਆ ਗਿਆ ਹੈ। ਮਹਾਨ ਅੱਗੇ ਵੱਲ ਛਾਲ ਦੌਰਾਨ ਮਾਓ ਨੇ ਲਗਾਤਾਰ ਬਹੁਤ ਉੱਚੀ ਸੰਗ੍ਰਹਿ ਦਰ ਦੇ ਖਿਲਾਫ ਤਰਕ ਪੇਸ਼ ਕੀਤਾ ਸੀ ਜੋ ਕਿਸਾਨਾਂ ਦੇ ਪੈਦਾਵਾਰ ਕਰਨ ਦੇ ਉਤਸ਼ਾਹ ਨੂੰ ਘੱਟ ਕਰ ਦੇਵੇਗਾ। ਇੱਕ ਆਮ ਨਿਯਮ ਵਜੋਂ ਉਹਨਾਂ ਨੇ ਖੇਤੀ ਪੈਦਾਵਾਰ ਲਈ ਹੇਠ ਲਿਖੇ ਵਿਰਾਮ ਪੇਸ਼ ਕੀਤੇ : ਕਰ (7 ਫੀਸਦੀ); ਪੈਦਾਵਾਰ ਖਰਚੇ (20 ਫੀਸਦੀ); ਸੰਗ੍ਰਹਿ (18 ਫੀਸਦੀ); ਲੋਕਾਂ 'ਚ ਵਟਾਂਦਰਾ (55 ਫੀਸਦੀ)।

21. ਖੇਤੀ ਦੇ ਲਈ ਅੱਠ ਚਿੱਤਰ ਅੱਖਰਾਂ ਦੀ ਸੂਚੀ, ਜਿਸ ਦਾ ਮਹਾਨ ਅੱਗੇ ਵੱਲ ਛਾਲ ਦੌਰਾਨ ਪ੍ਰਚਾਰ ਕੀਤਾ ਗਿਆ ਸੀ, ਇਹਨਾਂ ਚੀਜ਼ਾਂ 'ਤੇ ਧਿਆਨ ਦੇਣ ਦਾ ਸੱਦਾ ਦਿੰਦੀ ਸੀ : ਪਾਣੀ, ਖਾਦਾਂ, ਭੂਮੀ (ਰੱਖਿਆ), ਬੀਜ (ਚੋਣ), ਸੰਘਣਾਪਣ (ਬੀਜਣ 'ਚ), ਰੱਖਿਆ (ਬੂਟਿਆਂ ਦੀ), ਸੰਦ ਅਤੇ (ਖੇਤ) ਪ੍ਰਬੰਧਨ।

22. ਇੱਥੇ ਮਾਓ ਚੀਨ 'ਚ ਮੌਜੂਦਾ ਸਮੇਂ 'ਚ ਲਾਗੂ ਅੱਠ-ਪੱਧਰੀ ਤਨਖਾਹ ਢਾਂਚੇ ਦੇ ਪੰਜਵੇਂ ਢਾਂਚੇ ਵੱਲ ਇਸ਼ਾਰਾ ਕਰ ਰਹੇ ਹਨ।

23. ਮੁਕਤੀ ਜੰਗ ਸਮੇਂ ਕਾਰਕੁੰਨਾਂ ਨੂੰ ਕੰਮ ਅਨੁਸਾਰ ਨਹੀਂ ਸਗੋਂ ਲੋੜ ਅਨੁਸਾਰ ਚੀਜ਼ਾਂ ਦਿੱਤੀਆਂ ਜਾਂਦੀਆਂ ਸਨ। ਇਹ ਚੀਜ਼ਾਂ ਵਟਾਂਦਰਾ ਕਦਰ 'ਤੇ ਅਧਾਰਤ ਕਿਸੇ ਮੰਡੀ ਪ੍ਰਕਿਰਿਆ ਦੇ ਮਾਧਿਅਮ ਨਾਲ਼ ਨਹੀਂ ਸਗੋਂ ਸਿੱਧੀਆਂ ਵਰਤੋਂ ਲਈ ਦਿੱਤੀਆਂ ਜਾਂਦੀਆਂ ਸੀ।

24. ਜਨਤਕ ਲੀਹ ਉਹ ਪੱਧਤੀ ਹੈ ਜਿਸ ਨੂੰ ਸੀ. ਪੀ. ਸੀ. ਹਾਸਲ ਕਰਨ ਦੀ ਕੋਸ਼ਿਸ਼ ਕਰਦੀ ਹੈ। ਮਾਓ ਦੁਆਰਾ ਇਸ ਦਾ ਉੱਚ-ਕੋਟੀ ਦਾ ਸੂਤਰੀਕਰਨ ਦਿੱਤਾ ਗਿਆ ਹੈ:

ਸਾਡੇ ਪਾਰਟੀ ਦੇ ਸਾਰੇ ਵਿਹਾਰਕ ਕੰਮਾਂ 'ਚ ਸਾਰੀ ਸਹੀ ਅਗਵਾਈ ਲਾਜ਼ਮੀ ਤੌਰ 'ਤੇ "ਲੋਕਾਂ ਵੱਲੋਂ, ਲੋਕਾਂ ਵੱਲ" ਤੋਂ ਆਉਂਦੀ ਹੈ। ਇਸ ਦਾ ਅਰਥ ਹੈ ਕਿ ਲੋਕਾਂ ਦੇ ਵਿਚਾਰ (ਖਿੱਲਰੇ ਤੇ ਗੈਰ-ਵਿਵਸਥਤ ਵਿਚਾਰ) ਗ੍ਰਹਿਣ ਕਰੋ ਤੇ ਉਹਨਾਂ ਨੂੰ ਕੇਂਦਰੀਕ੍ਰਿਤ ਕਰੋ, (ਅਧਿਐਨ ਦੁਆਰਾ ਉਹਨਾਂ ਨੂੰ ਕੇਂਦਰੀਕ੍ਰਿਤ ਤੇ ਵਿਵਸਥਤ ਦਾ ਪ੍ਰਚਾਰ ਤੇ ਵਿਆਖਿਆ ਕਰੋ ਤਾਂ ਕਿ ਲੋਕ ਇਹਨਾਂ ਵਿਚਾਰਾਂ ਨੂੰ ਅਪਣਾ ਲੈਣ ਇਹਨਾਂ ਤੇ ਮਜ਼ਬੂਤ ਪਕੜ ਬਣਾ ਲੈਣ ਤੇ ਇਹਨਾਂ ਨੂੰ ਅਭਿਆਸ 'ਚ ਬਦਲ ਦੇਣ ਤੇ ਅਭਿਆਸ 'ਚ ਇਹਨਾਂ ਵਿਚਾਰਾਂ ਦੀ ਪਰਖ ਕਰਨ। ਓਦੋਂ ਫਿਰ ਲੋਕਾਂ ਦੇ ਵਿਚਾਰਾਂ ਨੂੰ ਕੇਂਦਰੀਕ੍ਰਿਤ ਕਰੋ ਤੇ ਇੱਕ ਵਾਰ ਫਿਰ ਲੋਕਾਂ ਕੋਲ ਜਾਓ ਤਾਂ ਕਿ ਵਿਚਾਰਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ ਤੇ ਅੱਗੇ ਲਿਜਾਇਆ ਜਾ ਸਕੇ ਤੇ

ਇਸ ਤਰ੍ਹਾਂ, ਇੱਕ ਅੰਤਹੀਣ ਕੁੰਡਲੀ ਦੀ ਤਰ੍ਹਾਂ ਵਾਰ-ਵਾਰ ਵਿਚਾਰ ਹਰ ਵਾਰ ਵਧੇਰੇ ਸਹੀ, ਵਧੇਰੇ ਜੀਵੰਤ ਤੇ ਵਧੇਰੇ ਅਮੀਰ ਬਣਦੇ ਜਾਣਗੇ।

"ਅਗਵਾਈ ਦੇ ਢੰਗਾਂ ਸਬੰਧੀ ਕੁੱਝ ਸਵਾਲ"।ਜੂਨ, 1943, ਚੋਣਵੀਆਂ ਕਿਰਤਾਂ, ਭਾਗ-3, ਸਫ਼ਾ-119 ਵਿੱਚੋਂ।

25. ਮਾਓ ਜੁਲਾਈ-ਅਗਸਤ 1959 'ਚ ਹੋਏ ਲੂਸ਼ਾਨ ਸੰਮੇਲਨ ਵੱਲ ਮੁੜ ਇਸ਼ਾਰਾ ਕਰ ਰਹੇ ਹਨ ਜਿੱਥੇ ਪੇਂਗ ਤੇ-ਹੁਈ ਨਾਲ਼ ਹੋਇਆ ਵਿਵਾਦ ਸਾਹਮਣੇ ਆਇਆ ਸੀ।

# ਪੂਰਕ

1. ਚੂ ਯੂਆਨ (ਕੂ ਯੂਆਨ) ਚਾਓ ਯੁੱਗ ਦਾ ਇੱਕ ਕੁਲੀਨ ਸੀ ਜੋ ਈਸਾ ਪੂਰਵ ਤੀਜੀ ਸਦੀ ਦੇ ਸ਼ੁਰੂ 'ਚ ਰਹਿੰਦਾ ਸੀ।ਸ਼ਾਹੀ ਦਰਬਾਰ 'ਚੋਂ ਕੱਢੇ ਜਾਣ ਤੋਂ ਬਾਅਦ ਉਸ ਨੇ 'ਲੀ ਸਾਓ' ਲਿਖਿਆ ਜੋ ਉਦਾਰ ਸ਼ਾਸਕ ਦੀ ਭਾਲ ਲਈ ਰੂਪਕ ਕਥਾ ਦੇ ਰੂਪ 'ਚ ਕਲਪਨਾ ਪ੍ਰਧਾਨ ਬਿਰਤਾਂਤ ਸੀ। ਬਾਅਦ 'ਚ ਨਿਰਾਸ਼ ਹੋ ਕੇ ਉਸ ਨੇ ਪਾਣੀ 'ਚ ਡੁੱਬ ਕੇ ਆਤਮ ਹੱਤਿਆ ਕਰ ਲਈ ਸੀ।

2. "ਤਿੰਨ ਕਾਇਆਪਲਟੀਆਂ" ਖੇਤੀ, ਨਿੱਜੀ ਜਾਇਦਾਦ ਤੇ ਦਸਤਕਾਰੀ ਪੈਦਾਵਾਰ ਦੀ ਕਾਇਆਪਲਟੀ ਵੱਲ ਇਸ਼ਾਰਾ ਕਰਦਾ ਹੈ।

3. ਚਾਲੀ ਸੂਤਰੀ ਪ੍ਰੋਗਰਾਮ ਮਾਓ ਦੁਆਰਾ ਹਮਾਇਤ ਪ੍ਰਾਪਤ ਖੇਤੀ ਵਿਕਾਸ ਯੋਜਨਾ ਦੀ ਨੁਮਾਇੰਦਗੀ ਕਰਦਾ ਹੈ। ਇਹਨਾਂ ਚਾਲੀ ਸੂਤਰਾਂ ਨੇ ਵਿਦੇਸ਼ੀ ਮੰਡੀਆਂ ਦੀ ਬਜਾਏ ਖੇਤੀ ਪੈਦਾਵਾਰ ਤੇ ਘਰੇਲੂ ਖੇਤੀ ਮੰਡੀ 'ਤੇ ਨਿਰਭਰ ਰਹਿਣ ਦੀ ਵਕਾਲਤ ਕੀਤੀ ਤਾਂ ਕਿ ਚੀਨ ਦੇ ਸਨਅਤੀਕਰਨ ਦੀ ਮਾਲੀ ਸਹਾਇਤਾ ਲਈ ਲੋੜੀਂਦਾ ਮੁੱਢਲਾ ਸੰਗ੍ਰਹਿ ਦਿੱਤਾ ਜਾ ਸਕੇ।ਸਹਿਕਾਰਤਾ ਤੇ ਪੈਦਾਵਾਰੀ ਤਾਕਤਾਂ ਦੇ ਵਧੇਰੇ ਵਿਕਾਸ ਲਈ ਇੱਕ ਜ਼ਰੂਰੀ ਸ਼ਰਤ ਦੇ ਤੌਰ 'ਤੇ ਇਹ ਸੂਤਰ ਪੈਦਾਵਾਰੀ ਸਬੰਧਾਂ 'ਚ ਤਬਦੀਲੀ ਦੀ ਵਕਾਲਤ ਕਰਦਾ ਹੈ।ਕਿਸਾਨਾਂ ਦੀ ਵਿਆਪਕ ਬਹੁਗਿਣਤੀ ਅਬਾਦੀ ਨੇ ਇਸ ਪ੍ਰਕਿਰਿਆ ਤੋਂ ਆਪਣੀ ਆਮਦਨ ਵਧਾਉਣੀ ਸੀ।ਭਾਵੇਂ 1956 ਤੇ 1957 ਦੇ ਜ਼ਿਆਦਾਤਰ ਦੌਰ 'ਚ ਚਾਲੀ ਸੂਤਰ ਹਟਾ ਦਿੱਤੇ ਗਏ ਸੀ ਪਰ ਉਹ ਮਹਾਨ ਅੱਗੇ ਵੱਲ ਛਾਲ ਦਾ ਇੱਕ ਅਟੁੱਟ ਹਿੱਸਾ ਬਣ ਗਏ ਸੀ।

4. ਜਿਵੇਂ ਕਿ ਮਾਓ ਨੇ ਇੱਥੇ ਇਸ਼ਾਰਾ ਕੀਤਾ ਹੈ, ਨਵੰਬਰ 1958 ਤੋਂ 1959 ਦੇ ਸ਼ੁਰੂ ਤੱਕ ਮੀਟਿੰਗਾਂ ਦੀ ਇੱਕ ਲੜੀ ਆਯੋਜਤ ਕੀਤੀ ਗਈ ਸੀ। ਇਹਨਾਂ ਮੀਟਿੰਗਾਂ 'ਚ ਮਹਾਨ ਅੱਗੇ ਵੱਲ ਛਾਲ ਦੀਆਂ ਤਰੁਟੀਆਂ ਦੀ ਅਲੋਚਨਾ ਕੀਤੀ ਗਈ ਸੀ ਤੇ ਉਹਨਾਂ ਨੂੰ ਠੀਕ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸੀ। ਫਿਰ ਵੀ ਇਹਨਾਂ ਤਰੁਟੀਆਂ ਦੀ ਅਲੋਚਨਾ ਕਰਨ ਤੇ ਉਹਨਾਂ ਨੂੰ ਠੀਕ ਕੀਤੇ ਜਾਣ ਤੋਂ ਬਾਅਦ ਜੁਲਾਈ 1959 'ਚ ਸੱਜੇ

ਪੱਖੀਆਂ ਨੇ ਮੁਹਿੰਮ ਅਰੰਭ ਦਿੱਤੀ ਸੀ ਜਿਸ ਨੂੰ ਮਾਓ ਨੇ ਮਹਾਨ ਛਾਲ ਤੇ ਇਸ ਦੀ ਹਮਾਇਤ ਕਰਨ ਵਾਲੀ ਲੀਡਰਸ਼ਿਪ 'ਤੇ ਮੌਕਾਪ੍ਰਸਤ ਹਮਲਾ ਮੰਨਿਆ। ਸੱਜੇ ਪੱਖੀਆਂ ਦੀ ਅਲੋਚਨਾ ਦਾ ਇਹ ਬੋਧ ਲੂਸ਼ਾਨ ਇਜਲਾਸ 'ਚ ਮਾਓ ਦੁਆਰਾ ਦਿੱਤੇ ਗਏ ਦੋ ਭਾਸ਼ਨਾਂ ਦੇ ਸਿਰਲੇਖ "ਸੱਜੇ ਪੱਖੀ ਮੌਕਾਪ੍ਰਸਤ ਹੁਣ ਹਮਲਾ ਕਿਉਂ ਬੋਲ ਰਹੇ ਹਨ ?" ਤੇ "ਮਸ਼ੀਨਗਨ, ਗੋਲਾ-ਬਾਰੂਦ ਤੇ ਹੋਰ ਗੱਲਾਂ" (ਹਮਲੇ ਦੀ ਦੁਸ਼ਮਣਾਨਾ ਪ੍ਰਵਿਰਤੀ ਨੂੰ ਪ੍ਰਤੀਬਿੰਬਤ ਕਰਦੇ ਹੋਏ) 'ਚ ਪ੍ਰਗਟ ਹੁੰਦਾ ਹੈ।

5. ਮਾ ਆਨਸਾਨ ਆਇਰਨ ਤੇ ਸਟੀਲ ਸੰਵਿਧਾਨ ਸੋਵੀਅਤ ਮੈਗਨਿਟੋਗੋਰਸਕ ਆਇਰਨ ਤੇ ਸਟੀਲ ਵਰਕਜ਼ ਨਾਲ਼ ਸਬੰਧਤ ਤਾਨਾਸ਼ਾਹ ਸੰਵਿਧਾਨ ਵੱਲ ਸੰਕੇਤ ਕਰਦਾ ਹੈ ਜਿਸ ਨੂੰ ਚੀਨ ਦੇ ਸਭ ਤੋਂ ਵੱਧ ਉੱਨਤ ਆਇਰਨ ਤੇ ਸਟੀਲ ਕਾਰਖਾਨੇ, ਆਨਸਾਨ ਕਾਰਖਾਨੇ ਨੇ 1950 ਦੇ ਦਹਾਕੇ 'ਚ ਆਪਣਾ ਲਿਆ ਸੀ। ਇਹ ਸੰਵਿਧਾਨ 1958 ਤੱਕ ਨਿਰਵਿਰੋਧ ਚੱਲਦਾ ਰਿਹਾ ਸੀ। ਮਹਾਨ ਅੱਗੇ ਵੱਲ ਛਾਲ ਦੌਰਾਨ ਇੱਕ ਵਿਅਕਤੀ ਦੀ ਕਮਾਨ ਤੇ ਤਕਨੀਕ ਨੂੰ ਕਮਾਨ 'ਚ ਰੱਖਣ ਦੇ "ਮਾ-ਆਨ" ਸਿਧਾਂਤਾਂ ਨੂੰ ਕੇਂਦਰੀ ਲੀਡਰਸ਼ਿਪ ਦੇ ਸਾਹਮਣੇ ਪੇਸ਼ ਰਿਪੋਰਟ ਵਿੱਚ ਚਣੌਤੀ ਦਿੱਤੀ ਗਈ ਸੀ।

ਮਾਰਚ 1960 ਤੱਕ ਮਾਓ ਦੀ ਸ਼ਮੂਲੀਅਤ ਨਾਲ਼ ਨਵਾਂ ਆਨਸਾਨ ਸੰਵਿਧਾਨ ਲਿਖਿਆ ਜਾ ਚੁੱਕਾ ਸੀ। ਇਸ ਨੇ ਪੰਜ ਸਿਧਾਤਾਂ (1) ਰਾਜਨੀਤੀ ਕਮਾਨ 'ਚ, (2) ਪਾਰਟੀ ਅਗਵਾਈ ਨੂੰ ਮਜ਼ਬੂਤ ਕਰਨ, (3) ਊਰਜਾਮਈ ਲੋਕ ਲਹਿਰ ਨੂੰ ਸ਼ੁਰੂ ਕਰਨਾ; (4) "ਦੋ ਸ਼ਮੂਲੀਅਤਾਂ, ਇੱਕ ਸੁਧਾਰ ਤੇ ਤਿੰਨ ਸੰਯੋਜਨਾਂ" ਨੂੰ ਸ਼ੁਰੂ ਕਰਨਾ (ਕਾਰਕੁੰਨਾਂ ਦਾ ਪੈਦਾਵਾਰੀ ਕਿਰਤ 'ਚ ਹਿਸਾ ਲੈਣਾ ਤੇ ਮਜ਼ਦੂਰਾਂ ਦਾ ਪ੍ਰਬੰਧਨ 'ਚ ਭਾਗ ਲੈਣਾ; ਤਰਕਹੀਣ ਤੇ ਵੇਲਾ ਵਿਹਾ ਚੁੱਕੇ ਨਿਯਮਾਂ ਵਿੱਚ ਸੁਧਾਰ; ਮਜ਼ਦੂਰਾਂ, ਕਾਰਕੁੰਨਾਂ ਤੇ ਤਕਨੀਸ਼ੀਅਨਾਂ 'ਚ ਸਹਿਯੋਗ), (5) ਤਕਨੀਕੀ ਨਵੀਨ ਬਦਲਾਵਾਂ ਤੇ ਤਕਨੀਕੀ ਇਨਕਲਾਬ ਨੂੰ ਪੂਰੀ ਗਤੀ ਨਾਲ਼ ਅੱਗੇ ਵਧਾਉਣਾ, ਨੂੰ ਇਕੱਠਾ ਕੀਤਾ। ਭਾਵੇਂ ਕਿ ਮਾਰਚ 1960 ਵਿੱਚ ਮਾਓ ਨੇ ਆਨਸ਼ਾਨ ਸੰਵਿਧਾਨ ਨੂੰ ਜਾਰੀ ਕਰਨ, ਇਸ ਦੇ ਪ੍ਰਕਾਸ਼ਨ ਤੇ ਇਸ ਨੂੰ ਲਾਗੂ ਕੀਤੇ ਜਾਣ ਲਈ ਹੱਕ ਦੇ ਦਿੱਤੇ ਸਨ ਪਰ ਸੱਭਿਆਚਾਰਕ ਇਨਕਲਾਬ ਤੋਂ ਪਹਿਲਾਂ ਇਸ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਆ ਨਹੀਂ ਗਿਆ ਸੀ।

6. ਇੱਕ ਕੈਟੀ 1.1 ਪਾਉਂਡ ਦੇ ਬਰਾਬਰ ਹੁੰਦੀ ਹੈ।

# ‘ਸੋਵੀਅਤ ਸੰਘ ਵਿੱਚ ਸਮਾਜਵਾਦ ਦੀਆਂ ਆਰਥਿਕ ਸਮੱਸਿਆਵਾਂ’ ਦੇ ਸਬੰਧ ਵਿੱਚ’

## (ਨਵੰਬਰ 1958 )[1]

ਸੂਬਾਈ ਤੇ ਇਲਾਕਾਈ ਕਮੇਟੀਆਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਪਹਿਲਾਂ ਹਰ ਕੋਈ ਇਸ ਨੂੰ ਪੜ੍ਹਦਾ ਸੀ ਪਰ ਡੂੰਘਾ ਪ੍ਰਭਾਵ ਕੋਈ ਨਹੀਂ ਲੈਂਦਾ ਸੀ। ਇਸ ਨੂੰ ਚੀਨ ਦੀਆਂ ਅਸਲ ਹਾਲਤਾਂ ਨਾਲ ਜੋੜ ਕੇ ਇਸ ਦਾ ਅਧਿਐਨ ਕਰਨਾ ਚਾਹੀਦਾ ਹੈ। ਪਹਿਲੇ ਤਿੰਨ ਪਾਠਾਂ ਵਿੱਚ ਅਜਿਹਾ ਕਾਫੀ ਕੁੱਝ ਹੈ ਜੋ ਧਿਆਨ ਦੇਣ ਯੋਗ ਹੈ, ਜੋ ਕਾਫੀ ਸਹੀ ਹੈ, ਭਾਵੇਂ ਅਜਿਹੇ ਕਈ ਮੌਕੇ ਹਨ ਜਿੱਥੇ ਸ਼ਾਇਦ ਸਤਾਲਿਨ ਨੇ ਖੁਦ ਹੀ ਚੀਜ਼ਾਂ ਨੂੰ ਸਪੱਸ਼ਟ ਨਹੀਂ ਕੀਤਾ। ਮਿਸਾਲ ਵਜੋਂ ਪਾਠ–1 ਵਿੱਚ ਆਪਣੇ ਵਿਚਾਰਾਂ ਦਾ ਖੁਲਾਸਾ ਕੀਤੇ ਬਿਨਾਂ ਉਹ ਆਰਥਿਕਤਾ ਦੀ ਯੋਜਨਾਬੰਦੀ ਤੇ ਬਾਹਰਮੁਖੀ ਨਿਯਮਾਂ ਬਾਰੇ ਸਿਰਫ ਚੰਦ ਕੁ ਗੱਲਾਂ ਹੀ ਕਰਦੇ ਹਨ ਜਾਂ ਇਹ ਵੀ ਹੋ ਸਕਦਾ ਹੈ ਕਿ ਉਹਨਾਂ ਦੇ ਖਿਆਲ ’ਚ ਹੋਵੇ ਕਿ ਆਰਥਿਕਤਾ ਦੀ ਸੋਵੀਅਤ ਯੋਜਨਾਬੰਦੀ ਬਾਹਰਮੁਖੀ ਨਿਰਦੇਸ਼ਨਕਾਰੀ ਨਿਯਮਾਂ ਨੂੰ ਪਹਿਲਾਂ ਹੀ ਪ੍ਰਤੀਬਿੰਬਤ ਕਰ ਚੁੱਕੀ ਹੈ। ਭਾਰੀ ਸਨਅਤ, ਹਲਕੀ ਸਨਅਤ ਤੇ ਖੇਤੀ ਦੇ ਸਵਾਲ ’ਤੇ ਸੋਵੀਅਤ ਸੰਘ ਨੇ ਪਿਛਲੇ ਦੋ ਉੱਤੇ ਲੋੜੀਂਦਾ ਜ਼ੋਰ ਨਹੀਂ ਦਿੱਤਾ ਜਿਸ ਦੇ ਸਿੱਟੇ ਵਜੋਂ ਉਹਨਾਂ ਨੂੰ ਨੁਕਸਾਨ ਝੱਲਣੇ ਪਏ। ਇਸ ਦੇ ਨਾਲ਼ ਹੀ ਉਹਨਾਂ ਨੇ ਲੋਕਾਂ ਦੇ ਫੌਰੀ ਤੇ ਦੂਰਰਸ ਹਿੱਤਾਂ ਦੇ ਜੋੜ ’ਤੇ ਵੀ ਚੰਗਾ ਕੰਮ ਨਹੀਂ ਕੀਤਾ। ਅਸਲ ’ਚ ਉਹ ਸਿਰਫ਼ ਇੱਕ ਲੱਤ ’ਤੇ ਚੱਲੇ। ਯੋਜਨਾਬੰਦੀ ਦੀ ਤੁਲਨਾ ਕਰੀਏ ਤਾਂ ਸਾਡੇ ’ਚੋਂ ਕਿਸ ਕੋਲ ਬਿਹਤਰ ਢੰਗ ਨਾਲ਼ ਢਾਲਿਆ ਹੋਇਆ “ਅਨੁਪਾਤਕ ਯੋਜਨਾਬੱਧ ਵਿਕਾਸ” ਸੀ ? ਇੱਕ ਹੋਰ ਨੁਕਤਾ : ਸਤਾਲਿਨ ਨੇ ਸਿਰਫ਼ ਤਕਾਲੋਜੀ ਅਤੇ ਤਕਨੀਕੀ ਕਾਰਕੁੰਨਾਂ ’ਤੇ ਜ਼ੋਰ ਦਿੱਤਾ। ਉਹ ਬਸ ਤਕਨਾਲੋਜੀ, ਸਿਰਫ਼ ਕਾਰਕੁੰਨ ਚਾਹੁੰਦੇ ਸੀ ਤੇ ਹੋਰ ਕੁੱਝ ਨਹੀਂ; ਰਾਜਨੀਤੀ ਤੇ ਲੋਕ ਨਹੀਂ। ਇਹ ਵੀ ਇੱਕ ਲੱਤ ’ਤੇ ਚੱਲਣਾ ਹੀ ਹੈ! ਤੇ ਸਨਅਤ ਵਿੱਚ ਵੀ ਉਹ ਓਦੋਂ ਇੱਕ ਲੱਤ ’ਤੇ ਹੀ ਚੱਲਦੇ ਹਨ ਜਦੋਂ ਉਹ ਸਿਰਫ਼ ਭਾਰੀ ਸਨਅਤ ਵੱਲ ਹੀ ਧਿਆਨ ਦਿੰਦੇ ਹਨ ਤੇ ਹਲਕੀ ਸਨਅਤ ਵੱਲ ਨਹੀਂ। ਇਸ ਤੋਂ ਬਿਨਾਂ ਉਹਨਾਂ ਨੇ ਭਾਰੀ ਸਨਅਤ ਦੇ ਵਿਭਾਗਾਂ ਦੇ ਸਬੰਧਾਂ ਵਿਚਲੀਆਂ ਵਿਰੋਧਤਾਈਆਂ ਵੱਲ ਵੀ ਧਿਆਨ ਨਹੀਂ ਦਿੱਤਾ। ਉਹਨਾਂ ਨੇ ਭਾਰੀ ਸਨਅਤ ਦੇ ਮਹੱਤਵ ਨੂੰ ਇਹ ਦਾਅਵਾ ਕਰਕੇ ਵਧਾਅ ਚੜ੍ਹਾਅ ਕੇ ਪੇਸ਼ ਕੀਤਾ ਕਿ ਸਟੀਲ ਬੁਨਿਆਦ, ਮਸ਼ੀਨਰੀ ਦਿਲ ਤੇ ਆਤਮਾ ਹੈ। ਸਾਡੀ ਹਾਲਤ ਇਹ ਹੈ ਕਿ ਅਨਾਜ ਖੇਤੀ ਦੀ ਤੇ ਸਟੀਲ ਸਨਅਤ ਦੀ ਨੀਂਹ ਹੈ ਤੇ ਜੇ ਸਟੀਲ ਨੂੰ ਨੀਂਹ ਮੰਨ ਲਿਆ ਜਾਵੇ ਤਾਂ ਜਿਵੇਂ ਹੀ ਸਾਡੇ ਕੋਲ ਕੱਚਾ ਮਾਲ ਹੋਵੇਗਾ ਮਸ਼ੀਨ ਸਨਅਤ ਪਿੱਛੇ–ਪਿੱਛੇ ਚੱਲ ਪਵੇਗੀ। ਸਤਾਲਿਨ ਨੇ ਪਾਠ–1 ਵਿੱਚ ਸਵਾਲ ਕੀਤੇ ਸੀ : ਉਹਨਾਂ ਨੇ

ਬਾਹਰਮੁਖੀ ਨਿਰਦੇਸ਼ਨਕਾਰੀ ਸਿਧਾਂਤ ਦੇ ਸੁਝਾਅ ਦਿੱਤੇ ਸੀ ਪਰ ਉਹ ਤਸੱਲੀਬਖਸ਼ ਜਵਾਬ ਦੇਣ 'ਚ ਅਸਫ਼ਲ ਰਹੇ।

ਪਾਠ–2 ਵਿੱਚ ਉਹ ਜਿਣਸਾਂ ਤੇ ਪਾਠ–3 ਵਿੱਚ ਕਦਰ ਦੇ ਨਿਯਮ ਉੱਤੇ ਵਿਚਾਰ ਵਟਾਂਦਰਾ ਕਰਦੇ ਹਨ। ਸਾਪੇਖਕ ਢੰਗ ਨਾਲ਼ ਗੱਲ ਕਰੀਏ ਤਾਂ ਮੈਂ ਪ੍ਰਗਟਾਏ ਗਏ ਕਈ ਵਿਚਾਰਾਂ ਦੇ ਪੱਖ 'ਚ ਹਾਂ। ਪੈਦਾਵਾਰ ਨੂੰ ਦੋ ਪ੍ਰਮੁੱਖ ਵਿਭਾਗਾਂ ਵਿੱਚ ਵੰਡਣਾ ਤੇ ਇਹ ਕਹਿਣਾ ਕਿ ਪੈਦਾਵਾਰ ਦੇ ਸਾਧਨ ਜਿਣਸਾਂ ਨਹੀਂ ਹਨ... ਇਹ ਨੁਕਤੇ ਅਧਿਐਨ ਦੀ ਮੰਗ ਕਰਦੇ ਹਨ। ਚੀਨੀ ਖੇਤੀ 'ਚ ਅਜਿਹੇ ਕਈ ਪੈਦਾਵਾਰ ਦੇ ਸਾਧਨ ਹਨ ਜਿਹਨਾਂ ਨੂੰ ਜਿਣਸ ਹੋਣਾ ਚਾਹੀਦਾ ਹੈ। ਮੇਰਾ ਮੰਨਣਾ ਹੈ ਕਿ ਨੱਥੀ ਕੀਤੇ ਤਿੰਨ ਖਤਾਂ* 'ਚੋਂ ਆਖਰੀ ਪੂਰੀ ਤਰ੍ਹਾਂ ਗਲਤ ਹੈ। ਉਹ ਡੂੰਘੀ ਬੇਚੈਨੀ ਤੇ ਇਸ ਵਿਸ਼ਵਾਸ ਨੂੰ ਪ੍ਰਗਟ ਕਰਦਾ ਹੈ ਕਿ ਖੇਤੀ ਮਸ਼ੀਨਰੀ ਨੂੰ ਛੱਡਣ ਲਈ ਕਿਸਾਨੀ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਪਰ ਉਹ ਇਸ ਨੂੰ ਚਿੰਬੜੇ ਰਹਿਣਗੇ। ਇੱਕ ਪਾਸੇ ਸਤਾਲਿਨ ਕਹਿੰਦੇ ਹਨ ਕਿ ਪੈਦਾਵਾਰ ਦੇ ਸਾਧਨਾਂ ਦਾ ਮਾਲਕ ਰਾਜ ਹੈ। ਦੂਜੇ ਪਾਸੇ ਉਹ ਕਹਿੰਦੇ ਹਨ ਕਿ ਇਹ ਕਿਸਾਨਾਂ ਦੇ ਵਿੱਤ ਤੋਂ ਬਾਹਰ ਹਨ। ਸੱਚ ਤਾਂ ਇਹ ਹੈ ਕਿ ਉਹ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ। ਰਾਜ ਨੇ ਕਿਸਾਨਾਂ ਨੂੰ ਬਹੁਤ ਜ਼ਿਆਦਾ ਕੱਸ ਕੇ, ਬਿਨਾਂ ਕਿਸੇਂ ਲਚੀਲੇਪਨ ਦੇ, ਆਪਣੇ ਕੰਟਰੋਲ ਵਿੱਚ ਰੱਖਿਆ। ਦੋ ਸੰਕਰਮਣਾਂ ਲਈ ਸਤਾਲਿਨ ਸਹੀ ਢੰਗ ਤੇ ਸਾਧਨ ਲੱਭਣ ਵਿੱਚ ਅਸਫ਼ਲ ਰਹੇ, ਇਹ ਉਹਨਾਂ ਲਈ ਪ੍ਰੇਸ਼ਾਨ ਕਰਨ ਵਾਲਾ ਮੁੱਦਾ ਹੈ।

ਪੂੰਜੀਵਾਦ ਆਪਣੇ ਪਿੱਛੇ ਜਿਣਸ ਰੂਪ ਛੱਡ ਜਾਂਦਾ ਹੈ ਜੋ ਸਾਨੂੰ ਕੁੱਝ ਸਮੇਂ ਲਈ ਬਰਕਰਾਰ ਰੱਖਣਾ ਚਾਹੀਦਾ ਹੈ। ਕਦਰ ਨੂੰ ਸੰਚਾਲਤ ਕਰਨ ਵਾਲੀਆਂ ਜਿਣਸਾਂ ਵਟਾਂਦਰਾ ਨਿਯਮ ਸਾਡੀ ਪੈਦਾਵਾਰ ਵਿੱਚ ਵਿਨਯਮਨਕਾਰ ਭੂਮਿਕਾ ਨਹੀਂ ਨਿਭਾਉਂਦੇ। ਇਹ ਭੂਮਿਕਾ ਯੋਜਨਾਬੰਦੀ ਦੁਆਰਾ, ਯੋਜਨਾਬੰਦੀ ਅਧੀਨ ਮਹਾਨ ਅੱਗੇ ਵੱਲ ਛਾਲ ਦੁਆਰਾ ਤੇ ਰਾਜਨੀਤੀ ਨੂੰ ਕਮਾਨ 'ਚ ਰੱਖਣ ਦੁਆਰਾ ਅਦਾ ਕੀਤੀ ਜਾਂਦੀ ਹੈ। ਸਤਾਲਿਨ ਸਿਰਫ਼ ਪੈਦਾਵਾਰੀ ਸਬੰਧਾਂ ਦੀ ਗੱਲ ਹਨ, ਉੱਚ–ਉਸਾਰ ਦੀ ਨਹੀਂ, ਨਾ ਹੀ ਉਹ ਉੱਚ–ਉਸਾਰ ਤੇ ਆਰਥਿਕ ਅਧਾਰ ਵਿਚਲੇ ਸਬੰਧ ਦੀ ਗੱਲ ਕਰਦੇ ਹਨ। ਚੀਨੀ ਕਾਰਕੁੰਨ ਪੈਦਾਵਾਰ ਵਿੱਚ ਹਿੱਸਾ ਲੈਂਦੇ ਹਨ; ਮਜ਼ਦੂਰ ਪ੍ਰਬੰਧਨ ਵਿੱਚ ਹਿੱਸਾ ਲੈਂਦੇ ਹਨ। ਪੁਰਾਣੇ ਨਿਯਮਾਂ ਅਧਿਨਿਯਮਾਂ ਨੂੰ ਤਿਆਗ ਕੇ ਕਾਰਕੁੰਨਾਂ ਦੀ ਢਲਾਈ ਲਈ ਉਹਨਾਂ ਨੂੰ ਹੇਠਲੇ ਸਤਰਾਂ ਵਿੱਚ ਭੇਜਣਾ — ਇਹ ਸਭ ਉੱਚ–ਉਸਾਰ, ਵਿਚਾਰਧਾਰਾ ਨਾਲ ਸਰੋਕਾਰ ਰੱਖਦੇ ਹਨ। ਸਤਾਲਿਨ ਸਿਰਫ਼ ਅਰਥਸ਼ਾਸਤਰ ਦਾ ਜ਼ਿਕਰ ਕਰਦੇ ਹਨ, ਰਾਜਨੀਤੀ ਦਾ ਨਹੀਂ। ਉਹ ਸਵਾਰਥ–ਰਹਿਤ ਕਿਰਤ ਦੀ ਗੱਲ ਕਰ ਸਕਦੇ ਹਨ ਪਰ ਅਸਲ 'ਚ ਇੱਕ ਘੰਟੇ ਦੀ ਵਾਧੂ ਕਿਰਤ 'ਤੇ ਵੀ ਸ਼ਿਕਵਾ ਕੀਤਾ ਜਾਂਦਾ ਹੈ। ਇੱਥੇ ਕੁੱਝ ਵੀ ਸਵਾਰਥ–ਰਹਿਤ ਨਹੀਂ ਹੈ। ਲੋਕਾਂ ਦੀ ਭੂਮਿਕਾ, ਮਜ਼ਦੂਰਾਂ ਦੀ ਭੂਮਿਕਾ — ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਜੇ ਕੋਈ ਕਮਿਊਨਿਸਟ ਲਹਿਰ ਨਾ ਹੋਵੇ ਤਾਂ ਕਮਿਊਨਿਜ਼ਮ ਵਿੱਚ ਸੰਕਰਮਣ ਬਾਰੇ ਸੋਚਣਾ ਵੀ ਔਖਾ ਹੈ। "ਸਾਰੇ ਲੋਕ ਮੇਰੇ ਲਈ ਹਨ, ਮੈਂ ਸਾਰੇ ਲੋਕਾਂ ਲਈ ਹਾਂ।" ਇਹ ਕਿਤੇ ਨਹੀਂ ਆਉਂਦਾ। ਇਹ ਹਰ ਚੀਜ਼ ਦੇ "ਸਵੈ" ਨਾਲ ਜੁੜ

ਜਾਣ 'ਤੇ ਖਤਮ ਹੋ ਜਾਂਦਾ ਹੈ। ਕੁੱਝ ਲੋਕਾਂ ਦਾ ਕਹਿਣਾ ਹੈ ਕਿ ਇਹ ਮਾਰਕਸ ਨੇ ਕਿਹਾ ਸੀ। ਜੇ ਉਹਨਾਂ ਨੇ ਅਜਿਹਾ ਕਿਹਾ ਸੀ ਤਾਂ ਸਾਨੂੰ ਇਸ ਦਾ ਨਹੀਂ ਪ੍ਰਚਾਰ ਕਰਨਾ ਚਾਹੀਦਾ। "ਸਾਰੇ ਲੋਕ ਮੇਰੇ ਲਈ" ਦਾ ਅਰਥ ਹੈ ਕਿ ਹਰ ਕੋਈ ਮੇਰੇ ਲਈ ਹੈ, ਵਿਅਕਤੀ ਲਈ ਹੈ। "ਮੈਂ ਸਾਰੇ ਲੋਕਾਂ ਲਈ ਹਾਂ।" ਤਾਂ ਫਿਰ, ਤੁਸੀਂ ਕਿੰਨਿਆਂ ਲਈ ਹੋ ਸਕਦੇ ਹੋ ?

ਬੁਰਜੂਆ ਹੱਕ ਬੁਰਜੂਆ ਕਾਨੂੰਨ ਤੇ ਸਿੱਖਿਆ ਦੇ ਰੂਪ 'ਚ ਪ੍ਰਗਟ ਹੁੰਦੇ ਹਨ। ਅਸੀਂ ਬੁਰਜੂਆ ਹੱਕ, ਸ਼ਾਹੀ ਅੰਦਾਜ਼, ਤਿੰਨ ਸ਼ੈਲੀਆਂ (ਨੌਕਰਸ਼ਾਹਾਨਾ, ਸੰਕੀਰਣਤਾਵਾਦ ਤੇ ਅੰਤਰਮੁਖਤਾ) ਤੇ ਪੰਜ ਹਵਾਵਾਂ (ਦਫ਼ਤਰਸ਼ਾਹੀ, ਅਹੰਕਾਰ, ਉਦਾਸੀਨਤਾ, ਅਸੰਜਮਤਾ ਤੇ ਵੱਡਮੁੱਲਾਪਣ) ਦੀ ਵਿਚਾਰਧਾਰਾ ਦੇ ਅੰਸ਼ ਨੂੰ ਤਬਾਹ ਕਰਨਾ ਚਾਹੁੰਦੇ ਹਾਂ। ਪਰ ਦੂਜੇ ਪਾਸੇ ਜਿਣਸ ਪਰਿਚਲਨ, ਜਿਣਸ ਰੂਪ, ਕਦਰ ਦੇ ਨਿਯਮ ਨੂੰ ਛੇਤੀ ਖਤਮ ਨਹੀਂ ਕੀਤਾ ਜਾ ਸਕਦਾ ਇਸ ਤੱਥ ਦੇ ਬਾਵਜੂਦ ਕਿ ਉਹ ਬੁਰਜੂਆ ਸ਼੍ਰੇਣੀਆਂ ਹਨ। ਜੇ ਅਸੀਂ ਬੁਰਜੂਆ ਹੱਕਾਂ ਦੀ ਵਿਚਾਰਧਾਰਾ ਦੇ ਪੂਰੇ ਖਾਤਮੇ ਦਾ ਪ੍ਰਚਾਰ ਕਰਦੇ ਜਾਈਏ ਤਾਂ ਦਿਮਾਗ ਵਿੱਚ ਰੱਖੋ, ਇਹ ਕੋਈ ਤਰਕਸੰਗਤ ਸਥਿਤੀ ਨਹੀਂ ਹੋਵੇਗੀ।

ਸਮਾਜਵਾਦੀ ਸਮਾਜ 'ਚ ਕੁੱਝ ਲੋਕ — ਭੂਮੀਪਤੀ, ਧਨੀ ਕਿਸਾਨ, ਸੱਜੇ ਪੱਖੀ — ਅਜਿਹੇ ਹਨ ਜੋ ਪੂੰਜੀਵਾਦ ਪੱਖੀ ਹਨ ਪਰ ਵਿਸ਼ਾਲ ਬਹੁਗਿਣਤੀ ਕਮਿਊਨਿਜ਼ਮ ਵੱਲ ਜਾਣ ਦੀ ਸੋਚ ਰਹੀ ਹੈ। ਪਰ ਇਹ ਕਦਮ ਦਰ ਕਦਮ ਕਰਨਾ ਹੋਵੇਗਾ। ਤੁਸੀਂ ਇਕ ਕਦਮ ਵਿੱਚ ਸਵਰਗ ਵਿੱਚ ਨਹੀਂ ਪਹੁੰਚ ਸਕਦੇ। ਲੋਕ ਕਮਿਊਨਾਂ ਨੂੰ ਹੀ ਲਓ, ਇੱਕ ਪਾਸੇ ਉਹਨਾਂ ਨੇ ਆਤਮ ਨਿਰਭਰ ਪੈਦਾਵਾਰ ਦਾ ਤੇ ਦੂਜੇ ਪਾਸੇ ਜਿਣਸ ਵਟਾਂਦਰੇ ਦਾ ਵਿਕਾਸ ਕਰਨਾ ਹੈ। ਅਸੀਂ ਜਿਣਸ ਵਟਾਂਦਰਾ ਤੇ ਕਦਰ ਦੇ ਨਿਯਮ ਨੂੰ ਪੈਦਾਵਾਰ ਨੂੰ ਵਿਕਸਤ ਕਰਨ ਤੇ ਸੰਕਰਮਣ ਦੇ ਸਹਾਇਕ ਵਜੋਂ ਲਾਭਦਾਇਕ ਸੰਦਾਂ ਵਜੋਂ ਵਰਤਦੇ ਹਾਂ। ਸਾਡੇ ਦੇਸ਼ 'ਚ ਜਿਣਸ ਪੈਦਾਵਾਰ ਘੱਟ ਵਿਕਸਤ ਹੈ। ਪਿਛਲੇ ਸਾਲ ਅਸੀਂ 3.7 ਟ੍ਰਿਲੀਅਨ ਕੈਟੀ ਅਨਾਜ ਪੈਦਾ ਕੀਤਾ। ਇਸ ਵਿੱਚੋਂ ਜਿਣਸ ਪੈਦਾਵਾਰ 800 ਜਾਂ 900 ਬਿਲੀਅਨ ਕੈਟੀ ਸੀ। ਅਨਾਜ ਤੋਂ ਬਿਨਾਂ ਕਪਾਹ ਤੇ ਪਟਸਨ ਜਿਹੀਆਂ ਸਨਅਤੀ ਫਸਲਾਂ ਵੀ ਘੱਟ ਵਿਕਸਤ ਹਨ। ਇਸ ਲਈ ਸਾਡੇ ਕੋਲ ਵਿਕਾਸ ਦੇ ਇਸ (ਜਿਣਸ) ਪੜਾਅ ਦਾ ਹੋਣਾ ਜ਼ਰੂਰੀ ਸੀ। ਮੌਜੂਦਾ ਸਮੇਂ ਦੀ ਅਜਿਹੀਆਂ ਕਈ ਕਾਊਂਟੀਆਂ ਹਨ ਜਿੱਥੇ ਭੋਜਨ ਦਾ ਕੋਈ ਭਾਅ ਨਹੀਂ ਹੈ ਪਰ ਉਹ ਤਨਖਾਹਾਂ ਨਹੀਂ ਦੇ ਸਕਦੇ। ਹਪੇ ਵਿੱਚ ਅਜਿਹੀਆਂ ਤਿੰਨ ਕਾਊਂਟੀਆਂ ਹਨ ਤੇ ਕੁੱਝ ਹੋਰ ਜੋ ਤਨਖਾਹਾਂ ਤਾਂ ਦਿੰਦੀਆਂ ਹਨ ਪਰ ਤਿੰਨ ਜਾਂ ਪੰਜ ਯੂਆਨ ਤੋਂ ਜ਼ਿਆਦਾ ਨਹੀਂ। ਇਸ ਲਈ ਅਸੀਂ ਪੈਦਾਵਾਰ ਨੂੰ ਅਜੇ ਵੀ ਵਿਕਸਤ ਕਰਨਾ ਹੈ ਤਾਂ ਕਿ ਅਨਾਜ ਤੋਂ ਬਿਨਾਂ ਵੀ ਚੀਜ਼ਾਂ ਨੂੰ ਵਿਕਸਤ ਕਰਕੇ ਵੇਚਿਆ ਜਾ ਸਕੇ। ਸਿਆਨ ਖੇਤੀ ਸੰਮੇਲਨ ਵਿੱਚ ਇਸ ਨੁਕਤੇ 'ਤੇ ਨਾਕਾਫੀ ਢੰਗ ਨਾਲ਼ ਵਿਚਾਰ ਕੀਤਾ ਗਿਆ ਸੀ। ਕੁੱਲ ਮਿਲਾ ਕੇ, ਅਸੀਂ ਇੱਕ ਅਜਿਹਾ ਦੇਸ਼ ਹਾਂ ਜਿਸ ਦਾ ਵਪਾਰ ਘੱਟ ਵਿਕਸਤ ਹੈ ਤੇ ਫਿਰ ਵੀ ਕਈ ਪੱਖਾਂ ਤੋਂ ਅਸੀਂ ਸਮਾਜਵਾਦ ਵਿੱਚ ਦਾਖਲ ਹੋ ਗਏ ਹਾਂ। ਸਾਨੂੰ ਬੁਰਜੂਆ ਹੱਕ ਦੇ ਇੱਕ ਅੰਸ਼ ਨੂੰ ਖਤਮ ਕਰਨਾ ਚਾਹੀਦਾ ਹੈ ਪਰ ਜਿਣਸ ਪੈਦਾਵਾਰ ਤੇ ਵਟਾਂਦਰੇ ਨੂੰ ਅਜੇ ਵੀ ਜਾਰੀ ਰੱਖਣਾ ਚਾਹੀਦਾ ਹੈ। ਇਸ ਸਮੇਂ ਅਜਿਹੀ ਪ੍ਰਵਿਰਤੀ ਨੂੰ ਮਹਿਸੂਸ ਕੀਤਾ ਜਾ ਰਿਹਾ

ਹੈ ਕਿ ਜਿੰਨੀ ਜਲਦੀ ਕਮਿਊਨਿਜ਼ਮ ਆਵੇਗਾ ਓਨਾ ਹੀ ਚੰਗਾ ਹੈ। ਕੁੱਝ ਇਹ ਸੁਝਾਅ ਵੀ ਦਿੰਦੇ ਹਨ ਕਿ ਸਿਰਫ਼ ਤਿੰਨ ਜਾਂ ਪੰਜ ਸਾਲਾਂ 'ਚ ਅਸੀਂ ਸੰਕਰਮਣ ਕਰ ਰਹੇ ਹੋਵਾਂਗੇ। ਫਾਨ ਦੀ ਕਾਊਂਟੀ ਸ਼ਾਨਤੁੰਗ ਵਿੱਚ ਇਹ ਸੁਝਾਅ ਦਿੱਤਾ ਗਿਆ ਸੀ ਕਿ ਚਾਰ ਸਾਲ ਥੋੜ੍ਹਾ ਹੌਲ਼ੀ ਹੈ।

ਇਸ ਸਮੇਂ ਕੁੱਝ ਅਰਥਸ਼ਾਸਤਰੀ ਅਜਿਹੇ ਹਨ ਜੋ ਅਰਥਸ਼ਾਸਤਰ ਵਿੱਚੋਂ ਆਨੰਦ ਨਹੀਂ ਲੈਂਦੇ — ਮਿਸਾਲ ਵਜੋਂ ਯਾਰੋਸ਼ੈਨਕੋ*। ਹੁਣ ਤੇ ਭਵਿੱਖ ਵਿੱਚ ਵੀ ਕੁੱਝ ਸਮੇਂ ਲਈ ਸਾਨੂੰ ਕਮਿਊਨਾਂ ਨੂੰ ਵੰਡ ਤੇ ਸਪਲਾਈ ਦਾ ਵਿਸਤਾਰ ਕਰਨਾ ਪਵੇਗਾ ਅਤੇ ਸਾਨੂੰ ਜਿਣਸ ਪੈਦਾਵਾਰ ਦਾ ਵਿਸਥਾਰ ਕਰਨਾ ਪਵੇਗਾ। ਨਹੀਂ ਤਾਂ ਅਸੀਂ ਉਜਰਤਾਂ ਦੇ ਭੁਗਤਾਨ ਜਾਂ ਜ਼ਿੰਦਗੀ ਦਾ ਪੱਖ ਸੁਧਾਰਨ ਵਿੱਚ ਸਫ਼ਲ ਨਹੀਂ ਹੋਵਾਂਗੇ। ਜਦੋਂ ਜਿਣਸਾਂ ਤੇ ਜਿਣਸ ਪੈਦਾਵਾਰ ਦੀ ਗੱਲ ਆਉਂਦੀ ਹੈ ਤਾਂ ਸਾਡੇ ਕੁੱਝ ਕਾਮਰੇਡ ਗਲਤ ਧਾਰਨਾਵਾਂ ਦੇ ਦੋਸ਼ੀ ਹਨ। ਉਹ ਹਰ ਇੱਕ ਦਿਨ ਬੁਰਜੂਆ ਨਿਯਮ ਨੂੰ ਤਬਾਹ ਕਰਨਾ ਚਾਹੁੰਦੇ ਹਨ, ਮਿਸਾਲ ਵਜੋਂ ਉਹ ਕਹਿੰਦੇ ਹਨ ਕਿ ਉਜਰਤਾਂ, ਗ੍ਰੇਡ ਆਦਿ ਮੁਕਤ ਸਪਲਾਈ ਢਾਂਚੇ ਲਈ ਹਾਨੀਕਾਰਕ ਹਨ। 1953 ਵਿੱਚ ਅਸੀਂ ਮੁਕਤ ਸਪਲਾਈ ਢਾਂਚੇ ਨੂੰ ਉਜਰਤੀ ਢਾਂਚੇ[2] ਵਿੱਚ ਬਦਲ ਦਿੱਤਾ। ਇਹ ਪਹੁੰਚ ਬੁਨਿਆਦੀ ਤੌਰ 'ਤੇ ਠੀਕ ਸੀ। ਸਾਨੂੰ ਇੱਕ ਕਦਮ ਪਿੱਛੇ ਲੈਣਾ ਪਿਆ। ਪਰ ਇੱਥੇ ਇੱਕ ਸਮੱਸਿਆ ਸੀ : ਅਸੀਂ ਗ੍ਰੇਡਾਂ ਦੇ ਮਾਮਲੇ ਵਿੱਚ ਇੱਕ ਕਦਮ ਪਿੱਛੇ ਵੀ ਲਿਆ। ਸਿੱਟੇ ਵਜੋਂ ਇਸ ਮਾਮਲੇ 'ਤੇ ਹੱਲਾ ਮੱਚ ਗਿਆ। ਗਲਤੀਆਂ ਸੁਧਾਰਨ ਦੇ ਦੌਰ ਤੋਂ ਬਾਅਦ ਗ੍ਰੇਡ ਘਟਾ ਦਿੱਤੇ ਗਏ ਸੀ। ਗ੍ਰੇਡ ਢਾਂਚਾ ਪਿਉ-ਪੁੱਤ ਸਬੰਧ ਹੈ, ਬਿੱਲੀ ਤੇ ਚੂਹਾ ਸਬੰਧ ਹੈ। ਇਸ 'ਤੇ ਹਰ ਰੋਜ਼ ਹਮਲਾ ਕਰਨਾ ਪੈਂਦਾ ਹੈ। ਕਾਰਕੁੰਨਾਂ ਨੂੰ ਹੇਠਲੇ ਪੱਧਰਾਂ 'ਤੇ ਭੇਜਣਾ, ਪ੍ਰਯੋਗਾਤਮ ਖੇਤਰਾਂ ਨੂੰ ਚਲਾਉਣਾ[3] ... ਗ੍ਰੇਡ ਢਾਂਚੇ ਨੂੰ ਬਦਲਣ ਦੇ ਇਹ ਢੰਗ ਹਨ; ਨਹੀਂ ਤਾਂ, ਕੋਈ ਮਹਾਨ ਛਾਲ ਨਹੀਂ ਹੋਵੇਗੀ।

ਸ਼ਹਿਰੀ ਲੋਕ ਕਮਿਊਨਾਂ ਵਿੱਚ ਪੂੰਜੀਪਤੀ ਦਾਖਲ ਹੋ ਸਕਦੇ ਹਨ ਤੇ ਕਰਮਚਾਰੀ ਦੇ ਤੌਰ 'ਤੇ ਸੇਵਾ ਕਰ ਸਕਦੇ ਹਨ। ਪਰ ਪੂੰਜੀਪਤੀਆਂ ਦਾ ਠੱਪਾ ਉਹਨਾਂ 'ਤੇ ਲੱਗਿਆ ਰਹੇਗਾ। ਸਮਾਜਵਾਦ ਤੇ ਕਮਿਊਨਿਜ਼ਮ ਦੇ ਪੱਖ ਤੋਂ, ਸਮਾਜਵਾਦੀ ਉਸਾਰੀ ਤੋਂ ਕੀ ਭਾਵ ਹੈ ? ਅਸੀਂ ਦੋ ਨੁਕਤੇ ਲੈਂਦੇ ਹਾਂ :

(1). ਸਮਾਜਵਾਦੀ, ਸਭ ਕੁੱਝ ਆਪਣੇ ਕਲਾਵੇ ਵਿੱਚ ਲੈਣ ਵਾਲੀ ਜਨਤਕ ਮਾਲਕੀ* ਨੂੰ ਸੱਚ ਬਣਾਉਣਾ ਸਮਾਜਵਾਦੀ ਉਸਾਰੀ ਦਾ ਘਣਾ ਪ੍ਰਗਟਾਵਾ ਹੈ। (2). ਸਮਾਜਵਾਦੀ ਉਸਾਰੀ ਦਾ ਅਰਥ ਹੈ ਕਮਿਊਨ ਸਮੂਹਕ ਮਾਲਕੀ ਨੂੰ ਜਨਤਕ ਮਾਲਕੀ ਵਿੱਚ ਬਦਲਣਾ। ਕੁੱਝ ਕਾਮਰੇਡ ਇਹਨਾਂ ਦੋ ਮਾਲਕੀ ਢਾਂਚਿਆਂ ਵਿੱਚ ਨਿਖੇੜੇ ਦੀ ਲੀਕ ਖਿੱਚਣ ਨਾਲ ਅਸਹਿਮਤ ਹਨ, ਜਿਵੇਂ ਕਿ ਕਮਿਊਨ ਪੂਰੀ ਤਰ੍ਹਾਂ ਜਨਤਕ ਮਲਕੀਅਤ ਹੋਣ। ਅਸਲ 'ਚ ਇੱਥੇ ਦੋ ਢਾਂਚੇ ਹਨ। ਇੱਕ ਮਾਲਕੀ ਜਨਤਕ ਮਾਲਕੀ ਹੈ, ਜਿਵੇਂ ਕਿ ਆਨਸਾਨ ਲੋਹਾ ਤੇ ਸਟੀਲ ਕਾਰਖਾਨੇ ਵਿੱਚ ਹੈ, ਦੂਜੀ ਮਾਲਕੀ ਕਮਿਊਨ ਦੀ ਵੱਡੀ ਸਮੂਹਕ ਮਾਲਕੀ ਹੈ। ਜੇ ਅਸੀਂ ਇਸ ਨੁਕਤੇ ਨੂੰ ਨਹੀਂ ਲੈਂਦੇ ਹਾਂ ਸਮਾਜਵਾਦੀ ਉਸਾਰੀ ਦਾ ਫਾਇਦਾ ਹੈ ? ਸਤਾਲਿਨ ਨੇ ਤਿੰਨ ਸ਼ਰਤਾਂ ਬਾਰੇ ਬੋਲਦਿਆਂ ਲੀਕਾਂ ਖਿੱਚੀਆਂ ਸਨ। ਇਹ ਤਿੰਨ ਸ਼ਰਤਾਂ ਸਾਰਥਕ ਹਨ ਤੇ ਇਹਨਾਂ ਦਾ ਸਾਰ ਇਸ ਪ੍ਰਕਾਰ ਹੈ : ਸਮਾਜਕ ਪੈਦਾਵਾਰ ਵਧਾਉ; ਸਮੂਹਕ ਮਾਲਕੀ ਨੂੰ

ਜਨਤਕ ਮਾਲਕੀ ਤੱਕ ਉੱਪਰ ਚੁੱਕੋ; ਜਿਣਸਾਂ ਦੇ ਵਟਾਂਦਰੇ ਤੋਂ ਉਤਪਾਦਾਂ ਦੇ ਵਟਾਂਦਰੇ ਵੱਲ ਜਾਉ, ਵਟਾਂਦਰਾ ਕਦਰ ਤੋਂ ਵਰਤੋਂ ਕਦਰ ਵੱਲ ਜਾਉ।

ਉੱਪਰ ਵਰਣਿਤ ਇਹਨਾਂ ਦੋ ਨੁਕਤਿਆਂ ਦੇ ਅਧਾਰ 'ਤੇ ਅਸੀਂ ਚੀਨੀ (1) ਪੈਦਾਵਾਰ ਨੂੰ ਵਿਸਥਾਰ ਦੇਣ ਤੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਭਾਰੀ ਸਨਅਤ ਦੇ ਵਿਕਾਸ ਨੂੰ ਪ੍ਰਾਥਮਿਕਤਾ ਦਿੰਦੇ ਹੋਏ ਸਨਅਤ ਤੇ ਖੇਤੀ ਨੂੰ ਨਾਲ਼ ਨਾਲ਼ ਹੱਲਾਸ਼ੇਰੀ ਦੇ ਰਹੇ ਹਾਂ; ਅਤੇ (2) ਛੋਟੀ ਸਮੂਹਕ ਮਾਲਕੀ ਨੂੰ ਜਨਤਕ ਮਾਲਕੀ ਤੱਕ ਚੁੱਕ ਰਹੇ ਹਾਂ ਤੇ ਫਿਰ ਇਸ ਤੋਂ ਵੀ ਅੱਗੇ ਸਭ ਕੁੱਝ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਲੀ ਸਰਵਜਨਕ ਜਨਤਕ ਮਾਲਕੀ ਤੱਕ ਲੈ ਜਾ ਰਹੇ ਹਾਂ। ਜੋ ਇਹਨਾਂ ਵਖਰੇਵਿਆਂ (ਮਾਲਕੀ ਦੀਆਂ ਕਿਸਮਾਂ ਵਿੱਚ) ਵਿੱਚ ਫਰਕ ਨਹੀਂ ਕਰਦੇ, ਉਹ ਇਸ ਨਜ਼ਰੀਏ ਦੇ ਧਾਰਨੀ ਲੱਗਦੇ ਹਨ ਕਿ ਅਸੀਂ ਪਹਿਲਾਂ ਹੀ ਜਨਤਕ ਮਾਲਕੀ ਤੱਕ ਪਹੁੰਚ ਚੁੱਕੇ ਹਾਂ। ਇਹ ਗਲਤ ਹੈ। ਤਿੰਨ ਸ਼ਰਤਾਂ, ਭੌਤਿਕ ਵਿਕਾਸ ਤੇ ਸਾਰੇ ਲੋਕਾਂ ਦੀ ਵਿੱਦਿਆ ਦੀ ਪੇਸ਼ਕਸ਼ ਕਰਦੇ ਹੋਏ ਸਤਾਲਿਨ ਸੱਭਿਆਚਾਰ ਦੀ ਗੱਲ ਕਰ ਰਹੇ ਸਨ। ਇਸ ਵਾਸਤੇ ਉਹਨਾਂ ਨੇ ਚਾਰ ਸ਼ਰਤਾਂ ਰੱਖੀਆਂ : (ੳ) ਪ੍ਰਤੀਦਿਨ ਛੇ ਘੰਟਿਆਂ ਦਾ ਕੰਮ, (ਅ) ਤਕਨੀਕੀ ਸਿੱਖਿਆ ਨੂੰ ਕੰਮ ਨਾਲ ਜੋੜਨਾ, (ੲ) ਰਿਹਾਇਸ਼ੀ ਹਾਲਤਾਂ ਸੁਧਾਰਨਾ (ਸ) ਉਜਰਤਾਂ ਵਧਾਉਣਾ। ਇੱਥੇ ਉਜਰਤਾਂ ਨੂੰ ਵਧਾਉਣਾ ਤੇ ਕੀਮਤਾਂ ਨੂੰ ਘਟਾਉਣਾ ਖਾਸ ਤੌਰ 'ਤੇ ਸਹਾਈ ਹੋਵੇਗਾ, ਪਰ ਰਾਜਨੀਤਕ ਸ਼ਰਤਾਂ ਗਾਇਬ ਹਨ।

ਇਹ ਸਾਰੀਆਂ ਸ਼ਰਤਾਂ ਮੁੱਖ ਤੌਰ 'ਤੇ ਪੈਦਾਵਾਰ ਵਧਾਉਣ ਲਈ ਹਨ। ਇੱਕ ਵਾਰੀ ਜੇ ਪੈਦਾਵਾਰ ਕਾਫੀ ਮਾਤਰਾ 'ਚ ਹੋਣ ਲੱਗੇ ਤਾਂ ਸਮੂਹਕ ਮਾਲਕੀ ਨੂੰ ਜਨਤਕ ਮਾਲਕੀ ਤੱਕ ਉੱਪਰ ਚੁੱਕਣ ਦੀ ਸਮੱਸਿਆ ਦਾ ਹੱਲ ਅਸਾਨ ਹੋ ਜਾਵੇਗਾ। ਪੈਦਾਵਾਰ ਵਧਾਉਣ ਲਈ ਸਾਨੂੰ "ਹੋਰ ਜਿਆਦਾ! ਹੋਰ ਤੇਜ਼! ਹੋਰ ਬਿਹਤਰ! ਜ਼ਿਆਦਾ ਕਿਫਾਇਤੀ!" ਦੀ ਲੋੜ ਹੁੰਦੀ ਹੈ।

ਸਾਰੇ ਕਾਸੇ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਲੀ ਜਨਤਕ ਮਾਲਕੀ ਦੇ ਕੀ ਅਰਥ ਹਨ? ਦੋ ਅਰਥ ਹਨ : (1) ਸਮਾਜ ਦੇ ਪੈਦਾਵਾਰ ਦੇ ਸਾਧਨਾਂ 'ਤੇ ਸਾਰੇ ਲੋਕਾਂ ਦੀ ਮਾਲਕੀ ਹੁੰਦੀ ਹੈ ਅਤੇ (2) ਸਮਾਜ ਦੀ ਪੈਦਾਵਾਰ 'ਤੇ ਸਾਰੇ ਲੋਕਾਂ ਦੀ ਮਾਲਕੀ ਹੁੰਦੀ ਹੈ।

ਲੋਕ ਕਮਿਊਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਉਹ ਬੁਨਿਆਦੀ ਪੱਧਰ ਹੈ ਜਿੱਥੇ ਸਨਅਤ, ਖੇਤੀ, ਫੌਜ, ਸਿੱਖਿਆ ਤੇ ਵਪਾਰ ਨੂੰ ਸਾਡੇ ਸਮਾਜਕ ਢਾਂਚੇ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਮੌਜੂਦਾ ਸਮੇਂ ਇਹ ਬੁਨਿਆਦੀ ਪੱਧਰ ਦੀ ਪ੍ਰਸ਼ਾਸਨਿਕ ਜਥੇਬੰਦੀ ਹੈ। ਮਿਲੀਸ਼ੀਆ ਵਿਦੇਸ਼ੀ ਖਤਰੇ, ਖਾਸਕਰ ਸਾਮਰਾਜਵਾਦੀ ਖਤਰੇ ਨਾਲ਼ ਨਜਿੱਠਦੀ ਹੈ। ਕਮਿਊਨ ਦੋ ਸੰਕਰਮਣਾਂ, (ਮੌਜੂਦਾ) ਸਮਾਜਵਾਦੀ ਤੋਂ ਸਾਰੇ ਕਾਸੇ ਨੂੰ ਕਲਾਵੇ ਵਿੱਚ ਲੈਣ ਵਾਲੇ ਸਰਵਜਨਕ ਜਨਤਕ ਮਾਲਕੀ ਅਤੇ ਸਰਵਜਨਕ ਜਨਤਕ ਤੋਂ ਕਮਿਊਨਿਸਟ ਮਾਲਕੀ, ਨੂੰ ਪੂਰਾ ਕਰਨ ਲਈ ਸਰਵੋਤਮ ਜਥੇਬੰਦੀ ਹੈ। ਭਵਿੱਖ ਵਿੱਚ, ਜਦੋਂ ਸੰਕਰਮਣ ਪੂਰਾ ਕਰ ਲਿਆ ਗਿਆ, ਕਮਿਊਨ ਕਮਿਊਨਿਸਟ ਸਮਾਜ ਦੇ ਬੁਨਿਆਦੀ ਕਲ-ਪੁਰਜ਼ੇ ਹੋਣਗੇ।

# ਟਿੱਪਣੀਆਂ

1. 1967 ਦੀ ਛਾਪ ਵਿੱਚ ਇਸ ਦਸਤਾਵੇਜ਼ ਦੀ ਤਰੀਕ 1959 ਹੈ। 1969 ਛਾਪ ਅਨੁਸਾਰ ਇਹ 1953 ਹੈ। ਨਵੰਬਰ 1959 ਵਿੱਚ ਕੋਈ ਚੇਂਗਚਾਊ ਸੰਮੇਲਨ ਨਹੀਂ ਹੋਇਆ ਸੀ ਪਰ ਨਵੰਬਰ 1958 ਵਿੱਚ ਇੱਕ ਹੋਇਆ ਸੀ। ਇਹ ਦਸਤਾਵੇਜ਼ ਨਿਸ਼ਚੇ ਹੀ ਲਗਭਗ ਉਸੇ ਪਹਿਲੇ ਸਮੇਂ ਦਾ ਹੀ ਹੈ।

2. 1953 ਵਿੱਚ ਸਥਾਪਤ ਉਜਰਤੀ ਢਾਂਚਾ ਮੁੱਖ ਤੌਰ 'ਤੇ ਥੋੜ੍ਹ ਚਿਰੇ ਦੇ ਨਿੱਜੀ ਭੌਤਿਕ ਹਿੱਤਾਂ 'ਤੇ ਜ਼ੋਰ ਦਿੰਦਾ ਸੀ। ਇਸ ਨੇ ਅੰਕਾਂ 'ਤੇ ਅਧਾਰਤ ਅੱਠ-ਗ੍ਰੇਡ ਵਾਲਾ ਢਾਂਚਾ ਸਥਾਪਤ ਕੀਤਾ ਜਿਸ ਵਿੱਚ 139 ਤੋਂ 390 ਉਜਰਤੀ ਅੰਕ ਪ੍ਰਤੀ ਮਹੀਨਾ ਸ਼ਾਮਲ ਸਨ। ਵੱਖ-ਵੱਖ ਖੇਤਰਾਂ ਵਿੱਚ ਬਰਾਬਰ ਕੰਮ ਦੇ ਬਰਾਬਰ ਕੰਮ ਅੰਕ ਮਿਲਦੇ ਸੀ। ਪਰ ਕੰਮ ਅੰਕਾਂ ਦੀ ਕਦਰ ਆਜੀਵਿਕਾ ਦੀਆਂ ਖੇਤਰੀ ਲਾਗਤਾਂ ਦੇ ਅਨੁਸਾਰ ਬਦਲ ਜਾਂਦੀ ਸੀ। 1956 ਤੱਕ ਉਜਰਤੀ ਅੰਕ ਢਾਂਚੇ ਨੂੰ ਉਜਰਤੀ ਢਾਂਚੇ ਨਾਲ ਬਦਲ ਦਿੱਤਾ ਗਿਆ ਪਰ ਅੱਠ-ਗ੍ਰੇਡ ਢਾਂਚੇ ਨੂੰ ਕਾਇਮ ਰੱਖਿਆ ਗਿਆ।

3. ਪ੍ਰਯੋਗਾਤਮਕ ਖੇਤਾਂ ਵਿੱਚ ਜਲਦੀ ਬੀਜਾਈ, ਨਿਕਟ ਬੀਜਾਈ, ਡੂੰਘੀ ਵਾਹੀ ਆਦਿ ਜਿਹੀਆਂ ਨਵੀਆਂ ਤੇ ਉੱਨਤ ਤਕਨੀਕਾਂ ਵਿਕਸਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਜੇ ਇਹ ਪੈਦਾਵਾਰ ਵਧਾਉਣ ਵਿੱਚ ਸਫਲ ਰਹੀਆਂ ਤਾਂ ਇਹਨਾਂ ਤਕਨੀਕਾਂ ਨੂੰ ਪੂਰੇ ਚੀਨ 'ਚ ਹਰਮਨ ਪਿਆਰਾ ਬਣਾਇਆ ਜਾਵੇਗਾ। ਪੈਦਾਵਾਰ ਵਧਾ ਕੇ ਤੇ ਇਸ ਤਰ੍ਹਾਂ ਕੁੱਲ ਵੇਤਨ ਕੋਸ਼ ਵਧਾ ਕੇ ਪ੍ਰਯੋਗਾਤਮਕ ਖੇਤਾਂ ਦਾ ਸਿਧਾਂਤ, ਇਹ ਦਿਖਾ ਕੇ ਕਿ ਮਾਹਿਰ ਕਿਸਾਨਾਂ ਕੋਲੋਂ ਸਿੱਖ ਸਕਦੇ ਹਨ, ਗ੍ਰੇਡ ਉਜਰਤੀ ਢਾਂਚੇ ਦੇ ਵਿਚਾਰਧਾਰਕ ਅਧਾਰ ਨੂੰ ਕਮਜ਼ੋਰ ਕਰ ਸਕਦਾ ਹੈ।

# ਸਤਾਲਿਨ ਦੀ ਕਿਤਾਬ ਸੋਵੀਅਤ ਸੰਘ 'ਚ ਸਮਾਜਵਾਦ ਦੀਆਂ ਆਰਥਿਕ ਸਮੱਸਿਆਵਾਂ ਦੀ ਅਲੋਚਨਾ

ਸ਼ੁਰੂ ਤੋ ਲੈ ਕੇ ਅੰਤ ਤੱਕ ਸਤਾਲਿਨ ਦੀ ਕਿਤਾਬ ਉੱਚ-ਉਸਾਰ ਬਾਰੇ ਕੁੱਝ ਵੀ ਨਹੀਂ ਕਹਿੰਦੀ। ਇਹ ਲੋਕਾਂ ਨਾਲ਼ ਸਰੋਕਾਰ ਨਹੀਂ ਰੱਖਦੀ। ਇਹ ਚੀਜ਼ਾਂ ਨੂੰ ਧਿਆਨ ਵਿੱਚ ਰੱਖਦੀ ਹੈ, ਲੋਕਾਂ ਨੂੰ ਨਹੀਂ। ਉਪਭੋਗਤਾ ਵਸਤੂਆਂ ਲਈ ਪੂਰਤੀ ਪ੍ਰਣਾਲੀ ਦੀ ਕਿਸਮ ਆਰਥਿਕ ਵਿਕਾਸ ਨੂੰ ਗਤੀ ਦਿੰਦੀ ਹੈ ਜਾਂ ਨਹੀਂ ? ਸਤਾਲਿਨ ਨੂੰ ਇਹ ਮੁੱਦਾ ਘੱਟੋ-ਘੱਟ ਛੂਹਣਾ ਜ਼ਰੂਰ ਚਾਹੀਦਾ ਸੀ। ਜਿਣਸ ਪੈਦਾਵਾਰ ਦਾ ਹੋਣਾ ਬਿਹਤਰ ਹੈ ਜਾਂ ਇਸ ਦਾ ਨਾ ਹੋਣਾ ? ਹਰੇਕ ਨੂੰ ਇਸ ਦਾ ਅਧਿਐਨ ਕਰਨਾ ਚਾਹੀਦਾ ਹੈ। ਆਪਣੇ ਆਖਰੀ ਖ਼ਤ* ਵਿੱਚ ਸਤਾਲਿਨ ਦਾ ਨਜ਼ਰੀਆ ਲਗਭਗ ਪੂਰੀ ਤਰ੍ਹਾਂ ਗਲਤ ਹੈ। ਕਿਸਾਨਾਂ ਪ੍ਰਤੀ ਅਵਿਸ਼ਵਾਸ ਬੁਨਿਆਦੀ ਗਲਤੀ ਹੈ।

ਪਹਿਲੇ, ਦੂਜੇ ਤੇ ਤੀਜੇ ਪਾਠ ਦੇ ਹਿੱਸੇ ਸਹੀ ਹਨ; ਦੂਜੇ ਹਿੱਸੇ ਹੋਰ ਸਪੱਸ਼ਟ ਹੋ ਸਕਦੇ ਸਨ। ਮਿਸਾਲ ਵਜੋਂ, ਯੋਜਨਾਬੱਧ ਆਰਥਿਕਤਾ 'ਤੇ ਵਿਚਾਰ ਵਟਾਂਦਰਾ ਪੂਰਨ ਨਹੀਂ ਹੈ। ਸੋਵੀਅਤ ਆਰਥਿਕਤਾ ਦੀ ਵਿਕਾਸ ਦਰ ਕਾਫੀ ਉੱਚੀ ਨਹੀਂ ਹੈ ਭਾਵੇਂ ਕਿ ਪੂੰਜੀਪਤੀਆਂ ਦੁਆਰਾ ਹਾਸਲ ਦਰ ਤੋਂ ਉੱਚੀ ਹੈ। ਖੇਤੀ ਤੇ ਸਨਅਤ ਅਤੇ ਹਲਕੀ ਤੇ ਭਾਰੀ ਸਨਅਤ ਵਿਚਲੇ ਸਬੰਧਾਂ ਦੀ ਸਪੱਸ਼ਟ ਵਿਆਖਿਆ ਨਹੀਂ ਕੀਤੀ ਗਈ ਹੈ।

ਇੰਝ ਲੱਗਦਾ ਹੈ ਜਿਵੇਂ ਉਹਨਾਂ ਨੂੰ ਗੰਭੀਰ ਨੁਕਸਾਨ ਹੋਏ ਹਨ। ਦੂਰਰਸ ਤੇ ਥੋੜ੍ਹ-ਚਿਰੇ ਹਿੱਤਾਂ ਦੇ ਸਬੰਧਾਂ ਵਿੱਚ ਕੋਈ ਧਿਆਨ ਖਿੱਚਣ ਯੋਗ ਵਿਕਾਸ ਨਹੀਂ ਹੋਇਆ। ਉਹ ਇੱਕ ਲੱਤ 'ਤੇ ਚੱਲਦੇ ਹਨ, ਅਸੀਂ ਦੋ ਲੱਤਾਂ 'ਤੇ। ਉਹਨਾਂ ਦਾ ਵਿਸ਼ਵਾਸ ਹੈ ਕਿ ਤਕਨੀਕ ਹੀ ਸਭ ਕੁੱਝ ਤੈਅ ਕਰਦੀ ਹੈ, ਕਿ ਕਾਰਕੁੰਨ ਹੀ ਸਭ ਕੁੱਝ ਤੈਅ ਕਰਦੇ ਹਨ, ਉਹ ਸਿਰਫ਼ "ਮਾਹਿਰਾਂ" ਦੀ ਗੱਲ ਕਰਦੇ ਹਨ, "ਲਾਲ" ਦੀ ਕਦੇ ਵੀ ਨਹੀਂ, ਉਹ ਸਿਰਫ਼ ਕਾਰਕੁੰਨਾਂ ਬਾਰੇ ਸੋਚਦੇ ਹਨ, ਲੋਕਾਂ ਬਾਰੇ ਕਦੇ ਵੀ ਨਹੀਂ। ਇਹ ਇੱਕ ਲੱਤ 'ਤੇ ਚੱਲਣਾ ਹੈ। ਜਿੱਥੋਂ ਤੱਕ ਭਾਰੀ ਸਨਅਤ ਦਾ ਸਬੰਧ ਹੈ, ਉਹ ਸਟੀਲ ਨੂੰ ਬੁਨਿਆਦ, ਮਸ਼ੀਨਰੀ ਨੂੰ ਦਿਲ ਤੇ ਸਰੀਰ ਦੇ ਅੰਦਰੂਨੀ ਅੰਗ, ਕੋਲੇ ਨੂੰ ਭੋਜਨ... ਦੱਸ ਕੇ ਪ੍ਰਮੁੱਖ ਵਿਰੋਧਤਾਈ ਲੱਭਣ ਵਿੱਚ ਅਸਫ਼ਲ ਰਹੇ ਹਨ। ਸਾਡੇ ਲਈ ਸਟੀਲ ਬੁਨਿਆਦੀ ਥੰਮ ਤੇ ਸਨਅਤ ਵਿੱਚ ਪ੍ਰਮੁੱਖ ਵਿਰੋਧਤਾਈ ਹੈ ਜਦੋਂ ਕਿ ਅਨਾਜ ਖੇਤੀ ਵਿੱਚ ਬੁਨਿਆਦੀ ਥੰਮ ਹਨ। ਦੂਜੀਆਂ ਚੀਜ਼ਾਂ ਅਨੁਪਾਤਕ ਤਰੀਕੇ ਨਾਲ਼ ਵਿਕਾਸ ਕਰਦੀਆਂ ਹਨ।

ਪਹਿਲੇ ਪਾਠ ਵਿੱਚ ਉਹ ਨਿਯਮਾਂ ਨੂੰ ਸਮਝਣ 'ਤੇ ਵਿਚਾਰ ਕਰਦੇ ਹਨ ਪਰੰਤੂ

---

* ਕਾਮਰੇਡ ਏ. ਵੀ. ਸਾਨਿਨਾ ਤੇ ਵੀ. ਜੀ. ਵੈਨਜ਼ੇਰ ਨੂੰ ਉੱਤਰ, ਜਿਸ ਨੂੰ ਆਰਥਿਕ ਸਮੱਸਿਆਵਾਂ ਵਾਲੀ ਕਿਰਤ ਵਿੱਚ ਸ਼ਾਮਲ ਕੀਤਾ ਗਿਆ।

ਕੋਈ ਤਰੀਕਾ ਪੇਸ਼ ਨਹੀਂ ਕਰਦੇ। ਜਿਣਸ ਪੈਦਾਵਾਰ ਤੇ ਕਦਰ ਦੇ ਨਿਯਮ ’ਤੇ ਉਹਨਾਂ ਦੇ ਕਈ ਵਿਚਾਰ ਹਨ ਜਿਹਨਾਂ ਨੂੰ ਅਸੀਂ ਵੀ ਮਾਨਤਾ ਦਿੰਦੇ ਹਾਂ ਪਰ ਕਈ ਸਮੱਸਿਆਵਾਂ ਵੀ ਮੌਜੂਦ ਹਨ। ਜਿਣਸ ਪੈਦਾਵਾਰ ਨੂੰ ਸਿਰਫ਼ ਆਜੀਵਿਕਾ ਦੇ ਸਾਧਨਾਂ ਤੱਕ ਸੀਮਤ ਕਰਨਾ ਸੱਚਮੁੱਚ ਸੰਦੇਹਪੂਰਨ ਹੈ। ਕਿਸਾਨਾਂ ਪ੍ਰਤੀ ਗ਼ੈਰ-ਭਰੋਸੇਯੋਗਤਾ ਤੀਜੀ ਚਿੱਠੀ ਦਾ ਬੁਨਿਆਦੀ ਨਜ਼ਰੀਆ ਹੈ। ਬੁਨਿਆਦੀ ਤੌਰ ’ਤੇ ਸਤਾਲਿਨ ਸਮੂਹਕ ਤੋਂ ਜਨਤਕ ਮਾਲਕੀ ਵੱਲ ਸੰਕਰਮਣ ਦਾ ਰਸਤਾ ਨਹੀਂ ਖੋਜ ਸਕੇ ਸੀ। ਜਿਣਸ ਪੈਦਾਵਾਰ ਤੇ ਵਟਾਂਦਰਾ ਉਹ ਰੂਪ ਹਨ ਜਿਹਨਾਂ ਨੂੰ ਅਸੀਂ ਬਰਕਰਾਰ ਰੱਖਿਆ ਹੈ, ਜਦੋਂ ਕਿ ਕਦਰ ਦੇ ਨਿਯਮ ਦੇ ਸਿਲਸਿਲੇ ਵਿੱਚ ਸਾਨੂੰ ਯੋਜਨਾਬੰਦੀ ਦੀ ਤੇ ਇਸ ਦੇ ਨਾਲ਼ ਹੀ ਰਾਜਨੀਤੀ ਨੂੰ ਕਮਾਨ ਵਿੱਚ ਰੱਖਣ ਦੀ ਗੱਲ ਕਰਨੀ ਚਾਹੀਦੀ ਹੈ। ਉਹ ਸਿਰਫ਼ ਪੈਦਾਵਾਰੀ ਸਬੰਧਾਂ ਦੀ ਗੱਲ ਕਰਦੇ ਹਨ, ਉਹ ਨਾ ਤਾਂ ਉੱਚ-ਉਸਾਰ, ਨਾ ਰਾਜਨੀਤੀ ਤੇ ਨਾ ਹੀ ਲੋਕਾਂ ਦੀ ਭੂਮਿਕਾ ਦੀ ਗੱਲ ਕਰਦੇ ਹਨ। ਕਮਿਊਨਿਸਟ ਲਹਿਰ ਤੋਂ ਬਿਨਾਂ ਕਮਿਊਨਿਜ਼ਮ ਤੱਕ ਨਹੀਂ ਪਹੁੰਚਿਆ ਜਾ ਸਕਦਾ।*

> 1. ਇਹ ਕਾਮਰੇਡ... ਇਹ ਸਪੱਸ਼ਟ ਹੈ.... ਵਿਗਿਆਨ ਦੇ ਨਿਯਮਾਂ ਨੂੰ, ਜੋ ਕੁਦਰਤ ਜਾਂ ਸਮਾਜ ਵਿੱਚ ਬਾਹਰਮੁਖੀ ਪ੍ਰਕਿਰਿਆਵਾਂ ਨੂੰ ਪ੍ਰਤੀਬਿੰਬਤ ਕਰਦੇ ਹਨ, ਉਹਨਾਂ ਪ੍ਰਕਿਰਿਆਵਾਂ ਨੂੰ ਜੋ ਮਨੁੱਖ ਦੀ ਇੱਛਾ ਤੋਂ ਅਜ਼ਾਦ ਵਾਪਰਦੀਆਂ ਹਨ ਨੂੰ ਉਹਨਾਂ ਨਿਯਮਾਂ ਨਾਲ਼ ਰਲਗੱਡ ਕਰ ਦਿੰਦੇ ਹਨ ਜੋ ਸਰਕਾਰਾਂ ਦੁਆਰਾ ਜਾਰੀ ਹੁੰਦੇ ਹਨ, ਜੋ ਮਨੁੱਖ ਦੀ ਇੱਛਾ ਨਾਲ਼ ਬਣਾਏ ਜਾਂਦੇ ਹਨ ਤੇ ਜਿਹਨਾਂ ਦੀ ਸਿਰਫ਼ ਕਾਨੂੰਨੀ ਪ੍ਰਮਾਣਿਕਤਾ ਹੁੰਦੀ ਹੈ। ਪਰ ਇਹਨਾਂ ਨੂੰ ਰਲਗੱਡ ਨਹੀਂ ਕਰਨਾ ਚਾਹੀਦਾ।

1. ਇਹ ਸਿਧਾਂਤ ਬੁਨਿਆਦੀ ਤੌਰ ’ਤੇ ਸਹੀ ਹੈ ਪਰ ਇਸ ਵਿੱਚ ਦੋ ਚੀਜ਼ਾਂ ਗਲਤ ਹਨ : ਪਹਿਲੀ ਇਹ ਕਿ ਪਾਰਟੀ ਤੇ ਲੋਕਾਂ ਦੀ ਸੁਚੇਤ ਸਰਗਰਮੀ ਨੂੰ ਲੋੜੀਂਦੇ ਢੰਗ ਨਾਲ਼ ਉਭਾਰਿਆ ਨਹੀਂ ਗਿਆ; ਦੂਜੀ ਇਹ ਕਿ ਇਹ ਲੋੜੀਂਦੇ ਰੂਪ ਵਿੱਚ ਸਰਬੰਗ ਨਹੀਂ ਹੈ ਕਿ ਉਹ ਇਹ ਸਮਝਾਉਣ ਵਿੱਚ ਅਸਫ਼ਲ ਰਹਿੰਦੀ ਹੈ ਕਿ ਜੋ ਚੀਜ਼ ਸਰਕਾਰੀ ਫਰਮਾਨਾਂ ਨੂੰ ਸਹੀ ਬਣਾਉਂਦੀ ਹੈ ਉਹ ਸਿਰਫ਼ ਇਹ ਨਹੀਂ ਹੈ ਕਿ ਉਹ ਨਾ ਸਿਰਫ਼ ਮਜ਼ਦੂਰ ਜਮਾਤ ਦੀ ਇੱਛਾ ਵਿੱਚੋਂ ਨਿਕਲਦੇ ਹਨ ਪਰ ਇਹ ਵੀ ਉਹ ਬਾਹਰਮੁੱਖੀ ਆਰਥਿਕ ਨਿਯਮਾਂ ਦੀ ਆਦੇਸ਼ਾਤਮਕਤਾ ਨੂੰ ਵੀ ਇਮਾਨਦਾਰੀ ਨਾਲ਼ ਪ੍ਰਤੀਬਿੰਬਤ ਕਰਦੇ ਹਨ।

> 2. ਖ਼ੂਗੋਲ, ਭੂ-ਵਿਗਿਆਨਕ ਤੇ ਇਸੇ ਤਰ੍ਹਾਂ ਦੀਆਂ ਹੋਰ ਪ੍ਰਕਿਰਿਆਵਾਂ ਨੂੰ ਕਿਨਾਰੇ ਕਰ ਦਿਓ, ਜਿਹਨਾਂ ਨੂੰ ਮਨੁੱਖ ਉਹਨਾਂ ਦੇ ਵਿਕਾਸ ਦੇ ਨਿਯਮ ਜਾਣਦੇ ਹੋਏ ਵੀ ਪ੍ਰਭਾਵਿਤ ਕਰਨ ਵਿੱਚ ਅਸਮਰੱਥ ਹੈ...

2. ਇਹ ਦਲੀਲ ਗਲਤ ਹੈ। ਮਨੁੱਖ ਦੇ ਗਿਆਨ ਤੇ ਪ੍ਰਕਿਰਤੀ ਦੀ ਕਾਇਆਪਲਟੀ

---

* ਇਹ ਪਹਿਲੇ ਚਾਰ ਪੈਰ੍ਹੇ ਪੂਰੇ ਪਾਠ ਉੱਪਰ ਅਲੋਚਨਾਤਮਕ ਢੰਗ ਨਾਲ਼ ਟਿੱਪਣੀ ਕਰਦੇ ਹਨ। ਇਸ ਤੋਂ ਬਾਅਦ ਟੀਕਿਆਂ ਦੀ ਇੱਕ ਪੂਰੀ ਲੜੀ ਹੈ ਜਿਨ੍ਹਾਂ ਵਿੱਚ ਸਤਾਲਿਨ ਦੀ ਪੁਸਤਕ ਦੇ ਵੱਖ-ਵੱਖ ਭਾਗਾਂ ਦੀ ਅਲੋਚਨਾ ਕੀਤੀ ਗਈ ਹੈ। ਹਰ ਟੀਕੇ ਤੋਂ ਪਹਿਲਾਂ ਸਤਾਲਿਨ ਦਾ ਮੂਲ ਪਾਠ ਪੇਸ਼ ਕੀਤਾ ਗਿਆ ਹੈ।

ਕਰਨ ਦੀ ਕਾਬਲੀਅਤ ਅਸੀਮ ਹੈ। ਸਤਾਲਿਨ ਇਹਨਾਂ ਮਸਲਿਆਂ 'ਤੇ ਵਿਕਾਸ ਦੇ ਨਜ਼ਰੀਏ ਤੋਂ ਨਹੀਂ ਸੋਚਦੇ। ਜਿਸ ਨੂੰ ਅੱਜ ਨਹੀਂ ਕੀਤਾ ਜਾ ਸਕਦਾ, ਭਵਿੱਖ ਵਿੱਚ ਕੀਤਾ ਜਾ ਸਕਦਾ ਹੈ।

> 3. ਇਹੀ ਗੱਲ ਆਰਥਿਕ ਵਿਕਾਸ ਦੇ ਨਿਯਮਾਂ, ਰਾਜਨੀਤਕ ਅਰਥਸ਼ਾਸਤਰ ਦੇ ਨਿਯਮਾਂ ਬਾਰੇ ਵੀ ਕਹੀ ਜਾ ਸਕਦੀ ਹੈ... ਇਹ ਭਾਵੇਂ ਪੂੰਜੀਵਾਦ ਦੇ ਸਮੇਂ 'ਚ ਹੋਣ ਜਾਂ ਫਿਰ ਸਮਾਜਵਾਦ ਦੇ। ਇੱਥੇ ਵੀ, ਜਿਵੇਂ ਕਿ ਪ੍ਰਕਿਰਤੀ ਵਿਗਿਆਨ ਦੇ ਮਾਮਲੇ ਵਿੱਚ ਹੁੰਦਾ ਹੈ, ਆਰਥਿਕ ਵਿਕਾਸ ਦੇ ਨਿਯਮ ਬਾਹਰਮੁਖੀ ਨਿਯਮ ਹੁੰਦੇ ਹਨ, ਜੋ ਮਨੁੱਖ ਦੀ ਇੱਛਾ ਤੋਂ ਅਜ਼ਾਦਾਨਾ ਤੌਰ 'ਤੇ ਘਟਣ ਵਾਲੀਆਂ ਆਰਥਿਕ ਵਿਕਾਸ ਦੀਆਂ ਪ੍ਰਕਿਰਿਆਵਾਂ ਨੂੰ ਪ੍ਰਤੀਬਿੰਬਤ ਕਰਦੇ ਹਨ।

3. ਅਸੀਂ ਆਰਥਿਕਤਾ ਦੀ ਯੋਜਨਾਬੰਦੀ ਕਰਦੇ ਹਾਂ ? ਹਲਕੀ ਸਨਅਤ, ਖੇਤੀ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ ਹੈ।

> 4. ਇਹੀ ਕਾਰਨ ਹੈ ਕਿ ਏਂਗਲਜ਼ ਉਸੇ ਕਿਤਾਬ ਵਿੱਚ ਕਹਿੰਦੇ ਹਨ : "ਮਨੁੱਖ ਦੀ ਆਪਣੀ ਹੀ ਸਮਾਜਕ ਸਰਗਰਮੀ ਦੇ ਨਿਯਮਾਂ ਨੂੰ, ਜੋ ਹੁਣ ਤੱਕ ਬਾਹਰੀ ਪ੍ਰਕਿਰਤੀ ਦੇ ਨਿਯਮਾਂ ਦੀ ਤਰ੍ਹਾਂ ਮਨੁੱਖ 'ਤੇ ਹਾਵੀ ਸਨ ਤੇ ਉਸ ਦੀਆਂ ਅੱਖਾਂ ਨਾਲ਼ ਅੱਖਾਂ ਮਿਲਾਉਂਦੇ ਸੀ, ਫਿਰ ਪੂਰੀ ਸਮਝਦਾਰੀ ਨਾਲ਼ ਵਰਤੋਂ ਵਿੱਚ ਲਿਆਂਦੇ ਜਾਣਗੇ ਤੇ ਉਹ ਉਹਨਾਂ ਵਿੱਚ ਮੁਹਾਰਤ ਹਾਸਲ ਕਰ ਲਵੇਗਾ।" (ਡੂਹਰਿੰਗ ਵਿਰੁੱਧ)

4. ਅਜ਼ਾਦੀ ਲਾਜ਼ਮੀ ਬਾਹਰਮੁਖੀ ਨਿਯਮ ਹੈ, ਜਿਸ ਨੂੰ ਲੋਕ ਸਮਝਦੇ ਹਨ। ਅਜਿਹੇ ਨਿਯਮ ਲੋਕਾਂ ਦੇ ਵਿਰੋਧ ਵਿੱਚ ਖੜ੍ਹੇ ਹੁੰਦੇ ਹਨ, ਉਹਨਾਂ ਤੋਂ ਅਜ਼ਾਦ ਹੁੰਦੇ ਹਨ। ਪਰ ਇੱਕ ਵਾਰੀ ਲੋਕ ਉਸ ਨੂੰ ਸਮਝ ਲੈਣ ਤਾਂ ਉਸ ਨੂੰ ਕਾਬੂ ਕਰ ਲੈਂਦੇ ਹਨ।

> 5. ਸੋਵੀਅਤ ਸਰਕਾਰ ਦੀ ਵਿਸ਼ੇਸ਼ ਭੂਮਿਕਾ ਦੋ ਹਾਲਤਾਂ ਕਰਕੇ ਸੀ : ਪਹਿਲੀ ਇਹ ਕਿ ਸੋਵੀਅਤ ਸਰਕਾਰ ਨੂੰ ਜੋ ਕਰਨਾ ਪਿਆ, ਉਹ ਪਹਿਲੇ ਇਨਕਲਾਬਾਂ ਦੀ ਤਰ੍ਹਾਂ ਲੁੱਟ ਦੇ ਇੱਕ ਢਾਂਚੇ ਦੀ ਥਾਂ ਦੂਜੇ ਨੂੰ ਸਥਾਪਤ ਕਰਨਾ ਨਹੀਂ, ਸਗੋਂ ਉਸ ਦਾ ਪੂਰੀ ਤਰ੍ਹਾਂ ਖਾਤਮ ਕਰਨਾ ਸੀ; ਦੂਜੀ ਇਹ ਕਿ ਦੇਸ਼ ਵਿੱਚ ਸਮਾਜਵਾਦੀ ਸਮਾਜ ਦੇ ਕਿਸੇ ਬਣੇ ਬਣਾਏ ਮੁੱਢਲੇ ਢਾਂਚੇ ਦੀ ਅਣਹੋਂਦ ਵਿੱਚ, ਉਸ ਨੂੰ, ਕਹਿਣਾ ਚਾਹੀਦਾ ਹੈ "ਬਿਲਕੁੱਲ ਸਿਫਰ ਤੋਂ", ਆਰਥਿਕਤਾ ਦੇ ਨਵੇਂ ਸਮਾਜਵਾਦੀ ਰੂਪਾਂ ਦੀ ਉਸਾਰੀ ਕਰਨੀ ਪਈ।

5. ਸਮਾਜਵਾਦੀ ਆਰਥਿਕ ਨਿਯਮਾਂ ਦੀ ਅਟੱਲਤਾ — ਇਹ ਇੱਕ ਅਜਿਹੀ ਚੀਜ਼ ਹੈ ਜਿਸ ਦਾ ਅਧਿਐਨ ਕਰਨ ਦੀ ਲੋੜ ਹੈ। ਚੇਂਗਤੂ ਸੰਮੇਲਨ ਵਿੱਚ ਮੈਂ ਕਿਹਾ ਸੀ ਕਿ ਅਸੀਂ ਦੇਖਣਾ ਹੈ ਕਿ ਸਾਡਾ ਆਮ ਪ੍ਰੋਗਰਾਮ ("ਜ਼ਿਆਦਾ ! ਜ਼ਿਆਦਾ ਤੇਜ਼ ! ਜ਼ਿਆਦਾ ਬਿਹਤਰ ! ਜ਼ਿਆਦਾ ਕਿਫਾਇਤੀ !" ਤਿੰਨ ਸਮਵਰਤੀ ਤਰੱਕੀਆ ਤੇ ਜਨਤਕ ਲੀਹ) ਅਸਫ਼ਲ ਹੁੰਦਾ ਹੈ ਜਾਂ ਨਹੀਂ; ਜਾਂ ਇਹ ਸਫ਼ਲ ਹੋ ਸਕਦਾ ਹੈ। ਇਸ ਨੂੰ ਕਈ ਸਾਲ, ਇੱਥੋਂ ਤੱਕ ਕਿ ਦਸ ਸਾਲਾਂ ਤੱਕ ਵੀ ਦਿਖਾਇਆ ਨਹੀਂ ਜਾ ਸਕਦਾ। ਇਨਕਲਾਬ ਦੇ ਨਿਯਮ, ਜਿਹਨਾਂ 'ਤੇ ਕੁੱਝ ਲੋਕ ਸ਼ੱਕ ਕਰਦੇ ਸੀ, ਹੁਣ ਸਹੀ ਸਿੱਧ ਹੋ ਚੁੱਕੇ ਹਨ, ਕਿਉਂਕਿ ਦੁਸ਼ਮਣ ਦਾ ਤਖ਼ਤਾ ਪਲਟਿਆ ਜਾ ਚੁੱਕਾ ਹੈ। ਕੀ ਸਮਾਜਵਾਦੀ ਉਸਾਰੀ ਕੰਮ ਕਰੇਗੀ ? ਲੋਕ ਹਾਲੇ ਵੀ ਸ਼ੱਕ ਕਰਦੇ ਹਨ। ਕੀ

ਸਾਡਾ ਚੀਨੀ ਅਭਿਆਸ ਚੀਨ ਦੇ ਆਰਥਿਕ ਨਿਯਮਾਂ ਨਾਲ਼ ਮੇਲ ਖਾਂਦਾ ਹੈ? ਇਸ ਦਾ ਅਧਿਐਨ ਕਰਨਾ ਚਾਹੀਦਾ ਹੈ। ਮੇਰਾ ਵਿਚਾਰ ਹੈ ਕਿ ਜੇ ਅਭਿਆਸ ਆਮ ਤੌਰ 'ਤੇ ਮੇਲ ਖਾਂਦਾ ਹੈ, ਤਾਂ ਸਭ ਕੁੱਝ ਠੀਕ ਹੋ ਜਾਵੇਗਾ।

> 6. ਇਹ (ਆਰਥਿਕਤਾ ਦੇ ਨਵੇਂ, ਸਮਾਜਵਾਦੀ ਰੂਪਾਂ ਦੀ "ਲਗਭਗ ਸਿਰਫ਼" ਤੋਂ ਉਸਾਰੀ) ਬਿਨਾਂ ਸ਼ੱਕ ਇੱਕ ਮੁਸ਼ਕਲ, ਗੁੰਝਲਦਾਰ ਤੇ ਨਵੇਕਲਾ ਕੰਮ ਸੀ।

6. ਸਮਾਜਵਾਦੀ ਆਰਥਿਕ ਰੂਪਾਂ ਦੀ ਉਸਾਰੀ ਦੇ ਮਾਮਲੇ ਵਿੱਚ ਸਾਡੇ ਸਾਹਮਣੇ ਸੋਵੀਅਤ ਸੰਘ ਦੀ ਮਿਸਾਲ ਪਹਿਲਾਂ ਹੀ ਮੌਜੂਦ ਹੈ ਅਤੇ ਇਸ ਲਈ ਸਾਨੂੰ ਉਹਨਾਂ ਤੋਂ ਥੋੜ੍ਹਾ ਬਿਹਤਰ ਕਰਨਾ ਚਾਹੀਦਾ ਹੈ। ਜੇ ਅਸੀਂ ਕੰਮ ਖਰਾਬ ਕਰ ਦੇਵਾਂਗੇ ਤਾਂ ਇਹ ਇਹੀ ਦਿਖਾਏਗਾ ਕਿ ਚੀਨੀ ਮਾਰਕਸਵਾਦ ਕਾਰਗਰ ਨਹੀਂ ਹੈ। ਜਿੱਥੋਂ ਤੱਕ ਚੀਜ਼ਾਂ ਦੇ ਮੁਸ਼ਕਲ ਤੇ ਗੁੰਝਲਦਾਰ ਹੋਣ ਦਾ ਸਵਾਲ ਹੈ, ਤਾਂ ਮਾਮਲਾ ਉਸ ਤੋਂ ਵੱਖਰਾ ਨਹੀਂ ਹੈ ਜਿਸ ਦਾ ਸਾਹਮਣਾ ਸੋਵੀਅਤ ਸੰਘ ਨੇ ਕੀਤਾ ਸੀ।

> 7. ਇਹ ਕਿਹਾ ਜਾਂਦਾ ਹੈ ਕਿ ਸਾਡੇ ਦੇਸ਼ 'ਚ ਕੌਮੀ ਆਰਥਿਕਤਾ ਦੇ ਸੰਤੁਲਤ (ਅਨੁਪਾਤਿਕ) ਵਿਕਾਸ ਦੀ ਲੋੜ ਸੋਵੀਅਤ ਸਰਕਾਰ ਨੂੰ ਮੌਜੂਦਾ ਆਰਥਿਕ ਨਿਯਮ ਖਤਮ ਕਰਨ ਤੇ ਨਵਿਆਂ ਦੀ ਉਸਾਰੀ ਕਰਨ ਦੇ ਕਾਬਲ ਬਣਾਉਂਦੀ ਹੈ। ਇਹ ਪੂਰੀ ਤਰ੍ਹਾਂ ਝੂਠ ਹੈ। ਸਾਡੀਆਂ ਸਾਲਾਨਾ ਤੇ ਪੰਜ ਸਾਲਾਂ ਯੋਜਨਾਵਾਂ ਨੂੰ ਕੌਮੀ ਆਰਥਿਕਤਾ ਦੇ ਸੰਤੁਲਤ, ਅਨੁਪਾਤਿਕ ਵਿਕਾਸ ਦੇ ਬਾਹਰਮੁਖੀ ਨਿਯਮ ਦੇ ਨਾਲ਼ ਰਲਗੱਡ ਨਹੀਂ ਕਰਨਾ ਚਾਹੀਦਾ।
>
> 7. ਇਹੀ ਮਸਲੇ ਦਾ ਕੇਂਦਰੀ ਭਾਵ ਹੈ।
>
> 8. ਇਸ ਦਾ ਅਰਥ ਹੈ ਕਿ ਕੌਮੀ ਆਰਥਿਕਤਾ ਦੇ ਸੰਤੁਲਤ ਵਿਕਾਸ ਦਾ ਨਿਯਮ ਸਾਡੀਆਂ ਯੋਜਨਾਕਾਰੀ ਇਕਾਈਆਂ ਲਈ ਸਮਾਜਕ ਪੈਦਾਵਾਰ ਨੂੰ ਸਹੀ-ਸਹੀ ਨਿਯੋਜਤ ਕਰਨਾ ਸੰਭਵ ਬਣਾਉਂਦਾ ਹੈ। ਪਰ ਸੰਭਾਵਨਾ ਨੂੰ ਯਥਾਰਥ ਨਾਲ਼ ਰਲਗੱਡ ਨਹੀਂ ਕਰਨਾ ਚਾਹੀਦਾ। ਇਹ ਦੋ ਵੱਖਰੀਆਂ ਚੀਜ਼ਾਂ ਹਨ। ਸੰਭਾਵਨਾ ਨੂੰ ਯਥਾਰਥ ਵਿੱਚ ਬਦਲਣ ਲਈ ਇਸ ਆਰਥਿਕ ਨਿਯਮ ਦਾ ਅਧਿਐਨ ਕਰਨਾ, ਇਸ ਵਿੱਚ ਮੁਹਾਰਤ ਹਾਸਲ ਕਰਨਾ, ਪੂਰੀ ਸਮਝਦਾਰੀ ਨਾਲ਼ ਉਸ ਨੂੰ ਲਾਗੂ ਕਰਨਾ-ਸਿੱਖਣਾ ਲਾਜ਼ਮੀ ਹੈ ਤੇ ਅਜਿਹੀਆਂ ਯੋਜਨਾਵਾਂ ਦਾ ਸੰਗ੍ਰਹਿ ਕਰਨਾ ਲਾਜ਼ਮੀ ਹੈ ਜੋ ਇਸ ਨਿਯਮ ਦੀਆਂ ਲੋੜਾਂ ਨੂੰ ਪੂਰੀ ਤਰ੍ਹਾਂ ਪ੍ਰਤੀਬਿੰਬਤ ਕਰ ਸਕਣ। ਇਹ ਨਹੀਂ ਕਿਹਾ ਜਾ ਸਕਦਾ ਕਿ ਸਾਡੀਆਂ ਸਾਲਾਨਾ ਤੇ ਪੰਜ ਸਾਲਾਂ ਯੋਜਨਾਵਾਂ ਆਰਥਿਕ ਨਿਯਮ ਦੀਆਂ ਲੋੜਾਂ ਨੂੰ ਪੂਰੀ ਤਰ੍ਹਾਂ ਪ੍ਰਤੀਬਿੰਬਤ ਕਰਦੀਆਂ ਹਨ।

8. ਇਸ ਪੈਰੇ ਦਾ ਕੇਂਦਰੀ ਬਿੰਦੂ ਇਹ ਹੈ ਕਿ ਸਾਨੂੰ ਯੋਜਨਾਬੱਧ ਅਨੁਪਾਤਕ ਵਿਕਾਸ ਦੇ ਬਾਹਰਮੁਖੀ ਨਿਯਮ ਨੂੰ ਯੋਜਨਾਬੰਦੀ ਨਾਲ਼ ਰਲਗੱਡ ਨਹੀਂ ਕਰਨਾ ਚਾਹੀਦਾ। ਬੀਤੇ ਸਮੇਂ 'ਚ ਅਸੀਂ ਵੀ ਯੋਜਨਾਵਾਂ ਘੜੀਆਂ ਸੀ ਪਰ ਉਹ ਅਕਸਰ ਤੂਫਾਨ ਪੈਦਾ ਕਰ ਦਿੰਦੀਆਂ ਸਨ। ਬਹੁਤ ਜ਼ਿਆਦਾ! ਬਹੁਤ ਘੱਟ! ਸਾਰੇ ਤੋਂ ਵਧੀਆਂ ਰਸਤੇ ਬਾਰੇ ਕਿਸੇ ਪੱਕੇ

ਯਕੀਨ ਤੋਂ ਬਿਨਾਂ ਹੀ ਅਸੀਂ ਅੰਨ੍ਹੇਵਾਹ ਹਾਲਤਾਂ ਵਿੱਚ ਜਾ ਵੱਜੇ। ਸਿਰਫ਼ ਤਸੀਹਾਮਈ ਸਬਕ ਝੱਲਣ ਤੋਂ ਬਾਅਦ, ਅਰਧ-ਗੋਲਾਕਾਰ ਚੱਕਰ ਵਿੱਚ ਪਿਛਾਂਹ ਮੁੜਦਿਆਂ, ਜਵਾਬਾਂ ਬਾਰੇ ਸੋਚਣ ਲਈ ਹਰ ਕਿਸੇ ਵੱਲੋਂ ਆਪਣੇ ਦਿਮਾਗਾਂ ਨੂੰ ਕਸ਼ਟ ਦੇਣ ਤੋਂ ਬਾਅਦ, ਅਸੀਂ ਚਾਲੀ-ਨੁਕਤੀ ਖੇਤੀ ਪ੍ਰੋਗਰਾਮ 'ਤੇ ਪਹੁੰਚੇ ਜਿਸ ਨੂੰ ਅਸੀਂ ਹੁਣ ਅਮਲੀ ਜਾਮਾ ਪਹਿਨਾ ਰਹੇ ਹਾਂ ਤੇ ਇਸ ਸਮੇਂ ਅਸੀਂ ਨਵੇਂ ਚਾਲੀ ਨੁਕਾਤੀ ਸੂਤਰ ਘੜਨ ਦੇ ਵਿਚਕਾਰ ਖੜ੍ਹੇ ਹਾਂ। ਹੋਰ ਤਿੰਨ ਸਾਲਾਂ ਦੇ ਕੌੜੇ ਘੋਲ ਤੋਂ ਬਾਅਦ ਅਸੀਂ ਹੋਰ ਵਿਕਸਤ ਹੋ ਜਾਵਾਂਗੇ; ਭਰਪੂਰ ਤੇ ਲੋੜੀਂਦੇ ਵਿਚਾਰ-ਵਟਾਂਦਰੇ ਤੋਂ ਬਾਅਦ ਅਸੀਂ ਫਿਰ ਅੱਗੇ ਵਧਾਂਗੇ। ਕੀ ਅਸੀਂ ਇਸ ਨੂੰ ਸੱਚ ਬਣਾ ਸਕਾਂਗੇ ? ਇਸ ਦਾ ਅਭਿਆਸ ਵਿੱਚ ਸਿੱਧ ਹੋਣਾ ਅਜੇ ਬਾਕੀ ਹੈ। ਅਸੀਂ ਸਨਅਤ 'ਤੇ ਅੱਠ ਸਾਲਾਂ ਤੱਕ ਕੰਮ ਕੀਤਾ ਪਰ ਇਹ ਮਹਿਸੂਸ ਨਹੀਂ ਕੀਤਾ ਸਾਨੂੰ ਸਟੀਲ ਨੂੰ ਬੁਨਿਆਦੀ ਥੰਮ ਵਜੋਂ ਲੈਣਾ ਚਾਹੀਦਾ ਹੈ। ਸਨਅਤ ਵਿੱਚ ਵਿਰੋਧਤਾਈ ਦਾ ਇਹ ਪ੍ਰਧਾਨ ਪੱਖ ਸੀ। ਇਹ ਅਦਵੈਤਵਾਦ ਸੀ। ਵੱਡੇ, ਦਰਮਿਆਨੇ ਤੇ ਛੋਟੇ ਵਿੱਚੋਂ ਅਸੀਂ ਵੱਡੇ ਨੂੰ ਬੁਨਿਆਦੀ ਥੰਮ ਮੰਨਦੇ ਹਾਂ ਅਤੇ ਕੇਂਦਰ ਤੇ ਖੇਤਰਾਂ ਵਿੱਚੋਂ ਅਸੀਂ ਕੇਂਦਰ ਨੂੰ ਬੁਨਿਆਦੀ ਥੰਮ ਮੰਨਦੇ ਹਾਂ। ਕਿਸੇ ਵੀ ਵਿਰੋਧਤਾਈ ਦੇ ਦੋ ਪੱਖਾਂ ਵਿੱਚੋਂ ਇੱਕ ਪੱਖ ਪ੍ਰਧਾਨ ਪੱਖ ਹੁੰਦਾ ਹੈ। ਅੱਠ ਸਾਲਾਂ ਦੀਆਂ ਉਪਲੱਬਦੀਆਂ ਜਿੰਨੀਆਂ ਮਹੱਤਵਪੂਰਨ ਹਨ, ਉਹਨਾਂ ਨੂੰ ਸਾਹਮਣੇ ਰੱਖ ਕੇ, ਕੁੱਝ ਵੀ ਹੋਵੇ ਅਸੀਂ ਆਪਣੇ ਅੱਗੇ ਦੇ ਰਾਹ ਨੂੰ ਮਹਿਸੂਸ ਕਰ ਰਹੇ ਹਾਂ। ਇਹ ਨਹੀਂ ਕਿਹਾ ਜਾ ਸਕਦਾ ਕਿ ਸਾਡੀ ਪੈਦਾਵਾਰ ਦੀ ਯੋਜਨਾਬੰਦੀ ਪੂਰੀ ਤਰ੍ਹਾਂ ਸਹੀ ਸੀ, ਕਿ ਇਹ ਬਾਹਰਮੁਖੀ ਨਿਯਮਾਂ ਨੂੰ ਪੂਰੀ ਤਰ੍ਹਾਂ ਪ੍ਰਤੀਬਿੰਬਤ ਕਰਦੀ ਸੀ। ਯੋਜਨਾਬੰਦੀ ਸਿਰਫ ਯੋਜਨਾ ਕਮੇਟੀ ਜਾਂ ਆਰਥਿਕ ਕਮੇਟੀ ਦੁਆਰਾ ਹੀ ਨਹੀਂ ਕੀਤੀ ਜਾਂਦੀ ਸਗੋਂ ਇਸ ਨੂੰ ਪੂਰੀ ਪਾਰਟੀ ਅੰਜਾਮ ਦਿੰਦੀ ਹੈ, ਸਗੋਂ ਹਰ ਪੱਧਰ; ਹਰ ਕੋਈ ਇਸ ਵਿੱਚ ਸ਼ਾਮਿਲ ਹੁੰਦਾ ਹੈ। ਇਸ ਪੈਰੇ ਵਿੱਚ ਸਤਾਲਿਨ ਸਿਧਾਂਤਕ ਤੌਰ 'ਤੇ ਸਹੀ ਹਨ। ਪਰ ਅਜੇ ਵੀ ਕੋਈ ਬਰੀਕ ਵਿਸਥਾਰ ਵਾਲਾ ਵਿਸ਼ਲੇਸ਼ਣ ਮੌਜੂਦ ਨਹੀਂ ਹੈ, ਇੱਥੋਂ ਤੱਕ ਕਿ ਸਪੱਸ਼ਟ ਵਿਆਖਿਆ ਦੀ ਸ਼ੁਰੂਆਤ ਵੀ ਨਹੀਂ ਹੈ। ਸੋਵੀਅਤ ਵੱਡੇ, ਦਰਮਿਆਨੇ ਤੇ ਛੋਟੇ ਅਤੇ ਖੇਤਰ ਤੇ ਕੇਂਦਰ ਵਿੱਚ ਵਖਰੇਵਾਂ ਨਹੀਂ ਕਰਦੇ, ਨਾ ਹੀ ਉਹਨਾਂ ਨੇ ਖੇਤੀ ਤੇ ਸਨਅਤ ਨੂੰ ਨਾਲ਼-ਨਾਲ਼ ਪ੍ਰੋਤਸਾਹਨ ਦਿੱਤਾ। ਉਹ ਦੋ ਲੱਤਾਂ 'ਤੇ ਬਿਲਕੁੱਲ ਵੀ ਨਹੀਂ ਚੱਲੇ ਹਨ। ਉਹਨਾਂ ਦੇ ਕਾਇਦੇ-ਕਾਨੂੰਨ ਲੋਕਾਂ ਨੂੰ ਅਪੰਗ ਬਣਾਉਂਦੇ ਹਨ। ਪਰ ਅਸੀਂ ਆਪਣੀ ਹਾਲਤ ਨੂੰ ਲੋੜੀਂਦੇ ਰੂਪ ਵਿੱਚ ਸਮਝਿਆ ਤੇ ਅਧਿਐਨ ਨਹੀਂ ਕੀਤਾ ਹੈ ਤੇ ਸਿੱਟੇ ਵਜੋਂ ਸਾਡੇ ਨਿਯਮਾਂ ਨੇ ਵੀ ਬਾਹਰਮੁਖੀ ਨਿਯਮਾਂ ਨੂੰ ਪੂਰੀ ਤਰ੍ਹਾਂ ਪ੍ਰਤੀਬਿੰਬਤ ਨਹੀਂ ਕੀਤਾ ਹੈ।

> 9. ਆਓ, ਏਂਗਲਜ਼ ਦੇ ਫਾਰਮੂਲੇ ਨੂੰ ਜਾਂਚੀਏ! ਏਂਗਲਜ਼ ਦੇ ਫਾਰਮੂਲੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਤੇ ਸਟੀਕ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਉਹ ਇਹ ਸੰਕੇਤ ਨਹੀਂ ਦਿੰਦਾ ਕਿ ਉਹ ਸਮਾਜ ਦੁਆਰਾ ਪੈਦਾਵਾਰ ਦੇ ਸਾਧਨਾਂ ਦੇ ਸਾਰੇ ਜਾਂ ਸਿਰਫ਼ ਇੱਕ ਭਾਗ ਦੇ ਕਬਜ਼ੇ ਦੀ ਚਰਚਾ ਕਰਦਾ ਹੈ; ਯਾਨੀ ਇਹ ਕਿ ਸਾਰੇ ਜਾਂ ਪੈਦਾਵਾਰ ਦੇ ਸਾਧਨਾਂ ਦੇ ਸਿਰਫ਼ ਇੱਕ ਭਾਗ ਨੂੰ ਹੀ ਜਨਤਕ ਮਲਕੀਅਤ ਵਿੱਚ ਬਦਲਿਆ ਜਾਵੇਗਾ। ਇਸ ਲਈ ਏਂਗਲਜ਼ ਦੇ ਇਸ ਫਾਰਮੂਲੇ ਨੂੰ ਦੋਵੇਂ ਤਰੀਕਿਆਂ ਨਾਲ਼ ਸਮਝਿਆ ਜਾ ਸਕਦਾ ਹੈ।

9. ਇਹ ਵਿਸ਼ਲੇਸ਼ਣ ਬੁਨਿਆਦੀ ਗੱਲਾਂ ਨੂੰ ਛੂੰਹਦਾ ਹੈ। ਸਮੱਸਿਆ ਪੈਦਾਵਾਰ ਦੇ ਸਾਧਨਾਂ ਨੂੰ ਦੋ ਹਿੱਸਿਆ ਵਿੱਚ ਵੰਡਣ ਦੀ ਹੈ। ਇਹ ਕਹਿਣਾ ਕਿ ਪੈਦਾਵਾਰ ਦੇ ਸਾਧਨ ਜਿਣਸ ਨਹੀਂ ਹਨ, ਅਧਿਐਨ ਦੀ ਮੰਗ ਕਰਦਾ ਹੈ।

10. ਸਮਾਜਵਾਦ ਅਧੀਨ ਜਿਣਸ ਪੈਦਾਵਾਰ ਸਿਰਲੇਖ ਵਾਲੇ ਇਸ ਭਾਗ 'ਚ ਸਤਾਲਿਨ ਨੇ ਜਿਣਸਾਂ ਦੀ ਹੋਂਦ ਦੀਆਂ ਹਾਲਤਾਂ ਨੂੰ ਵਿਆਪਕ ਰੂਪ ਵਿੱਚ ਨਿਰਦੇਸ਼ਤ ਨਹੀਂ ਕੀਤਾ ਹੈ। ਦੋ ਤਰ੍ਹਾਂ ਦੀ ਮਾਲਕੀ ਦੀ ਹੋਂਦ ਜਿਣਸ ਪੈਦਾਵਾਰ ਦੀ ਮੁੱਖ ਅਧਾਰ ਭੂਮੀ ਹੈ। ਪਰ ਆਖਰਕਾਰ ਜਿਣਸ ਪੈਦਾਵਾਰ ਪੈਦਾਵਾਰੀ ਤਾਕਤਾਂ ਨਾਲ਼ ਵੀ ਜੁੜੀ ਹੋਈ ਹੈ। ਇਸ ਵਜ੍ਹਾ ਕਰਕੇ, ਪੂਰੀ ਤਰ੍ਹਾਂ ਸਮਾਜੀਕ੍ਰਿਤ ਜਨਤਕ ਮਾਲਕੀ ਦੇ ਅਧੀਨ ਵੀ ਜਿਣਸ ਵਟਾਂਦਰਾ ਕਈ ਖੇਤਰਾਂ ਵਿੱਚ ਚੱਲਦਾ ਰਹੇਗਾ।

> 11. ਇਸ ਦਾ ਇਹ ਅਰਥ ਨਿਕਲਦਾ ਹੈ ਕਿ ਏਂਗਲਜ਼ ਦੇ ਦਿਮਾਗ ਵਿੱਚ ਉਹ ਦੇਸ਼ ਸਨ, ਜਿੱਥੇ ਪੂੰਜੀਵਾਦ ਤੇ ਪੈਦਾਵਾਰ ਦਾ ਸੰਕੇਂਦਰਨ ਸਨਅਤ ਤੇ ਖੇਤੀ ਵਿੱਚ ਏਨਾ ਕੁ ਅੱਗੇ ਵਧ ਚੁੱਕਾ ਹੈ ਕਿ ਉਹ ਪੈਦਾਵਾਰ ਦੇ ਸਾਰੇ ਸਾਧਨਾਂ ਦਾ ਕਬਜ਼ਾ ਤੇ ਉਹਨਾਂ ਦੀ ਸਰਵਜਨਕ ਮਾਲਕੀ ਵਿੱਚ ਕਾਇਆਪਲਟੀ ਕੀਤੀ ਜਾ ਸਕਦੀ ਹੈ। ਫਲਸਰੂਪ ਏਂਗਲਜ਼ ਇਹ ਮੰਨਦੇ ਹਨ ਕਿ ਅਜਿਹੇ ਦੇਸ਼ਾਂ ਵਿੱਚ ਪੈਦਾਵਾਰ ਦੇ ਸਾਰੇ ਸਾਧਨਾਂ ਦੇ ਸਮਾਜੀਕਰਨ ਦੇ ਸਮਾਨੰਤਰ ਜਿਣਸ ਪੈਦਾਵਾਰ ਦਾ ਅੰਤ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਨਿਸ਼ਚੇ ਹੀ ਸਹੀ ਹੈ।

11. ਏਂਗਲਜ਼ ਦੇ ਫਾਰਮੂਲੇ ਦਾ ਸਤਾਲਿਨ ਦੁਆਰਾ ਕੀਤਾ ਵਿਸ਼ਲੇਸ਼ਣ ਸਹੀ ਹੈ। ਇਸ ਸਮੇਂ ਜਿਣਸ ਪੈਦਾਵਾਰ ਨੂੰ ਤਾਕ 'ਤੇ ਰੱਖ ਦੇਣ ਦੀ ਬੜੀ ਜ਼ੋਰਦਾਰ ਪ੍ਰਵਿਰਤੀ ਮੌਜੂਦ ਹੈ। ਲੋਕ ਜਿਉਂ ਹੀ ਜਿਣਸ ਪੈਦਾਵਾਰ ਦੇਖਦੇ ਹਨ ਤਾਂ ਉਸ ਨੂੰ ਖੁਦ ਪੂੰਜੀਵਾਦ ਮੰਨ ਕੇ ਪ੍ਰੇਸ਼ਾਨ ਹੋ ਜਾਂਦੇ ਹਨ। ਪਰ ਅਜਿਹਾ ਲੱਗਦਾ ਹੈ ਕਿ ਜਿਵੇਂ ਕਈ ਲੱਖਾਂ ਕਿਸਾਨਾਂ ਦੀ ਇੱਕਜੁੱਟਤਾ ਦੀ ਖਾਤਰ ਜਿਣਸ ਪੈਦਾਵਾਰ ਨੂੰ ਕਾਫੀ ਵਿਕਸਤ ਕਰਨਾ ਪਵੇਗਾ ਤੇ ਮੁਦਰਾ-ਪੂਰਤੀ ਨੂੰ ਵਧਾਉਣਾ ਪਵੇਗਾ। ਇਹ ਕਈ ਲੱਖਾਂ ਕਾਰਕੁੰਨਾਂ ਲਈ ਵਿਚਾਰਧਾਰਕ ਸਮੱਸਿਆ ਦੇ ਨਾਲ਼ ਹੀ ਕਰੋੜਾਂ ਕਿਸਾਨਾਂ ਦੀ ਇੱਕਮੁੱਠਤਾ ਦਾ ਸਵਾਲ ਖੜ੍ਹਾ ਕਰ ਦਿੰਦਾ ਹੈ। ਇਸ ਸਮੇਂ ਸਾਡੇ ਕੋਲ ਪੈਦਾਵਾਰ ਦੇ ਸਾਧਨਾਂ ਦਾ ਸਿਰਫ਼ ਇੱਕ ਅੰਸ਼ ਹੈ। ਪਰ ਇੰਝ ਲੱਗਦਾ ਹੈ ਕਿ ਅਜਿਹੇ ਲੋਕ ਵੀ ਹਨ ਜੋ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਉਹਨਾਂ ਦੇ ਪੈਦਾਵਾਰ ਦੇ ਸਾਧਨਾਂ ਤੋਂ ਵਾਂਝੇ ਕਰਕੇ ਸਭ ਕੁੱਝ ਨੂੰ ਸਾਰੇ ਲੋਕਾਂ ਦੀ ਮਾਲਕੀ ਐਲਾਨ ਕਰਨ ਚਾਹੁੰਦੇ ਹਨ। ਪਰ ਉਹ ਮਾਲਕੀ ਦੀ ਸ਼੍ਰੇਣੀ ਐਲਾਨ ਕਰਨ 'ਚ ਅਸਫ਼ਲ ਰਹਿੰਦੇ ਹਨ। ਕੀ ਉਸ ਨੂੰ ਕਮਿਊਨ ਦੀ ਮਾਲਕੀ ਹੋਣਾ ਚਾਹੀਦਾ ਹੈ ਜਾਂ ਕਾਊਂਟੀ ਦੀ ? ਮਹਿਜ਼ ਜਨਤਕ ਮਾਲਕੀ ਦਾ ਐਲਾਨ ਕਰਕੇ ਜਿਣਸਾਂ ਤੇ ਜਿਣਸ ਪੈਦਾਵਾਰ ਨੂੰ ਇਸ ਤਰ੍ਹਾਂ ਖਤਮ ਕਰਨਾ ਕਿਸਾਨਾਂ ਨੂੰ ਉਹਨਾਂ ਦੇ ਸਾਧਨਾਂ ਤੋਂ ਵਾਂਝੇ ਕਰਨਾ ਹੋਵੇਗਾ। 1955 ਦੇ ਅੰਤ ਵਿੱਚ ਅਨਾਜ ਦੀ ਵਸੂਲੀ ਤੇ ਖਰੀਦ ਵਿੱਚ ਸਾਨੂੰ ਲਗਭਗ 90 ਅਰਬ ਕੈਟੀ ਅਨਾਜ ਹਾਸਲ ਹੋਇਆ ਸੀ, ਜਿਸ ਨੇ ਸਾਡੇ ਵਾਸਤੇ ਘੱਟ ਮੁਸੀਬਤਾਂ ਪੈਦਾ ਨਹੀਂ ਕੀਤੀਆਂ। ਹਰੇਕ ਵਿਅਕਤੀ ਭੋਜਨ ਦੀ ਗੱਲ ਕਰ ਰਿਹਾ ਸੀ ਤੇ ਇੱਕ ਤੋਂ ਬਾਅਦ ਦੂਜਾ ਪਰਿਵਾਰ

ਏਕੀਕ੍ਰਿਤ ਖਰੀਦ ਦੀ ਗੱਲ ਕਰ ਰਿਹਾ ਸੀ। ਪਰ ਇਹ ਆਖਰਕਾਰ ਖਰੀਦ ਹੀ ਤਾਂ ਸੀ, ਵੰਡ ਨਹੀਂ ਸੀ। ਸੰਕਟ ਓਦੋਂ ਘਟਿਆ, ਜਦੋਂ ਅਸੀਂ ਅਨਾਜ ਦੀ 83 ਅਰਬ ਕੈਟੀ ਤੈਅ ਕਰਨ ਦਾ ਫੈਸਲਾ ਲਿਆ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਲੋਕ ਇਹਨਾਂ ਚੀਜ਼ਾਂ ਨੂੰ ਝਟਪੱਟ ਕਿਵੇਂ ਭੁੱਲ ਗਏ।

> 12. ਇਸ ਮਾਮਲੇ ਵਿੱਚ ਮੈਂ ਬ੍ਰਿਟੇਨ ਲਈ ਵਿਦੇਸ਼ ਵਪਾਰ ਅਤੇ ਉਸ ਦੁਆਰਾ ਉਸ ਦੀ ਕੌਮੀ ਆਰਥਿਕਤਾ ਵਿੱਚ ਨਿਭਾਈ ਜਾਣ ਵਾਲੀ ਵਿਆਪਕ ਭੂਮਿਕਾ ਦੇ ਮਹੱਤਵ ਦੇ ਸਵਾਲ ਨੂੰ ਛੱਡ ਦਿੰਦਾ ਹਾਂ। ਮੇਰਾ ਖਿਆਲ ਹੈ ਕਿ ਇਸ ਸਵਾਲ ਦੀ ਜਾਂਚ-ਪੜਤਾਲ ਦੇ ਬਾਅਦ ਹੀ ਪੂਰੀ ਤਰ੍ਹਾਂ ਇਹ ਤੈਅ ਕੀਤਾ ਜਾ ਸਕੇਗਾ ਕਿ ਮਜ਼ਦੂਰ ਜਮਾਤ ਦੁਆਰਾ ਸੱਤਾ 'ਤੇ ਕਬਜ਼ਾ ਕੀਤੇ ਜਾਣ ਤੇ ਪੈਦਾਵਾਰ ਦੇ ਸਾਰੇ ਸਾਧਨਾਂ ਦੇ ਕੌਮੀਕਰਨ ਕੀਤੇ ਜਾਣ ਤੋਂ ਬਾਅਦ ਬ੍ਰਿਟੇਨ ਵਿੱਚ ਜਿਣਸ ਪੈਦਾਵਾਰ ਦਾ ਭਵਿੱਖ (ਹੋਣੀ) ਕੀ ਹੋਵੇਗਾ।

12. ਹੋਣੀ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਜਿਣਸ ਪੈਦਾਵਾਰ ਦਾ ਖਾਤਮਾ ਕੀਤਾ ਜਾਂਦਾ ਹੈ ਜਾਂ ਨਹੀਂ।

> 13. ਪਰ ਇੱਥੇ ਇੱਕ ਸਵਾਲ ਹੈ : ਮਜ਼ਦੂਰ ਜਮਾਤ ਤੇ ਉਸ ਦੀ ਪਾਰਟੀ ਨੂੰ ਉਹਨਾਂ ਦੇਸ਼ਾਂ 'ਚ, ਮਿਸਾਲ ਦੇ ਤੌਰ 'ਤੇ ਸਾਡੇ ਦੇਸ਼ ਵਿੱਚ, ਕੀ ਕਰਨਾ ਹੋਵੇਗਾ, ਜਿੱਥੇ ਮਜ਼ਦੂਰ ਜਮਾਤ ਦੁਆਰਾ ਸੱਤਾ ਦੀ ਵਾਗਡੋਰ ਆਪਣੇ ਹੱਥ ਵਿੱਚ ਲੈ ਲੈਣ ਤੇ ਪੂੰਜੀਵਾਦ ਦਾ ਤਖ਼ਤਾ ਪਲਟਣ ਦੇ ਲਈ ਹਾਲਤਾਂ ਅਨੁਕੂਲ ਹਨ (ਜਿੱਥੇ ਪੂੰਜੀਵਾਦ ਨੇ ਸਨਅਤ ਵਿੱਚ ਪੈਦਾਵਾਰ ਦੇ ਸਾਧਨਾਂ ਦਾ ਇੰਨਾ ਸੰਕੇਂਦਰਣ ਕਰ ਦਿੱਤਾ ਹੈ ਕਿ ਉਹਨਾਂ 'ਤੇ ਕਬਜ਼ਾ ਕੀਤਾ ਜਾ ਸਕਦਾ ਹੈ ਤੇ ਉਹਨਾਂ ਨੂੰ ਸਮਾਜ ਦੀ ਸੰਪੱਤੀ ਬਣਾਇਆ ਜਾ ਸਕਦਾ ਹੈ, ਪਰ ਜਿੱਥੇ ਖੇਤੀ 'ਚ ਪੂੰਜੀਵਾਦ ਦੇ ਵਿਕਾਸ ਦੇ ਬਾਵਜੂਦ ਬਹੁਗਿਣਤੀ ਅਜਿਹੇ ਛੋਟੇ ਤੇ ਦਰਮਿਆਨੇ ਮਾਲਕਾਂ-ਉਤਪਾਦਕਾਂ ਵਿੱਚ ਵੰਡੀ ਹੋਈ ਹੈ ਕਿ ਇਹ ਇਹਨਾਂ ਉਤਪਾਦਕਾਂ ਤੋਂ ਇਹਨਾਂ ਦੇ ਪੈਦਾਵਾਰ ਦੇ ਸਾਧਨਾਂ ਨੂੰ ਖੋਹ ਕੇ ਕਬਜ਼ਾ ਕਰਨ ਬਾਰੇ ਸੋਚਣਾ ਵੀ ਅਸੰਭਵ ਬਣਾ ਦਿੰਦਾ ਹੈ ?)*...(ਇਹ) ਕਿਸਾਨ ਸਮੂਹ ਨੂੰ ਮਜ਼ਦੂਰ ਜਮਾਤ ਦੇ ਖੇਮੇ ਦੇ ਦੁਸ਼ਮਣਾਂ ਵਿੱਚ ਲੰਬੇ ਸਮੇਂ ਲਈ ਧੱਕ ਦੇਵੇਗਾ।

13. ਕੁੱਲ ਮਿਲਾ ਕੇ ਜਿਣਸ ਪੈਦਾਵਾਰ ਨੂੰ ਸੰਚਾਲਤ ਕਰਨ ਵਾਲੇ ਸਿਧਾਂਤ ਨੂੰ ਆਤਮਸਾਤ ਨਹੀਂ ਕੀਤਾ ਗਿਆ ਸੀ। ਜਿੱਥੋਂ ਤੱਕ ਕਿਤਾਬਾਂ ਤੋਂ ਸਿੱਖਣ ਦੀ ਗੱਲ ਹੈ ਤਾਂ ਚੀਨੀ ਅਰਥਸ਼ਾਸਤਰੀ ਮਾਰਕਸਵਾਦੀ-ਲੈਨਿਨਵਾਦੀ ਹਨ ਪਰ ਜਦੋਂ ਉਹਨਾਂ ਦਾ ਆਰਥਿਕ ਅਭਿਆਸ ਨਾਲ਼ ਆਹਮਣਾ-ਸਾਹਮਣਾ ਹੁੰਦਾ ਹੈ ਤਾਂ ਮਾਰਕਸਵਾਦ-ਲੈਨਿਨਵਾਦ ਨਾਲ਼ ਬੇਈਮਾਨੀ ਵਧ ਜਾਂਦੀ ਹੈ। ਉਹਨਾਂ ਦੀ ਸੋਚ ਰਲਗੱਡ ਹੈ। ਜੇ ਅਸੀਂ ਗਲਤੀਆਂ ਕੀਤੀਆਂ ਤਾਂ ਅਸੀਂ ਕਿਸਾਨੀ ਸਮੂਹ ਨੂੰ ਦੁਸ਼ਮਣਾਂ ਦੇ ਖੇਮੇ ਵਿੱਚ ਪਹੁੰਚਾ ਦੇਵਾਂਗੇ।

14. ਲੈਨਿਨ ਦੇ ਜਵਾਬ ਦਾ ਲੇਖਾ-ਜੋਖਾ ਸੰਖੇਪ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਜਾ

---

* ਬ੍ਰੈਕਟਾਂ ਵਿੱਚ ਜੋੜੀ ਗਈ ਸਮੱਗਰੀ ਸਤਾਲਿਨ ਦੇ ਪਾਠ ਤੋਂ ਲਈ ਗਈ ਹੈ ਤਾਂ ਕਿ ਗੱਲ ਸਪਸ਼ਟ ਹੋ ਸਕੇ।

ਸਕਦਾ ਹੈ : (ੳ) ਸੱਤਾ ਹਾਸਲ ਕਰਨ ਦੀਆਂ ਅਨੁਕੂਲ ਹਾਲਤਾਂ ਨੂੰ ਹੱਥ ਵਿੱਚੋਂ ਨਹੀਂ ਜਾਣ ਦਿੱਤਾ ਜਾਣਾ ਚਾਹੀਦਾ — ਮਜ਼ਦੂਰ ਜਮਾਤ ਨੂੰ ਸੱਤਾ ਹਾਸਲ ਕਰਨ ਲਈ ਉਸ ਸਮੇਂ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ ਜਦੋਂ ਪੂੰਜੀਵਾਦ ਲੱਖਾਂ ਛੋਟੇ ਤੇ ਦਰਮਿਆਨੇ ਉਤਪਾਦਕਾਂ ਨੂੰ ਬਰਬਾਦ ਕਰ ਦੇਵੇਗਾ।

15. (ਅ) ਸਨਅਤ ਵਿੱਚ ਪੈਦਾਵਾਰ ਦੇ ਸਾਧਨਾਂ ’ਤੇ ਕਬਜ਼ਾ ਕਰਨਾ ਤੇ ਉਹਨਾਂ ਨੂੰ ਜਨਤਕ ਮਲਕੀਅਤ ਵਿੱਚ ਬਦਲਣਾ ਚਾਹੀਦਾ ਹੈ।

16. (ੲ) ਜਿੱਥੋਂ ਤੱਕ ਛੋਟੇ ਤੇ ਦਰਮਿਆਨੇ ਉਤਪਾਦਕਾਂ ਦਾ ਸਵਾਲ ਹੈ, ਉਹਨਾਂ ਨੂੰ ਹੌਲ਼ੀ-ਹੌਲ਼ੀ ਉਤਪਾਦਕਾਂ ਦੇ ਸਹਿਕਾਰੀ ਸੰਘਾਂ ਵਿਚ ਯਾਣੀ ਵੱਡੇ-ਵੱਡੇ ਖੇਤੀ ਉੱਦਮਾਂ ਵਿੱਚ, ਸਮੂਹਕ ਫਾਰਮਾਂ ਵਿੱਚ ਜੋੜਨਾ ਚਾਹੀਦਾ ਹੈ।

17. (ਸ) ਸਨਅਤ ਦਾ ਵੱਧ ਤੋਂ ਵੱਧ ਵਿਕਾਸ ਹੋਣਾ ਚਾਹੀਦਾ ਹੈ ਤੇ ਸਮੂਹਕ ਫਾਰਮਾਂ ’ਤੇ ਕਬਜ਼ਾ ਕੀਤੇ ਬਿਨਾਂ ਪਰੰਤੂ ਇਸ ਦੇ ਉਲਟ ਉਹਨਾਂ ਨੂੰ ਉੱਚ-ਕੋਟੀ ਦੇ ਟਰੈਕਟਰ ਤੇ ਹੋਰ ਮਸ਼ੀਨਾਂ ਉਦਾਰਤਾਪੂਰਵਕ ਮੁਹੱਈਆ ਕਰਵਾ ਕੇ ਉਹਨਾਂ ਨੂੰ ਵੱਡੇ ਪੈਮਾਨੇ ਦੀ ਪੈਦਾਵਾਰ ਦੇ ਆਧੁਨਿਕ ਤਕਨੀਕੀ ਅਧਾਰ ’ਤੇ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ।

18. (ਹ) ਪਿੰਡ ਤੇ ਸ਼ਹਿਰ ਦੇ ਵਿੱਚ, ਸਨਅਤ ਤੇ ਖੇਤੀ ਦੇ ਵਿੱਚ ਆਰਥਿਕ ਸਬੰਧ ਯਕੀਨੀ ਬਣਾਉਣ ਲਈ ਜਿਣਸ ਪੈਦਾਵਾਰ (ਖਰੀਦ ਤੇ ਵਿਕਰੀ ਦੁਆਰਾ ਵਟਾਂਦਰੇ ਰਾਹੀਂ) ਨੂੰ ਕੁੱਝ ਸਮੇਂ ਬਰਕਰਾਰ ਰੱਖਣਾ ਚਾਹੀਦਾ ਹੈ, ਇਸ ਲਈ ਕਿ ਇਹ ਸ਼ਹਿਰ ਦੇ ਨਾਲ਼ ਆਰਥਿਕ ਸਬੰਧ ਦਾ ਇੱਕੋਂ ਇੱਕ ਅਜਿਹਾ ਰੂਪ ਹੈ ਜੋ ਕਿਸਾਨ ਸਮੂਹ ਨੂੰ ਮਨਜ਼ੂਰ ਹੈ ਅਤੇ ਸੋਵੀਅਤ ਵਪਾਰ - ਰਾਜਕੀ, ਸਹਿਕਾਰੀ ਤੇ ਸਮੂਹਕ ਫਾਰਮਾਂ ਦਾ ਵਪਾਰ - ਦਾ ਪੂਰਾ ਵਿਕਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਤਰ੍ਹਾਂ ਤੇ ਹਰ ਵਿਆਖਿਆ ਅਧੀਨ ਆਉਣ ਵਾਲੇ ਪੂੰਜੀਪਤੀਆਂ ਨੂੰ ਵਪਾਰਕ ਸਰਗਰਮੀਆਂ ਦੇ ਖੇਤਰ ਵਿੱਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ।

ਸਾਡੇ ਦੇਸ਼ ਵਿੱਚ ਸਮਾਜਵਾਦ ਦੀ ਉਸਾਰੀ ਦੇ ਇਤਿਹਾਸ ਨੇ ਇਹ ਵਿਖਾਇਆ ਹੈ ਕਿ ਲੈਨਿਨ ਨੇ ਵਿਕਾਸ ਦੇ ਜਿਹੜੇ ਰਾਹ ਦਾ ਨਕਸ਼ਾ ਬਣਾਇਆ ਸੀ, ਉਸਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਿਆਸੰਗਤ ਸਿੱਧ ਕਰ ਦਿੱਤਾ ਹੈ।

19. ਇਸ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਛੋਟੇ ਤੇ ਦਰਮਿਆਨੇ ਉਤਪਾਦਕਾਂ ਵਾਲੇ ਵੱਧ ਜਾਂ ਘੱਟ ਅਨੇਕਾਂ ਜਮਾਤਾਂ ਵਾਲੇ ਪੂੰਜੀਵਾਦੀ ਦੇਸ਼ਾਂ ਦੇ ਮਾਮਲੇ ’ਚ ਵਿਕਾਸ ਦਾ ਇਹ ਰਾਹ ਸਮਾਜਵਾਦ ਦੀ ਜਿੱਤ ਦਾ ਇੱਕੋ-ਇੱਕ ਸੰਭਵ ਤੇ ਉਚਿਤ ਰਾਹ ਹੈ।

14. ਇਸ ਪੈਰੇ ਵਿੱਚ ਕੀਤਾ ਵਿਸ਼ਲੇਸ਼ਣ ਸਹੀ ਹੈ। ਚੀਨ ਵਿੱਚ ਹਾਲਤਾਂ ਨੂੰ ਲਓ। ਇੱਥੇ ਵਿਕਾਸ ਹੈ। ਸਾਰੇ ਪੰਜੇ ਨੁਕਤੇ ਸਹੀ ਹਨ।

15. ਕੌਮੀ ਬੁਰਜੂਆਜ਼ੀ ਪ੍ਰਤੀ ਸਾਡੀ ਨੀਤੀ ਉਹਨਾਂ ਨੂੰ ਉਹਨਾਂ ਦੀ ਜਾਇਦਾਦ ਤੋਂ ਮੁਕਤ ਕਰਨਾ ਹੈ।

16. ਅਸੀਂ ਲੋਕ ਕਮਿਊਨਾਂ ਦੀ ਉਸਾਰੀ ਨਿੱਤ ਵੱਡੇ ਪੈਮਾਨੇ 'ਤੇ ਕਰ ਰਹੇ ਹਾਂ।

17. ਠੀਕ ਇਹੀ ਕੰਮ ਇਸ ਸਮੇਂ ਅਸੀਂ ਕਰ ਰਹੇ ਹਾਂ।

18. ਅਜਿਹੇ ਵੀ ਲੋਕ ਹਨ ਜੋ ਜਿਣਸ ਪੈਦਾਵਾਰ ਨਹੀਂ ਚਾਹੁੰਦੇ ਪਰ ਉਹ ਗਲਤ ਹਨ। ਜਿਣਸ ਪੈਦਾਵਾਰ ਦੇ ਮਾਮਲੇ 'ਚ ਸਾਨੂੰ ਸਤਾਲਿਨ ਦੇ ਰਾਹ 'ਤੇ ਚੱਲਣਾ ਪਵੇਗਾ ਜਿਹਨਾਂ ਨੇ ਲੈਨਿਨ ਤੋਂ ਸਿੱਖਿਆ ਸੀ। ਲੈਨਿਨ ਨੇ ਵਪਾਰ ਦੇ ਵਿਕਾਸ ਵਿੱਚ ਪੂਰਨ ਊਰਜਾ ਲਾਉਣ ਲਈ ਕਿਹਾ ਸੀ। ਅਸੀਂ, ਕਹਿਣਾ ਚਾਹੁੰਦੇ ਹਾਂ ਕਿ ਸਨਅਤ, ਖੇਤੀ ਤੇ ਵਪਾਰ ਦੇ ਵਿਕਾਸ ਵਿੱਚ ਪੂਰਨ ਊਰਜਾਵਾਂ ਲਾਉਣੀਆਂ ਚਾਹੀਦੀਆਂ ਹਨ। ਸਮੱਸਿਆ ਦਾ ਤੱਤ ਕਿਸਾਨ ਸਵਾਲ ਹੈ। ਅਜਿਹੇ ਲੋਕ ਵੀ ਹਨ ਜੋ ਕਿਸਾਨਾਂ ਨੂੰ ਮਜ਼ਦੂਰਾਂ ਨਾਲ਼ੋਂ ਜ਼ਿਆਦਾ ਸਚੇਤ ਮੰਨਦੇ ਹਨ। ਅਸੀਂ ਇਹਨਾਂ ਪੰਜ ਮੁੱਦਿਆਂ 'ਤੇ ਕੰਮ ਕਰ ਲਿਆ ਹੈ ਜਾਂ ਉਸ ਨੂੰ ਕਰਨ ਦੀ ਪ੍ਰਕਿਰਿਆ ਵਿੱਚੋਂ ਲੰਘ ਰਹੇ ਹਾਂ। ਕੁੱਝ ਖੇਤਰਾਂ ਨੂੰ ਅਜੇ ਵੀ ਵਿਕਸਤ ਕਰਨਾ ਪਵੇਗਾ, ਜਿਵੇਂ ਕਮਿਊਨਾਂ ਦੁਆਰਾ ਸੰਚਾਲਤ ਸਨਅਤ ਜਾਂ ਸਨਅਤ ਤੇ ਖੇਤੀ ਦਾ ਸਮਾਨੰਤਰ ਵਿਕਾਸ।

19. ਲੈਨਿਨ ਨੇ ਇਹੀ ਗੱਲ ਕਹੀ ਸੀ।

20. ਜਿਣਸ ਪੈਦਾਵਾਰ ਨੂੰ ਆਪਣੇ ਆਪ ਵਿੱਚ ਸੰਪੂਰਨ ਜਿਹੀ ਕੋਈ ਚੀਜ਼, ਚਾਰੇ ਪਾਸੇ ਮੌਜੂਦ ਆਰਥਿਕ ਹਾਲਤਾਂ ਤੋਂ ਮੁਕਤ ਚੀਜ਼ ਨਹੀਂ ਮੰਨਿਆ ਜਾਣਾ ਚਾਹੀਦਾ। ਜਿਣਸ ਪੈਦਾਵਾਰ ਪੂੰਜੀਵਾਦੀ ਪੈਦਾਵਾਰ ਤੋਂ ਪੁਰਾਣੀ ਹੈ। ਇਹ ਗੁਲਾਮ-ਮਾਲਕੀ ਵਾਲੇ ਸਮਾਜ ਵਿੱਚ ਮੌਜੂਦ ਸੀ ਤੇ ਉਸ ਦੇ ਹਿੱਤ ਪੂਰਦੀ ਸੀ, ਪਰ ਇਹ ਪੂੰਜੀਵਾਦ ਵੱਲ ਨਹੀਂ ਲੈ ਗਈ। ਇਹ ਜਗੀਰੂ ਸਮਾਜ ਵਿੱਚ ਵੀ ਮੌਜੂਦ ਸੀ ਤੇ ਉਸ ਦੇ ਹਿੱਤ ਪੂਰਦੀ ਸੀ ਤੇ ਫਿਰ ਵੀ, ਭਾਵੇਂ ਇਸ ਨੇ ਪੂੰਜੀਵਾਦੀ ਪੈਦਾਵਾਰ ਲਈ ਕੁੱਝ ਹਾਲਤਾਂ ਤਿਆਰ ਕੀਤੀਆਂ, ਪਰ ਇਹ ਪੂੰਜੀਵਾਦ ਵੱਲ ਲੈ ਕੇ ਨਹੀਂ ਗਈ।

21. ਇਹ ਧਿਆਨ ਵਿੱਚ ਰੱਖਦੇ ਹੋਏ ਕਿ ਸਾਡੇ ਦੇਸ਼ ਵਿੱਚ ਜਿਣਸ ਪੈਦਾਵਾਰ ਇੰਨੀ ਅਸੀਮ ਤੇ ਸਭ ਕਾਸੇ ਨੂੰ ਆਪਣੇ ਵਿੱਚ ਸਮਾਉਣ ਵਾਲੀ ਨਹੀਂ ਹੈ ਜਿੰਨੀ ਕਿ ਉਹ ਪੂੰਜੀਵਾਦੀ ਦੇਸ਼ਾਂ ਵਿੱਚ ਹੈ।

22. ਪੈਦਾਵਾਰ ਦੇ ਸਾਧਨਾਂ ਦੀ ਸਮਾਜਕ ਮਾਲਕੀ, ਉਜਰਤੀ ਕਿਰਤ ਦੀ ਪ੍ਰਣਾਲੀ ਦੇ ਖਾਤਮੇ ਜਿਹੀਆਂ ਫੈਸਲਾਕੁੰਨ ਆਰਥਿਕ ਹਾਲਤਾਂ ਦੇ ਹੁੰਦੇ ਹੋਏ ਅਤੇ....

23. ਲੁੱਟ ਦੇ ਢਾਂਚੇ ਦੇ ਖਾਤਮੇ ਦੇ ਬਾਅਦ ਵੀ, ਕੋਈ ਪੁੱਛ ਸਕਦਾ ਹੈ ਕਿ, ਜਿਣਸ ਪੈਦਾਵਾਰ ਪੂੰਜੀਵਾਦ ਵੱਲ ਲੈ ਜਾਏ ਬਿਨਾਂ ਵੀ ਇੱਕ ਖਾਸ ਦੌਰ ਦੌਰਾਨ ਸਾਡੇ ਸਮਾਜ ਦੇ ਹਿੱਤ ਉਸੇ ਤਰ੍ਹਾਂ ਕਿਉਂ ਨਹੀਂ ਪੂਰ ਸਕਦੀ ?

20. ਇਹ ਗੱਲ ਥੋੜ੍ਹੀ ਵਧਾਅ-ਚੜ੍ਹਾਅ ਕੇ ਕੀਤੀ ਗਈ ਹੈ। ਪਰ ਇਹ ਗੱਲ ਹੈ ਕਿ ਜਿਣਸ ਪੈਦਾਵਾਰ ਖਾਸ ਤੌਰ 'ਤੇ ਪੂੰਜੀਵਾਦੀ ਢਾਂਚਾ ਨਹੀਂ ਸੀ।

21. ਕੇਂਦਰੀ ਕਮੇਟੀ ਦੇ ਦੂਜੇ ਪੂਰਨ ਇਜਲਾਸ ਨੇ (ਜਿਣਸ ਪੈਦਾਵਾਰ ਦੀ) ਦੀ ਵਰਤੋਂ ਕਰਨ, ਉਸ ਨੂੰ ਸੀਮਤ ਕਰਨ ਤੇ ਕਾਇਆਪਲਟੀ ਕਰਨ ਦਾ ਸੁਝਾਅ ਦਿੱਤਾ ਸੀ।

22. ਇਹ ਸ਼ਰਤ ਚੀਨ 'ਚ ਪੂਰੀ ਤਰ੍ਹਾਂ ਲਾਗੂ ਹੈ।

23. ਇਹ ਨੁਕਤਾ ਪੂਰੀ ਤਰ੍ਹਾਂ ਸਹੀ ਹੈ। ਸਾਡੇ ਇੱਥੇ ਅਜਿਹੀਆਂ ਹਾਲਤਾਂ ਤੇ ਸ਼ਰਤਾਂ ਹੁਣ ਨਹੀਂ ਰਹਿ ਗਈਆਂ ਹਨ। ਅਜਿਹੇ ਲੋਕ ਵੀ ਹਨ ਜੋ ਜਿਣਸਾਂ ਤੋਂ ਡਰਦੇ ਹਨ। ਬਿਨਾਂ ਕਿਸੇ ਅਪਵਾਦ ਦੇ ਉਹ ਪੂੰਜੀਵਾਦ ਤੋਂ ਡਰਦੇ ਹਨ, ਇਹ ਮਹਿਸੂਸ ਕੀਤੇ ਬਿਨਾਂ ਕਿ ਪੂੰਜੀਪਤੀਆਂ ਨੂੰ ਮਿਟਾ ਦਿੱਤੇ ਜਾਣ ਤੋਂ ਬਾਅਦ ਜਿਣਸ ਪੈਦਾਵਾਰ ਦਾ ਬਹੁਤ ਵਿਆਪਕ ਰੂਪ ਨਾਲ਼ ਵਿਸਥਾਰ ਕਰਨਾ ਸੰਭਵ ਹੈ। ਜਿਣਸ ਪੈਦਾਵਾਰ ਦੇ ਮਾਮਲੇ ਵਿੱਚ ਅਸੀਂ ਅਜੇ ਵੀ ਪਿਛਾਖੜੀ ਹਾਂ, ਭਾਰਤ ਤੇ ਬ੍ਰਾਜ਼ੀਲ ਤੋਂ ਵੀ ਪਿੱਛੇ। ਜਿਣਸ ਪੈਦਾਵਾਰ ਕੋਈ ਨਿੱਖੜੀ ਹੋਈ ਚੀਜ਼ ਨਹੀਂ ਹੈ। ਸੰਦਰਭ ਨੂੰ ਦੇਖੋ : ਪੂੰਜੀਵਾਦ ਜਾਂ ਸਮਾਜਵਾਦ। ਪੂੰਜੀਵਾਦੀ ਸੰਦਰਭ ਵਿੱਚ ਇਹ ਪੂੰਜੀਵਾਦੀ ਜਿਣਸ ਪੈਦਾਵਾਰ ਹੁੰਦੀ ਹੈ। ਸਮਾਜਵਾਦੀ ਸੰਦਰਭ ਵਿੱਚ ਇਹ ਸਮਾਜਵਾਦੀ ਜਿਣਸ ਪੈਦਾਵਾਰ ਹੁੰਦੀ ਹੈ। ਜਿਣਸ ਪੈਦਾਵਾਰ ਦੀ ਹੋਂਦ ਪ੍ਰਾਚੀਨ ਸਮੇਂ ਤੋਂ ਰਹੀ ਹੈ। ਖਰੀਦ ਤੇ ਵਿਕਰੀ ਉਸ ਸਮੇਂ ਸ਼ੁਰੂ ਹੋਈ, ਜਿਸ ਨੂੰ ਇਤਿਹਾਸ ਸ਼ਾਂਗ (ਵਪਾਰਕ) ਰਾਜ-ਘਰਾਣੇ ਦੇ ਯੁੱਗ ਦਾ ਨਾਮ ਦਿੰਦਾ ਹੈ। ਸ਼ਾਂਗ ਰਾਜ-ਘਰਾਣੇ ਦਾ ਆਖਰੀ ਚਾਓ ਨਾਗਰਿਕ ਤੇ ਸੈਨਿਕ ਮਾਮਲਿਆਂ ਵਿੱਚ ਕੁਸ਼ਲ ਵਿਅਕਤੀ ਸੀ ਪਰ ਚਿਨ[2] ਤੇ ਸਾਓ ਸਾਓ[3] ਦੇ ਪਹਿਲੇ ਰਾਜੇ ਦੇ ਨਾਲ਼ ਖਲਨਾਇਕ ਵਿੱਚ ਬਦਲ ਦਿੱਤਾ ਗਿਆ। ਇਹ ਗਲਤ ਹੈ। "ਕਿਤਾਬਾਂ ਵਿੱਚ ਪੂਰਨ ਆਸਥਾ ਰੱਖਣ ਦੀ ਬਜਾਏ ਉਹਨਾਂ ਦਾ ਨਾ ਹੋਣਾ ਬਿਹਤਰ ਹੈ।"* ਪੂੰਜੀਵਾਦੀ ਸਮਾਜ ਵਿੱਚ ਅਜਿਹੀਆਂ ਕੋਈ ਸਮਾਜਵਾਦੀ ਸੰਸਥਾਵਾਂ ਨਹੀਂ ਹੁੰਦੀਆਂ ਜਿਹਨਾਂ ਨੂੰ ਸਮਾਜਕ ਮੰਨਿਆ ਜਾਂਦਾ ਹੋਵੇ ਪਰ ਪੂੰਜੀਵਾਦੀ ਸਮਾਜ 'ਚ ਮਜ਼ਦੂਰ ਜਮਾਤ ਤੇ ਸਮਾਜਵਾਦੀ ਵਿਚਾਰਧਾਰਾ ਦੀ ਹੋਂਦ ਜ਼ਰੂਰ ਮੌਜੂਦ ਰਹਿੰਦੀ ਹੈ। ਜੋ ਚੀਜ਼ ਜਿਣਸ ਪੈਦਾਵਾਰ ਨੂੰ ਤੈਅ ਕਰਦੀ ਹੈ ਉਹ ਹੈ ਚਾਰੇ ਪਾਸੇ ਮੌਜੂਦ ਆਰਥਿਕ ਹਾਲਤਾਂ। ਸਵਾਲ ਇਹ ਹੈ, ਕੀ ਜਿਣਸ ਪੈਦਾਵਾਰ ਨੂੰ ਸਮਾਜਵਾਦੀ ਪੈਦਾਵਾਰ ਨੂੰ ਅੱਗੇ ਵਧਾਉਣ ਦਾ ਉਪਯੋਗੀ ਸੰਦ ਮੰਨਿਆ ਜਾ ਸਕਦਾ ਹੈ ? ਮੇਰਾ ਖਿਆਲ ਹੈ ਕਿ ਜਿਣਸ ਪੈਦਾਵਾਰ ਕਾਫੀ ਆਗਿਆਕਾਰੀ ਬਣ ਕੇ ਸਮਾਜਵਾਦ ਦੀ ਸੇਵਾ ਕਰੇਗੀ। ਇਸ 'ਤੇ ਕਾਰਕੁੰਨਾਂ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ।

> 24. ਇਹ ਕਿਹਾ ਜਾਂਦਾ ਹੈ ਕਿ ਸਾਡੇ ਦੇਸ਼ ਵਿੱਚ ਕਿਉਂਕਿ ਪੈਦਾਵਾਰ ਦੇ ਸਾਧਨਾਂ 'ਤੇ ਸਮਾਜਵਾਦੀ ਮਾਲਕੀ ਦੀ ਸਥਾਪਨਾ ਕੀਤੀ ਜਾ ਚੁੱਕੀ ਹੈ ਅਤੇ ਉਜਰਤੀ ਕਿਰਤ ਤੇ ਲੁੱਟ ਦੀ ਪ੍ਰਣਾਲੀ ਮਿਟਾ ਦਿੱਤੀ ਗਈ ਹੈ, ਇਸ ਲਈ ਜਿਣਸ ਪੈਦਾਵਾਰ ਆਪਣਾ ਸਾਰਾ ਮਤਲਬ ਗੁਆ ਚੁੱਕੀ ਹੈ ਤੇ ਇਸ ਲਈ ਉਸ ਦਾ ਖਾਤਮਾ ਕਰ ਦਿੱਤਾ ਜਾਣਾ ਚਾਹੀਦਾ ਹੈ।

24. "ਸਾਡੇ ਦੇਸ਼" ਨੂੰ "ਚੀਨ" ਵਿੱਚ ਬਦਲ ਦਿਓ ਤੇ ਇਹ ਗੱਲ ਬਹੁਤ ਉਤਸੁਕਤਾ ਪੈਦਾ ਕਰਨ ਵਾਲੀ ਬਣ ਜਾਵੇਗੀ।

25. ਅੱਜ ਸਾਡੇ ਦੇਸ਼ ਵਿੱਚ ਸਮਾਜਵਾਦੀ ਪੈਦਾਵਾਰ ਦੇ ਦੋ ਬੁਨਿਆਦੀ ਰੂਪ ਹਨ:

---

* ਮੇਂਸ਼ਿਅਸ। ਲੱਗਦਾ ਹੈ ਮਾਓ ਦਾ ਅਰਥ ਹੈ "ਸਾਨੂੰ ਜਿਣਸ-ਪੈਦਾਵਾਰ ਨੂੰ ਕਿਤਾਬੀ ਢੰਗ ਨਾਲ਼ ਖਲਨਾਇਕ ਨਹੀਂ ਬਣਾ ਦੇਣਾ ਚਾਹੀਦਾ।"

ਰਾਜਕੀ ਜਾਂ ਜਨਤਕ ਮਾਲਕੀ ਤਹਿਤ ਪੈਦਾਵਾਰ ਤੇ ਸਮੂਹਕ ਫਾਰਮ ਪੈਦਾਵਾਰ, ਜਿਸ ਨੂੰ ਜਨਤਕ ਮਾਲਕੀ ਤਹਿਤ ਪੈਦਾਵਾਰ ਦਾ ਨਾਮ ਨਹੀਂ ਦਿੱਤਾ ਜਾ ਸਕਦਾ।

25. "ਅੱਜ" ਸ਼ਬਦ 1952 ਦਾ ਯਾਨੀ ਉਹਨਾਂ ਦੇ ਇਨਕਲਾਬ ਤੋਂ 35 ਸਾਲ ਬਾਅਦ ਦਾ ਜ਼ਿਕਰ ਕਰਦਾ ਹੈ। ਸਾਡੇ ਇਨਕਲਾਬ ਨੂੰ ਅਜੇ ਸਿਰਫ਼ 9 ਸਾਲ ਹੋਏ ਹਨ।

ਉਹ ਦੋ ਬੁਨਿਆਦੀ ਰੂਪਾਂ ਵੱਲ ਸੰਕੇਤ ਕਰਦੇ ਹਨ। ਕਮਿਊਨਾਂ ਵਿੱਚ ਸਿਰਫ਼ ਜ਼ਮੀਨ ਤੇ ਮਸ਼ੀਨਰੀ ਹੀ ਨਹੀਂ ਸਗੋਂ ਕਿਰਤ, ਬੀਜ ਤੇ ਪੈਦਾਵਾਰ ਦੇ ਹੋਰ ਸਾਧਨ ਵੀ ਕਮਿਊਨ ਦੀ ਮਾਲਕੀ ਅਧੀਨ ਹੁੰਦੇ ਹਨ। ਤਾਂ ਪੈਦਾਵਾਰ 'ਤੇ ਵੀ ਇਸੇ ਤਰ੍ਹਾਂ ਦੀ ਮਾਲਕੀ ਹੁੰਦੀ ਹੈ। ਪਰ ਇਹ ਨਾ ਸੋਚੋ ਕਿ ਚੀਨੀ ਲੋਕ ਇੰਨੇ ਅਦਭੁਤ ਢੰਗ ਨਾਲ਼ ਵਿਕਸਤ ਲੋਕ ਹਨ। ਹੋਨਾਨ ਦੀ ਸਿਊ ਵੂ ਕਾਊਂਟੀ ਦੇ ਪਾਰਟੀ ਸੈਕਟਰੀ ਇਸ ਗੱਲ ਨੂੰ ਲੈ ਕੇ ਚਿੰਤਤ ਸਨ ਕਿ ਹੜ੍ਹ ਜਾਂ ਸੋਕੇ ਦੀ ਹਾਲਤ ਵਿੱਚ ਜਨਤਕ ਮਾਲਕੀ ਐਲਾਨ ਕੀਤੇ ਜਾਣ ਤੋਂ ਬਾਅਦ ਤੇ ਮੁਕਤ ਪੂਰਤੀ ਢਾਂਚੇ ਦੀ ਸਥਾਪਨਾ ਤੋਂ ਬਾਅਦ ਰਾਜ ਉਜਰਤ ਦੇਵੇਗਾ ਜਾਂ ਨਹੀਂ। ਉਹ ਇਸ ਗੱਲ ਤੋਂ ਵੀ ਚਿੰਤਤ ਸਨ ਕਿ ਭਰਪੂਰ ਫਸਲ ਹੱਥ ਲੱਗਣ 'ਤੇ ਰਾਜ ਨੂੰ ਕੀ ਜਨਤਕ ਅਨਾਜ ਦੀ ਉਜਰਤ ਚੁਕਾਏ ਬਿਨਾਂ ਉਸ ਦੀ ਥਾਂ ਬਦਲੀ ਕਰਨੀ ਚਾਹੀਦੀ ਹੈ, ਫਿਰ ਭਾਵੇਂ ਕਿਸਾਨਾਂ ਨੂੰ ਫਸਲ ਹੱਥ ਲੱਗਣ ਜਾਂ ਨਾ ਲੱਗਣ ਕਰਕੇ ਉਹਨਾਂ ਦੀ ਦੁਰਦਸ਼ਾਪੂਰਨ ਹਾਲਤ 'ਤੇ ਛੱਡ ਦੇਣਾ ਪਵੇ। ਮਾਰਕਸਵਾਦੀਆਂ ਨੂੰ ਇਹਨਾਂ ਸਮੱਸਿਆਵਾਂ ਨਾਲ਼ ਸਰੋਕਾਰ ਰੱਖਣਾ ਚਾਹੀਦਾ ਹੈ। ਸਾਨੂੰ ਜਿਣਸ ਪੈਦਾਵਾਰ ਦਾ ਪੂਰਨ ਵਿਕਾਸ ਕਰਨਾ ਚਾਹੀਦਾ ਹੈ ਪਰ ਇਸ ਵਿੱਚ ਪੰਦਰਾਂ ਸਾਲ ਜਾਂ ਇਸ ਤੋਂ ਵੀ ਜ਼ਿਆਦਾ ਲੱਗ ਸਕਦੇ ਹਨ ਤੇ ਨਾਲ਼ ਸਬਰ ਵੀ ਰੱਖਣਾ ਪਵੇਗਾ। ਅਸੀਂ ਦਹਾਕਿਆਂ ਤੋਂ ਯੁੱਧ ਛੇੜਿਆ ਹੋਇਆ ਹੈ। ਸਾਨੂੰ ਅਜੇ ਵੀ ਸਬਰ ਰੱਖਣਾ ਪਵੇਗਾ, ਤਾਈਵਾਨ ਦੀ ਮੁਕਤੀ ਦਾ ਇੰਤਜ਼ਾਰ ਤੇ ਸਮਾਜਵਾਦੀ ਉਸਾਰੀ ਦੇ ਵਧੀਆ ਚੱਲਦੇ ਰਹਿਣ ਦਾ ਇੰਤਜ਼ਾਰ ਕਰਨਾ ਪਵੇਗਾ। ਜਲਦ ਜਿੱਤਾਂ ਦੀ ਆਸ ਨਾ ਕਰੋ।

> 26. (ਮਾਲਕੀ ਦੇ ਦੋ ਬੁਨਿਆਦੀ ਰੂਪ ਆਖਰਕਾਰ ਇੱਕ ਕਿਵੇਂ ਬਣਨਗੇ) ਇੱਕ ਖਾਸ ਸਵਾਲ ਹੈ ਜੋ ਵੱਖਰੀ ਬਹਿਸ ਦੀ ਮੰਗ ਕਰਦਾ ਹੈ।

26. ਸਤਾਲਿਨ (ਸਮੂਹਕ ਤੋਂ ਜਨਤਕ ਮਾਲਕੀ ਵੱਲ ਸੰਕਰਮਣ ਦੇ ਮਸਲੇ 'ਤੇ) ਕੋਈ ਵਿਧੀ ਜਾਂ ਯੋਗ ਸੂਤਰੀਕਰਨ ਲੱਭਣ ਵਿੱਚ ਅਸਫ਼ਲ ਰਹਿਣ ਤੋਂ ਬਾਅਦ ਮਸਲੇ ਤੋਂ ਕਤਰਾ ਰਹੇ ਹਨ।

> 27. ਫਲਸਰੂਪ, ਸਾਡੀ ਜਿਣਸ ਪੈਦਾਵਾਰ ਕੋਈ ਸਧਾਰਨ ਕਿਸਮ ਦੀ ਨਹੀਂ, ਪਰ ਇਹ ਇੱਕ ਖਾਸ ਕਿਸਮ ਦੀ ਜਿਣਸ ਪੈਦਾਵਾਰ ਹੈ, ਪੂੰਜੀਪਤੀਆਂ ਤੋਂ ਬਿਨਾਂ ਜਿਣਸ ਪੈਦਾਵਾਰ, ਜਿਸ ਦਾ ਸਰੋਕਾਰ ਮੁੱਖ ਤੌਰ 'ਤੇ ਸਹਿਯੋਗੀ ਸਮਾਜਵਾਦੀ ਉਤਪਾਦਕਾਂ (ਰਾਜ, ਸਮੂਹਕ ਫਾਰਮਾਂ, ਸਹਿਕਾਰਤਾਵਾਂ) ਨਾਲ਼ ਹੈ, ਜਿਹਨਾਂ ਦਾ ਕਾਰਜ ਖੇਤਰ ਵਿਅਕਤੀਗਤ ਉਪਭੋਗ ਦੀਆਂ ਵਸਤੂਆਂ ਤੱਕ ਸੀਮਤ ਹੈ, ਜੋ ਜ਼ਾਹਿਰ ਹੈ ਪੂੰਜੀਵਾਦੀ ਪੈਦਾਵਾਰ ਵਿੱਚ ਵਿਕਸਤ ਨਹੀਂ ਹੋ ਸਕਦਾ ਅਤੇ ਜੋ, ਆਪਣੀ "ਮੁਦਰਾ ਆਰਥਿਕਤਾ" ਨਾਲ ਮਿਲ ਕੇ, ਸਮਾਜਵਾਦੀ ਪੈਦਾਵਾਰ ਦੀ ਮਜ਼ਬੂਤੀ ਤੇ ਵਿਕਾਸ ਦੀ ਸੇਵਾ ਲਈ ਯੋਜਨਾਬੱਧ ਹੋਇਆ ਹੈ।

27. "ਕਾਰਜ ਖੇਤਰ" ਨਿੱਜੀ ਉਪਭੋਗ ਦੀਆਂ ਵਸਤੂਆਂ ਤੱਕ ਸੀਮਤ ਨਹੀਂ ਹੈ। ਕੁੱਝ ਪੈਦਾਵਾਰ ਦੇ ਸਾਧਨਾਂ ਨੂੰ ਜਿਣਸਾਂ ਵਜੋਂ ਵਰਗੀਕ੍ਰਿਤ ਕਰਨਾ ਪਵੇਗਾ। ਜੇ ਖੇਤੀ ਉਪਜਾਂ ਵਿੱਚ ਜਿਣਸਾਂ ਸ਼ਾਮਲ ਹਨ ਪਰ ਸਨਅਤੀ ਉਪਜਾਂ ਵਿੱਚ ਨਹੀਂ, ਤਾਂ ਵਟਾਂਦਰੇ ਦਾ ਕੰਮ ਕਿਵੇਂ ਚਲਾਇਆ ਜਾਵੇਗਾ ? ਜੇ "ਸਾਡੇ ਦੇਸ਼" ਨੂੰ "ਚੀਨ" ਵਿੱਚ ਬਦਲ ਦਿੱਤਾ ਜਾਵੇ ਤਾਂ ਪੈਰਾ ਪੜ੍ਹਨ ਵਿੱਚ ਹੋਰ ਵੀ ਦਿਲਚਸਪ ਹੋ ਜਾਵੇਗਾ। ਚੀਨ ਵਿੱਚ ਸਿਰਫ਼ ਉਪਭੋਗਤਾ ਵਸਤੂਆਂ ਹੀ ਨਹੀਂ ਸਗੋਂ ਖੇਤੀ ਦੇ ਪੈਦਾਵਾਰ ਦੇ ਸਾਧਨਾਂ ਦੀ ਪੂਰਤੀ ਵੀ ਕਰਨੀ ਪੈਂਦੀ ਹੈ। ਸਤਾਲਿਨ ਨੇ ਕਿਸਾਨਾਂ ਨੂੰ ਪੈਦਾਵਾਰ ਦੇ ਸਾਧਨ ਕਦੇ ਵੀ ਨਹੀਂ ਵੇਚੇ। ਖਰੁਸ਼ਚੇਵ ਨੇ ਇਸ ਨੂੰ ਬਦਲ ਦਿੱਤਾ।

28. (ਪ੍ਰਧਾਨ ਮਾਓ ਨੇ ਮੂਲ ਪਾਠ ਸਫ਼ਾ 13 'ਤੇ ਟਿੱਪਣੀ ਕੀਤੀ) : ਸਾਨੂੰ ਸਮਾਜਵਾਦ ਤੇ ਕਮਿਊਨਿਜ਼ਮ ਦੀ ਨਿਖੇੜੇ ਦੀ ਲੀਕ ਦੀ ਸਮੱਸਿਆ ਨੂੰ ਸਮੂਹਕ ਤੇ ਜਨਤਕ ਮਾਲਕੀ ਵਿੱਚ ਨਿਖੇੜੇ ਦੀ ਲੀਕ ਦੀ ਸਮੱਸਿਆ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ। ਸਮੂਹਕ ਮਾਲਕੀ ਢਾਂਚਾ ਸਾਡੇ ਲਈ ਜਿਣਸ ਪੈਦਾਵਾਰ ਦੀ ਸਮੱਸਿਆ ਛੱਡ ਦਿੰਦਾ ਹੈ, ਜਿਸ ਦਾ ਮਕਸਦ ਮਜ਼ਦੂਰ-ਕਿਸਾਨ ਗਠਜੋੜ ਨੂੰ ਮਜ਼ਬੂਤ ਕਰਨਾ ਤੇ ਪੈਦਾਵਾਰ ਦਾ ਵਿਕਾਸ ਕਰਨਾ ਹੈ। ਅੱਜ ਅਜਿਹੇ ਲੋਕ ਵੀ ਮੌਜੂਦ ਹਨ ਜੋ ਕਹਿੰਦੇ ਹਨ ਕਿ ਕਿਸਾਨਾਂ ਦਾ ਕਮਿਊਨਿਜ਼ਮ ਸ਼ਾਨਦਾਰ ਹੈ। ਪੇਂਡੂ ਖੇਤਰਾਂ ਦਾ ਇੱਕ ਦੌਰਾ ਕਰਨ ਤੋਂ ਬਾਅਦ ਉਹ ਸੋਚਣ ਲੱਗਦੇ ਹਨ ਕਿ ਕਿਸਾਨ ਸਮੂਹ ਤਾਂ ਬੱਸ ਲਾਜਵਾਬ ਹਨ, ਕਿ ਉਹ ਸਵਰਗ ਵਿੱਚ ਪ੍ਰਵੇਸ਼ ਕਰਨ ਵਾਲੇ ਹਨ, ਕਿ ਉਹ ਮਜ਼ਦੂਰਾਂ ਨਾਲ਼ੋਂ ਬਿਹਤਰ ਹਨ। ਇਹ ਸਤਹੀ ਘਟਨਾ ਹੈ। ਸਾਨੂੰ ਇਹ ਦੇਖਣਾ ਪਵੇਗਾ ਕਿ ਕਿਸਾਨਾਂ ਵਿੱਚ ਕੀ ਸੱਚਮੁੱਚ ਕਮਿਊਨਿਸਟ ਭਾਵਨਾ ਹੈ ਤੇ ਇਸ ਤੋਂ ਵੀ ਵਧ ਕੇ ਸਾਨੂੰ ਕਮਿਊਨਾਂ ਦੇ ਮਾਲਕੀ ਢਾਂਚੇ ਦੀ ਜਾਂਚ ਕਰਨੀ ਹੋਵੇਗੀ, ਜਿਸ ਵਿੱਚ ਇਹ ਵੀ ਸ਼ਾਮਿਲ ਹੈ ਕਿ ਪੈਦਾਵਾਰ ਤੇ ਜੀਵਨ ਨਿਰਬਾਹ ਦੇ ਸਾਧਨ ਕਿਸ ਹੱਦ ਤੱਕ ਕਮਿਊਨਾਂ ਦੀ ਸਮੂਹਕ ਮਾਲਕੀ ਦੇ ਅਧੀਨ ਹਨ। ਜਿਵੇਂ ਕਿ ਹੋਨਾਨ ਦੀ ਕਾਊਂਟੀ ਪਾਰਟੀ ਕਮੇਟੀ ਦੇ ਸਕੱਤਰ ਸਿਊਵੂ ਨੇ ਕਿਹਾ, ਅਸੀਂ ਅਜੇ ਵੀ ਜਿਣਸ ਪੈਦਾਵਾਰ ਨੂੰ ਵਿਕਸਤ ਕਰਨਾ ਹੈ ਤੇ ਅੰਨ੍ਹੇਵਾਹ ਅੱਗੇ ਨਹੀਂ ਵੱਧਣਾ ਹੈ।

> 29. ਇਸ ਤੋਂ ਬਿਨਾਂ ਮੈਂ ਸੋਚਦਾ ਹਾਂ ਸਾਨੂੰ ਮਾਰਕਸ ਦੇ ਸਰਮਾਇਆ ਵਿੱਚੋਂ ਲਈਆਂ ਕੁੱਝ ਹੋਰ ਧਾਰਨਾਵਾਂ ਨੂੰ ਛੱਡਣਾ ਪਵੇਗਾ — ਜਿੱਥੇ ਮਾਰਕਸ ਦਾ ਸਰੋਕਾਰ ਪੂੰਜੀਵਾਦ ਦੇ ਵਿਸ਼ਲੇਸ਼ਣ ਨਾਲ ਸੀ — ਤੇ ਜਿੱਥੇ ਸਾਡੇ ਸਮਾਜਵਾਦੀ ਸਬੰਧਾਂ 'ਤੇ ਅਪ੍ਰਾਕ੍ਰਿਤਕ ਢੰਗ ਨਾਲ਼ ਲਾਗੂ ਕੀਤਾ ਗਿਆ... ਇਹ ਸੁਭਾਵਕ ਹੀ ਹੈ ਕਿ ਮਾਰਕਸ ਨੇ ਸੰਕਲਪਾਂ (ਸ਼੍ਰੇਣੀਆਂ) ਦੀ ਵਰਤੋਂ ਕੀਤੀ ਜੋ ਪੂੰਜੀਵਾਦੀ ਸਬੰਧਾਂ 'ਤੇ ਪੂਰੀ ਤਰ੍ਹਾਂ ਲਾਗੂ ਹੁੰਦੇ ਸੀ। ਪਰ ਘੱਟੋ-ਘੱਟ, ਇਹ ਕਹਿਣਾ ਅਜੀਬ ਹੈ ਕਿ,
>
> 30. ਇਹ ਸੰਕਲਪਾਂ ਨੂੰ ਹੁਣ ਵਰਤੋਂ ਵਿੱਚ ਲਿਆਂਦਾ ਜਾਵੇ, ਜਿੱਥੇ ਮਜ਼ਦੂਰ ਜਮਾਤ ਨਾ ਸਿਰਫ਼ ਸੱਤਾ ਤੇ ਪੈਦਾਵਾਰ ਦੇ ਸਾਧਨਾਂ ਤੋਂ ਵਾਂਝੀ ਨਹੀਂ ਹੈ, ਸਗੋਂ ਇਸ ਦੇ ਉਲਟ ਜਦੋਂ ਉਸ ਦੇ ਕੋਲ ਸੱਤਾ ਹੈ
>
> 31. ਅਤੇ ਪੈਦਾਵਾਰ ਦੇ ਸਾਧਨਾਂ ਨੂੰ ਕੰਟਰੋਲ ਕਰਦੀ ਹੈ। ਕਿਰਤ ਸ਼ਕਤੀ ਦੇ ਜਿਣਸ ਹੋਣ

ਦੀ ਤੇ ਮਜ਼ਦੂਰਾਂ ਨੂੰ "ਕਿਰਾਏ" 'ਤੇ ਲੈਣ ਦੀ ਗੱਲ ਕਰਨਾ, ਹੁਣ ਸਾਡੀ ਪ੍ਰਣਾਲੀ ਦੇ ਅਧੀਨ, ਬੇਹੂਦਾ ਜਾਪਦਾ ਹੈ, ਜਦੋਂ ਕਿ ਮਜ਼ਦੂਰ ਜਮਾਤ, ਜੋ ਪੈਦਾਵਾਰ ਦੇ ਸਾਧਨਾਂ ਦੀ ਮਾਲਕ ਹੈ, ਖੁਦ ਆਪਣੇ ਆਪ ਨੂੰ ਕਿਰਾਏ 'ਤੇ ਰੱਖਦੀ ਹੈ ਤੇ ਆਪਣੀ ਕਿਰਤ ਸ਼ਕਤੀ ਖ਼ੁਦ ਆਪਣੇ ਆਪ ਨੂੰ ਵੇਚਦੀ ਹੈ।

29. ਖਾਸ ਤੌਰ 'ਤੇ ਸਨਅਤੀ ਖੇਤਰ 'ਚ ਪੈਦਾਵਾਰ ਦੇ ਸਾਧਨ।

30. ਜਿਣਸ ਪੈਦਾਵਾਰ ਦਾ ਬਹੁਤ ਵਿਆਪਕ ਪੈਮਾਨੇ 'ਤੇ ਵਿਕਾਸ ਕਰਨਾ ਹੋਵੇਗਾ, ਮੁਨਾਫੇ ਦੀ ਖਾਤਿਰ ਨਹੀਂ, ਸਗੋਂ ਕਿਸਾਨ ਸਮੂਹ, ਖੇਤੀ-ਸਨਅਤੀ ਗਠਜੋੜ ਤੇ ਪੈਦਾਵਾਰ ਦੇ ਵਿਕਾਸ ਦੀ ਖਾਤਿਰ।

31. ਖਾਸ ਤੌਰ 'ਤੇ ਸ਼ੁੱਧੀਕਰਨ ਮੁਹਿੰਮ ਦੇ ਬਾਅਦ। ਸ਼ੁੱਧੀਕਰਨ ਮੁਹਿੰਮ ਤੇ ਸੱਜੇ-ਪੱਖੀ ਵਿਰੋਧੀ ਮੁਹਿੰਮਾਂ ਦੇ ਬਾਅਦ ਕਿਰਤ ਸ਼ਕਤੀ ਜਿਣਸ ਨਹੀਂ ਰਹਿ ਗਈ ਸੀ। ਉਹ ਡਾਲਰ ਦੀ ਨਹੀਂ, ਲੋਕਾਂ ਦੀ ਸੇਵਾ 'ਚ ਲਗਾ ਦਿੱਤੀ ਗਈ ਸੀ। ਕਿਰਤ ਸ਼ਕਤੀ ਦਾ ਸਵਾਲ ਓਨਾ ਚਿਰ ਹੱਲ ਨਹੀਂ ਹੋ ਸਕਦਾ ਜਿੰਨਾ ਚਿਰ ਕਿਰਤ ਸ਼ਕਤੀ ਦੇ ਜਿਣਸ ਰੂਪ ਦਾ ਖਾਤਮਾ ਨਹੀਂ ਹੋ ਜਾਂਦਾ।

32. ਕਈ ਵਾਰੀ ਇਹ ਪੁੱਛਿਆ ਜਾਂਦਾ ਹੈ ਕਿ ਕਦਰ ਦਾ ਨਿਯਮ ਸਾਡੇ ਦੇਸ਼ ਵਿੱਚ ਮੌਜੂਦ ਹੈ ਕਿ ਨਹੀਂ ਤੇ ਕੀ ਉਹ ਕਾਰਜਸ਼ੀਲ ਹੈ ਕਿ ਨਹੀਂ ?

32. ਕਦਰ ਦੇ ਨਿਯਮ ਦਾ ਵਿਨਿਯਮਨਕਾਰੀ ਕਾਰਜ ਨਹੀਂ ਹੁੰਦਾ। ਯੋਜਨਾਬੰਦੀ ਤੇ ਕਮਾਨ ਵਿਚਲੀ ਰਾਜਨੀਤੀ ਇਹ ਭੂਮਿਕਾ ਨਿਭਾਉਂਦੇ ਹਨ।

33. ਸਹੀ ਹੈ, ਕਦਰ ਦੇ ਨਿਯਮ ਦਾ ਸਾਡੀ ਸਮਾਜਵਾਦੀ ਪੈਦਾਵਾਰ ਵਿੱਚ ਕੋਈ ਨਿਰਦੇਸ਼ਨਕਾਰੀ ਕਾਰਜ ਨਹੀਂ ਹੈ।

33. ਸਾਡੇ ਸਮਾਜ ਵਿੱਚ ਮੁੱਲ ਦੇ ਨਿਯਮ ਦਾ ਕੋਈ ਵਿਨਿਯਮਨਕਾਰੀ ਕਾਰਜ ਨਹੀਂ ਹੈ ਯਾਣੀ ਕਿ ਉਸ ਦਾ ਤੈਅ ਕਰਨ ਵਾਲਾ ਕਾਰਜ ਨਹੀਂ ਹੈ। ਯੋਜਨਾਬੰਦੀ ਪੈਦਾਵਾਰ ਨੂੰ ਤੈਅ ਕਰਦੀ ਹੈ, ਮਿਸਾਲ ਵਜੋਂ ਸੂਰਾਂ ਜਾਂ ਸਟੀਲ ਲਈ ਅਸੀਂ ਕਦਰ ਦੇ ਨਿਯਮ ਦੀ ਵਰਤੋਂ ਨਹੀਂ ਕਰਦੇ, ਅਸੀਂ ਯੋਜਨਾਬੰਦੀ 'ਤੇ ਨਿਰਭਰ ਕਰਦੇ ਹਾਂ।

## ਟਿੱਪਣੀਆਂ

1. ਇੱਥੇ ਮਾਓ 1954 ਦੇ ਅੰਤ ਵਿੱਚ ਅਨਾਜ ਦੀ ਵਾਧੂ ਖਰੀਦ ਤੇ ਇਸ ਦੇ ਸਿੱਟੇ ਵਜੋਂ 1955 ਦੀ ਬਸੰਤ ਵਿੱਚ ਪਿੰਡਾਂ ਵਿੱਚ ਹੋਈ ਅਨਾਜ ਦੀ ਕਮੀ ਦੀ ਗੱਲ ਕਰ ਰਹੇ ਹਨ। ਇਸ ਤੋਂ ਬਾਅਦ ਰਾਜ ਦੀ ਖਰੀਦ ਦੇ ਕੋਟੇ ਵਿੱਚ 7 ਅਰਬ ਕੈਟੀ ਦੀ ਕਮੀ ਕਰ ਦਿੱਤੀ ਗਈ ਤੇ ਪਿੰਡਾਂ ਵਿੱਚ ਤਣਾਅ ਸ਼ਾਂਤ ਹੋ ਗਿਆ। ਪਰ ਇਹ ਘਟਨਾਵਾਂ 1955 ਦੀ ਬਸੰਤ ਵਿੱਚ ਘਟੀਆਂ ਸਨ, ਸਾਲ ਦੇ ਅੰਤ ਵਿੱਚ ਨਹੀਂ, ਜਦੋਂ ਚੀਨੀ ਪਿੰਡਾਂ ਵਿੱਚ ਸਮੂਹੀਕਰਨ ਦਾ ਨਿਰੰਤਰ ਉੱਚ-ਜਵਾਰ ਇੱਕ ਲੱਛਣ ਬਣਿਆ ਹੋਇਆ ਸੀ।

2. ਪਹਿਲਾ ਰਾਜਾ ਚਿਨ ਸ਼ਿਹ ਹੁਆਂਗ ਤੀ (ਕਿਨ ਸ਼ੀ ਹੁਆਂਗਦੀ), ਚਿਨ ਰਾਜ ਦਾ ਰਾਜਾ ਸੀ ਜਿਸ ਨੇ 230 ਤੇ 231 ਈਸਾ ਪੂਰਵ ਦੇ ਵਿੱਚ ਆਸਪਾਸ ਦੇ ਰਾਜਾਂ ਨੂੰ ਜਿੱਤ ਕੇ ਚੀਨ ਨੂੰ ਏਕੀਕ੍ਰਿਤ ਕੀਤਾ। ਉਸ ਦੇ ਰਾਜ ਵਿੱਚ ਇੱਕ ਜਗੀਰੂ ਢਾਂਚਾ ਸਥਾਪਤ ਕੀਤਾ ਗਿਆ, ਮਾਪ-ਤੋਲ ਤੇ ਸਿੱਕਿਆਂ ਦਾ ਮਾਨਕੀਕਰਨ ਹੋਇਆ। ਚਿਨ ਦਾ ਦਾਰਸ਼ਨਿਕ ਅਧਾਰ ਵਿਧੀਵਾਦੀ ਦਰਸ਼ਨ ਸੀ। ਪਹਿਲੇ ਰਾਜੇ ਨੂੰ 213 ਈਸਾ ਪੂਰਵ ਵਿੱਚ ਸਾਰੇ ਗ਼ੈਰ-ਉਪਯੋਗਤਾਵਾਦੀ, "ਸਾਜ਼ਿਸ਼ੀ" ਸਾਹਿਤ ਸਾੜ ਦੇਣ ਦੇ ਲਈ ਯਾਦ ਕੀਤਾ ਜਾਂਦਾ ਹੈ।

3. ਸਾਓ-ਸਾਓ (ਕਾਓ ਕਾਓ) ਪਿਛਲੇਰੇ ਹਾਨ ਵੰਸ਼ (25-220 ਈਸਵੀ) ਦਾ ਇੱਕ ਮਸ਼ਹੂਰ ਸੇਨਾਪਤੀ ਤੇ ਮੰਤਰੀ ਸੀ, ਜਿਸ ਨੇ ਉਹਨਾਂ ਯੁੱਧਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਜਿਹਨਾਂ ਨੇ ਆਖਰਕਾਰ ਹਾਨ ਵੰਸ਼ ਦਾ ਤਖ਼ਤਾ ਪਲਟ ਦਿੱਤਾ ਤੇ ਤਿੰਨ ਰਾਜਾਂ ਦੇ ਨਾਮ ਨਾਲ਼ ਪ੍ਰਸਿੱਧ ਵੰਡੇ ਹੋਏ ਸਾਮਰਾਜ ਦੇ ਯੁੱਗ ਦੀ ਸ਼ੁਰੂਆਤ ਕੀਤੀ।

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| | | |
|---|---|---|
| 1. | ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 2. | ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 3. | ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 4. | ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 5. | ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 6. | ਪੂੰਜੀ ਦੀ ਉਤਪਤੀ (ਮਾਰਕਸ) | 45.00 |
| 7. | ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ) | 45.00 |
| 8. | ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 9. | ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 10. | ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 11. | ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 12. | ਸੋਸ਼ਲਿਜ਼ਮ ਤੇ ਜੰਗ (ਲੈਨਿਨ) | 45.00 |
| 13. | ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 14. | ਵਿਰਸਾ ਜਿਸਨੂੰ ਅਸੀਂ ਤਿਆਗਦੇ ਹਾਂ (ਲੈਨਿਨ) | 25.00 |
| 15. | ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 16. | ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 17. | ਅਜਿੱਤ ਬਾਲਸ਼ਵਿਕ ਨਤਾਸ਼ਾ | 30.00 |
| 18. | ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 19. | ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 20. | ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 21. | ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 22. | ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 23. | ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |

**'ਦਸਤਕ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।

*ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ* ਨੂੰ ਕਈ ਨਜ਼ਰੀਆਂ ਤੋਂ ਪੜ੍ਹਨਾ ਲਾਭਦਾਇਕ ਹੋਵੇਗਾ ਜੋ ਇੱਕ–ਦੂਸਰੇ ਨਾਲ਼ ਨੇੜਤਾ ਨਾਲ਼ ਜੁੜੇ ਹੋਏ ਹਨ: (1) ਸੋਵੀਅਤ ਮਾਡਲ ਕੀ ਸੀ ਅਤੇ ਚੀਨ ਲਈ ਇਸਦੇ ਕੀ ਅਰਥ ਸਨ, ਇਸਦੇ ਮਾਓ ਦੁਆਰਾ ਕੀਤੇ ਗਏ ਮਹੱਤਵਪੂਰਨ ਸ਼ੁਰੂਆਤੀ ਨਿਚੋੜ ਦੇ ਰੂਪ ਵਿੱਚ; (2) ਲਗਾਤਾਰ ਇਨਕਲਾਬ ਦੇ ਪਰਿਪੇਖ ਤੋਂ ਮਹਾਨ ਅਗਾਂਹ ਵੱਲ ਨੂੰ ਛਲ਼ਾਂਗ ਦੀ ਜ਼ੋਰਦਾਰ ਵਕਾਲਤ ਦੇ ਰੂਪ ਵਿੱਚ; (3) ਸੋਵੀਅਤ ਰਾਜਨੀਤਕ ਅਰਥਸ਼ਾਸਤਰ ਦੇ ਸਿਧਾਂਤਾਂ ਅਤੇ ਰੂਸੀ ਇਨਕਲਾਬੀ ਤਜ਼ਰਬੇ, ਖ਼ਾਸਕਰ ਸਤਾਲਿਨ ਦੀ ਅਗਵਾਈ ਵਾਲ਼ੇ ਸਮੇਂ ਦੇ ਅਨੇਕਾਂ ਮਹੱਤਵਪੂਰਣ ਪੱਖਾਂ ਦੀ ਰਾਹ ਦਰਸਾਵੀ ਚਰਚਾ ਦੇ ਰੂਪ ਵਿੱਚ।



**ਸ਼ਹੀਦ ਭਗਤ ਸਿੰਘ**
**ਯਾਦਗਾਰੀ ਪ੍ਰਕਾਸ਼ਨ,**
**ਲੁਧਿਆਣਾ**

**ਕੀਮਤ — 60. ਰੁਪਏ**